Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763


Law Office of M Vivek Malik
Toll free no 866-424-4000
www.usa.immigrationlaw.com

M Vivek Malik
ACCOMPLISHED IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Third Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 12, March 19, 2022 20451 N. Plum Grove Rd., Palatine, IL 60074 Ph:847-359-0746, Fax:847-705-9388


## ਰਵਾਇਤੀ ਪਾਰਟੀਆਂ ਫਿਕਰਮੰਦ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਵਾਲੀ ਹਾਰ ਤੋਂ ਬਾਅਦ ਪੰਜਾਬ ਦੀਆਂ ਰਵਾਇਤੀ ਧਿਰਾਂ (ਅਕਾਲੀ ਦਲ ਤੇ ਕਾਂਗਰਸ) ਆਪੋ-ਆਪਣੇ ਭਵਿੱਖ ਬਾਰੇ ਫਿਕਰਮੰਦ ਹਨ। ਦੋਵਾਂ ਧਿਰਾਂ ਵੱਲੋਂ ਇਨ੍ਹੀਂ ਦਿਨੀਂ ਮੰਥਨਾਂ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ ਜਿਸ ਵਿਚ ਮੁਢਲੇ ਤੌਰ ਉਤੇ ਇੰਨੀ ਭੈੜੀ ਹਾਰ ਦਾ ਮੁੱਖ ਕਾਰਨ ਮਾੜੀ ਅਗਵਾਈ ਤੇ ਆਪਸੀ ਕਲੇਸ਼ ਹੀ ਉਭਰ ਕੇ ਸਾਹਮਣੇ ਆ ਰਿਹਾ ਹੈ।

ਅਕਾਲੀ ਦਲ ਦੀ ਹਾਰ ਲਈ ਭਾਵੇਂ ਸਿਆਸੀ ਮਾਹਰਾਂ ਤੋਂ ਲੈ ਕੇ ਪਾਰਟੀ ਆਗੂਆਂ ਵੱਲੋਂ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮਾੜੀ ਅਗਵਾਈ ਉਤੇ ਉਂਗਲ ਚੁੱਕੀ ਜਾ ਰਹੀ ਹੈ ਪਰ ਕੋਰ ਕਮੇਟੀ ਦੀ ਮੀਟਿੰਗ ਅੰਦਰੋਂ ਇਕੋ ਹੀ ਆਵਾਜ਼ ਆ ਰਹੀ ਹੈ- 'ਬਾਦਲ ਸਾਹਬ ਕੁਰਸੀ ਉਤੇ ਡਟੇ ਰਹਿਣਗੇ'। ਹਾਲਾਂਕਿ ਸੁਖਬੀਰ ਨੇ ਚੋਣ ਨਤੀਜਿਆਂ ਦੇ ਤੁਰੰਤ ਬਾਅਦ ਅਕਾਲੀ ਦਲ ਦੀ ਮਾੜੀ ਕਾਰਗੁਜ਼ਾਰੀ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ ਪਰ ਇਕ-ਦੋ ਆਗੂਆਂ ਨੂੰ ਛੱਡ ਕੇ ਅਜੇ ਤੱਕ ਕਿਸੇ ਦੀ ਹਿੰਮਤ ਨਹੀਂ ਕਿ ਸੁਖਬੀਰ ਤੋਂ ਪ੍ਰਧਾਨਗੀ ਖੋਹਣ ਦੀ ਗੱਲ ਕਰ ਸਕੇ।

ਇਹੀ ਹਾਲ ਕਾਂਗਰਸ ਦਾ ਹੈ। ਮੁਲਕ ਵਿਚ ਪੰਜ ਵਿਧਾਨ ਸਭਾ ਚੋਣਾਂ ਵਿਚ ਅਤਿ ਦੀ ਮਾੜੀ ਕਾਰਗੁਜ਼ਾਰੀ ਪਿੱਛੋਂ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਮੰਥਨਾਂ ਦਾ ਦੌਰ ਤਾਂ ਜਾਰੀ ਹੈ ਪਰ ਇਕ-ਦੂਜੇ ਸਿਰ ਚਿੱਕੜ ਸੁੱਟ ਕੇ ਗੱਲ ਨਿਬੇੜਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪੰਜਾਬ ਵਿਚ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਹਾਰ ਦਾ ਮੁੱਖ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ; ਹਾਲਾਂਕਿ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਵੱਲ ਉਂਗਲ ਕਰਨ ਵਾਲੇ ਨੂੰ ਪਾਰਟੀ ਤੋਂ ਬਾਹਰ ਕਰਨ ਦੀਆਂ ਧਮਕੀਆਂ ਵੀ ਨਾਲੋਂ ਨਾਲ ਆ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ

### 'ਆਪ' ਦੀ ਸਰਕਾਰ 'ਤੇ ਸਵਾਲ!

**ਚੰਡੀਗੜ੍ਹ:** ਪੰਜਾਬ ਵਿਚ ਪਹਿਲੀ ਵਾਰ ਆਪ ਦੀ ਸਰਕਾਰ ਬਣ ਗਈ ਹੈ। ਇਸ ਵਾਰ ਪਾਰਟੀ ਦੇ 80 ਫੀਸਦੀ ਵਿਧਾਇਕ ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੇ ਹਨ। ਸਰਕਾਰ ਦੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਨਵੇਂ ਵਿਧਾਇਕਾਂ ਨੇ ਜਿਸ ਤਰ੍ਹਾਂ ਆਪ-ਹੁਦਰਾਪਣ ਦਿਖਾਇਆ ਹੈ, ਉਸ ਤੋਂ ਸਵਾਲ ਉਠ ਰਹੇ ਹਨ ਕਿ ਸਰਕਾਰ ਲਈ ਸੱਤਾ ਦੇ ਪੰਜ ਸਾਲ ਪੂਰੇ ਕਰਨੇ ਆਸਾਨ ਹੋਣਗੇ? ਵਿਧਾਇਕਾਂ ਵੱਲੋਂ ਸਰਕਾਰੀ ਦਫਤਰਾਂ ਵਿਚ ਧੜਾਧੜ ਛਾਪੇ ਮਾਰੇ ਜਾ ਰਹੇ ਹਨ। ਵਿਧਾਇਕ ਆਪਣੇ ਵੱਡੀ ਗਿਣਤੀ ਸਮਰਥਕ ਲੈ ਕੇ ਹਸਪਤਾਲਾਂ ਵਿਚ ਦਾਖਲ ਹੋ ਰਹੇ ਹਨ। ਭਗਵੰਤ ਮਾਨ ਦੇ ਜੇਤੂ ਰੋਡ ਸ਼ੋਅ ਵਿਚ ਸਰਕਾਰੀ ਬੱਸਾਂ ਦੀ ਵਰਤੋਂ ਤੇ ਸਹੁੰ ਚੁੱਕ ਸਮਾਗਮ ਉਤੇ ਕਰੋੜਾਂ ਰੁਪਏ ਖਰਚ, ਸਮਾਗਮ ਲਈ 150 ਏਕੜ ਕਣਕ ਦੇ ਫਸਲ ਬਰਬਾਦ ਕਰਨ ਵਰਗੀਆਂ ਖਬਰਾਂ ਵੀ ਪੰਜਾਬੀਆਂ ਦੇ ਮਨ ਵਿਚ ਅਜਿਹੇ ਹੀ ਸ਼ੰਕੇ ਖੜ੍ਹੇ ਕਰ ਰਹੀਆਂ ਹਨ।

ਸਵਾਲ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਦੋਵਾਂ ਆਗੂਆਂ (ਸਿੱਧੂ-ਚੰਨੀ) ਨੂੰ ਕਮਾਨ ਸੌਂਪਣ ਵਾਲੇ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਸਨ ਤਾਂ ਫਿਰ ਸਵਾਲ ਦਿੱਲੀ ਵਾਲਿਆਂ ਨੂੰ ਵੀ ਕਰਨੇ ਬਣਦੇ ਹਨ। ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਦਾ ਸਵਾਲ ਹੈ ਕਿ ਕਾਂਗਰਸ ਤਾਂ ਇਸ ਵਾਰ ਭ੍ਰਿਸ਼ਟਾਚਾਰ ਰਹਿਤ ਸਰਕਾਰ ਅਤੇ ਗਰੀਬ ਮੁੱਖ ਮੰਤਰੀ ਦੀਆਂ ਗੱਲ ਕਰਦੀ ਸੀ ਪਰ ਪਾਰਟੀ ਦੇ ਇਸ ਗਰੀਬ ਆਗੂ (ਚੰਨੀ) ਦੇ ਘਰੋਂ 10 ਕਰੋੜ ਫੜਿਆ ਗਿਆ, ਉਸ ਦੇ ਖਾਤੇ ਵਿਚ 25 ਕਰੋੜ ਪਏ ਸਨ, ਇਹ ਸਭ ਦੇਖਦੇ ਹੋਏ ਵੀ ਉਸ ਨੂੰ ਲਾਂਭੇ ਨਹੀਂ ਕੀਤਾ ਗਿਆ। ਦੂਜੇ ਪਾਸੇ ਸਿੱਧੂ, ਚੋਣ ਪ੍ਰਚਾਰ ਦੌਰਾਨ ਕੇਂਦਰੀ ਆਗੂਆਂ ਦੀ ਹਾਜ਼ਰੀ ਵਿਚ ਸਟੇਜ ਉਤੇ ਆਕੜ ਰਿਹਾ ਸੀ ਪਰ ਉਸ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਦਰਅਸਲ, ਪੰਜਾਬ ਦੀ ਕਾਂਗਰਸ ਲੀਡਰਸ਼ਿਪ ਭਾਵੇਂ ਖੁੱਲ੍ਹ ਕੇ ਬੋਲਣ ਤੋਂ ਟਲ ਰਹੀ ਹੈ ਪਰ ਉਨ੍ਹਾਂ ਦੇ ਜ਼ਿਆਦਾਤਰ ਸਵਾਲ ਦਿੱਲੀ ਬੈਠੇ ਆਗੂਆਂ (ਰਾਹੁਲ-ਸੋਨੀਆ) ਵੱਲ ਜਾਂਦੇ ਹਨ।

ਪਾਰਟੀ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਸਣੇ ਵੱਡੀ ਗਿਣਤੀ ਆਗੂਆਂ ਦਾ ਮੰਨਣਾ ਹੈ ਕਿ ਗਾਂਧੀ ਪਰਿਵਾਰ ਨੂੰ ਲੀਡਰਸ਼ਿਪ ਦੀ ਭੂਮਿਕਾ ਤੋਂ ਹਟ ਕੇ ਪਾਰਟੀ ਦੀ ਅਗਵਾਈ ਕਰਨ ਲਈ ਕਿਸੇ ਹੋਰ ਨੂੰ ਮੌਕਾ ਦੇਣਾ ਚਾਹੀਦਾ ਹੈ। ਸਾਲ 2014 ਦੀ ਚੋਣ ਹਾਰ ਤੋਂ ਬਾਅਦ ਕਾਂਗਰਸ ਕੁਝ ਮੌਕਿਆਂ ਨੂੰ ਛੱਡ ਕੇ ਲਗਾਤਾਰ ਚੋਣਾਂ ਹਾਰ ਗਈ ਹੈ।

ਦਰਅਸਲ, ਅਕਾਲੀ ਦਲ-ਕਾਂਗਰਸ, ਦੋਵੇਂ ਧਿਰ ਆਪਣੀ ਸਿਖਰਲੀ ਲੀਡਰਸ਼ਿਪ ਦੀ ਨਾਕਾਮੀ ਨੂੰ ਵੇਖਦੇ ਹੋਏ ਵੀ ਚੁੱਪ ਧਾਰਨ ਲਈ ਮਜਬੂਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਪਾਰਟੀ ਦੇ ਮੁਖੀ ਦਾ ਅਹੁਦਾ ਛੱਡਣ ਦੀ ਪੇਸ਼ਕਸ਼ ਤਾਂ ਕੀਤੀ ਪਰ ਪਾਰਟੀ ਆਗੂਆਂ ਨੇ ਤੁਰੰਤ ਰੱਦ ਕਰ ਦਿੱਤੀ। ਇਹ ਕੋਈ ਪਹਿਲੀ ਵਾਰ ਨਹੀਂ ਹੋਇਆ ਜਦੋਂ ਸੁਖਬੀਰ ਦੀ ਅਜਿਹੀ 'ਪੇਸ਼ਕਸ਼' ਨੂੰ ਤੁਰੰਤ ਠੁਕਰਾ ਦਿੱਤਾ ਜਾਵੇ। 2017 ਦੀਆਂ ਵਿਧਾਨ ਸਭਾ ਤੇ 2019 ਦੀਆਂ ਲੋਕ ਸਭਾ ਚੋਣਾਂ ਪਿੱਛੋਂ ਵੀ ਕੋਰ ਕਮੇਟੀ ਨੇ ਅਜਿਹੀ ਹੀ ਫੁਰਤੀ ਦਿਖਾਈ ਸੀ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਕੋਰ ਕਮੇਟੀ ਦੀ ਬਣਤਰ ਹੀ ਅਜਿਹੀ ਕਰ ਦਿੱਤੀ ਗਈ ਹੈ ਕਿ ਬਾਦਲ ਪਰਿਵਾਰ ਖਿਲਾਫ ਆਵਾਜ਼ ਚੁੱਕਣ ਵਾਲਾ ਤੁਰਤ 'ਗੱਦਾਰ' ਕਰਾਰ ਦੇ ਦਿੱਤਾ ਜਾਵੇਗਾ। ਇਧਰ, ਪੰਥਕ ਮਾਹਰਾਂ ਦਾ ਤਰਕ ਹੈ ਕਿ ਭਾਵੇਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ 'ਅਕਾਲੀ ਦਲ ਦਾ ਖਾਤਮਾ, ਪੰਥ ਲਈ ਘਾਤਕ' ਵਰਗੇ ਬਿਆਨ ਦਿਵਾਏ ਜਾ ਰਹੇ ਹਨ ਪਰ ਅਸਲ ਵਿਚ ਇਹ ਹਾਰ ਅਕਾਲੀ ਦਲ ਦੀ ਨਹੀਂ ਸਗੋਂ ਬਾਦਲ ਪਰਿਵਾਰ ਖਿਲਾਫ ਰੋਹ ਕਾਰਨ ਹੋਈ ਹੈ। ਇਸ ਦਾ ਜਿਊਂਦਾ ਜਾਗਦਾ ਸਬੂਤ ਪੂਰੇ ਬਾਦਲ ਟੱਬਰ ਦੀ ਹਾਰ ਹੈ। ਪਾਰਟੀ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਪ੍ਰਧਾਨ ਸੁਖਬੀਰ ਬਾਦਲ ਤੇ ਉਨ੍ਹਾਂ ਦੇ ਰਿਸ਼ਤੇਦਾਰ ਇਨ੍ਹਾਂ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਗਏ। ਪਾਰਟੀ ਦੇ ਇਤਿਹਾਸ ਵਿਚ ਪਹਿਲੀ ਵਾਰ ਵਿਧਾਨ ਸਭਾ ਚੋਣ ਵਿਚ ਸਿਰਫ 3 ਸੀਟਾਂ ਨਸੀਬ ਹੋਈਆਂ। ਅਜਿਹੀ ਮਾੜੀ ਕਾਰਗੁਜ਼ਾਰੀ ਪਿੱਛੋਂ ਸੌ ਸਾਲ ਪੁਰਾਣੀ ਪਾਰਟੀ ਦੇ ਭਵਿੱਖ ਬਾਰੇ ਸਵਾਲ

*(ਬਾਕੀ ਸਫਾ 6 'ਤੇ)*

## ਕਿਸਾਨਾਂ ਵੱਲੋਂ ਮੁੜ ਮੋਰਚੇ ਦਾ ਐਲਾਨ

**ਨਵੀਂ ਦਿੱਲੀ:** ਪੰਜ ਸੂਬਿਆਂ ਦਾ ਚੋਣ ਅਮਲ ਸਿਰੇ ਚੜ੍ਹਨ ਪਿੱਛੋਂ ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰ ਸਰਕਾਰ ਖਿਲਾਫ ਮੁੜ ਮੋਰਚਾ ਲਾਉਣ ਦੀ ਤਿਆਰੀ ਕਰ ਲਈ ਹੈ। ਸੰਯੁਕਤ ਕਿਸਾਨ ਮੋਰਚੇ ਨੇ ਐਮ.ਐਸ.ਪੀ. ਸਣੇ ਹੋਰ ਕਿਸਾਨੀ ਮੰਗਾਂ ਪ੍ਰਤੀ ਬੇਰੁਖੀ ਖਿਲਾਫ ਮੁੜ ਤੋਂ ਕਿਸਾਨ ਅੰਦੋਲਨ ਦਾ ਅਗਲਾ ਪੜਾਅ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਮੋਰਚੇ ਦੀ 9 ਮੈਂਬਰੀ ਤਾਲਮੇਲ ਕਮੇਟੀ ਮੁਤਾਬਕ ਮੋਰਚੇ ਵੱਲੋਂ 11 ਤੋਂ 17 ਅਪਰੈਲ ਦਰਮਿਆਨ ਐਮ.ਐਸ.ਪੀ. ਲਈ ਕਾਨੂੰਨੀ ਗਾਰੰਟੀ ਹਫਤਾ ਦੇਸ਼ ਪੱਧਰ 'ਤੇ ਮਨਾਇਆ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਨੇ ਲਖੀਮਪੁਰ ਖੀਰੀ ਕਾਂਡ ਵਿਚ ਸਰਕਾਰ ਦੀ ਭੂਮਿਕਾ ਅਤੇ ਕਿਸਾਨ ਅੰਦੋਲਨ ਨੂੰ ਦਿੱਤੇ ਭਰੋਸੇ ਨਾਲ ਧੋਖਾ ਕਰਨ ਨੂੰ ਲੈ ਕੇ 21 ਮਾਰਚ ਨੂੰ ਦੇਸ਼ ਵਿਆਪੀ ਰੋਸ ਪ੍ਰਦਰਸ਼ਨ ਦਾ ਫੈਸਲਾ ਕੀਤਾ ਹੈ। ਮੋਰਚੇ ਨੇ 28 ਅਤੇ 29 ਮਾਰਚ ਨੂੰ ਟਰੇਡ ਯੂਨੀਅਨਾਂ ਵੱਲੋਂ ਦਿੱਤੇ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਦਾ ਵੀ ਐਲਾਨ ਕੀਤਾ। ਮੋਰਚੇ ਨੇ ਕਿਹਾ ਕਿ ਦੇਸ਼ ਭਰ ਦੇ ਕਿਸਾਨ ਇਸ ਵਿਚ ਸਰਗਰਮੀ ਨਾਲ ਹਿੱਸਾ ਲੈਣਗੇ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕਾਇਦੇ ਕਾਨੂੰਨ ਬਣਾਉਣ ਲਈ ਕਮੇਟੀ ਬਣਾਈ ਜਾਵੇਗੀ।

ਡਾ. ਦਰਸ਼ਨ ਪਾਲ ਨੇ ਕਿਹਾ ਕਿ 9 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਨੂੰ ਦਿੱਤੇ ਲਿਖਤੀ ਭਰੋਸੇ ਦੀ ਸਮੀਖਿਆ ਦੌਰਾਨ ਪਾਇਆ ਕਿ ਤਿੰਨ ਮਹੀਨੇ ਬੀਤਣ ਦੇ ਬਾਵਜੂਦ ਸਰਕਾਰ ਨੇ ਇਸ 'ਤੇ ਅਮਲ ਨਹੀਂ ਕੀਤਾ। ਘੱਟੋ-ਘੱਟ ਸਮਰਥਨ ਮੁੱਲ 'ਤੇ ਕਮੇਟੀ ਬਣਾਉਣ ਦੇ ਭਰੋਸੇ ਦਾ ਕੋਈ ਪਤਾ ਨਹੀਂ ਲੱਗਾ।


Harmit Toor
Your Realtor® For Life!

Broker Associate
BRE Lic.# 01462579
NMLS ID 358820
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com


17 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਆਸਰਾ ਫਾਊਂਡੇਸ਼ਨ ਵਲੋਂ 'ਅੱਖਾਂ ਦਾ ਜਾਂਚ ਕੈਂਪ'

ਮਾਨਵਤਾ ਦੀ ਸੇਵਾ ਲਈ ਵਿਸ਼ੇਸ਼ ਯੋਗਦਾਨ ਦੇ ਰਹੀ ਸਮਾਜਸੇਵੀ ਸੰਸਥਾ ਆਸਰਾ ਫਾਊਂਡੇਸ਼ਨ ਅਮਰੀਕਾ ਵਲੋਂ ਈਸ਼ਰਵਾਲ ਪਿੰਡ ਵਿਚ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। 200-250 ਲੋਕਾਂ ਨੇ ਇਸ ਕੈਂਪ ਦਾ ਲਾਭ ਲਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਤੋਂ ਮਾਹਿਰ ਡਾ. ਪਰਮਿੰਦਰ ਸਿੰਘ ਨੇ ਆਪਣੀ ਟੀਮ ਨਾਲ ਲੋੜਵੰਦਾਂ ਦੀ ਜਾਂਚ ਕੀਤੀ। ਸੰਸਥਾ ਵਲੋਂ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਡਾ. ਪਰਮਿੰਦਰ ਸਿੰਘ ਨੇ ਸਾਰਿਆਂ ਨੂੰ ਅੱਖਾਂ ਦੇ ਰੋਗਾਂ ਬਾਰੇ ਸਾਵਧਾਨੀ ਵਰਤਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਬੱਚਿਆਂ ਨੂੰ ਮੋਬਾਈਲ




ਸੰਸਥਾਪਕ ਅਰਵਿੰਦਰ ਸਿੰਘ ਨੇ ਦੱਸਿਆ ਕਿ ਥਿੰਦ ਅੱਖਾਂ ਦੇ ਹਸਪਤਾਲ ਅਤੇ ਆਸਰਾ ਸੰਸਥਾ ਵਲੋਂ ਪਿੰਡ ਈਸ਼ਰਵਾਲ ਵਿਚ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਮੌਕੇ ਪਰਵਾਸੀ ਪੰਜਾਬੀਆਂ ਅਤੇ ਸਮੂਹ ਨਗਰ ਨਿਵਾਸੀ (ਸੰਸਥਾ) ਅਤੇ ਪਿੰਡ ਦੀ ਸਰਪੰਚ ਆਸ਼ਾ ਕੁਮਾਰੀ ਵਲੋਂ ਆਸਰਾ ਫਾਊਂਡੇਸ਼ਨ ਦੀ ਸਮੂਹ ਕਾਰਜਕਾਰਨੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸੰਸਥਾ ਦੇ ਨਿਰਦੇਸ਼ਕ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

ਇਸ ਕੈਂਪ ਵਿਚ ਥਿੰਦ ਅੱਖਾਂ ਦੇ ਹਸਪਤਾਲ ਅਤੇ ਕੰਪਿਊਟਰ ਚਲਾਉਣ ਸਮੇਂ ਸਾਵਧਾਨੀਆਂ ਵਰਤਣ ਅਤੇ ਕਰੋਨਾ ਮਹਾਮਾਰੀ ਨੂੰ ਦੇਖਦੇ ਹੋਏ ਮਾਸਕ ਲਗਾਉਣ, ਦੋ ਗਜ਼ ਦੀ ਦੂਰੀ ਰੱਖਣ ਅਤੇ ਸੈਨੇਟਾਈਜ਼ਰ ਦੀ ਵਰਤੋਂ ਕਰਨ ਦੀ ਵੀ ਅਪੀਲ ਕੀਤੀ। ਇਸ ਮੌਕੇ ਸੰਸਥਾ ਦੇ ਅਮਰੀਕਾ ਦੇ ਮੁੱਖ ਪ੍ਰਬੰਧਕ ਤੇ ਮੁੱਖ ਸੇਵਾਦਾਰ ਅਰਵਿੰਦਰ ਸਿੰਘ ਲਾਖਨ ਅਤੇ ਪ੍ਰਬੰਧਕ ਨਿਰਦੇਸ਼ਕ ਜੋਗਿੰਦਰ ਸਿੰਘ, ਸੁਰਿੰਦਰ ਖੁਰਾਣਾ, ਰਵਿੰਦਰ ਕੌਰ, ਜਤਿੰਦਰ ਸਿੰਘ, ਰਸ਼ਮਿੰਦਰ ਸਿੰਘ, ਵਰਿੰਦਰ ਸਿੰਘ ਨਰਵਾਲ, ਸ਼ਵਿੰਦਰ ਕੌਰ ਪਰਮਾਰ ਆਦਿ ਹਾਜ਼ਰ ਸਨ।

# ਮਾਤਾ ਗੁਰਦੇਵ ਕੌਰ ਦੇ ਦੇਹਾਂਤ ਨਾਲ ਗਿੱਲ ਪਰਿਵਾਰ ਨੂੰ ਸਦਮਾ

**ਫਰਿਜ਼ਨੋ, ਕੈਲੀਫੋਰਨੀਆ:** ਫਰਿਜ਼ਨੋ ਦੀ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ-ਯੂ.ਐਸ.ਏ. ਦੇ ਅਣਥੱਕ ਮੈਂਬਰ ਰਣਜੀਤ ਸਿੰਘ ਗਿੱਲ (ਜੱਗਾ ਸੁਧਾਰ) ਅਤੇ ਵੈਦ ਬਹਾਦਰ ਸਿੰਘ ਗਿੱਲ ਦੇ ਮਾਤਾ ਗੁਰਦੇਵ ਕੌਰ ਗਿੱਲ (90) ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ।



ਮਾਤਾ ਗੁਰਦੇਵ ਕੌਰ ਦਾ ਪਿਛਲਾ ਪਿੰਡ ਸੁਧਾਰ, ਜ਼ਿਲ੍ਹਾ ਲੁਧਿਆਣਾ ਹੈ ਅਤੇ ਉਹ ਪਿਛਲੇ 26 ਸਾਲਾਂ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ, ਕੈਲੀਫੋਰਨੀਆ ਵਿਚ ਰਹਿ ਰਹੇ ਸਨ। ਉਹ ਧਾਰਮਿਕ ਭਾਵਨਾ ਵਾਲੇ, ਮਿਲਣਸਾਰ ਅਤੇ ਨਿੱਘੇ ਗੁਰਮੁਖ ਸੁਭਾਅ ਦੇ ਮਾਲਕ ਸਨ।

ਮਾਤਾ ਗੁਰਦੇਵ ਕੌਰ ਗਿੱਲ ਦਾ ਸਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ ਮਿਤੀ 26 ਮਾਰਚ, 2022, ਦਿਨ ਸ਼ਨਿਚਰਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਫਾਊਲਰ" ਵਿਖੇ ਸਵੇਰੇ 10 ਤੋਂ ਦੁਪਹਿਰ 12 ਵਜੇ ਦਰਮਿਆਨ ਹੋਵੇਗੀ। ਫਿਊਨਰਲ ਹੋਮ ਦਾ ਪਤਾ: 4800 E. Clayton Ave, Fowler, CA-93625 ਹੈ। ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਫਰਿਜ਼ਨੋ ਦੇ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ (2630 N Locan Ave Fresno ca 93723) ਵਿਖੇ ਹੋਵੇਗੀ। ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੋਣ ਜਾਂ ਵਧੇਰੇ ਜਾਣਕਾਰੀ ਲਈ ਰਣਜੀਤ ਸਿੰਘ ਗਿੱਲ ਨਾਲ (559) 709-9599 ਜਾਂ ਵੈਦ ਬਹਾਦਰ ਸਿੰਘ ਗਿੱਲ ਨਾਲ (559) 289-0013 'ਤੇ ਸੰਪਰਕ ਕੀਆ ਜਾ ਸਕਦਾ ਹੈ। ਮਾਛੀਕੇ ਅਤੇ ਧਾਲੀਆਂ ਮੀਡੀਆ ਗਰੁੱਪ, ਅਮਰੀਕਾ ਗਿੱਲ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੈ ਅਤੇ ਅਰਦਾਸ ਕਰਦੇ ਹਨ ਕਿ ਪਰਮਾਤਮਾ ਮਾਤਾ ਗੁਰਦੇਵ ਕੌਰ ਗਿੱਲ ਦੀ ਆਤਮਾ ਨੂੰ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# ਯੂਕਰੇਨ 'ਤੇ ਰੂਸੀ ਹਮਲੇ ਦੀ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵਲੋਂ ਨਿਖੇਧੀ

**ਫਰਿਜ਼ਨੋ, ਕੈਲੀਫੋਰਨੀਆ:** ਸੈਂਟਰਲ ਕੈਲੀਫੋਰਨੀਆ ਸਿੱਖ ਕੌਂਸਲ ਦੇ ਪ੍ਰਮੁੱਖ ਮੈਂਬਰਾਂ ਦੀ ਮਹੀਨਾਵਾਰ ਮੀਟਿੰਗ ਬੀਤੇ ਦਿਨੀਂ ਗੁਰਦੁਆਰਾ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ, ਕਰੰਦਰਜ਼ ਵਿਖੇ ਸ. ਸੁਖਦੇਵ ਸਿੰਘ ਚੀਮਾ (ਜਨਰਲ ਸਕੱਤਰ) ਦੀ ਪ੍ਰਧਾਨਗੀ ਹੇਠ ਹੋਈ, ਜਿੱਥੇ ਸਿੱਖ ਸੰਗਤ ਨਾਲ ਜੁੜੇ ਮੁੱਦਿਆਂ ਅਤੇ ਗੁਰੂਘਰਾਂ ਵਿਚ ਆਉਣ ਵਾਲੇ ਮੁੱਖ ਪ੍ਰੋਗਰਾਮਾਂ ਬਾਰੇ ਵਿਚਾਰਾਂ ਹੋਈਆਂ। ਇਸੇ ਦੌਰਾਨ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦੇ ਸਮੂਹ ਮੈਂਬਰਾਂ ਨੇ ਇਕ ਵਿਸ਼ੇਸ਼ ਮਤੇ ਰਾਹੀਂ ਰੂਸ ਵਲੋਂ ਯੂਕਰੇਨ ਉੱਪਰ ਕੀਤੇ ਜਾ ਰਹੇ ਹਥਿਆਰਬੰਦ ਹਮਲਿਆਂ ਦੀ ਨਿੰਦਾ ਕੀਤੀ। ਹਮਲੇ ਦੌਰਾਨ ਮਾਰੇ ਗਏ ਲੋਕਾਂ ਦੀ ਮੌਤ 'ਤੇ ਦੁਖ ਦਾ ਪ੍ਰਗਟਾਵਾ ਕੀਤਾ ਗਿਆ। ਯੂਕਰੇਨ ਵਿਚ ਫਸੇ ਭਰਤੀ ਅਤੇ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਉੱਥੋਂ ਸੁਰੱਖਿਅਤ ਬਾਹਰ ਕੱਢਣ ਵਿਚ ਮਦਦ ਕਰ ਰਹੀਆਂ ਸਰਕਾਰਾਂ, ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਦੀ ਸ਼ਲਾਘਾ ਵੀ ਕੀਤੀ ਗਈ। ਇਸ ਮੌਕੇ ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਵੀ ਕੀਤੀ ਗਈ।


# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਮਈ-ਜੂਨ 'ਚ ਸ਼ੁਰੂ ਹੋਣ ਦੀ ਸੰਭਾਵਨਾ

**ਅੰਮ੍ਰਿਤਸਰ:** ਉਤਰਾਖੰਡ ਸਥਿਤ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਇਸ ਵਾਰ ਨਿਰਧਾਰਤ ਸਮੇਂ 'ਤੇ ਸ਼ੁਰੂ ਹੋਣ ਦੀ ਸੰਭਾਵਨਾ ਹੈ ਪਰ ਫਿਲਹਾਲ ਇਹ ਸਾਰਾ ਇਲਾਕਾ ਬਰਫ ਨਾਲ ਢਕਿਆ ਹੋਇਆ ਹੈ। ਇਸ ਦੀ ਜਾਣਕਾਰੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਆਗੂ ਨਰਿੰਦਰਪਾਲ ਸਿੰਘ ਬਿੰਦਰਾ ਵੱਲੋਂ ਦਿੱਤੀ ਗਈ ਹੈ।



ਉਨ੍ਹਾਂ ਦੱਸਿਆ ਕਿ ਟਰੱਸਟ ਦੀ ਟੀਮ ਮੈਨੇਜਰ ਸੇਵਾ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ ਹੋ ਕੇ ਆਈ ਹੈ, ਜਿਥੇ ਫਿਲਹਾਲ ਤਿੰਨ ਤੋਂ ਚਾਰ ਫੁੱਟ ਤੱਕ ਬਰਫ ਪਈ ਹੋਈ ਹੈ। ਗੁਰਦੁਆਰਾ ਗੋਬਿੰਦ ਧਾਮ ਦਾ ਸਮੁੱਚਾ ਇਲਾਕਾ ਫਿਲਹਾਲ ਬਰਫ ਦੀ ਜਕੜ ਵਿਚ ਹੈ। ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਰਾਮ ਡੂੰਘੀ ਗਲੇਸ਼ੀਅਰ 'ਤੇ ਫਿਲਹਾਲ 4 ਫੁੱਟ ਤੋਂ ਵਧੇਰੇ ਬਰਫ ਹੈ ਅਤੇ ਉਥੋਂ ਡੇਢ ਕਿਲੋਮੀਟਰ ਦੂਰ ਗੁਰਦੁਆਰਾ ਗੋਬਿੰਦ ਧਾਮ ਤੱਕ ਸਮੁੱਚਾ ਮਾਰਚ 3 ਫੁੱਟ ਬਰਫ ਨਾਲ ਢਕਿਆ ਹੋਇਆ ਹੈ।



# ਬੀ.ਬੀ.ਐਮ.ਬੀ.: ਲੋਕ ਰੋਹ ਦੇ ਬਾਵਜੂਦ ਟੱਸ ਤੋਂ ਮੱਸ ਨਹੀਂ ਹੋਈ ਮੋਦੀ ਸਰਕਾਰ


**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਪੰਜਾਬ ਦੀ ਸਥਾਈ ਮੈਂਬਰੀ ਦੇ ਹੱਕ ਨੂੰ ਖਤਮ ਕਰਨ ਲਈ ਕਦਮ ਅੱਗੇ ਵਧਾ ਲਏ ਗਏ ਹਨ। ਪੰਜਾਬ ਦੀਆਂ ਰਾਜਸੀ ਧਿਰਾਂ ਅਤੇ ਕਿਸਾਨ ਧਿਰਾਂ ਵੱਲੋਂ ਕੀਤੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਕੇਂਦਰੀ ਬਿਜਲੀ ਮੰਤਰਾਲੇ ਨੇ ਉਲਟਾ ਪੰਜਾਬ ਚੋਣਾਂ ਦੇ ਨਤੀਜੇ ਤੋਂ ਐਨ ਪਹਿਲਾਂ ਬੀ.ਬੀ.ਐਮ.ਬੀ. ਵਿਚੋਂ ਪੰਜਾਬ ਦੀ 27 ਮਾਰਚ ਨੂੰ ਖਤਮ ਹੋ ਰਹੀ ਪੱਕੀ ਮੈਂਬਰੀ ਨੂੰ ਅਸਥਾਈ ਕਰਕੇ ਦੇਸ਼ 'ਚੋਂ ਨਵਾਂ ਮੈਂਬਰ (ਪਾਵਰ) ਲਾਉਣ ਦੀ ਅੰਦਰੋ-ਅੰਦਰੀ ਤਿਆਰੀ ਵਿੱਢ ਦਿੱਤੀ ਹੈ।

ਦੱਸ ਦਈਏ ਕਿ ਕੇਂਦਰ ਸਰਕਾਰ ਨੇ ਬੀ.ਬੀ.ਐਮ.ਬੀ. 'ਚੋਂ ਪੰਜਾਬ ਅਤੇ ਹਰਿਆਣਾ ਦੀ ਪੱਕੀ ਪ੍ਰਤੀਨਿਧਤਾ ਖਤਮ ਕਰਕੇ ਇਸ ਕੇਂਦਰੀ ਅਦਾਰੇ ਦੇ ਨਵੇਂ ਮੈਂਬਰ ਲਾਉਣ ਲਈ ਦੂਜੇ ਸੂਬਿਆਂ ਲਈ ਵੀ ਰਾਹ ਖੋਲ੍ਹ ਦਿੱਤੇ ਹਨ। 23 ਫਰਵਰੀ ਨੂੰ ਇਸ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਸੀ, ਜਿਸ ਦਾ ਪੰਜਾਬ ਦੀਆਂ ਧਿਰਾਂ ਨੇ ਸਖਤ ਵਿਰੋਧ ਕਰਦਿਆਂ ਇਸ ਕੇਂਦਰੀ ਫੈਸਲੇ ਨੂੰ ਸੂਬਾਈ ਅਧਿਕਾਰਾਂ 'ਤੇ ਡਾਕਾ ਕਰਾਰ ਦਿੱਤਾ ਸੀ। ਕੇਂਦਰੀ ਬਿਜਲੀ ਮੰਤਰਾਲੇ ਨੇ ਬੀ.ਬੀ.ਐਮ.ਬੀ. ਵਿਚ ਪੰਜਾਬ ਤੋਂ ਤਾਇਨਾਤ ਮੈਂਬਰ (ਪਾਵਰ) ਹਰਮਿੰਦਰ ਸਿੰਘ ਦੀ ਮਿਆਦ, ਜੋ ਕਿ 27 ਮਾਰਚ 2022 ਨੂੰ ਖਤਮ ਹੋ ਰਹੀ ਹੈ, ਵਿਚ 27 ਮਾਰਚ ਤੋਂ ਹੀ ਛੇ ਮਹੀਨੇ ਦਾ ਵਾਧਾ ਕਰ ਦਿੱਤਾ ਹੈ।

ਮੰਤਰਾਲੇ ਨੇ ਹੁਕਮ ਜਾਰੀ ਕਰਦਿਆਂ ਕਿਹਾ ਹੈ ਕਿ ਮੈਂਬਰ ਹਰਮਿੰਦਰ ਸਿੰਘ, ਉਸ ਸਮੇਂ ਤੱਕ ਤਾਇਨਾਤ ਰਹਿਣਗੇ ਜਦੋਂ ਤੱਕ ਨਵਾਂ ਮੈਂਬਰ ਨਿਯੁਕਤ ਨਹੀਂ ਕਰ ਲਿਆ ਜਾਂਦਾ, ਹਾਲਾਂਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਭਰੋਸਾ ਦਿੱਤਾ ਸੀ ਕਿ ਉਹ ਪੰਜਾਬ ਦੀ ਮੰਗ 'ਤੇ ਮੁੜ ਗੌਰ ਕਰਨਗੇ। ਕੇਂਦਰ ਨੇ ਪੰਜਾਬ ਦੇ ਮੈਂਬਰ ਦੀ ਮਿਆਦ ਵਿਚ ਆਰਜ਼ੀ ਵਾਧਾ ਕਰਕੇ ਦਰਸਾ ਦਿੱਤਾ ਹੈ ਕਿ ਨਵੀਂ ਨਿਯੁਕਤੀ ਨਵੇਂ ਨਿਯਮਾਂ ਮੁਤਾਬਕ ਹੀ ਕੀਤੀ ਜਾਵੇਗੀ।

ਇਹ ਵੀ ਸਾਹਮਣੇ ਆਇਆ ਹੈ ਕਿ ਕੇਂਦਰ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਪੰਜਾਬ-ਹਰਿਆਣਾ ਨੂੰ ਆਊਟ ਕਰਨ ਦੀ ਪਹਿਲਾਂ ਹੀ ਯੋਜਨਾ ਘੜੀ ਹੋਈ ਸੀ। ਪਿਛਾਂਹ ਨਜ਼ਰ ਮਾਰੀਏ ਤਾਂ ਹਰਿਆਣਾ ਸਰਕਾਰ ਨੇ ਬੀ.ਬੀ.ਐਮ.ਬੀ. 'ਚੋਂ ਆਪਣਾ ਮੈਂਬਰ (ਸਿੰਚਾਈ) ਗੁਲਾਬ ਸਿੰਘ ਨਰਵਾਲ 9 ਸਤੰਬਰ 2020 ਨੂੰ ਵਾਪਸ ਬੁਲਾ ਲਿਆ ਸੀ ਅਤੇ ਉਸ ਮਗਰੋਂ ਹਰਿਆਣਾ ਸਰਕਾਰ ਨੇ 23 ਅਕਤੂਬਰ 2020 ਨੂੰ ਹਰਿਆਣਾ 'ਚੋਂ ਤਿੰਨ ਮੈਂਬਰਾਂ ਦਾ ਪੈਨਲ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਸੀ। ਕੇਂਦਰ ਸਰਕਾਰ ਨੇ ਪੈਨਲ ਭੇਜੇ ਜਾਣ ਦੇ ਬਾਵਜੂਦ ਹਰਿਆਣਾ ਦੇ ਮੈਂਬਰ ਦੀ ਨਿਯੁਕਤੀ ਨਹੀਂ ਕੀਤੀ।

ਇਸੇ ਤਰ੍ਹਾਂ ਪੰਜਾਬ ਦੇ ਕੇਸ 'ਤੇ ਨਜ਼ਰ ਮਾਰੀਏ ਤਾਂ ਨਿਯਮਾਂ ਮੁਤਾਬਕ ਜਦੋਂ ਕਿਸੇ ਮੈਂਬਰ ਦੀ ਮਿਆਦ ਖਤਮ ਹੋ ਰਹੀ ਹੋਵੇ ਤਾਂ ਉਸ ਤੋਂ ਛੇ ਮਹੀਨੇ ਪਹਿਲਾਂ ਨਵੀਂ ਨਿਯੁਕਤੀ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ। ਪੰਜਾਬ ਦੇ ਮੈਂਬਰ (ਪਾਵਰ) ਦੀ ਮਿਆਦ 27 ਮਾਰਚ ਤੋਂ ਖਤਮ ਹੋਣ ਤੋਂ ਛੇ ਮਹੀਨੇ ਪਹਿਲਾਂ ਨਵੇਂ ਮੈਂਬਰ ਦੀ ਭਰਤੀ ਪ੍ਰਕਿਰਿਆ ਕੇਂਦਰ ਸਰਕਾਰ ਨੇ ਸ਼ੁਰੂ ਨਹੀਂ ਕੀਤੀ, ਜਿਸ ਤੋਂ ਕੇਂਦਰ ਦੀ ਯੋਜਨਾ ਸਮਝ ਪੈਂਦੀ ਹੈ।



## ਕੇਂਦਰ 'ਤੇ ਪੰਜਾਬ ਨਾਲ ਵਿਤਕਰੇ ਦੇ ਦੋਸ਼ ਲਾਏ

**ਚੰਡੀਗੜ੍ਹ:** ਸੁਖਪਾਲ ਸਿੰਘ ਖਹਿਰਾ ਨੇ ਕੇਂਦਰ 'ਤੇ ਸੰਘੀ ਢਾਂਚੇ ਨੂੰ ਕਮਜ਼ੋਰ ਸਮੇਤ ਪੰਜਾਬ ਨਾਲ ਵਿਤਕਰਾ ਕਰਨ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਪਹਿਲਾਂ ਵਾਪਸ ਲਏ ਜਾਂਦੇ ਤਾਂ ਸੱਤ ਸੌ ਕਿਸਾਨਾਂ ਨੂੰ ਜਾਨਾਂ ਨਾ ਗੁਆਉਣੀਆਂ ਪੈਂਦੀਆਂ। ਉਨ੍ਹਾਂ ਪੰਜਾਬ ਚੋਣਾਂ 'ਚ 'ਆਪ' ਨੂੰ ਮਿਲੇ ਭਾਰੀ ਬਹੁਮਤ ਬਾਰੇ ਕਿਹਾ ਕਿ ਦੇਸ਼ 'ਚ ਅਰਾਜਕਤਾ, ਗੁਰਬਤ ਅਤੇ ਬੁਰੀ ਹਾਲਤ ਹੈ, ਜਿਸ ਤੋਂ ਨਿਜਾਤ ਲਈ ਲੋਕ ਬਦਲਾਅ ਚਾਹੁੰਦੇ ਹਨ ਅਤੇ ਇਹ ਉਸੇ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਮਾਯੂਸੀ ਦਾ ਵੱਡਾ ਕਾਰਨ ਹੈ ਕਿ ਲੋਕਤੰਤਰ ਦੇ ਚਾਰੋਂ ਥੰਮ੍ਹ ਕਮਜ਼ੋਰ ਪੈ ਗਏ ਹਨ ਪਰ ਚੰਗੀ ਗੱਲ ਇਹ ਵੀ ਹੈ ਕਿ ਪੰਜਾਬੀ ਮੁਗਲਾਂ ਤੋਂ ਲੈ ਕੇ ਬੁਰਾਈ ਖਿਲਾਫ਼ ਮੋਹਰੀ ਹੋ ਕੇ ਲੜਦੇ ਆਏ ਹਨ ਅਤੇ ਇਹ ਤਬਦੀਲੀ ਵੀ ਉਸੇ ਸੁਭਾਅ ਦਾ ਸਿੱਟਾ ਹੈ।

# ਸੁਮੇਧ ਸੈਣੀ ਅਦਾਲਤ ਸਾਹਮਣੇ ਨਹੀਂ ਹੋਏ ਪੇਸ਼

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨਿੱਜੀ ਤੌਰ 'ਤੇ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ। ਦੱਸਣਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਪੇਸ਼ੀ ਤੇ ਗ੍ਰਿਫਤਾਰੀ ਉਪਰ ਰੋਕ ਲਾਈ ਹੋਈ ਸੀ ਪਰ ਸੁਪਰੀਮ ਕੋਰਟ ਨੇ ਪਿਛਲੇ ਹਫਤੇ ਹੀ ਹਾਈ ਕੋਰਟ ਦੇ ਇਸ ਫੈਸਲੇ ਨੂੰ ਆਧਾਰਹੀਣ ਕਰਾਰ ਦਿੰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਨਿਰਦੇਸ਼ ਦਿੱਤੇ ਸਨ ਕਿ ਸੁਮੇਧ ਸੈਣੀ ਨੂੰ ਮਿਲੀ ਬਲੈਂਕਟ ਬੇਲ ਉਪਰ ਪੁਨਰ-ਵਿਚਾਰ ਕੀਤਾ ਜਾਵੇ।

ਸਾਬਕਾ ਡੀ.ਜੀ.ਪੀ. ਨੇ ਫਰੀਦਕੋਟ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਸੀ। ਸਾਬਕਾ ਅਧਿਕਾਰੀ ਨੇ ਅਦਾਲਤ ਨੂੰ ਦੱਸਿਆ ਕਿ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਹਰਿਆਣਾ ਹਾਈ ਕੋਰਟ ਉਸ ਦੀ ਪਟੀਸ਼ਨ 'ਤੇ ਪੁਨਰ ਵਿਚਾਰ ਕਰ ਸਕਦੀ ਹੈ। ਇਸ ਲਈ ਉਸ ਨੂੰ ਨਿੱਜੀ ਪੇਸ਼ੀ ਤੋਂ ਛੋਟ ਦਿੱਤੀ ਜਾਵੇ। ਅਦਾਲਤ ਨੇ ਸਾਬਕਾ ਡੀ.ਜੀ.ਪੀ. ਦੀ ਹਾਜਰੀ ਮੁਆਫ਼ ਕਰਨ ਤੋਂ ਬਾਅਦ ਅਗਲੀ ਸੁਣਵਾਈ 25 ਮਾਰਚ ਰੱਖੀ ਹੈ। ਸੁਣਵਾਈ ਦੌਰਾਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ, ਐਸ.ਪੀ. ਬਿਕਰਮ ਸਿੰਘ ਅਤੇ ਬਾਕੀ ਮੁਲਜ਼ਮ ਵੀ ਹਾਜਰ ਸਨ।

## ਪੀੜਤਾਂ ਨੂੰ ਛੇਤੀ ਇਨਸਾਫ ਮਿਲੇ: ਖਹਿਰਾ

**ਕੋਟਕਪੂਰਾ:** ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਪਿੰਡ ਬਹਿਬਲ ਕਲਾਂ ਵਿਚ ਜਾਰੀ ਧਰਨੇ 'ਚ ਪੁੱਜੇ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛੇ ਮਹੀਨੇ ਦਾ ਸਮਾਂ ਦਿੱਤਾ। ਸ੍ਰੀ ਖਹਿਰਾ ਨੇ ਕਿਹਾ ਕਿ ਉਹ ਸੁਖਰਾਜ ਸਿੰਘ ਨੂੰ ਮਿਲਣ ਅਤੇ ਮਦਦ ਕਰਨ ਦੇ ਉਦੇਸ਼ ਨਾਲ ਇਥੇ ਆਏ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਪੜਤਾਲ ਕਰਨ ਵਾਲੇ ਸਾਬਕਾ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਉਦੋਂ ਕੈਪਟਨ ਅਤੇ ਬਾਦਲ ਦੇ ਰਲੇ ਹੋਣ ਦੇ ਦੋਸ਼ ਲਾਉਂਦਿਆਂ ਨੌਕਰੀ ਤੋਂ ਅਸਤੀਫਾ ਦਿੱਤਾ ਸੀ।


ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:

316-305-1818 ਜਾਂ 316-518-5382

E-Mail: Bayleafaustin@gmail.com

10-17


## ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਦਾ ਦੇਹਾਂਤ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਹ ਲਗਭਗ 83 ਵਰ੍ਹਿਆਂ ਦੇ ਸਨ। ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਅਤੇ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਆਪਣੇ ਪਿੱਛੇ ਦੋ ਬੇਟੇ ਅਤੇ ਤਿੰਨ ਬੇਟੀਆਂ ਛੱਡ ਗਏ ਹਨ। ਉਨ੍ਹਾਂ ਦਾ ਇਕ ਬੇਟਾ ਤੇ ਇਕ ਬੇਟੀ ਵਿਦੇਸ਼ ਵਿਚ ਹਨ।


# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

## ਲੜਕੀ ਦੀ ਲੋੜ ਹੈ

Jatt Sikh family Looking for a jatt sikh, well settled match for their U.S born and raised jatt sikh 30, 6'3" son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

33 ਸਾਲਾ ਜੱਟ ਸਿੱਖ ਆਪਣਾ ਬਿਜ਼ਨਸ ਕਰਦੇ, USA citizen 6'1" ਲੜਕੇ ਲਈ ਯੂ.ਐਸ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਘੱਟੋ-ਘੱਟ 5'6", ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਨੇ ਬੈਚਲਰ ਡਿਗਰੀ ਕੀਤੀ ਹੋਈ ਹੈ। ਚਾਹਵਾਨ 317-767-1636 ਜਾਂ Email at: singh2026@hotmail.com 'ਤੇ ਸੰਪਰਕ ਕਰ ਸਕਦੇ ਹਨ। 6-10

Jatt Sikh Sangha family looking for suitable match for their American citizen son, 28, 6'-2", Masters in Computer Science. Vegetarian preferred. Please Contact us at 636- 577-5615 or Email at: vijaypalsangha@gmail.com.

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).


*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

# ਸਕੂਲ ਦੇ ਬਾਹਰ ਗੋਲੀਬਾਰੀ ਦੇ ਮਾਮਲੇ ਵਿਚ ਛੇ ਨਾਬਾਲਗ ਗ੍ਰਿਫ਼ਤਾਰ

**ਸੈਕਰਾਮੈਂਟੋ:** ਲੰਘੇ ਸੋਮਵਾਰ ਡੇਸ ਮੋਇਨਸ, ਲੋਵਾ ਵਿਚ ਇਕ ਹਾਈ ਸਕੂਲ ਦੇ ਬਾਹਰ ਗੋਲੀਆਂ ਚਲਾ ਕੇ ਇਕ ਲੜਕੇ ਦੀ ਹੱਤਿਆ ਕਰਨ ਤੇ ਦੋ ਹੋਰਨਾਂ ਨੂੰ ਗੰਭੀਰ ਜ਼ਖਮੀ ਕਰਨ ਦੀ ਘਟਨਾ ਸਬੰਧੀ ਪੁਲਿਸ ਨੇ ਹੱਤਿਆ ਦਾ ਕੇਸ ਦਰਜ ਕਰ ਕੇ ਛੇ ਨਾਬਾਲਗਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੇ 15 ਸਾਲਾ ਲੜਕੇ ਨੂੰ ਗਿਣੀ ਮਿਥੀ ਯੋਜਨਾ ਤਹਿਤ ਨਿਸ਼ਾਨਾ ਬਣਾਇਆ ਜਦਕਿ ਇਸ ਘਟਨਾ ਵਿਚ 16 ਤੇ 18 ਸਾਲ ਦੀਆਂ ਦੋ ਲੜਕੀਆਂ ਜ਼ਖਮੀ ਹੋ ਗਈਆਂ, ਜਿਨ੍ਹਾਂ ਦੀ ਹਾਲਤ ਗੰਭੀਰ ਹੈ। ਡੇਸ ਮੋਇਨਸ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੈਂਟ ਪੌਲ ਪੈਰਿਜ਼ੇਕ ਅਨੁਸਾਰ ਲੜਕੀਆਂ ਅਚਾਨਕ ਗੋਲੀਆਂ ਦੀ ਲਪੇਟ ਵਿਚ ਆ ਕੇ ਜ਼ਖਮੀ ਹੋਈਆਂ ਹਨ ਜਦ ਕਿ ਹਮਲਾਵਰਾਂ ਦਾ ਇਰਾਦਾ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਸੀ। ਬੁਲਾਰੇ ਅਨੁਸਾਰ ਗੋਲੀਆਂ ਇਕ ਤੋਂ ਵੱਧ ਵਾਹਨਾਂ ਵਿਚੋਂ ਚਲਾਈਆਂ ਗਈਆਂ। ਪੁਲਿਸ ਨੇ ਗ੍ਰਿਫਤਾਰ ਛੇ ਨਾਬਾਲਗਾਂ ਵਿਰੁੱਧ ਹੱਤਿਆ ਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਹਨ। ਗ੍ਰਿਫਤਾਰ ਸ਼ੱਕੀ ਹਮਲਾਵਰਾਂ ਦੀ ਪਛਾਣ ਓਕਟਾਵੀਓ ਲੋਪੇਜ਼ (17), ਨਿਯਾਂਗ ਚੈਮਡੂਲ (14), ਮੈਨੂਏਲ ਬੂਜ਼ੋ (16), ਰੋਮੇਰੋ ਪਰਡੋਮੋ (16), ਅਲੈਕਸ ਪਰਡੋਮੋ (15) ਤੇ ਹੈਨਰੀ ਵਾਲਾਡੇਰਸ ਅਮਾਇਆ (17) ਵਜੋਂ ਹੋਈ ਹੈ। ਬੁਲਾਰੇ ਅਨੁਸਾਰ ਸਾਰੇ ਮੁਲਜ਼ਮਾਂ ਨੂੰ ਘਟਨਾ ਵਾਪਰਨ ਦੇ ਕੁਝ ਹੀ ਘੰਟਿਆਂ ਵਿਚ ਗ੍ਰਿਫਤਾਰ ਕਰ ਲਿਆ ਗਿਆ ਤੇ ਪੁਲਿਸ ਨੇ ਤਲਾਸ਼ੀ ਵਾਰੰਟ ਲੈ ਕੇ ਛੇ ਹਥਿਆਰ ਵੀ ਬਰਾਮਦ ਕੀਤੇ ਹਨ।

# ਤਿੰਨ ਵਿਦਿਆਰਥੀਆਂ ਖ਼ਿਲਾਫ ਨਫਰਤੀ ਅਪਰਾਧ ਤਹਿਤ ਕੇਸ ਦਰਜ

**ਸੈਕਰਾਮੈਂਟੋ:** ਮੈਰੀਲੈਂਡ ਦੇ ਮਿਡਲਟਾਊਨ ਮਿਡਲ ਸਕੂਲ ਦੇ ਸਿਆਹਫਾਮ ਵਿਦਿਆਰਥੀਆਂ ਨੂੰ ਧਮਕਾਉਣ ਉਪਰੰਤ ਸਕੂਲ ਦੇ 3 ਨਾਬਾਲਗ ਵਿਦਿਆਰਥੀਆਂ ਵਿਰੁੱਧ ਨਫਰਤੀ ਅਪਰਾਧ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਫਰੈਡਰਿਕ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਇਹ ਜਾਣਕਾਰੀ ਦਿੱਤੀ ਹੈ। ਦਫਤਰ ਦੇ ਬੁਲਾਰੇ ਟੌਡ ਵੀਵੈਲ ਨੇ ਦੱਸਿਆ ਕਿ ਸੋਸ਼ਲ ਮੀਡੀਆ ਉਪਰ ਸਿਆਹਫਾਮ ਵਿਦਿਆਰਥੀਆਂ ਨੂੰ ਮਿਲੀ ਧਮਕੀ ਉਪਰੰਤ ਪੁਲਿਸ ਦੇ 3 ਡਿਪਟੀ ਤੇ ਸਕੂਲ ਰਿਸੋਰਸ ਅਧਿਕਾਰੀ ਤੁਰੰਤ ਹਰਕਤ ਵਿਚ ਆਏ। ਜਿਨ੍ਹਾਂ 3 ਵਿਦਿਆਰਥੀਆਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ ਉਹ ਸਾਰੇ ਗੋਰੇ ਤੇ ਨਾਬਾਲਗ ਹਨ। ਇਨ੍ਹਾਂ ਵਿਚੋਂ ਇਕ ਵਿਰੁੱਧ ਅਗਨ ਸ਼ਸ਼ਤਰ ਰੱਖਣ ਦਾ ਮਾਮਲਾ ਵੀ ਦਰਜ ਕੀਤਾ ਗਿਆ ਹੈ। ਸ਼ੈਰਿਫ ਦਫਤਰ ਅਨੁਸਾਰ ਫਰੈਡਰਿਕ ਕਾਊਂਟੀ ਪਬਲਿਕ ਸਕੂਲ ਦੇ ਅਧਿਕਾਰੀਆਂ ਨਾਲ ਤਾਲਮੇਲ ਕਰ ਕੇ ਪੁਲਿਸ ਅਫਸਰਾਂ ਨੇ ਸਕੂਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਤੁਰੰਤ ਸ਼ੱਕੀ ਵਿਦਿਆਰਥੀਆਂ ਦੀ ਪਛਾਣ ਕੀਤੀ ਤੇ ਕੋਈ ਅਣਹੋਣੀ ਵਾਪਰਨ ਤੋਂ ਪਹਿਲਾਂ ਹੀ ਕਾਰਵਾਈ ਅਮਲ ਵਿਚ ਲਿਆਂਦੀ। ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਲਾਅ ਇਨਫੋਰਸਮੈਂਟ ਅਫਸਰਾਂ ਨੇ ਹਥਿਆਰਾਂ ਤੇ ਨਸਲੀ ਟਿੱਪਣੀਆਂ ਸਮੇਤ ਸ਼ੱਕੀ ਵਿਦਿਆਰਥੀਆਂ ਦੀਆਂ ਤਸਵੀਰਾਂ ਲੱਭੀਆਂ ਤੇ ਕਾਰਵਾਈ ਕੀਤੀ। ਪੁਲਿਸ ਅਧਿਕਾਰੀਆਂ ਨੇ ਹਰ ਵਿਦਿਆਰਥੀ ਨਾਲ ਉਸ ਦੇ ਮਾਤਾ-ਪਿਤਾ ਸਮੇਤ ਨਿੱਜੀ ਗੱਲਬਾਤ ਵੀ ਕੀਤੀ। ਬਾਅਦ ਵਿਚ ਵਿਦਿਆਰਥੀਆਂ ਦੇ ਸੌਣ ਵਾਲੇ ਕਮਰਿਆਂ ਵਿਚੋਂ ਹਥਿਆਰ ਬਰਾਮਦ ਕੀਤੇ। ਪੁਲਿਸ ਨੇ ਵਿਦਿਆਰਥੀਆਂ ਦੇ ਨਾਂ ਜਨਤਕ ਨਹੀਂ ਕੀਤੇ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਨਾਮਜ਼ਦ ਵਿਦਿਆਰਥੀਆਂ ਵਿਰੁੱਧ ਹੋਰ ਦੋਸ਼ ਵੀ ਆਇਦ ਹੋ ਸਕਦੇ ਹਨ। ਨਾਮਜ਼ਦ ਵਿਦਿਆਰਥੀਆਂ ਨੂੰ ਜਾਂਚ ਮੁਕੰਮਲ ਹੋਣ ਤਕ ਸਕੂਲ ਕੈਂਪਸ ਵਿਚ ਦਾਖਲ ਹੋਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਹੈ।


# ਕਤਲ ਮਾਮਲੇ ਵਿਚ ਪੁਲਿਸ ਅਫਸਰ ਹੋਵੇਗਾ ਬਰਖਾਸਤ: ਕਮਿਸ਼ਨਰ

**ਸੈਕਰਾਮੈਂਟੋ:** ਬੀਤੇ ਦਿਨੀਂ ਫਿਲਾਡੈਲਫੀਆ ਵਿਚ ਇਕ 12 ਸਾਲਾ ਲੜਕੇ ਦਾ ਪਿੱਛਾ ਕਰ ਕੇ ਉਸ ਨੂੰ ਗੋਲੀ ਮਾਰ ਕੇ ਕਤਲ ਕਰਨ ਦੇ ਮਾਮਲੇ ਵਿਚ ਸਬੰਧਤ ਪੁਲਿਸ ਅਫਸਰ ਨੂੰ ਬਰਖਾਸਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਕਰਦਿਆਂ ਸ਼ਹਿਰ ਦੀ ਪੁਲਿਸ ਕਮਿਸ਼ਨਰ ਡੈਨੀਲ ਆਊਟਲਾਅ ਨੇ ਕਿਹਾ ਹੈ ਕਿ ਸਾਦੇ ਕੱਪੜਿਆਂ ਵਿਚ ਇਕ ਪੁਲਿਸ ਅਫਸਰ ਜਿਸ ਦੀ ਅਜੇ ਸ਼ਨਾਖਤ ਕੀਤੀ ਜਾਣੀ ਹੈ, ਨੇ ਥਾਮਸ ਸੀਡੀਰੀਓ ਨਾਮੀ ਲੜਕੇ ਦੀ ਪਿੱਠ ਵਿਚ ਗੋਲੀ ਮਾਰੀ ਸੀ। ਪੁਲਿਸ ਅਫਸਰ ਨੂੰ ਲੋੜੋਂ ਵੱਧ ਤਾਕਤ ਵਰਤਣ ਦੇ ਦੋਸ਼ਾਂ ਤਹਿਤ ਬਰਖਾਸਤ ਕੀਤਾ ਜਾਵੇਗਾ। ਪੁਲਿਸ ਦਾ ਦੋਸ਼ ਸੀ ਕਿ ਲੜਕਾ ਪੁਲਿਸ ਦੀ ਗੱਡੀ ਉਪਰ ਗੋਲੀ ਚਲਾ ਕੇ ਭੱਜਾ ਸੀ। ਜਾਂਚ ਵਿਚ ਇਹ ਪੁਸ਼ਟੀ ਕੀਤੀ ਗਈ ਹੈ ਕਿ ਅਫਸਰ ਨੇ ਵਿਭਾਗ ਦੇ ਤਾਕਤ ਵਰਤਣ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਉਲੰਘਣਾ ਕਰਨ ਵਾਲਾ ਭਾਵੇਂ ਕੋਈ ਵੀ ਹੋਵੇ, ਉਸ ਨੂੰ ਨਤੀਜੇ ਭੁਗਤਣੇ ਪੈਣਗੇ।

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

**Ph: (408) 737-7100**

Fax: (408)737-7102 www.homeopathicvibes.com

*We sell and ship homeopathic remedies through out North America.*

**ਚੰਡੀਗੜ੍ਹ ਦੇ ਨਜ਼ਦੀਕ ਜ਼ੀਰਕਪੁਰ ਵਿਖੇ ਕੋਠੀ ਵਿਕਾਊ ਹੈ**

ਜ਼ੀਰਕਪੁਰ ਪਟਿਆਲਾ ਰੋਡ ਦੇ ਬਿਲਕੁਲ ਨਜ਼ਦੀਕ ਬਣੀ 400 ਗਜ ਦੀ ਕੋਠੀ (ਈਸਟ ਫੇਸਿੰਗ) ਰਿਹਾਇਸ਼ੀ/ਕਮੱਰਸ਼ੀਅਲ, ਜਿਸਦੇ ਦੋਨੋ ਪਾਸੇ ਸੜਕ ਲਗਦੀ ਹੈ, ਵਿਕਾਊ ਹੈ।

ਸੰਪਰਕ ਕਰੋ: 001+847-359-0746, 224-422-4773 (*Whatsapp*)

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**Live on Jas TV**

Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP

- 3 Axle Alignment $199
- Trailer Alignment $150

**Grand Opening**

**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ

1950 E Miner Ave.

Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**

FAX: 209.982.9997

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਥੇਦਾਰ ਨੂੰ ਬਾਦਲਾਂ ਦਾ ਫਿਕਰ ਛੱਡ ਕੇ ਸਮੁੱਚੀ ਕੌਮ ਦੀ ਅਗਵਾਈ ਕਰਨ ਦੀ ਅਪੀਲ

**ਅੰਮ੍ਰਿਤਸਰ:** ਸਾਬਕਾ ਉਪ ਮੁੱਖ ਮੰਤਰੀ ਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਬਾਦਲ ਦਲ ਦੀ ਚਿੰਤਾ ਛੱਡ ਕੇ ਸਮੁੱਚੀ ਕੌਮ ਦੀ ਅਗਵਾਈ ਕਰਨ। ਇਹ ਪੱਤਰ ਉਨ੍ਹਾਂ ਹਾਲ ਹੀ ਵਿਚ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਖਤਮ ਹੋ ਰਹੀ ਹੋਂਦ 'ਤੇ ਪ੍ਰਗਟਾਈ ਚਿੰਤਾ ਦੇ ਪ੍ਰਤੀਕਰਮ ਵਜੋਂ ਭੇਜਿਆ ਹੈ। ਦੋ ਸਫਿਆਂ ਦੇ ਇਸ ਪੱਤਰ ਵਿਚ ਉਨ੍ਹਾਂ ਲਿਖਿਆ ਕਿ ਚੋਣਾਂ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਨੂੰ ਲੈ ਕੇ ਅਕਾਲ ਤਖਤ ਵੱਲੋਂ ਚਿੰਤਾ ਪ੍ਰਗਟਾਈ ਗਈ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਜਦੋਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਭਾਜਪਾ ਵਿਚ ਸ਼ਾਮਲ ਹੋਏ ਸਨ ਤਾਂ ਉਸ ਵੇਲੇ ਵੀ ਚਿੰਤਾ ਪ੍ਰਗਟਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਨੂੰ ਪੰਥ ਦੀ ਨੁਮਾਇੰਦਾ ਜਥੇਬੰਦੀ ਦੱਸਦਿਆਂ ਤਕੜਾ ਕਰਨ ਦਾ ਸੰਦੇਸ਼ ਦਿੱਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਇਸ ਵਾਰ ਚੋਣਾਂ ਵਿਚ ਲੋਕਾਂ ਨੇ ਅਕਾਲੀ ਦਲ ਨੂੰ ਵਿਸਾਰ ਦਿੱਤਾ ਹੈ, ਜਿਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਬਾਦਲਾਂ ਦਾ ਅਕਾਲੀ ਦਲ ਪੰਥ 'ਚੋਂ ਨਿਖੜ ਚੁੱਕਾ ਹੈ। ਉਨ੍ਹਾਂ ਜਥੇਦਾਰ ਨੂੰ ਕਿਹਾ ਕਿ ਉਨ੍ਹਾਂ ਦੇ ਸੰਦੇਸ਼ 'ਚੋਂ ਬਾਦਲਾਂ ਪ੍ਰਤੀ ਵਿਸ਼ੇਸ਼ ਸਨੇਹ ਝਲਕਦਾ ਹੈ। ਉਨ੍ਹਾਂ ਲਿਖਿਆ ਕਿ ਪਿਛਲੀਆਂ ਤੇ ਮੌਜੂਦਾ ਚੋਣਾਂ ਸਮੇਂ ਮਰਿਆਦਾ ਤੇ ਪਰੰਪਰਾਵਾਂ ਨੂੰ ਦਰ ਕਿਨਾਰ ਕਰ ਕੇ ਬਾਦਲ ਦਲ ਨੇ ਜਿਵੇਂ ਡੇਰਾ ਸਿਰਸਾ ਦੀ ਹਮਾਇਤ ਲਈ ਸੀ, ਉਸ ਦਾ ਸਿੱਖ ਸੰਗਤ ਨੇ ਢੁਕਵਾਂ ਜਵਾਬ ਦਿੱਤਾ ਹੈ। ਉਨ੍ਹਾਂ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਪੰਥ ਨੂੰ ਸਿਰਫ ਬਾਦਲਾਂ ਤੱਕ ਹੀ ਸੀਮਤ ਨਾ ਕਰਨ। 1920 ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਬਣਿਆ ਸੀ ਤਾਂ ਉਸ ਵੇਲੇ ਸਾਰੇ ਵਰਗਾਂ ਦੇ ਸੂਝਵਾਨ ਸਿੱਖ, ਵਿਰੋਧੀ ਧਿਰਾਂ, ਸਿੰਘ ਸਭਾਵਾਂ, ਸੰਪਰਦਾਵਾਂ, ਬੁੱਧੀਜੀਵੀਆਂ ਆਦਿ ਨੂੰ ਲੈ ਕੇ ਇਸ ਦੀ ਸਥਾਪਨਾ ਹੋਈ ਸੀ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਕਿਹਾ, "ਤੁਸੀਂ ਸਮੁੱਚੀ ਕੌਮ ਦੇ ਜਥੇਦਾਰ ਹੋ, ਬਾਦਲ ਦਲ ਦੀ ਚਿੰਤਾ ਛੱਡ ਕੇ ਸਮੁੱਚੀ ਕੌਮ ਦੀ ਅਗਵਾਈ ਕਰੋ, ਇਹ ਇਕ ਸੁਨਹਿਰੀ ਮੌਕਾ ਹੈ ਕਿ ਤੁਸੀਂ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਨੂੰ ਮੁੜ ਬੁਲੰਦੀਆਂ ਵੱਲ ਲਿਜਾ ਸਕਦੇ ਹੋ।"

## ਹਰ ਧਰਮ ਦੀਆਂ ਭਾਵਨਾਵਾਂ ਦਾ ਖਿਆਲ ਰੱਖੇ ਭਾਰਤ ਸਰਕਾਰ: ਧਾਮੀ

**ਅੰਮ੍ਰਿਤਸਰ:** ਭਾਰਤ ਸਰਕਾਰ ਵੱਲੋਂ ਦੇਸ਼ ਦੇ ਹਵਾਈ ਅੱਡਿਆਂ ਉਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਸਮੇਤ ਡਿਊਟੀ ਕਰਨ ਤੋਂ ਰੋਕਣ ਵਾਲਾ ਆਦੇਸ਼ ਵਾਪਸ ਲੈ ਲਏ ਜਾਣ ਉਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਵੇਂ ਸਬੰਧਤ ਮੰਤਰਾਲੇ ਵੱਲੋਂ ਸਰਕੂਲਰ 'ਚ ਸੋਧ ਕਰਨਾ ਚੰਗੀ ਗੱਲ ਹੈ, ਪਰ ਅਜਿਹਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਵੀ ਭਾਰਤ ਸਰਕਾਰ ਨੂੰ ਜ਼ਰੂਰ ਸੋਚਣਾ ਚਾਹੀਦਾ ਸੀ। ਪ੍ਰਧਾਨ ਧਾਮੀ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਅੱਗੇ ਤੋਂ ਇਹ ਖ਼ਿਆਲ ਰੱਖਿਆ ਜਾਵੇ ਕਿ ਸਿੱਖਾਂ ਸਮੇਤ ਕਿਸੇ ਵੀ ਧਰਮ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਈ ਕਾਰਵਾਈ ਨਾ ਕੀਤੀ ਜਾਵੇ।

## ਦਰਬਾਰ ਸਾਹਿਬ ਅੰਦਰ ਸੋਨੇ ਦੇ ਪੱਤਿਆਂ ਦੀ ਸਫਾਈ ਸ਼ੁਰੂ

**ਅੰਮ੍ਰਿਤਸਰ:** ਇਥੇ ਦਰਬਾਰ ਸਾਹਿਬ ਦੇ ਅੰਦਰ ਲੱਗੇ ਸੋਨੇ ਦੇ ਪੱਤਰਿਆਂ ਦੀ ਸਾਫ ਸਫਾਈ, ਮੁਰੰਮਤ ਅਤੇ ਨਕਾਸ਼ੀ ਦੀ ਸਾਂਭ ਸੰਭਾਲ ਦੀ ਸੇਵਾ ਬਰਮਿੰਘਮ ਦੇ ਨਿਸ਼ਕਾਮ ਸੇਵਕ ਜੱਥਾ ਵੱਲੋਂ ਸ਼ੁਰੂ ਕੀਤੀ ਗਈ ਹੈ। ਇਥੇ ਲੱਗੇ ਸੋਨੇ ਦੇ ਪੱਤਰੇ ਕੰਧ ਹੇਠਾਂ ਆਈ ਸਲਾਬ ਕਾਰਨ ਕਈ ਥਾਵਾਂ ਤੋਂ ਖਰਾਬ ਹੋ ਚੁੱਕੇ ਹਨ ਅਤੇ ਉੱਖੜੇ ਹੋਏ ਹਨ। ਪੁਰਾਤਨ ਤੇ ਰੂਹਾਨੀ ਇਮਾਰਤ ਦੇ ਇਸ ਅੰਦਰੂਨੀ ਹਿੱਸੇ ਦੀ ਇਹ ਸੇਵਾ ਮਾਹਿਰਾਂ ਦੀ ਨਿਗਰਾਨੀ ਹੇਠ ਹੋਵੇਗੀ।

ਸੇਵਾ ਦੀ ਆਰੰਭਤਾ ਗੁਰਮਤਿ ਰਵਾਇਤਾਂ ਅਨੁਸਾਰ ਕੀਤੀ ਗਈ ਹੈ। ਇਸ ਮੌਕੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਨਿਸ਼ਕਾਮ ਸੇਵਕ ਜਥਾ ਦੇ ਮੁਖੀ ਭਾਈ ਮਹਿੰਦਰ ਸਿੰਘ ਤੇ ਹੋਰ ਹਾਜ਼ਰ ਸਨ। ਇਸ ਤੋਂ ਪਹਿਲਾਂ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ ਦੇ ਬਾਹਰਲੇ ਹਿੱਸੇ 'ਤੇ ਲੱਗੇ ਸੋਨੇ ਦੇ ਪੱਤਰਿਆਂ ਦੀ ਸੇਵਾ ਵੀ ਇਸੇ ਜਥੇਬੰਦੀ ਵੱਲੋਂ 1999 ਵਿੱਚ ਕੀਤੀ ਗਈ ਸੀ। ਇਸ ਜਥੇਬੰਦੀ ਵੱਲੋਂ ਹੀ ਇਨ੍ਹਾਂ ਪੱਤਰਿਆਂ ਦੀ ਸਾਫ ਸਫਾਈ ਦੀ ਸੇਵਾ ਹਰ ਸਾਲ ਕੀਤੀ ਜਾਂਦੀ ਹੈ।

## ਕਬੱਡੀ ਖਿਡਾਰੀ ਦੀ ਗੋਲੀਆਂ ਮਾਰ ਕੇ ਹੱਤਿਆ



**ਜਲੰਧਰ:** ਨੇੜਲੇ ਪਿੰਡ ਮੱਲ੍ਹੀਆਂ ਖੁਰਦ ਵਿਚ ਕਬੱਡੀ ਖਿਡਾਰੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸੰਦੀਪ ਨੰਗਲ ਅੰਬੀਆਂ ਵਜੋਂ ਹੋਈ ਹੈ, ਜੋ ਕਿ ਸ਼ਾਹਕੋਟ ਨੇੜਲੇ ਪਿੰਡ ਨੰਗਲ ਅੰਬੀਆਂ ਦਾ ਰਹਿਣ ਵਾਲਾ ਸੀ। ਇਸ ਘਟਨਾ ਵਿਚ ਹੋਰ ਦੋ ਜਣਿਆਂ ਦੇ ਗੋਲੀਆਂ ਲੱਗੀਆਂ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਸ਼ਾਮ ਵੇਲੇ ਉਦੋਂ ਵਾਪਰੀ, ਜਦੋਂ ਕਬੱਡੀ ਟੂਰਨਾਮੈਂਟ ਚੱਲ ਰਿਹਾ ਸੀ। ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਸਟੇਜ ਤੋਂ ਸਨਮਾਨ ਲੈ ਕੇ ਵਾਪਸ ਜਾਣ ਲਈ ਸੜਕ ਕਿਨਾਰੇ ਪੁੱਜਿਆ ਹੀ ਸੀ ਕਿ ਇਕ ਚਿੱਟੇ ਰੰਗ ਦੀ ਕਾਰ ਵਿਚ ਆਏ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ।

## ਕਰਨਾਟਕ ਹਾਈ ਕੋਰਟ ਵੱਲੋਂ ਹਿਜਾਬ ਦੀ ਇਜਾਜ਼ਤ ਮੰਗਣ ਵਾਲੀ ਪਟੀਸ਼ਨ ਰੱਦ

**ਬੰਗਲੌਰ:** ਕਰਨਾਟਕ ਹਾਈ ਕੋਰਟ ਨੇ ਉਡੁਪੀ ਦੇ 'ਗਵਰਨਮੈਂਟ ਪ੍ਰੀ-ਯੂਨੀਵਰਸਿਟੀ ਗਰਲਜ ਕਾਲਜ' ਦੀਆਂ ਮੁਸਲਿਮ ਵਿਦਿਆਰਥਣਾਂ ਦੇ ਇਕ ਗਰੁੱਪ ਵੱਲੋਂ ਕਲਾਸ ਵਿਚ ਹਿਜਾਬ ਪਹਿਨਣ ਦੀ ਇਜਾਜ਼ਤ ਮੰਗਣ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਤਿੰਨ ਜੱਜਾਂ ਦੀ ਬੈਂਚ ਨੇ ਕਿਹਾ ਕਿ ਸਕੂਲੀ ਵਰਦੀ ਦਾ ਨਿਯਮ ਵਾਜਬ ਪਾਬੰਦੀ ਹੈ ਅਤੇ ਸੰਵਿਧਾਨਕ ਤੌਰ ਉਤੇ ਜਾਇਜ਼ ਹੈ, ਜਿਸ 'ਤੇ ਵਿਦਿਆਰਥਣਾਂ ਇਤਰਾਜ਼ ਨਹੀਂ ਕਰ ਸਕਦੀਆਂ।

## ਕੈਨੇਡਾ ਸੜਕ ਹਾਦਸੇ 'ਚ ਪੰਜ ਪੰਜਾਬੀ ਵਿਦਿਆਰਥੀ ਹਲਾਕ

**ਓਂਟਾਰੀਓ:** ਕੈਨੇਡਾ ਦੇ ਟੋਰਾਂਟੋ ਸੂਬੇ ਨੇੜੇ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਪੰਜ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਜਦੋਂਕਿ ਦੋ ਜਣੇ ਗੰਭੀਰ ਜ਼ਖਮੀ ਹੋ ਗਏ। ਮਾਰੇ ਗਏ ਵਿਦਿਆਰਥੀਆਂ ਦੀ ਉਮਰ 21 ਤੋਂ 24 ਸਾਲ ਦਰਮਿਆਨ ਸੀ ਤੇ ਸਾਰੇ ਪੰਜਾਬ ਨਾਲ ਸਬੰਧਤ ਹਨ।

ਇਨ੍ਹਾਂ ਦੀ ਪਛਾਣ ਹਰਪ੍ਰੀਤ ਸਿੰਘ, ਜਸਪਿੰਦਰ ਸਿੰਘ, ਕਰਨਪਾਲ ਸਿੰਘ, ਮੋਹਿਤ ਚੌਹਾਨ ਤੇ ਪਵਨ ਕੁਮਾਰ ਵਜੋਂ ਹੋਈ ਹੈ। ਮੁਸਾਫ਼ਰ ਵੈਨ ਤੇ ਟਰੈਕਟਰ-ਟਰੇਲਰ ਦਰਮਿਆਨ ਟੱਕਰ ਇੰਨੀ ਜਬਰਦਸਤ ਸੀ ਕਿ ਵਿਦਿਆਰਥੀਆਂ ਦੀ ਥਾਂ 'ਤੇ ਹੀ ਮੌਤ ਹੋ ਗਈ। ਹਾਦਸਾ ਦੱਖਣੀ ਓਂਟਾਰੀਓ ਦੇ ਕੁਇੰਟੇ ਵੈਸਟ ਸਿਟੀ ਦੇ ਹਾਈਵੇਅ 401 'ਤੇ ਬੈਲੇਵਿਲ ਤੇ ਟਰੈਂਟਲ ਕਸਬਿਆਂ ਨੇੜੇ ਹੋਇਆ। ਮ੍ਰਿਤਕਾਂ ਦੀ ਪਛਾਣ ਉਨ੍ਹਾਂ ਦੀਆਂ ਜੇਬਾਂ 'ਚੋਂ ਮਿਲੇ ਕਾਲਜਾਂ ਦੇ ਆਈ-ਕਾਰਡਾਂ ਤੋਂ ਹੋਈ। ਉਹ ਟੋਰਾਂਟੋ ਅਤੇ ਮੌਂਟਰੀਅਲ ਦੇ ਵਿਦਿਆਰਥੀ ਸਨ। ਓਂਟਾਰੀਓ ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਅਜੈ ਬਿਸਾੜੀਆ ਨੇ ਹਾਦਸੇ ਨੂੰ 'ਦਿਲ ਦਹਿਲਾਉਣ ਵਾਲਾ ਦੁਖਾਂਤ' ਦੱਸਦਿਆਂ ਕਿਹਾ ਕਿ ਟੋਰਾਂਟੋ ਸਥਿਤ ਭਾਰਤੀ ਮਿਸ਼ਨ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ ਲਈ ਪੀੜਤ ਵਿਦਿਆਰਥੀਆਂ ਦੇ ਦੋਸਤਾਂ-ਮਿੱਤਰਾਂ ਦੇ ਸੰਪਰਕ ਵਿਚ ਹੈ।

## ਕੇਜਰੀਵਾਲ ਖਿਲਾਫ ਪਟੀਸ਼ਨ ਰੱਦ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਆਮ ਆਦਮੀ ਪਾਰਟੀ (ਆਪ) ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਖਾਲਿਸਤਾਨੀਆਂ ਨਾਲ ਕਥਿਤ ਸਬੰਧਾਂ ਦੀ ਉਚ ਪੱਧਰੀ ਜਾਂਚ ਦੀ ਮੰਗ ਕਰਨ ਵਾਲੀ ਕਾਂਗਰਸ ਆਗੂ ਵੱਲੋਂ ਦਾਇਰ ਪਟੀਸ਼ਨ ਨੂੰ 'ਪੂਰੀ ਤਰ੍ਹਾਂ ਫਜ਼ੂਲ' ਕਰਾਰ ਦਿੰਦਿਆਂ ਖਾਰਜ ਕਰ ਦਿੱਤਾ। ਅਦਾਲਤ ਨੇ ਪਟੀਸ਼ਨਰ ਦੇ ਵਕੀਲ ਨੂੰ ਅਜਿਹੀਆਂ ਬੇਤੁਕੀਆਂ ਪਟੀਸ਼ਨਾਂ ਦਾਇਰ ਨਾ ਕਰਨ ਲਈ ਵੀ ਕਿਹਾ ਹੈ। ਅਦਾਲਤ ਕਾਂਗਰਸੀ ਆਗੂ ਜਗਦੀਸ਼ ਸ਼ਰਮਾ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿਚ 'ਆਪ' ਅਤੇ ਇਸ ਦੇ ਕਨਵੀਨਰ ਕੇਜਰੀਵਾਲ ਦੇ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਅਤੇ ਹੋਰ ਖਾਲਿਸਤਾਨੀ ਤਾਕਤਾਂ ਨਾਲ ਸਬੰਧ ਹਨ।

## ਰਵਾਇਤੀ ਪਾਰਟੀਆਂ ਹੋਈਆਂ ਫਿਕਰਮੰਦ

*(ਸਫਾ ਇਕ ਦੀ ਬਾਕੀ)*

ਖੜ੍ਹੇ ਹੋਣੇ ਲਾਜ਼ਮੀ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਆਪਣੇ ਚੋਣ ਇਤਿਹਾਸ ਦੀਆਂ ਸਭ ਤੋਂ ਘੱਟ, ਭਾਵ 15 ਸੀਟਾਂ ਤੱਕ ਸੀਮਤ ਹੋਣਾ ਪਿਆ ਸੀ। ਉਸ ਵਕਤ ਦਲੀਲ ਦਿੱਤੀ ਗਈ ਕਿ ਪਾਰਟੀ ਨੂੰ 25.3% ਵੋਟਾਂ ਮਿਲੀਆਂ ਹਨ ਜੋ ਆਮ ਆਦਮੀ ਪਾਰਟੀ (23.9%) ਤੋਂ ਵੱਧ ਹਨ। ਮੌਜੂਦਾ ਚੋਣਾਂ ਦੌਰਾਨ ਪਾਰਟੀ ਦੇ ਸਿਰਫ ਤਿੰਨ ਉਮੀਦਵਾਰ ਜਿੱਤੇ ਅਤੇ ਵੋਟ ਪ੍ਰਤੀਸ਼ਤ ਘਟ ਕੇ 18.38 ਤੱਕ ਸਿਮਟ ਗਈ।

ਇਹ ਸਥਾਪਤ ਸਿਆਸੀ ਧਿਰਾਂ, ਭਾਵ ਕਾਂਗਰਸ ਅਤੇ ਅਕਾਲੀ ਦਲ ਵਿਰੁੱਧ ਪੰਜਾਬ ਦੇ ਲੋਕਾਂ ਅੰਦਰ ਪੈਦਾ ਹੋਈ ਨਾਰਾਜ਼ਗੀ ਦਾ ਪ੍ਰਤੱਖ ਪ੍ਰਮਾਣ ਹੈ। ਬੇਅਦਬੀ, ਨਸ਼ਾ, ਰੇਤ-ਬਜਰੀ, ਕੇਬਲ ਅਤੇ ਵੱਖ-ਵੱਖ ਤਰ੍ਹਾਂ ਦੇ ਹੋਰ ਮਾਫੀਆ ਦੇ ਮੁੱਦੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਥਕ ਪਦਵੀਆਂ ਉਤੇ ਮਨਪਸੰਦ ਦੇ ਵਿਅਕਤੀ ਲਗਾਉਣਾ ਇਸ ਨਾਰਾਜ਼ਗੀ ਦਾ ਆਧਾਰ ਮੰਨੇ ਜਾ ਰਹੇ ਹਨ। ਪੰਥਕ ਸਿਆਸਤ ਵਿਚ ਆਪਣੇ ਪੈਰ ਜਮਾਉਣ ਤੋਂ ਪਹਿਲਾਂ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਪਾਰਟੀ ਆਪਣੀ ਟੇਕ ਪੰਥ, ਪੰਜਾਬ ਅਤੇ ਕਿਸਾਨੀ ਉੱਤੇ ਰੱਖਦੀ ਆਈ ਹੈ। ਪੰਜਾਬੀ ਸੂਬੇ, ਐਮਰਜੈਂਸੀ ਦੌਰਾਨ ਮਨੁੱਖੀ ਅਧਿਕਾਰਾਂ ਅਤੇ 1982 ਵਿਚ ਪਾਣੀਆਂ ਲਈ ਲਗਾਏ ਗਏ ਮੋਰਚੇ ਪਾਰਟੀ ਦੀ ਪੰਜਾਬ ਨਾਲ ਪ੍ਰਤੀਬੱਧਤਾ ਦੇ ਪ੍ਰਤੀਕ ਸਨ। ਦਰਅਸਲ, ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਪਾਰਟੀ ਦੀ ਅਗਵਾਈ ਸੁਖਬੀਰ ਸਿੰਘ ਬਾਦਲ ਦੇ ਹੱਥ ਵਿਚ ਆਉਣ ਨਾਲ ਸੀਨੀਅਰ ਆਗੂ ਘੁਟਣ ਮਹਿਸੂਸ ਕਰਦੇ ਆ ਰਹੇ ਹਨ। ਸੁਖਬੀਰ ਵੱਲੋਂ ਵੋਟਾਂ ਲਈ ਡੇਰਿਆਂ ਦੇ ਗੇੜੇ ਮਾਰਨਾ, ਡੇਰਾ ਸਿਰਸਾ ਮੁਖੀ ਨੂੰ ਅਕਾਲ ਤਖਤ ਤੋਂ ਮੁਆਫੀ ਦੁਆਉਣ ਦੇ ਦੋਸ਼ਾਂ ਸਣੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੀਆਂ ਘਟਨਾਵਾਂ ਨੇ ਪਾਰਟੀ ਨੂੰ ਵੱਡਾ ਖੋਰਾ ਲਾਇਆ।

ਸਿਆਸੀ ਮਾਹਰਾਂ ਮੰਨਦੇ ਹਨ ਕਿ ਰਵਾਇਤੀ ਧਿਰਾਂ ਦੀ ਨਾਕਾਮੀ ਕਾਰਨ ਹੀ ਲੋਕ ਤੀਜੀ ਧਿਰ ਦੀ ਭਾਲ ਵਿਚ ਸਨ। ਇਹੀ ਕਾਰਨ ਹੈ ਕਿ ਪਿਛਲੇ 70 ਸਾਲਾਂ ਤੋਂ ਕਾਂਗਰਸ ਅਤੇ ਅਕਾਲੀ ਦਲ ਨੂੰ ਸੱਤਾ ਵਿਚ ਬਿਠਾਉਂਦੇ ਰਹੇ ਪੰਜਾਬੀਆਂ ਨੇ ਇਸ ਵਾਰ ਆਮ ਆਦਮੀ ਪਾਰਟੀ ਉਤੇ ਭਰੋਸਾ ਕੀਤਾ ਹੈ ਅਤੇ ਭਗਵੰਤ ਸਿੰਘ ਮਾਨ ਪੰਜਾਬ ਦੇ ਨਵੇਂ ਮੁੱਖ ਮੰਤਰੀ ਬਣੇ ਹਨ। 'ਆਪ' 92 ਸੀਟਾਂ 'ਤੇ ਜੇਤੂ ਹੋਈ ਹੈ। ਇਹ ਜਿੱਤ ਇਤਿਹਾਸਕ ਹੈ। ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਨਾਲ ਕਾਂਗਰਸ ਦੇ ਦਲਿਤ ਵੋਟਾਂ ਦੇ ਆਸਰੇ ਚੋਣਾਂ ਜਿੱਤਣ ਦੇ ਖ਼ੁਆਬ ਢਹਿ-ਢੇਰੀ ਹੋ ਗਏ ਹਨ ਅਤੇ ਕਾਂਗਰਸ 18 ਸੀਟਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ ਹਨ ਅਤੇ ਇਸ ਦੇ ਸ਼ਕਤੀਸ਼ਾਲੀ ਆਗੂ ਹਾਰ ਗਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬ ਹਾਰਨ ਪਿੱਛੋਂ ਕਾਂਗਰਸ ਵਾਲੇ ਆਪਸ ਵਿਚ ਗੁੱਥਮ-ਗੁੱਥੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਅੰਦਰੂਨੀ ਫੁੱਟ ਨੇ ਹੀ ਪਾਰਟੀ ਨੂੰ ਡੋਬ ਦਿੱਤਾ ਹੈ, ਪਰ ਇਹ ਹਾਰ ਵੀ ਇਸ ਰਵਾਇਤੀ ਪਾਰਟੀ ਨੂੰ ਸਬਕ ਨਹੀਂ ਦੇ ਸਕੀ। ਚੋਣਾਂ ਵਿਚ ਨਮੋਸ਼ੀ ਵਾਲੀ ਹਾਰ ਪਿੱਛੋਂ ਪੰਜਾਬ ਦੀ ਲੀਡਰਸ਼ਿਪ ਮੰਥਨ ਕਰਨ ਦੀ ਥਾਂ ਆਪਸ ਵਿਚ ਉਲਝ ਗਈ ਹੈ।



ਹਾਰ ਮਗਰੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਖਿਲਾਫ ਸਿਆਸੀ ਜੰਗ ਸ਼ੁਰੂ ਹੋ ਗਈ ਹੈ। ਸਾਬਕਾ ਪਾਰਟੀ ਪ੍ਰਧਾਨ ਸੁਨੀਲ ਜਾਖੜ ਨੇ ਹਾਰ ਪਿੱਛੇ ਮੁੱਖ ਕਾਰਨ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਚਿਹਰੇ ਵਜੋਂ ਅੱਗੇ ਕਰਨਾ ਦੱਸਿਆ ਹੈ। ਉਨ੍ਹਾਂ ਸਾਫ ਆਖ ਦਿੱਤਾ ਹੈ ਕਿ ਜਿਸ ਬੰਦੇ (ਚੰਨੀ) ਦੇ ਘਰੋਂ 10 ਕਰੋੜ ਬਰਾਮਦ ਹੋਏ ਹੋਣ ਤੇ 25 ਕਰੋੜ ਖਾਤੇ ਵਿਚ ਹੋਣ, ਫਿਰ ਵੀ ਉਸ ਨੂੰ ਗਰੀਬ ਮੁੱਖ ਮੰਤਰੀ ਵਜੋਂ ਪੇਸ਼ ਕਰਨਾ ਅਸਲ ਵਿਚ ਹਜ਼ਮ ਹੋਣ ਵਾਲੀ ਗੱਲ ਹੀ ਨਹੀਂ ਸੀ।

ਉਧਰ, ਸਾਬਕਾ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਦਲ-ਬਦਲੂਆਂ ਅਤੇ ਮੌਕਾਪ੍ਰਸਤਾਂ ਨੂੰ ਕਮਾਨ ਸੌਂਪਣ ਕਰਕੇ ਚੋਣਾਂ 'ਚ ਕਾਂਗਰਸ ਦੀ ਹਾਰ ਹੋਈ ਹੈ। ਇਨ੍ਹਾਂ ਦਲ-ਬਦਲੂਆਂ ਦਾ ਇਤਿਹਾਸ ਤੇ ਸਭਿਆਚਾਰ ਕਾਂਗਰਸ ਨਾਲ ਮੇਲ ਨਹੀਂ ਖਾਂਦਾ ਸੀ। ਬਲਬੀਰ ਸਿੱਧੂ ਨੇ ਕਿਹਾ ਕਿ ਪਾਰਟੀ ਦੇ ਦਿਨ ਤਾਂ ਉਦੋਂ ਹੀ ਪੁੱਗਣੇ ਸ਼ੁਰੂ ਹੋ ਗਏ ਸਨ ਜਦੋਂ ਪੁਰਾਣੇ ਕਾਂਗਰਸੀ ਆਗੂ ਸੁਨੀਲ ਜਾਖੜ ਦੀ ਥਾਂ ਚਾਰ ਸਾਲ ਪਹਿਲਾਂ ਪਾਰਟੀ 'ਚ ਸ਼ਾਮਲ ਹੋਣ ਵਾਲੇ ਨਵਜੋਤ ਸਿੱਧੂ ਨੂੰ ਪਾਰਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ। ਉਸ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਨਵਾਂ ਵਿਵਾਦ ਖੜ੍ਹਾ ਕਰ ਲਿਆ। ਸਾਬਕਾ ਮੰਤਰੀ ਨੇ ਕਿਹਾ ਕਿ ਤੀਜੀ ਗਲਤੀ ਉਸ ਵਕਤ ਹੋਈ ਜਦੋਂ ਵਿਧਾਇਕਾਂ ਦੀ ਪੂਰੀ ਹਮਾਇਤ ਦੇ ਬਾਵਜੂਦ ਸੁਨੀਲ ਜਾਖੜ ਨੂੰ ਮੁੱਖ ਮੰਤਰੀ ਬਣਾਉਣ ਤੋਂ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਉਹ ਹਿੰਦੂ ਸਨ।

ਸਾਬਕਾ ਉਪ ਮੁੱਖ ਮੰਤਰੀ ਅਤੇ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਸ੍ਰੀ ਰੰਧਾਵਾ ਨੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੀ ਹਾਰ ਲਈ ਸਿੱਧੂ ਹੀ ਜ਼ਿੰਮੇਵਾਰ ਹਨ।

ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਸ੍ਰੀ ਰੰਧਾਵਾ ਨੇ ਆਖਿਆ ਕਿ ਅਸਲ ਵਿਚ ਸਿੱਧੂ ਕਦੇ ਵੀ ਕਾਂਗਰਸ ਦੇ ਨਹੀਂ ਹੋਏ ਕਿਉਂਕਿ ਉਨ੍ਹਾਂ ਦਾ ਸੀਨੀਅਰ ਆਗੂਆਂ ਨਾਲ ਵਰਤਾਰਾ ਅਤੇ ਨੀਵੇਂ ਪੱਧਰ ਦੀ ਬੋਲਬਾਣੀ ਕਾਰਨ ਜਿੱਥੇ ਕਾਂਗਰਸੀ ਆਗੂ ਖ਼ਫ਼ਾ ਸਨ, ਉਥੇ ਹੀ ਜ਼ਮੀਨੀ ਪੱਧਰ 'ਤੇ ਜੁੜੇ ਪਾਰਟੀ ਵਰਕਰ ਵੀ ਨਾਰਾਜ਼ ਸਨ। ਉਨ੍ਹਾਂ ਹਲਕਾ ਧੂਰੀ ਦੇ ਇਕ ਮੰਚ ਦਾ ਹਵਾਲਾ ਵੀ ਦਿੱਤਾ, ਜਦੋਂ ਸਿੱਧੂ ਨੇ ਬੋਲਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਬਾਵਜੂਦ ਇਸ ਦੇ ਪਾਰਟੀ ਹਾਈਕਮਾਨ ਨੇ ਉਨ੍ਹਾਂ ਦੇ ਇਸ ਵਰਤਾਰੇ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਕਾਂਗਰਸੀ ਆਗੂ ਨੇ ਕਿਹਾ ਕਿ ਪਾਰਟੀ ਵਿਚ ਇਕਸੁਰਤਾ ਅਤੇ ਤਾਲਮੇਲ ਜ਼ਰੂਰੀ ਹੈ, ਪਰ ਸਿੱਧੂ 'ਵਨ ਮੈਨ ਸ਼ੋਅ' ਦਾ ਦਬਾਅ ਬਣਾਉਣ 'ਚ ਲੱਗਾ ਰਿਹਾ, ਜਿਸ ਦਾ ਨਤੀਜਾ ਪਾਰਟੀ ਅਤੇ ਪੰਜਾਬ ਦੇ ਲੋਕਾਂ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਜਦੋਂ ਸਿੱਧੂ ਨੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਸਵਾਲ ਖੜ੍ਹੇ ਕਰਨੇ ਸ਼ੁਰੂ ਕੀਤੇ ਤਾਂ ਪਾਰਟੀ ਹਾਈਕਮਾਨ ਖ਼ਾਸ ਕਰ ਕੇ ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਤੁਰਤ ਹਰਕਤ ਵਿਚ ਆਉਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਸਿੱਧੂ 'ਤੇ ਲਗਾਮ ਨਾ ਕੱਸੇ ਜਾਣ ਦਾ ਖਮਿਆਜ਼ਾ ਅੱਜ ਕਾਂਗਰਸ ਪਾਰਟੀ ਨੂੰ ਭੁਗਤਣਾ ਪਿਆ ਹੈ।

## ਕਾਂਗਰਸ ਲੀਡਰਸ਼ਿਪ ਕਦੇ ਵੀ ਸਬਕ ਨਹੀਂ ਸਿੱਖੇਗੀ: ਅਮਰਿੰਦਰ

**ਚੰਡੀਗੜ੍ਹ:** ਪੰਜਾਬ ਅਸੈਂਬਲੀ ਚੋਣਾਂ ਵਿਚ ਕਾਂਗਰਸ ਦੇ ਮਾੜੇ ਪ੍ਰਦਰਸ਼ਨ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਾਢੇ ਚਾਰ ਸਾਲਾਂ ਦੀ ਸਰਕਾਰ ਖਿਲਾਫ ਉੱਠੀ ਸੱਤਾ ਵਿਰੋਧੀ ਲਹਿਰ ਸਿਰ ਠੀਕਰਾ ਭੰਨਣ ਦੇ ਲਾਏ ਜਾ ਰਹੇ ਦੋਸ਼ਾਂ ਦਰਮਿਆਨ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਨੇ ਆਪਣੀ ਪੁਰਾਣੀ ਪਾਰਟੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਕਾਂਗਰਸ ਲੀਡਰਸ਼ਿਪ ਕਦੇ ਵੀ ਆਪਣੀ ਗਲਤੀਆਂ ਤੋਂ ਸਬਕ ਨਹੀਂ ਸਿੱਖੇਗੀ। ਕੈਪਟਨ ਨੇ ਕਾਂਗਰਸ ਨੂੰ ਸਵਾਲ ਕੀਤਾ ਕਿ ਉਤਰ ਪ੍ਰਦੇਸ਼, ਉੱਤਰਾਖੰਡ, ਗੋਆ ਤੇ ਮਨੀਪੁਰ ਵਿਚ ਮਿਲੀਆਂ ਹਾਰਾਂ ਲਈ ਕੌਣ ਜ਼ਿੰਮੇਵਾਰ ਹੈ।

## ਨਵਜੋਤ ਸਿੱਧੂ ਨੇ ਚੰਨੀ ਸਿਰ ਭੰਨਿਆ ਹਾਰ ਦਾ ਠੀਕਰਾ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀਆਂ ਸੀਟਾਂ 'ਚ ਆਈ ਵੱਡੀ ਕਮੀ ਲਈ ਅਸਿੱਧੇ ਤੌਰ 'ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਲਕਾ ਪੂਰਬੀ ਵਿਚ 'ਆਪ' ਦੀ ਉਮੀਦਵਾਰ ਜੀਵਨਜੋਤ ਕੌਰ ਕੋਲੋਂ ਮਿਲੀ ਹਾਰ ਤੋਂ ਬਾਅਦ ਨਵਜੋਤ ਸਿੱਧੂ ਹਲਕੇ ਵਿਚ ਲੋਕਾਂ ਨੂੰ ਮਿਲਣ ਲਈ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਆਖਿਆ ਕਿ ਜੇਕਰ ਉਨ੍ਹਾਂ ਨੂੰ ਚੋਣ ਪ੍ਰਚਾਰ ਲਈ ਹੋਰਾਂ ਹਲਕਿਆਂ ਵਿਚ ਭੇਜਿਆ ਜਾਂਦਾ ਤਾਂ ਉਹ ਜ਼ਰੂਰ ਜਾਂਦੇ। ਉਨ੍ਹਾਂ ਕਿਹਾ ਕਿ ਜਿਸ ਦਿਨ ਰਾਹੁਲ ਗਾਂਧੀ ਨੇ ਚਰਨਜੀਤ ਸਿੰਘ ਚੰਨੀ ਨੂੰ ਪਾਰਟੀ ਵੱਲੋਂ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆ ਸੀ ਤਾਂ ਉਨ੍ਹਾਂ ਨੂੰ ਆਖਿਆ ਸੀ ਕਿ ਹੁਣ ਇਹ ਸਾਰੀ ਜ਼ਿੰਮੇਵਾਰੀ ਉਨ੍ਹਾਂ ਕੋਲ ਹੈ।

# ਪਹਿਲੀ ਵਾਰ ਚੋਣ ਮੈਦਾਨ ਵਿਚ ਨਿੱਤਰੇ ਚਿਹਰਿਆਂ ਨੇ ਕਈ ਵੱਡੇ ਆਗੂਆਂ ਨੂੰ ਚਿੱਤ ਕੀਤਾ

**ਚੰਡੀਗੜ੍ਹ:** 16ਵੀਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸਿਆਸਤ ਵਿਚ ਇਤਿਹਾਸ ਸਿਰਜਿਆ ਹੈ। ਉਥੇ ਹੀ ਇਸ ਵਾਰ 86 ਵਿਧਾਇਕ (80 ਫੀਸਦ) ਪੰਜਾਬ ਵਿਧਾਨ ਸਭਾ ਵਿਚ ਪਹਿਲੀ ਵਾਰ ਪੁੱਜ ਰਹੇ ਹਨ। ਪੰਜਾਬ ਦੀ ਸਿਆਸਤ ਵਿਚ ਸ਼ੁਰੂ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦਾ ਕਬਜ਼ਾ ਰਿਹਾ ਹੈ ਪਰ ਇਸ ਵਾਰ ਪੰਜਾਬੀਆਂ ਨੇ ਰਵਾਇਤੀ ਪਾਰਟੀਆਂ ਨੂੰ ਨਕਾਰਦੇ ਹੋਏ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ।



ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਣਜਾਣ ਚਿਹਰਿਆਂ ਨੇ ਵੱਡੇ ਆਗੂਆਂ ਨੂੰ ਚਿੱਤ ਕਰ ਦਿੱਤਾ। ਇਨ੍ਹਾਂ ਨੇ ਰਾਜਸੀ ਪਿੜ ਵਿਚ ਪਹਿਲਾ ਪੈਰ ਰੱਖਿਆ ਹੈ, ਜੋ ਯਾਦਗਾਰੀ ਬਣ ਗਿਆ ਹੈ। ਹਲਕਾ ਭਦੌੜ ਤੋਂ ਦੋ ਕਮਰਿਆਂ ਦੇ ਘਰ ਦੇ ਬਾਸ਼ਿੰਦੇ 'ਆਪ' ਦੇ ਉਮੀਦਵਾਰ ਲਾਭ ਸਿੰਘ ਉੱਗੋਕੇ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾ ਦਿੱਤਾ ਹੈ। ਚੰਨੀ ਕੋਲ ਕਰੋੜਾਂ ਦੀ ਸੰਪਤੀ ਹੈ ਅਤੇ ਕਾਂਗਰਸ ਦੀ ਟੇਕ ਚੰਨੀ 'ਤੇ ਲੱਗੀ ਹੋਈ ਸੀ। ਰਾਖਵੇਂ ਹਲਕੇ ਦੇ ਪਿੰਡ ਉੱਗੋਕੇ ਦੇ ਲਾਭ ਸਿੰਘ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ।

ਹਲਕਾ ਲੰਬੀ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਸਮੁੱਚੇ ਪੰਜਾਬ ਦਾ ਸਿਆਸੀ ਭਰਮ ਤੋੜ ਦਿੱਤਾ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਪੰਜ ਦਫਾ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਅਤੇ ਸਭ ਤੋਂ ਵੱਡੀ ਉਮਰ ਦੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾ ਦਿੱਤਾ ਹੈ। ਫਖਰ-ਏ-ਕੌਮ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਜ਼ਿੰਦਗੀ ਦੇ ਆਖਰੀ ਮੋੜ 'ਤੇ ਹਾਰ ਝੋਲੀ ਪਾਉਣੀ ਪਈ ਹੈ। ਇਸ ਹਾਰ ਦੇ ਜ਼ਖਮ ਬਾਦਲ ਪਰਿਵਾਰ ਲਈ ਹਮੇਸ਼ਾ ਹਰੇ ਰਹਿਣਗੇ। ਪਹਿਲੀ ਦਫਾ ਹੈ ਕਿ ਹਲਕਾ ਲੰਬੀ ਤੋਂ ਬਾਦਲ ਪਰਿਵਾਰ ਦੇ ਪੈਰ ਉਖੜੇ ਹਨ। ਹਲਕਾ ਜਲਾਲਾਬਾਦ ਤੋਂ 'ਆਪ' ਉਮੀਦਵਾਰ ਜਗਦੀਪ ਕੰਬੋਜ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਹਰਾ ਕੇ ਸਾਬਤ ਕਰ ਦਿੱਤਾ ਹੈ ਕਿ ਨੇਤਾ ਲੋਕ ਬਣਾਉਂਦੇ ਹਨ।

ਹਲਕਾ ਬਠਿੰਡਾ ਸ਼ਹਿਰੀ ਤੋਂ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਉਸ 'ਆਪ' ਉਮੀਦਵਾਰ ਐਡਵੋਕੇਟ ਜਗਰੂਪ ਗਿੱਲ ਨੇ ਵੱਡੀ ਗਿਣਤੀ ਵੋਟਾਂ ਦੇ ਫਰਕ ਨਾਲ ਹਰਾਇਆ ਹੈ, ਜਿਨ੍ਹਾਂ ਨੂੰ ਵਿੱਤ ਮੰਤਰੀ ਨੇ ਨਗਰ ਨਿਗਮ ਬਠਿੰਡਾ ਦਾ ਮੇਅਰ ਨਾ ਬਣਾ ਕੇ ਸਿਆਸੀ ਜਲਾਲਤ ਦਿੱਤੀ ਸੀ। ਜਗਰੂਪ ਸਿੰਘ ਗਿੱਲ ਨੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਹਰਾ ਕੇ ਸਿੱਧ ਕੀਤਾ ਹੈ ਕਿ ਲੋਕ ਤਾਕਤ ਵੱਡੀ ਹੁੰਦੀ ਹੈ। ਹਲਕਾ ਅੰਮ੍ਰਿਤਸਰ ਪੂਰਬੀ ਤੋਂ 'ਆਪ' ਉਮੀਦਵਾਰ ਜੀਵਨਜੋਤ ਕੌਰ ਅਜਿਹੀ ਨਾਇਕਾ ਬਣ ਗਈ ਹੈ, ਜਿਸ ਨੇ ਦੋ ਰਾਜਸੀ ਹਸਤੀਆਂ ਨੂੰ ਚਿੱਤ ਕੀਤਾ ਹੈ। ਜੀਵਨਜੀਤ ਕੌਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਰਾਇਆ ਹੈ। ਇਨ੍ਹਾਂ ਦੋਵੇਂ ਆਗੂਆਂ ਨੂੰ ਕਦੇ ਹਾਰ ਦਾ ਮੂੰਹ ਨਹੀਂ ਦੇਖਣਾ ਪਿਆ ਸੀ। ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੇ 2017 ਵਿਚ ਪਾਰਟੀ ਦੀ ਝੋਲੀ 77 ਸੀਟਾਂ ਪਾਈਆਂ ਸਨ, ਹੁਣ 'ਆਪ' ਉਮੀਦਵਾਰ ਅਜੀਤਪਾਲ ਸਿੰਘ ਕੋਹਲੀ ਤੋਂ ਚੋਣ ਹਾਰ ਗਏ ਹਨ।

ਅਮਰਿੰਦਰ ਸਿੰਘ ਦੋ ਵਾਰ ਮੁੱਖ ਮੰਤਰੀ ਰਹੇ ਹਨ ਅਤੇ ਉਨ੍ਹਾਂ ਨੂੰ ਜੀਵਨ ਦੇ ਇਸ ਮੋੜ 'ਤੇ ਆਪਣੇ ਜੱਦੀ ਹਲਕੇ ਤੋਂ ਹਾਰ ਦੇਖਣੀ ਪਈ ਹੈ। ਅਮਰਿੰਦਰ ਸਿੰਘ ਦੀ ਹਾਰ ਤੋਂ ਇਹ ਗੱਲ ਉਭਰੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਲੋਕਾਂ ਦੇ ਦਿਲਾਂ ਦੇ ਮਹਾਰਾਜਾ ਨਹੀਂ ਰਹੇ ਹਨ। ਹਲਕਾ ਲਹਿਰਾਗਾਗਾ ਤੋਂ ਬਰਿੰਦਰ ਕੁਮਾਰ ਗੋਇਲ ਵੀ ਵੱਡੇ ਨਾਇਕ ਬਣੇ ਹਨ, ਜਿਨ੍ਹਾਂ ਨੇ ਇਕ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਖਜਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਹਰਾਇਆ ਹੈ। ਢੀਂਡਸਾ ਕਦੇ ਵੀ ਚੋਣ ਨਹੀਂ ਹਾਰੇ ਸਨ। ਹਲਕਾ ਪੱਟੀ ਵਿਚ 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੇ ਇਕ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜੋ ਕਿ ਬਾਦਲ ਪਰਿਵਾਰ ਦੇ ਜਵਾਈ ਹਨ, ਤੋਂ ਇਲਾਵਾ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੂੰ ਹਰਾ ਦਿੱਤਾ ਹੈ। ਹਲਕਾ ਮੌੜ ਤੋਂ 'ਆਪ' ਉਮੀਦਵਾਰ ਸੁਖਬੀਰ ਸਿੰਘ ਮਾਈਸਰਖਾਨਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਗਮੀਤ ਸਿੰਘ ਬਰਾੜ ਨੂੰ ਹਰਾ ਦਿੱਤਾ ਹੈ। ਹਲਕਾ ਸਰਦੂਲਗੜ੍ਹ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਦੇ ਲੜਕੇ ਅਤੇ ਕਾਂਗਰਸੀ ਆਗੂ ਅਜੀਤ ਇੰਦਰ ਸਿੰਘ ਮੋਫਰ ਦੇ ਲੜਕੇ ਨੂੰ ਹਰਾਇਆ ਹੈ।

ਹਲਕਾ ਸੰਗਰੂਰ ਤੋਂ ਆਮ ਘਰ ਦੀ ਕੁੜੀ 'ਆਪ' ਉਮੀਦਵਾਰ ਨਰਿੰਦਰ ਕੌਰ ਭਰਾਜ ਨੇ ਭਾਜਪਾ ਆਗੂ ਅਰਵਿੰਦ ਖੰਨਾ ਅਤੇ ਸਾਬਕਾ ਮੰਤਰੀ ਵਿਜੈਇੰਦਰ ਸਿੰਘ ਸਿੰਗਲਾ ਨੂੰ ਕੁਰਸੀ ਤੋਂ ਲਾਹ ਦਿੱਤਾ ਹੈ। ਬਾਲੀਵੁੱਡ ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਨੂੰ ਹਲਕਾ ਮੋਗਾ ਤੋਂ 'ਆਪ' ਉਮੀਦਵਾਰ ਡਾ. ਅਮਨਇੰਦਰ ਕੌਰ ਅਰੋੜਾ ਨੇ ਹਰਾ ਦਿੱਤਾ ਹੈ। ਹਲਕਾ ਮਾਨਸਾ ਤੋਂ ਸਿੱਧੂ ਮੂਸੇਵਾਲਾ ਜੋ ਗਾਇਕੀ ਦੇ ਖੇਤਰ ਵਿਚ ਕੌਮਾਂਤਰੀ ਨਾਮਣਾ ਰੱਖਦੇ ਹਨ, ਨੂੰ 'ਆਪ' ਉਮੀਦਵਾਰ ਡਾ. ਵਿਜੈ ਸਿੰਗਲਾ ਨੇ ਹਰਾ ਦਿੱਤਾ ਹੈ।


GLOBAL TRUCK PERMITS



Rajinder Singh

17 years of experience

Services

-We do Same day IRP Plates

-Truck Permits

-New company

-Truck ELD

-Trucking compliance



159 D'Arcy Pkwy, Lathrop, CA 95330

Phone: 209 636 0880

# ਵੱਡੇ ਲੋਕ ਫਤਵੇ ਪਿੱਛੋਂ ਆਪ ਸਰਕਾਰ ਅੱਗੇ ਵੱਡੀਆਂ ਚੁਣੌਤੀਆਂ



**ਚੰਡੀਗੜ੍ਹ:** ਪੰਜਾਬ ਦੀ ਸੱਤਾ 'ਤੇ ਲੰਮਾ ਸਮਾਂ ਕਾਬਜ਼ ਰਹੀਆਂ ਰਵਾਇਤੀ ਸਿਆਸੀ ਪਾਰਟੀਆਂ ਤੋਂ ਅੱਕੇ ਪੰਜਾਬੀਆਂ ਲਈ ਆਮ ਆਦਮੀ ਪਾਰਟੀ ਵੱਡੀ ਉਮੀਦ ਬਣ ਕੇ ਉਭਰੀ ਹੈ। ਇਨ੍ਹਾਂ ਉਮੀਦਾਂ ਖਾਤਰ ਹੀ ਪੰਜਾਬੀਆਂ ਨੇ ਇਸ ਵਾਰ ਰਵਾਇਤੀ ਪਾਰਟੀਆਂ ਨੂੰ ਮੂਧੇ ਮੂੰਹ ਸੁੱਟ ਕੇ 'ਆਪ' ਨੂੰ ਵੱਡਾ ਹੁੰਗਾਰਾ ਦਿੰਦਿਆਂ 117 'ਚੋਂ 92 ਸੀਟਾਂ 'ਤੇ ਜਿੱਤ ਦਿਵਾਈ ਹੈ।

ਪੰਜਾਬੀਆਂ ਦੇ ਭਰੋਸੇ ਸਦਕਾ 'ਆਪ' ਨੇ ਜਿੰਨੀ ਵੱਡੀ ਜਿੱਤ ਹਾਸਲ ਕੀਤੀ ਹੈ, ਹੁਣ 'ਆਪ' ਆਗੂਆਂ ਦੇ ਸਿਰ ਜ਼ਿੰਮੇਵਾਰੀ ਵੀ ਓਨੀ ਵੱਡੀ ਹੈ। ਮੌਜੂਦਾ ਸਮੇਂ 'ਚ ਪੰਜਾਬ ਨਸ਼ਿਆਂ ਦਾ ਗੜ੍ਹ ਬਣ ਗਿਆ ਹੈ, ਇਥੇ ਨਕਲੀ ਸ਼ਰਾਬ ਦਾ ਵੀ ਕਾਰੋਬਾਰ ਚੱਲ ਰਿਹਾ ਹੈ। ਸੂਬੇ ਵਿਚ ਸਿੱਖਿਆ ਪ੍ਰਣਾਲੀ ਹੈ ਤੇ ਸਿਹਤ ਪ੍ਰਬੰਧ ਦਾ ਵੀ ਬੁਰਾ ਹਾਲ ਹੈ। ਬੇਰੁਜ਼ਗਾਰ ਨੌਜਵਾਨ ਵਿਦੇਸ਼ ਜਾਣ ਲਈ ਮਜਬੂਰ ਹਨ। ਔਰਤਾਂ ਦੀ ਸਮਾਜਿਕ ਸੁਰੱਖਿਆ ਵੀ ਦਾਅ 'ਤੇ ਲੱਗੀ ਹੋਈ ਹੈ। ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਪੰਜਾਬ 'ਚ ਕਿਸਾਨ ਖੁਦਕੁਸ਼ੀਆਂ ਦਾ ਸਿਲਸਿਲਾ ਰੁਕ ਨਹੀਂ ਰਿਹਾ। ਪੰਜਾਬ ਦੀ ਜ਼ਮੀਨ ਬੰਜਰ ਤੇ ਵਾਤਾਵਰਨ ਪਲੀਤ ਹੁੰਦਾ ਜਾ ਰਿਹਾ ਹੈ।

ਮਗਨਰੇਗਾ ਤਹਿਤ ਪੂਰਾ ਕੰਮ ਨਹੀਂ ਮਿਲ ਰਿਹਾ। ਰਵਾਇਤੀ ਪਾਰਟੀਆਂ ਨੇ ਲੰਮਾ ਸਮਾਂ ਪੰਜਾਬ 'ਤੇ ਰਾਜ ਕੀਤਾ, ਪਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਿਆ। ਹੁਣ 'ਆਪ' ਨੇ ਪੰਜਾਬੀਆਂ ਦੇ ਮਨਾਂ ਵਿਚ ਬਦਲਾਅ ਦੀ ਨਵੀਂ ਕਿਰਨ ਜਗਾਈ ਹੈ ਜਿਸ ਕਰਕੇ ਹੀ ਅੱਜ 'ਆਪ' ਨੂੰ ਬਹੁਮਤ ਨਾਲ ਜਿੱਤ ਹਾਸਲ ਹੋਈ ਹੈ। ਸੂਬਾ ਵਾਸੀਆਂ ਦੀਆਂ ਉਮੀਦਾਂ 'ਤੇ ਖਰੇ ਉਤਰਨ ਲਈ ਹੁਣ ਜ਼ਰੂਰੀ ਹੈ ਕਿ ਸੂਬੇ 'ਚ ਨਵੀਂ ਬਣਨ ਵਾਲੀ 'ਆਪ' ਸਰਕਾਰ ਉਪਰ ਬਿਆਨੀਆਂ ਸਮੱਸਿਆਵਾਂ ਦੇ ਹੱਲ ਲਈ ਲੋਕ ਪੱਖੀ ਫੈਸਲੇ ਲਵੇ। ਸੂਬੇ 'ਚ ਖੇਤੀਬਾੜੀ, ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਖੇਤਰਾਂ 'ਚ ਵਿਕਾਸ ਕੀਤਾ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਵਿਦੇਸ਼ ਜਾਣ ਦੀ ਥਾਂ ਆਪਣੇ ਸੂਬੇ ਵਿਚ ਰਹਿ ਕੇ ਰੁਜ਼ਗਾਰ ਹਾਸਲ ਕਰ ਸਕਣ।

## 'ਆਪ' ਦੇ ਦਿੱਲੀ ਮਾਡਲ ਨੇ ਖਿੱਚਿਆ ਵੋਟਰਾਂ ਦਾ ਧਿਆਨ

**ਨਵੀਂ ਦਿੱਲੀ:** ਪੰਜਾਬ ਵਿਚ 'ਆਪ' ਦੀ ਹੂੰਝਾ ਫੇਰ ਜਿੱਤ 'ਚ ਦਿੱਲੀ ਮਾਡਲ ਨੇ ਅਹਿਮ ਭੂਮਿਕਾ ਨਿਭਾਈ। ਦਿੱਲੀ 'ਚ ਜਨ ਸੇਵਾਵਾਂ, ਸਕੂਲਾਂ ਅਤੇ ਹਸਪਤਾਲਾਂ ਦੀ ਵਧੀਆ ਹਾਲਤ ਨੇ ਪੰਜਾਬ ਦੇ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਚੋਣ ਪ੍ਰਚਾਰ ਦੌਰਾਨ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ 10 ਨੁਕਾਤੀ 'ਪੰਜਾਬ ਮਾਡਲ' ਦਾ ਖਾਕਾ ਪੇਸ਼ ਕਰਦਿਆਂ ਵੋਟਰਾਂ ਨੂੰ ਭਰੋਸਾ ਦਿੱਤਾ ਸੀ ਕਿ ਸੱਤਾ 'ਚ ਆਉਣ 'ਤੇ ਉਹ ਪੰਜਾਬ ਨੂੰ ਖੁਸ਼ਹਾਲ ਅਤੇ ਅਗਾਂਹਵਧੂ ਸੂਬਾ ਬਣਾਉਣਗੇ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਹੁਣ ਪੂਰਾ ਮੁਲਕ ਕੇਜਰੀਵਾਲ ਦੇ ਦਿੱਲੀ ਮਾਡਲ ਵੱਲ ਦੇਖ ਰਿਹਾ ਹੈ। 'ਆਪ' ਦੇ ਸੀਨੀਅਰ ਆਗੂ ਗੋਪਾਲ ਰਾਏ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਕੇਜਰੀਵਾਲ ਦੀ ਅਗਵਾਈ ਹੇਠ ਦਿੱਲੀ 'ਚ ਹੋਏ ਕੰਮਾਂ ਨੂੰ ਦੇਖ ਕੇ ਫਤਵਾ ਦਿੱਤਾ ਹੈ।

# ਪੰਜਾਬ 'ਚ ਮਹਿਲਾ ਸਸ਼ਕਤੀਕਰਨ ਦਾ ਪ੍ਰਮਾਣ ਬਣੇ ਚੋਣ ਨਤੀਜੇ



**ਬੰਗਾ:** ਪੰਜਾਬ ਵਿਧਾਨ ਸਭਾ ਦੇ ਸੂਬਾਈ ਨਤੀਜਿਆਂ ਵਿਚ ਮਹਿਲਾ ਉਮੀਦਵਾਰਾਂ ਨੇ ਵੀ ਵੱਡੇ ਅੰਤਰ ਨਾਲ ਜਿੱਤਾਂ ਪ੍ਰਾਪਤ ਕਰਕੇ ਮਹਿਲਾ ਸ਼ਕਤੀਕਰਨ ਦਾ ਪ੍ਰਮਾਣ ਦਿੱਤਾ ਹੈ। ਵੱਡੀ ਗੱਲ ਇਹ ਰਹੀ ਕਿ ਵਿਧਾਇਕ ਬਣੀਆਂ 13 ਮਹਿਲਾਵਾਂ ਨੇ ਇਹ ਜਿੱਤ ਪੁਰਸ਼ ਉਮੀਦਵਾਰਾਂ ਨੂੰ ਪਛਾੜ ਕੇ ਹਾਸਲ ਕੀਤੀ ਹੈ। ਇਨ੍ਹਾਂ ਵਿਚ ਅੰਮ੍ਰਿਤਸਰ (ਪੂਰਬੀ) ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੀਵਨਜੋਤ ਕੌਰ ਦਾ ਦੋ ਦਿੱਗਜ ਆਗੂਆਂ ਨਵਜੋਤ ਸਿੰਘ ਸਿੱਧੂ ਤੇ ਬਿਕਰਮ ਸਿੰਘ ਮਜੀਠੀਆ ਨੂੰ ਹਰਾਉਣਾ ਸ਼ਾਮਲ ਹੈ। ਇਵੇਂ ਹੀ ਸੰਗਰੂਰ ਤੋਂ 'ਆਪ' ਉਮੀਦਵਾਰ ਨਰਿੰਦਰ ਕੌਰ ਭਰਾਜ ਨੇ ਸਾਬਕਾ ਵਜ਼ੀਰ ਵਿਜੈਇੰਦਰ ਸਿੰਗਲਾ ਨੂੰ ਮਾਤ ਦਿੱਤੀ ਹੈ। ਪੰਜਾਬ ਵਿਚੋਂ ਬਾਕੀ ਹਲਕਿਆਂ ਦੇ ਮੁਕਾਬਲੇ ਰਾਖਵਾਂ ਹਲਕਾ ਮਲੋਟ ਤੋਂ ਡਾ. ਬਲਜੀਤ ਕੌਰ 'ਆਪ' ਵੱਲੋਂ 40261 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕਰਨ ਦਾ ਰਿਕਾਰਡ ਬਣਾਇਆ ਗਿਆ ਹੈ। 'ਆਪ' ਦੀ ਟਿਕਟ ਤੋਂ ਜਿੱਤ ਹਾਸਲ ਕਰਨ ਵਾਲੀਆਂ ਮਹਿਲਾਵਾਂ ਵਿਚ ਖਰੜ ਤੋਂ ਅਨਮੋਲ ਗਗਨ ਮਾਨ, ਜਗਰਾਉਂ ਤੋਂ ਸਰਬਜੀਤ ਕੌਰ ਮਾਣੂੰਕੇ, ਤਲਵੰਡੀ ਸਾਬੋ ਤੋਂ ਪ੍ਰੋ. ਬਲਜਿੰਦਰ ਕੌਰ, ਨਕੋਦਰ ਤੋਂ ਇੰਦਰਜੀਤ ਕੌਰ, ਲੁਧਿਆਣਾ ਦੱਖਣੀ ਤੋਂ ਰਾਜਿੰਦਰ ਕੌਰ ਛੀਨਾ, ਮੋਗਾ ਤੋਂ ਡਾ. ਅਮਨਦੀਪ ਕੌਰ ਅਰੋੜਾ, ਰਾਜਪੁਰਾ ਤੋਂ ਨੀਨਾ ਮਿੱਤਲ, ਬਲਾਚੌਰ ਤੋਂ ਸੰਤੋਸ਼ ਕਟਾਰੀਆ ਸ਼ਾਮਲ ਹਨ।

ਇਨ੍ਹਾਂ ਤੋਂ ਇਲਾਵਾ ਰਾਖਵਾਂ ਹਲਕਾ ਦੀਨਾ ਨਗਰ ਤੋਂ ਕਾਂਗਰਸ ਦੇ ਸਾਬਕਾ ਵਜ਼ੀਰ ਅਰੁਣਾ ਚੌਧਰੀ ਮੁੜ ਅਤੇ ਹਲਕਾ ਮਜੀਠਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਗਨੀਵ ਕੌਰ ਮਜੀਠਾ ਪਹਿਲੀ ਵਾਰ ਚੋਣ ਜਿੱਤੇ ਹਨ। ਦੂਜੇ ਪਾਸੇ ਪੰਜਾਬ ਵਿਚ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਹਲਕਾ ਲਹਿਰਾਗਾਗਾ ਤੋਂ ਤੀਜਾ ਸਥਾਨ ਹੀ ਹਾਸਲ ਕਰ ਸਕੇ, ਜਦਕਿ ਅਕਾਲੀ ਦਲ ਦੀਆਂ ਸਰਕਾਰਾਂ 'ਚ ਕਈ ਵਾਰ ਵਜ਼ੀਰ ਰਹੇ ਬੀਬੀ ਜਗੀਰ ਕੌਰ ਵੀ ਹਲਕਾ ਭੁਲੱਥ ਤੋਂ ਵੱਡੇ ਫਰਕ ਨਾਲ ਹਾਰ ਗਏ।

# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ 27 ਨੂੰ

**ਫਰਿਜ਼ਨੋ:** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀਆਂ ਸ਼ਹਾਦਤਾਂ ਸਬੰਧੀ ਸ਼ਹੀਦੀ ਸਮਾਗਮ 27 ਮਾਰਚ, ਦਿਨ ਐਤਵਾਰ ਨੂੰ ਦੁਪਹਿਰ 2 ਤੋਂ 5 ਵਜੇ ਤਕ ਇੰਡੀਆ ਓਵਨ ਰੈਸਟੋਰੈਂਟ ਵਿਖੇ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਫੋਰਮ ਦੇ ਉਪ ਪ੍ਰਧਾਨ ਨਵਦੀਪ ਧਾਲੀਵਾਲ ਨੇ ਦੱਸਿਆ ਕਿ ਇਸ ਸ਼ਹੀਦੀ ਸਮਾਗਮ ਵਿਚ ਬੱਚਿਆਂ ਤੋਂ ਇਲਾਵਾ ਉੱਚ ਕੋਟੀ ਦੇ ਬੁਲਾਰੇ ਪਹੁੰਚ ਰਹੇ ਹਨ, ਜੋ ਸ਼ਹੀਦਾਂ ਦੇ ਜੀਵਨ ਅਤੇ ਸੰਘਰਸ਼ ਸਬੰਧੀ ਜਾਣਕਾਰੀ ਦੇਣਗੇ। ਇਸ ਮੌਕੇ ਸਥਾਨਕ ਕਲਾਕਾਰਾਂ ਵਲੋਂ ਸ਼ਹੀਦਾਂ ਨੂੰ ਗੀਤਾਂ ਰਾਹੀਂ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਾਰੇ ਪਰਿਵਾਰਾਂ ਸਮੇਤ ਪਹੁੰਚ ਕੇ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ। ਉਨ੍ਹਾਂ ਦੱਸਿਆ ਕਿ ਇਸ ਸਾਲ ਦਾ ਸਾਲਾਨਾ ਮੇਲਾ ਜੋ ਫੋਰਮ ਵਲੋਂ ਹਰ ਸਾਲ ਕਰਵਾਇਆ ਜਾਂਦਾ ਹੈ, 15 ਮਈ ਨੂੰ ਰੱਖਿਆ ਗਿਆ ਹੈ ਜਿਸ ਸਬੰਧੀ ਹੋਰ ਜਾਣਕਾਰੀ ਆਉਣ ਵਾਲੇ ਦਿਨਾਂ ਵਿਚ ਜਾਰੀ ਕੀਤੀ ਜਾਵੇਗੀ। 27 ਮਾਰਚ ਦੇ ਸਮਾਗਮ ਵਿਚ ਚਾਹ ਪਾਣੀ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਹੋਰ ਜਾਣਕਾਰੀ ਲਈ ਨਵਦੀਪ ਧਾਲੀਵਾਲ ਨਾਲ 559-287-0822 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਵਿਚ ਅਫਸਰਸ਼ਾਹੀ ਨੇ ਫੜੀ ਫੁਰਤੀ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਹੀ ਸੂਬੇ ਦੀ ਨੌਕਰਸ਼ਾਹੀ ਵਿਚ ਹਲਚਲ ਤੇਜ਼ ਹੋ ਗਈ ਹੈ। ਪੰਜਾਬ ਦੇ ਮੁੱਖ ਸਕੱਤਰ ਨੇ ਬੇਅਦਬੀ ਮਾਮਲਿਆਂ ਦੀ ਜਾਂਚ ਸਬੰਧੀ ਪੂਰੇ ਕੇਸ ਦੇ ਵੇਰਵੇ ਡੀ.ਜੀ.ਪੀ. ਤੋਂ ਮੰਗ ਲਏ ਹਨ। ਨਸ਼ਿਆਂ ਦੇ ਮਾਮਲੇ 'ਚ ਹੋਈਆਂ ਪੜਤਾਲਾਂ ਅਤੇ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਦੀ ਫਾਈਲ ਵੀ ਮੰਗੀ ਗਈ ਹੈ। ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਤੋਂ ਪਿਛੋਂ ਪ੍ਰਸ਼ਾਸਨਿਕ ਅਧਿਕਾਰੀ ਸਰਗਰਮ ਹੋ ਗਏ ਹਨ।

ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਪ੍ਰਸ਼ਾਸਨਿਕ ਅਧਿਕਾਰੀ ਭੰਬਲਭੂਸੇ ਵਿਚ ਸਨ ਜਿਸ ਕਰ ਕੇ ਬਹੁਤੇ ਅਧਿਕਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨਾਲ ਰਾਬਤਾ ਬਣਾਉਣ ਵਿਚ ਜੁਟੇ ਹੋਏ ਸਨ। ਹੁਣ ਰਾਜਸੀ ਪੁਜ਼ੀਸ਼ਨ ਸਾਫ ਹੋਣ ਮਗਰੋਂ ਅਧਿਕਾਰੀ ਇਕਦਮ ਹਰਕਤ ਵਿਚ ਆ ਗਏ ਹਨ। ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਵੀ ਆਪੋ ਆਪਣੀ ਕਾਰਗੁਜ਼ਾਰੀ ਦੀ ਰਿਪੋਰਟ ਮੰਗ ਲਈ ਗਈ ਹੈ। ਸਿੱਖਿਆ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਫਾਈਲਾਂ ਤਿਆਰ ਕਰਨ ਵਿਚ ਰੁੱਝ ਗਏ ਹਨ।

ਪੰਜਾਬ ਦੇ ਐਡਵੋਕੇਟ ਜਨਰਲ ਦੀਪਇੰਦਰ ਸਿੰਘ ਪਤਵਾਲੀਆ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਤਵਾਲੀਆ ਨੂੰ ਐਡਵੋਕੇਟ ਜਨਰਲ ਲਾਇਆ ਗਿਆ ਸੀ। ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਵੱਲੋਂ ਉਸ ਵੇਲੇ ਐਡਵੋਕੇਟ ਜਨਰਲ ਅਤੇ ਡੀ.ਜੀ.ਪੀ. ਦੀ ਨਿਯੁਕਤੀ ਨੂੰ ਲੈ ਕੇ ਆਪਣੇ ਅਹੁਦਾ ਤੋਂ ਅਸਤੀਫਾ ਵੀ ਦੇ ਦਿੱਤਾ ਸੀ।

## ਵੇਣੂ ਪ੍ਰਸਾਦ ਮੁੱਖ ਮੰਤਰੀ ਦਾ ਵਧੀਕ ਮੁੱਖ ਸਕੱਤਰ ਨਿਯੁਕਤ

**ਚੰਡੀਗੜ੍ਹ:** 1991 ਬੈਚ ਦੇ ਆਈ.ਏ.ਐਸ. ਅਫਸਰ ਏ. ਵੇਣੂ ਪ੍ਰਸਾਦ ਨੂੰ ਭਗਵੰਤ ਸਿੰਘ ਮਾਨ ਦਾ ਵਧੀਕ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ। ਮੌਜੂਦਾ ਮੁੱਖ ਸਕੱਤਰ ਅਨਿਰੁੱਧ ਤਿਵਾੜੀ ਨੂੰ ਅਹੁਦੇ 'ਤੇ ਕਾਇਮ ਰੱਖਣ ਦੀਆਂ ਖਬਰਾਂ ਹਨ। ਮੁੱਖ ਸਕੱਤਰ ਦੀ ਨਿਯੁਕਤੀ ਲਈ ਸੀਨੀਅਰ ਅਧਿਕਾਰੀਆਂ ਦਰਮਿਆਨ ਦੌੜ-ਭੱਜ ਸ਼ੁਰੂ ਹੋ ਗਈ ਹੈ। 1987 ਬੈਚ ਦੀ ਆਈ.ਏ.ਐਸ. ਅਫਸਰ ਰਵਨੀਤ ਕੌਰ, 1990 ਬੈਚ ਦੇ ਅਫਸਰਾਂ ਵੀਕੇ ਸਿੰਘ ਤੇ ਅਨੁਰਾਗ ਅਗਰਵਾਲ ਦਾ ਨਾਂ ਵੀ ਵਿਚਾਰ ਅਧੀਨ ਹੈ। ਨਿਗਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪ੍ਰਮੁੱਖ ਸਕੱਤਰ ਹੁਸਨ ਲਾਲ ਨੂੰ ਪ੍ਰਮੁੱਖ ਸਕੱਤਰ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਲਗਾ ਦਿੱਤਾ ਹੈ।

# 'ਆਪ' ਦੀ ਸੁਨਾਮੀ ਨੇ ਮੂਧੇ ਕਰ ਸੁੱਟੇ ਦਰਜਨਾਂ ਸਿਆਸੀ ਥੰਮ੍ਹ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਹਨੇਰੀ 'ਚ ਐਤਕੀਂ ਦਰਜਨਾਂ ਸਿਆਸੀ ਥੰਮ੍ਹ ਆਪਣੀ ਜ਼ਮਾਨਤ ਬਚਾਉਣ 'ਚ ਅਸਮਰੱਥ ਰਹੇ ਹਨ। ਆਮ ਤੌਰ 'ਤੇ ਵਿਧਾਨ ਸਭਾ ਚੋਣਾਂ ਵਿਚ ਕੋਈ ਟਾਂਵਾਂ ਉਮੀਦਵਾਰ ਹੀ ਹੁੰਦਾ ਹੈ ਜਿਸ ਦੀ ਜ਼ਮਾਨਤ ਜ਼ਬਤ ਹੁੰਦੀ ਹੈ ਪਰ ਇਸ ਵਾਰ ਵੱਡੀ ਗਿਣਤੀ ਸਿਆਸੀ ਆਗੂ ਇਸ ਮਾਰ ਹੇਠ ਆਏ ਹਨ।

ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਦਰਜਨ ਤੇ ਕਾਂਗਰਸ ਪਾਰਟੀ ਦੇ 7 ਉਮੀਦਵਾਰਾਂ ਦੀ ਜ਼ਮਾਨਤ ਰਾਸ਼ੀ ਜ਼ਬਤ ਹੋਈ ਹੈ। ਇਸੇ ਤਰ੍ਹਾਂ ਭਾਜਪਾ ਦੇ ਵੀ ਕਈ ਵੱਡੇ ਆਗੂ ਜ਼ਮਾਨਤ ਰਾਸ਼ੀ ਨਹੀਂ ਬਚਾਅ ਸਕੇ। ਪੰਜਾਬ ਲੋਕ ਕਾਂਗਰਸ ਇਸ ਮਾਮਲੇ 'ਚ ਮੋਹਰੀ ਬਣੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਹਲਕਾ ਲਹਿਰਾਗਾਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਜ਼ਮਾਨਤ ਜ਼ਬਤ ਹੋਈ ਹੈ, ਜਿਨ੍ਹਾਂ ਨੂੰ ਸਿਰਫ 12,038 ਵੋਟ ਹੀ ਮਿਲੇ। ਹਲਕਾ ਲੁਧਿਆਣਾ (ਪੱਛਮੀ) ਤੋਂ ਅਕਾਲੀ ਦਲ ਦੇ ਵੱਡੇ ਥੰਮ੍ਹ ਮਹੇਸ਼ਇੰਦਰ ਸਿੰਘ ਗਰੇਵਾਲ ਵੀ ਜ਼ਮਾਨਤ ਰਾਸ਼ੀ ਨਹੀਂ ਬਚਾਅ ਸਕੇ। ਲੁਧਿਆਣਾ (ਉੱਤਰੀ) ਤੋਂ ਅਕਾਲੀ ਦਲ ਆਰ.ਡੀ. ਸ਼ਰਮਾ ਵੀ ਜ਼ਮਾਨਤ ਜ਼ਬਤ ਕਰਾ ਬੈਠੇ ਹਨ।

ਹਲਕਾ ਧੂਰੀ ਤੋਂ ਅਕਾਲੀ ਉਮੀਦਵਾਰ ਪ੍ਰਕਾਸ਼ ਚੰਦ ਗਰਗ ਦੀ ਜ਼ਮਾਨਤ ਨਹੀਂ ਬਚੀ, ਜਿਨ੍ਹਾਂ ਨੂੰ ਸਿਰਫ 6,991 ਵੋਟਾਂ ਮਿਲੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਤਮ ਨਗਰ ਤੋਂ ਉਮੀਦਵਾਰ ਹਰੀਸ਼ ਰਾਏ, ਅੰਮ੍ਰਿਤਸਰ (ਪੂਰਬ) ਤੋਂ ਅਕਾਲੀ ਉਮੀਦਵਾਰ ਦਲਬੀਰ ਸਿੰਘ, ਫਤਹਿਗੜ੍ਹ ਸਾਹਿਬ ਤੋਂ ਅਕਾਲੀ ਉਮੀਦਵਾਰ ਜਗਦੀਪ ਸਿੰਘ ਚੀਮਾ, ਫਾਜ਼ਿਲਕਾ ਹਲਕੇ ਤੋਂ ਅਕਾਲੀ ਉਮੀਦਵਾਰ ਹੰਸ ਰਾਜ ਜੋਸਨ, ਮਾਲੇਰਕੋਟਲਾ ਤੋਂ ਅਕਾਲੀ ਉਮੀਦਵਾਰ ਨੁਸਰਤ ਅਲੀ ਖਾਨ, ਮੁਹਾਲੀ ਤੋਂ ਅਕਾਲੀ ਉਮੀਦਵਾਰ ਪਰਵਿੰਦਰ ਸਿੰਘ ਬੈਦਵਾਨ, ਸੁਜਾਨਪੁਰ ਤੋਂ ਅਕਾਲੀ ਉਮੀਦਵਾਰ ਰਾਜ ਕੁਮਾਰ ਗੁਪਤਾ ਅਤੇ ਸੁਨਾਮ ਤੋਂ ਅਕਾਲੀ ਉਮੀਦਵਾਰ ਬਲਦੇਵ ਸਿੰਘ ਮਾਨ ਦੀ ਵੀ ਜ਼ਮਾਨਤ ਜ਼ਬਤ ਹੋਈ ਹੈ।

ਜੇਕਰ ਕਾਂਗਰਸੀ ਉਮੀਦਵਾਰਾਂ 'ਤੇ ਨਜ਼ਰ ਮਾਰੀਏ ਤਾਂ ਦਿੜ੍ਹਬਾ ਹਲਕੇ ਤੋਂ ਅਜੈਬ ਸਿੰਘ ਰਟੌਲ, ਜਲਾਲਾਬਾਦ ਤੋਂ ਮੋਹਨ ਸਿੰਘ ਫਲੀਆਂ ਵਾਲਾ, ਹਲਕਾ ਲੰਬੀ ਤੋਂ ਜਗਪਾਲ ਸਿੰਘ, ਹਲਕਾ ਮੁਕਤਸਰ ਤੋਂ ਕਰਨ ਕੌਰ ਬਰਾੜ, ਨਵਾਂ ਸ਼ਹਿਰ ਤੋਂ ਸਤਵੀਰ ਸਿੰਘ, ਪਟਿਆਲਾ ਸ਼ਹਿਰੀ ਹਲਕੇ ਤੋਂ ਵਿਸ਼ਨੂੰ ਸ਼ਰਮਾ, ਸ਼ੁਤਰਾਣਾ ਹਲਕੇ ਤੋਂ ਦਰਬਾਰਾ ਸਿੰਘ ਦੀ ਜ਼ਮਾਨਤ ਰਾਸ਼ੀ ਜ਼ਬਤ ਹੋ ਗਈ ਹੈ।



ਇਸੇ ਤਰ੍ਹਾਂ ਹਲਕਾ ਅਮਲੋਹ ਤੋਂ ਭਾਜਪਾ ਉਮੀਦਵਾਰ ਕੰਵਰਵੀਰ ਸਿੰਘ ਟੌਹੜਾ ਦੀ ਵੀ ਜ਼ਮਾਨਤ ਜ਼ਬਤ ਹੋਈ ਹੈ, ਜੋ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਦੋਹਤਾ ਹੈ। ਜ਼ਮਾਨਤ ਜ਼ਬਤ ਕਰਾਉਣ ਵਾਲੇ ਉਘੇ ਭਾਜਪਾ ਆਗੂਆਂ ਵਿਚ ਅੰਮ੍ਰਿਤਸਰ (ਪੂਰਬ) ਤੋਂ ਡਾ. ਜਗਮੋਹਨ ਰਾਜੂ, ਬਠਿੰਡਾ (ਸ਼ਹਿਰੀ) ਹਲਕੇ ਤੋਂ ਰਾਜ ਨੰਬਰਦਾਰ, ਹਲਕਾ ਗਿੱਲ ਤੋਂ ਸੁੱਚਾ ਰਾਮ ਲੱਧੜ, ਹਲਕਾ ਮੋਗਾ ਤੋਂ ਡਾ. ਹਰਜੋਤ ਕਮਲ ਤੇ ਹਲਕਾ ਰੋਪੜ ਤੋਂ ਇਕਬਾਲ ਸਿੰਘ ਲਾਲਪੁਰਾ ਦੇ ਨਾਮ ਸ਼ਾਮਲ ਹਨ। ਐਸ.ਐਸ.ਐਮ. ਵੱਲੋਂ ਸਮਰਾਲਾ ਤੋਂ ਚੋਣ ਲੜਨ ਵਾਲੇ ਬਲਬੀਰ ਸਿੰਘ ਰਾਜੇਵਾਲ ਵੀ ਆਪਣੀ ਜ਼ਮਾਨਤ ਨਹੀਂ ਬਚਾਅ ਸਕੇ।

ਰਿਸ਼ਵਤਖੋਰ ਸਰਕਾਰੀ ਮੁਲਾਜ਼ਮਾਂ ਦੇ ਦਿਲਾਂ 'ਚ ਡਰ ਪੈਦਾ ਕਰਨ ਵਾਲੇ ਬੈਂਸ ਭਰਾਵਾਂ ਦਾ ਸਿਆਸੀ ਭਵਿੱਖ ਇਸ ਵਾਰ ਦਾਅ 'ਤੇ ਲੱਗ ਗਿਆ ਹੈ। ਦਸ ਸਾਲਾਂ ਤੱਕ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਬੈਂਸ ਭਰਾਵਾਂ 'ਤੇ ਇਸ ਵਾਰ ਲੋਕਾਂ ਨੇ ਭਰੋਸਾ ਨਹੀਂ ਕੀਤਾ ਤੇ ਇਸ ਵਾਰ ਦੋਵੇਂ ਭਰਾਵਾਂ ਦੀ ਜ਼ਮਾਨਤ ਜ਼ਬਤ ਹੋ ਗਈ। ਸਿਰਫ ਬੈਂਸ ਭਰਾਵਾਂ ਦੀ ਹੀ ਨਹੀਂ ਸਗੋਂ ਉਨ੍ਹਾਂ ਦੀ ਪਾਰਟੀ ਦੇ ਹਰੇਕ ਆਗੂ ਦੀ ਇਸ ਵਾਰ ਜ਼ਮਾਨਤ ਜ਼ਬਤ ਹੋਈ ਹੈ।

ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਦੋ ਵਾਰ ਕੌਂਸਲਰ ਰਹੇ। ਉਨ੍ਹਾਂ ਦੇ ਵੱਡੇ ਭਰਾ ਜਥੇਦਾਰ ਬਲਵਿੰਦਰ ਸਿੰਘ ਬੈਂਸ ਸ਼੍ਰੋਮਣੀ ਕਮੇਟੀ ਮੈਂਬਰ ਰਹਿਣ ਮਗਰੋਂ 2012 'ਚ ਅਕਾਲੀ ਦਲ ਨੂੰ ਅਲਵਿਦਾ ਆਖ ਗਏ ਸਨ। ਦੋਵੇਂ ਭਰਾਵਾਂ ਨੇ ਆਜ਼ਾਦ ਤੌਰ 'ਤੇ ਚੋਣ ਮੈਦਾਨ 'ਚ ਉਤਰਨ ਦਾ ਫੈਸਲਾ ਲਿਆ ਤੇ ਵੱਡੇ ਫਰਕ ਨਾਲ ਜਿੱਤ ਵੀ ਹਾਸਲ ਕੀਤੀ। 2017 'ਚ ਵੀ ਦੋਵੇਂ ਭਰਾਵਾਂ ਨੇ 'ਆਪ' ਨਾਲ ਗੱਠਜੋੜ ਕਰਕੇ ਜਿੱਤ ਦਰਜ ਕਰਵਾਈ। ਇਸ ਵਾਰ ਦੋਵੇਂ ਭਰਾ ਉਸ ਵਿਸ਼ਵਾਸ ਨੂੰ ਕਾਇਮ ਨਾ ਰੱਖ ਸਕੇ। ਇਸ ਵਾਰ ਸਿਮਰਜੀਤ ਸਿੰਘ ਬੈਂਸ ਨੂੰ 12,720 ਵੋਟਾਂ ਤੇ ਬਲਵਿੰਦਰ ਸਿੰਘ ਬੈਂਸ ਨੂੰ ਸਿਰਫ 11,521 ਵੋਟਾਂ ਪਈਆਂ।

# ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ 'ਚ ਸਭ ਤੋਂ ਨਮੋਸ਼ੀ ਭਰੀ ਹਾਰ



**ਚੰਡੀਗੜ੍ਹ:** ਪੰਜਾਬ ਦੀ 16ਵੀਂ ਵਿਧਾਨ ਸਭਾ ਦੇ ਨਤੀਜਿਆਂ ਨੇ ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕਾ ਦਿੱਤੀ ਹੈ। ਇਸ ਨੇ ਸਿਆਸੀ ਸਮੀਖਿਆਕਾਰਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ। ਪੰਜਾਬ ਦੇ ਰਾਜਨੀਤਕ ਇਤਿਹਾਸ ਵਿਚ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸੂਬੇ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਮਹਿਜ਼ ਤਿੰਨ ਸੀਟਾਂ ਹੀ ਹਾਸਲ ਹੋਈਆਂ ਹਨ। ਮਾਲਵਾ ਖ਼ਿੱਤੇ ਨੂੰ ਪਾਰਟੀ ਦਾ ਵੱਡਾ ਆਧਾਰ ਮੰਨਿਆ ਜਾਂਦਾ ਸੀ, ਪਰ ਉਥੇ ਪਾਰਟੀ ਨੂੰ 69 'ਚੋਂ ਸਿਰਫ ਇਕੋ ਹੀ ਸੀਟ ਹਾਸਲ ਹੋਈ ਹੈ। ਇਸੇ ਤਰ੍ਹਾਂ ਦੁਆਬਾ ਅਤੇ ਮਾਝਾ ਖੇਤਰ ਵਿਚੋਂ ਵੀ ਇਕੋ-ਇਕ ਸੀਟ ਮਿਲੀ ਹੈ। ਬਾਦਲ ਪਰਿਵਾਰ ਦਾ ਇਕ ਵੀ ਜੀਅ ਜਿੱਤ ਹਾਸਲ ਨਹੀਂ ਕਰ ਸਕਿਆ।

ਪਾਰਟੀ ਦੀ ਇਸ ਮਾੜੀ ਕਾਰਗੁਜ਼ਾਰੀ ਕਾਰਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਪੰਜਾਬ ਦੀ ਸੱਤਾ 'ਤੇ ਸਭ ਤੋਂ ਵੱਧ ਸਮਾਂ ਅਕਾਲੀ ਦਲ ਨੂੰ ਹਕੂਮਤ ਕਰਨ ਦਾ ਮੌਕਾ ਮਿਲਿਆ ਹੈ। ਪ੍ਰਕਾਸ਼ ਸਿੰਘ ਬਾਦਲ ਤਾਂ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ ਹਨ। ਇਸੇ ਤਰ੍ਹਾਂ ਸੁਰਜੀਤ ਸਿੰਘ ਬਰਨਾਲਾ, ਜਸਟਿਸ ਗੁਰਨਾਮ ਸਿੰਘ ਅਤੇ ਲਛਮਣ ਸਿੰਘ ਗਿੱਲ ਨੇ ਵੀ ਅਕਾਲੀ ਦਲ ਦੀਆਂ ਸਰਕਾਰਾਂ ਦੀ ਅਗਵਾਈ ਕੀਤੀ ਹੈ।

ਸੂਬੇ ਦੀ ਸਿਆਸਤ 'ਤੇ ਤਾਜ਼ਾ ਝਾਤ ਮਾਰੀ ਜਾਵੇ ਤਾਂ ਅਤਿਵਾਦ ਦਾ ਦੌਰ ਖਤਮ ਹੋਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਨੇ ਤਿੰਨ ਵਾਰ- 1997, 2007 ਤੇ 2012 ਵਿਚ ਭਾਜਪਾ ਨਾਲ ਗੱਠਜੋੜ ਤਹਿਤ ਸਰਕਾਰ ਬਣਾਈ। 2007 ਵਿਚ ਅਕਾਲੀ ਦਲ ਦੀ ਵਾਗਡੋਰ ਨਵੀਂ ਪੀੜ੍ਹੀ ਭਾਵ ਸੁਖਬੀਰ ਸਿੰਘ ਬਾਦਲ ਦੇ ਹੱਥ ਆਈ। ਛੋਟੇ ਬਾਦਲ ਦੀ ਕਮਾਨ ਹੇਠ 2012 ਦੀਆਂ ਚੋਣਾਂ ਤਾਂ ਪਾਰਟੀ ਨੇ ਜਿੱਤ ਲਈਆਂ, ਪਰ ਉਸ ਤੋਂ ਬਾਅਦ ਖੜ੍ਹੇ ਹੋਏ ਵਿਵਾਦਾਂ ਨੇ ਪਾਰਟੀ ਨੂੰ ਅਜਿਹਾ ਗ੍ਰਸਿਆ ਕਿ 2017 ਦੀਆਂ ਚੋਣਾਂ ਵਿਚ ਵੀ ਪਾਰਟੀ ਨੂੰ ਸਿਰਫ 15 ਸੀਟਾਂ ਹਾਸਲ ਹੋਈਆਂ ਤੇ ਵਿਰੋਧੀ ਧਿਰ ਦਾ ਰੁਤਬਾ ਵੀ ਨਹੀਂ ਸੀ ਮਿਲਿਆ।

## ਸੁਖਬੀਰ ਤੋਂ ਪ੍ਰਧਾਨਗੀ ਖੋਹਣ ਦੀ ਮੰਗ ਨੇ ਫੜਿਆ ਜ਼ੋਰ

**ਪਟਿਆਲਾ:** ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਨਮੋਸ਼ੀ ਵਾਲੀ ਹਾਰ ਤੋਂ ਬਾਅਦ ਪਾਰਟੀ ਦੇ ਅੰਦਰ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖ਼ਿਲਾਫ ਬਗਾਵਤੀ ਸੁਰਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਪੰਥ ਰਤਨ ਜਥੇਦਾਰ ਟੌਹੜਾ ਦੇ ਦੋਹਤੇ ਅਤੇ ਪਾਰਟੀ ਦੇ ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਹਰਿੰਦਰਪਾਲ ਸਿੰਘ ਟੌਹੜਾ ਨੇ ਪਾਰਟੀ ਦੀ ਹਾਰ ਲਈ ਸੁਖਬੀਰ ਸਿੰਘ ਬਾਦਲ ਦੇ ਆਪਹੁਦਰੇਪਣ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਮੰਗ ਕੀਤੀ ਹੈ ਉਹ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਆਪਣੇ ਅਹੁਦੇ ਤੋਂ ਤੁਰਤ ਅਸਤੀਫਾ ਦੇਣ। ਟੌਹੜਾ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਇਹ ਪਾਰਟੀ ਦੀ ਸਭ ਤੋਂ ਨਮੋਸ਼ੀਜਨਕ ਤੇ ਲਗਾਤਾਰ ਦੂਜੀ ਹਾਰ ਹੈ ਅਤੇ ਪੰਜਾਬ ਨੇ ਬਾਦਲ ਪਰਿਵਾਰ ਦੀ ਅਗਵਾਈ ਕਬੂਲਣ ਤੋਂ ਇਨਕਾਰ ਕਰ ਦਿੱਤਾ ਹੈ।

## ਸੁਖਬੀਰ ਨੇ ਹਾਰ ਦੀ ਜ਼ਿੰਮੇਵਾਰੀ ਕਬੂਲੀ

**ਲੰਬੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਅਸੈਂਬਲੀ ਚੋਣਾਂ 'ਚ ਪਾਰਟੀ ਨੂੰ ਮਿਲੀ ਹਾਰ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਸ. ਬਾਦਲ ਨੇ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਭਗਵੰਤ ਮਾਨ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜ਼ ਰੱਬ ਵਾਂਗ ਹੁੰਦੀ ਹੈ ਤੇ ਪੰਜਾਬ ਦੇ ਲੋਕਾਂ ਨੇ 'ਆਪ' ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ 'ਆਪ' ਲੋਕਾਂ ਦੀਆਂ ਆਸਾਂ ਖਰੀ ਉਤਰੇਗੀ। ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਸਕਾਰਾਤਮਕ ਕੰਮਾਂ ਲਈ ਜਿੱਥੇ ਆਮ ਆਦਮੀ ਪਾਰਟੀ ਦੀ ਹਮਾਇਤ ਕਰੇਗਾ, ਉਥੇ ਵਿਰੋਧੀ ਧਿਰ ਵਜੋਂ ਖਾਮੀਆਂ ਵੀ ਉਜਾਗਰ ਕਰੇਗਾ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬੇ ਪੰਜਾਬ ਦੀ ਭਾਈਚਾਰਕ ਸਾਂਝ ਲਈ ਇਹ ਬੇਹੱਦ ਜ਼ਰੂਰੀ ਹੈ।

# ... ਤੇ ਜਗੀਰ ਕੌਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵੀ ਗੁਆ ਬੈਠੀ



**ਭੁਲੱਥ:** ਭੁਲੱਥ ਤੋਂ ਅਕਾਲੀ ਉਮੀਦਵਾਰ ਬੀਬੀ ਜਗੀਰ ਕੌਰ ਦੀ ਵਿਧਾਇਕ ਬਣਨ ਦੀ ਇੱਛਾ ਪੂਰੀ ਨਹੀਂ ਹੋ ਸਕੀ ਤੇ ਚੋਣ ਲੜਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਛੱਡਣ ਦਾ ਵੀ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਇਆ। ਸਾਰੇ ਸੂਬੇ ਵਿਚ ਜਿਵੇਂ ਇਸ ਵਾਰ ਅਕਾਲੀ ਦਲ ਦੀ ਰਿਕਾਰਡ ਤੋੜ ਹਾਰ ਹੋਈ ਹੈ, ਉਸ ਦਾ ਅਸਰ ਹਲਕਾ ਭੁਲੱਥ 'ਤੇ ਵੀ ਦਿਖਾਈ ਦਿੱਤਾ ਹੈ। ਫਰਕ ਸਿਰਫ ਇਹ ਹੈ ਕਿ ਇਥੇ ਬੀਬੀ ਜਗੀਰ ਕੌਰ ਨੂੰ ਹਰਾਉਣ ਵਾਲਾ ਆਗੂ 'ਆਪ' ਦਾ ਉਮੀਦਵਾਰ ਨਹੀਂ, ਸਗੋਂ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਹਨ, ਜਿਨ੍ਹਾਂ 9,225 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਤੇ ਡੇਰਾ ਸਿਰਸਾ ਦੀਆਂ ਘਟਨਾਵਾਂ ਨੇ ਅਕਾਲੀ ਦਲ ਦਾ ਪਿੱਛਾ ਨਹੀਂ ਛੱਡਿਆ।

ਭੁਲੱਥ ਵਿਚ ਜਗੀਰ ਕੌਰ ਦੀ ਹਾਰ ਦਾ ਮੁੱਖ ਕਾਰਨ ਵੋਟਾਂ ਦੀ ਜ਼ਿਆਦਾ ਵੰਡ, ਲੁਬਾਣਾ ਬਰਾਦਰੀ ਦਾ ਬੇਗੋਵਾਲ ਇਲਾਕੇ ਤੋਂ ਸਾਥ ਨਾ ਦੇਣਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਵੇਲੇ ਇਲਾਕੇ ਦੇ ਲੋਕਾਂ ਨਾਲ ਰਾਬਤੇ ਵਿਚ ਘਾਟ ਰਹੇ ਹਨ। ਇਹੀ ਕਾਰਨ ਹੈ ਕਿ 2017 ਵਿਚ ਉਨ੍ਹਾਂ ਦੇ ਜਵਾਈ ਯੁਵਰਾਜ ਭੁਪਿੰਦਰ ਸਿੰਘ ਨੇ ਜਿਥੇ 40,255 ਵੋਟਾਂ ਹਾਸਲ ਕੀਤੀਆਂ ਸਨ, ਉਥੇ ਹੀ 2022 ਵਿਚ ਬੀਬੀ ਜਗੀਰ ਕੌਰ ਨੂੰ ਸਿਰਫ 28,029 ਵੋਟਾਂ ਮਿਲੀਆਂ ਹਨ। ਬੀਬੀ ਜਗੀਰ ਕੌਰ 1992 ਵਿਚ ਅਕਾਲੀ ਦਲ ਅੰਮ੍ਰਿਤਸਰ ਰਾਹੀਂ ਸਿਆਸਤ ਵਿਚ ਪੈਰ ਧਰਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਤਿੰਨ ਵਾਰ ਸ਼੍ਰੋਮਣੀ ਕਮੇਟੀ ਦੇ ਮੈਂਬਰ, ਤਿੰਨ ਵਾਰ ਪ੍ਰਧਾਨ, ਤਿੰਨ ਵਾਰ ਵਿਧਾਇਕ ਤੇ ਦੋ ਵਾਰ ਪੰਜਾਬ ਸਰਕਾਰ ਦੇ ਮੰਤਰੀ ਬਣੇ।

# ਬਾਦਲ ਦਲ ਦੇ 'ਖਾਤਮੇ' ਉਤੇ ਜਥੇਦਾਰ ਫਿਕਰਮੰਦ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਬਣੀ ਮੌਜੂਦਾ ਸਥਿਤੀ 'ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਖਤਮ ਹੋਣਾ ਦੇਸ਼ ਅਤੇ ਸਿੱਖਾਂ ਦੋਵਾਂ ਲਈ ਘਾਤਕ ਹੋਵੇਗਾ।

ਉਨ੍ਹਾਂ ਇਥੇ ਅਕਾਲ ਤਖ਼ਤ 'ਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲਈ ਦੇਸ਼ ਵਿਦੇਸ਼ ਵਿਚ ਵਸਦੇ ਸਿੱਖ ਚਿੰਤਤ ਹਨ। ਇਹ ਚਿੰਤਾ ਉਨ੍ਹਾਂ ਸਿੱਖ ਆਗੂਆਂ ਨੇ ਵੀ ਪ੍ਰਗਟਾਈ ਹੈ ਜੋ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿਰਫ ਇਕ ਸਿਆਸੀ ਪਾਰਟੀ ਨਹੀਂ ਹੈ ਸਗੋਂ ਇਕ ਸੋਚ ਹੈ। ਇਹ ਸੋਚ ਸਿੱਖਾਂ ਦੀ ਚੜ੍ਹਦੀ ਕਲਾ ਅਤੇ ਖਾਲਸੇ ਨਾਲ ਜੁੜੀ ਹੋਈ ਹੈ। ਇਸ ਸੋਚ ਨੂੰ ਕਾਇਮ ਰੱਖਣ ਅਤੇ ਉਭਾਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸੇ ਸੋਚ ਨੂੰ ਲੈ ਕੇ ਹੀ ਅਕਾਲ ਤਖ਼ਤ ਤੋਂ ਸਿੱਖਾਂ ਦੀ ਇਸ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੋਇਆ ਸੀ।

ਇਸ ਪਾਰਟੀ ਨੇ ਦੇਸ਼ ਦੀ ਆਜ਼ਾਦੀ ਸੰਘਰਸ਼ 'ਚ ਵੀ ਯੋਗਦਾਨ ਪਾਇਆ ਸੀ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਸਮੁੱਚੇ ਅਕਾਲੀ ਦਲ ਆਪੋ ਆਪਣੀ ਹਉਮੈ ਨੂੰ ਤਿਆਗ ਕੇ ਅਕਾਲ ਤਖ਼ਤ 'ਤੇ ਬੈਠ ਕੇ ਇਸ ਨੂੰ ਵਿਚਾਰਨ ਤੇ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਇਕੱਠੇ ਹੋਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜਿਨ੍ਹਾਂ ਟੀਚਿਆਂ ਨੂੰ ਲੈ ਕੇ ਪੈਦਾ ਹੋਇਆ ਸੀ, ਉਨ੍ਹਾਂ ਦੀ ਪੂਰਤੀ ਲਈ ਮੁੜ ਯਤਨ ਕਰਨ ਦੀ ਲੋੜ ਹੈ। ਪੰਜਾਬ ਦੀ ਰਾਜਨੀਤੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਸ਼ਬਦਾਵਲੀ, ਬੋਲਬਾਣੀ ਆਦਿ ਨੂੰ ਲੈ ਕੇ ਵੱਡਾ ਨਿਘਾਰ ਆ ਰਿਹਾ ਹੈ ਜਿਸ ਨੂੰ ਠੀਕ ਕਰਨ ਦੀ ਲੋੜ ਹੈ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਪੰਜ ਪਿਆਰਿਆਂ ਵਿਚੋਂ ਭਾਈ ਸੁਖਵਿੰਦਰ ਸਿੰਘ ਤੇ ਭਾਈ ਬਲਜਿੰਦਰ ਸਿੰਘ ਹਾਜ਼ਰ ਸਨ। ਜ਼ਿਕਰਯੋਗ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਢਾਹ ਲੱਗੀ ਸੀ ਅਤੇ ਹੁਣ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਦੀਆਂ ਸੀਟਾਂ ਦੀ ਗਿਣਤੀ ਨਾ ਮਾਤਰ ਰਹਿ ਗਈ ਹੈ।



# ਪੰਜਾਬੀਆਂ ਨੇ ਸੰਯੁਕਤ ਸਮਾਜ ਮੋਰਚੇ ਨੂੰ ਨਕਾਰਿਆ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਨੇ ਵਿਧਾਨ ਸਭਾ ਚੋਣਾਂ ਵਿਚ ਸੰਯੁਕਤ ਸਮਾਜ ਮੋਰਚਾ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਸੰਯੁਕਤ ਸਮਾਜ ਮੋਰਚੇ ਦੇ ਕਰਤਾ-ਧਰਤਾ ਬਲਵੀਰ ਸਿੰਘ ਰਾਜੇਵਾਲ ਹਲਕਾ ਸਮਰਾਲਾ ਤੋਂ ਆਪਣੀ ਜ਼ਮਾਨਤ ਰਾਸ਼ੀ ਵੀ ਨਹੀਂ ਬਚਾਅ ਸਕੇ। ਸਮਰਾਲਾ ਹਲਕੇ ਤੋਂ 14 ਉਮੀਦਵਾਰ ਚੋਣ ਪਿੜ ਵਿਚ ਸਨ, ਜਿਨ੍ਹਾਂ 'ਚੋਂ ਰਾਜੇਵਾਲ ਛੇਵੇਂ ਨੰਬਰ 'ਤੇ ਆਏ ਹਨ ਅਤੇ ਉਨ੍ਹਾਂ ਨੂੰ ਸਿਰਫ 4676 ਵੋਟਾਂ ਹੀ ਪ੍ਰਾਪਤ ਹੋਈਆਂ ਹਨ, ਜੋ ਕਿ 3.5 ਫੀਸਦੀ ਬਣਦੀਆਂ ਹਨ। ਉਨ੍ਹਾਂ ਤੋਂ ਵੱਧ ਵੋਟ ਤਾਂ ਆਜ਼ਾਦ ਉਮੀਦਵਾਰ ਅਮਰੀਕ ਸਿੰਘ ਢਿੱਲੋਂ ਹਾਸਲ ਕਰ ਗਏ ਹਨ। ਸੰਯੁਕਤ ਸਮਾਜ ਮੋਰਚੇ ਦੇ 93 ਉਮੀਦਵਾਰ ਚੋਣ ਮੈਦਾਨ ਵਿਚ ਸਨ ਅਤੇ 10 ਉਮੀਦਵਾਰ ਗੁਰਨਾਮ ਸਿੰਘ ਚੜੂਨੀ ਵੱਲੋਂ ਉਤਾਰੇ ਗਏ ਸਨ। ਇਨ੍ਹਾਂ 103 ਉਮੀਦਵਾਰਾਂ 'ਚੋਂ ਸਿਰਫ ਹਲਕਾ ਮੌੜ ਤੋਂ ਸੰਯੁਕਤ ਸਮਾਜ ਮੋਰਚਾ ਦਾ ਉਮੀਦਵਾਰ ਲੱਖਾ ਸਿਧਾਣਾ ਹੀ ਦੂਜੇ ਨੰਬਰ 'ਤੇ ਰਿਹਾ ਹੈ। ਹਲਕਾ ਮੌੜ ਤੋਂ 'ਆਪ' ਉਮੀਦਵਾਰ ਸੁਖਬੀਰ ਸਿੰਘ ਮਾਈਸਰਖਾਨਾ ਨੇ 63,079 ਵੋਟਾਂ ਨਾਲ ਜੇਤੂ ਰਹੇ, ਜਦੋਂਕਿ ਇਥੋਂ ਦੂਜੇ ਨੰਬਰ 'ਤੇ ਲੱਖਾ ਸਿਧਾਣਾ ਰਹੇ ਹਨ, ਜਿਨ੍ਹਾਂ ਨੂੰ 28,091 ਵੋਟਾਂ ਮਿਲੀਆਂ ਹਨ।

ਸੰਯੁਕਤ ਸਮਾਜ ਮੋਰਚਾ ਦੇ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਅਸਲ ਵਿਚ ਪੰਜਾਬ ਦੇ ਲੋਕ ਰਵਾਇਤੀ ਰਾਜ ਪ੍ਰਬੰਧ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਸਨ ਅਤੇ ਜੇ ਕਿਤੇ ਕਿਸਾਨ ਮੋਰਚਾ ਮੌਕੇ ਸਿਰ ਵੇਲਾ ਸਾਂਭ ਲੈਂਦਾ ਤਾਂ ਅੱਜ ਜੋ ਹੁੰਗਾਰਾ 'ਆਪ' ਨੂੰ ਮਿਲਿਆ ਹੈ, ਉਹੀ ਹੁੰਗਾਰਾ ਸੰਯੁਕਤ ਸਮਾਜ ਮੋਰਚਾ ਨੂੰ ਮਿਲਣਾ ਸੀ।



## ਲੋਕਾਂ ਦੀ ਲੜਾਈ ਜਾਰੀ ਰੱਖਾਂਗੇ: ਰਾਜੇਵਾਲ

**ਸਮਰਾਲਾ:** ਚੋਣ ਨਤੀਜਿਆਂ ਤੋਂ ਬਾਅਦ ਸੰਯੁਕਤ ਸਮਾਜ ਮੋਰਚੇ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਆਖਿਆ ਹੈ ਕਿ, ਸੂਬੇ ਦੇ ਲੋਕਾਂ ਵੱਲੋਂ ਦਿੱਤੇ ਫਤਵੇ ਨੂੰ ਉਹ ਕਬੂਲ ਕਰਦੇ ਹੋਏ ਪੰਜਾਬ ਦੇ ਲੋਕਾਂ ਦੀ ਲੜਾਈ ਪਹਿਲਾਂ ਵਾਂਗ ਹੀ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਸੰਯੁਕਤ ਸਮਾਜ ਮੋਰਚਾ ਸੂਬੇ ਦੀ ਗੰਧਲੀ ਰਾਜਨੀਤੀ ਨੂੰ ਸਾਫ ਕਰਨ ਲਈ ਹੀ ਮੈਦਾਨ ਵਿਚ ਨਿੱਤਰਿਆ ਸੀ, ਉਨ੍ਹਾਂ ਦੇ ਉਮੀਦਵਾਰਾਂ ਨੂੰ ਅਨੇਕਾਂ ਮੁਸ਼ਕਲਾਂ ਵਿਚੋਂ ਗੁਜ਼ਰਨਾ ਪਿਆ ਪਰ ਫਿਰ ਵੀ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਸ਼ੁਰੂ ਕੀਤੀ ਗਈ ਮੁਹਿੰਮ ਤੋਂ ਪਿੱਛੇ ਨਹੀਂ ਹਟਣਗੇ।

# ਲੰਬੀ 'ਚ ਬਾਦਲ ਪਰਿਵਾਰ ਦੀ ਬਾਦਸ਼ਾਹਤ ਖਤਮ

**ਲੰਬੀ:** ਵਿਧਾਨ ਸਭਾ ਹਲਕਾ ਲੰਬੀ ਵਿਚ ਇਤਿਹਾਸ ਸਿਰਜਦਿਆਂ 'ਆਪ' ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਆਪਣੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਨੂੰ 11396 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਦਰਜ ਕਰਵਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬਾਦਲ ਪਰਿਵਾਰ ਦਾ ਲੰਮੇ ਸਮੇਂ ਤੋਂ ਲੰਬੀ ਹਲਕੇ 'ਤੇ ਦਬਦਬਾ ਬਣਿਆ ਹੋਇਆ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਇਸ ਹਲਕੇ ਤੋਂ ਪੰਜ ਵਾਰ ਵਿਧਾਇਕ ਚੁਣੇ ਜਾਂਦੇ ਰਹੇ ਹਨ ਅਤੇ ਇਸ ਵਾਰ ਖੁੱਡੀਆਂ ਨੇ ਬਾਦਲ ਪਰਿਵਾਰ ਦੀ ਇਸ ਹਲਕੇ ਤੋਂ ਬਾਦਸ਼ਾਹਤ ਖਤਮ ਕਰ ਦਿੱਤੀ। 1992 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣਾਂ ਦਾ ਬਾਈਕਾਟ ਕਰੇ ਜਾਣ 'ਤੇ ਇਸ ਹਲਕੇ ਤੋਂ ਕਾਂਗਰਸ ਪਾਰਟੀ ਦੇ ਗੁਰਨਾਮ ਸਿੰਘ ਅਬੁਲ ਖੁਰਾਣਾ ਵਿਧਾਇਕ ਬਣੇ ਸਨ। ਇਸ ਵਾਰ ਹਲਕਾ ਲੰਬੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ, 'ਆਪ' ਦੇ ਗੁਰਮੀਤ ਸਿੰਘ ਖੁੱਡੀਆਂ, ਕਾਂਗਰਸ ਦੇ ਜਗਪਾਲ ਸਿੰਘ ਅਬੁਲ ਖੁਰਾਣਾ, ਭਾਜਪਾ ਦੇ ਰਾਕੇਸ਼ ਧੀਂਗੜਾ, ਅਕਾਲੀ ਦਲ ਅੰਮ੍ਰਿਤਸਰ ਦੇ ਜਸਵਿੰਦਰ ਸਿੰਘ ਚੋਣ ਮੈਦਾਨ ਵਿਚ ਸਨ। ਪ੍ਰਕਾਸ਼ ਸਿੰਘ ਬਾਦਲ ਨੂੰ 54915, ਗੁਰਮੀਤ ਸਿੰਘ ਖੁੱਡੀਆਂ ਨੂੰ 66313, ਜਗਪਾਲ ਸਿੰਘ ਅਬੁਲ ਖੁਰਾਣਾ ਨੂੰ 10136, ਰਾਕੇਸ਼ ਧੀਂਗੜਾ ਨੂੰ 1116, ਜਸਵਿੰਦਰ ਸਿੰਘ ਨੂੰ 1318 ਵੋਟਾਂ ਪਈਆਂ।



## ਹਰਸਿਮਰਤ ਕੌਰ ਬਾਦਲ ਦੇ ਰਾਹ ਹੋਏ ਔਖੇ

**ਬਠਿੰਡਾ:** ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਰਾਹ ਹੁਣ ਔਖੇ ਜਾਪਦੇ ਹਨ, ਉਨ੍ਹਾਂ ਦੇ ਹਲਕਾ ਬਠਿੰਡਾ ਦੇ 10 ਵਿਧਾਨ ਸਭਾ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਨਮੋਸ਼ੀਜਨਕ ਹਾਰ ਹੋਈ ਹੈ। ਸੰਸਦੀ ਹਲਕਾ ਬਠਿੰਡਾ ਵਿਚ ਇਕ ਸੀਟ ਲੰਬੀ ਪੈਂਦੀ ਹੈ, ਜਦੋਂ ਕਿ ਬਠਿੰਡਾ ਜ਼ਿਲ੍ਹੇ ਦੀਆਂ ਛੇ ਸੀਟਾਂ ਅਤੇ ਮਾਨਸਾ ਜ਼ਿਲ੍ਹੇ ਦੀਆਂ 3 ਸੀਟਾਂ ਪੈਂਦੀਆਂ ਹਨ। ਕਿਸੇ ਵੀ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਜਿੱਤ ਪ੍ਰਾਪਤ ਨਹੀਂ ਕਰ ਸਕਿਆ ਹੈ।

# ਰੂਸ ਵੱਲੋਂ ਯੂਕਰੇਨ ਦੀ ਰਾਜਧਾਨੀ ਕੀਵ ਨੇੜੇ ਹਮਲੇ ਤੇਜ਼

**ਲਵੀਵ:** ਯੂਕਰੇਨ ਸਰਕਾਰ ਨੇ ਕਿਹਾ ਕਿ ਰੂਸੀ ਫੌਜਾਂ ਵੱਲੋਂ ਮਾਰਿਉਪੋਲ ਵਿਚ ਇਕ ਮਸਜਿਦ 'ਤੇ ਹਮਲਾ ਕੀਤਾ ਗਿਆ ਹੈ, ਜਿੱਥੇ ਬੱਚਿਆਂ ਸਣੇ 80 ਤੋਂ ਵੱਧ ਵਿਅਕਤੀਆਂ ਨੇ ਪਨਾਹ ਲਈ ਹੋਈ ਸੀ ਜਦਕਿ ਰਾਜਧਾਨੀ ਕੀਵ ਨੇੜੇ ਵੀ ਹਮਲੇ ਤੇਜ ਹੋ ਗਏ ਹਨ। ਰੂਸ ਵੱਲੋਂ ਕੀਤੇ ਜਾ ਰਹੇ ਹਮਲਿਆਂ ਕਾਰਨ ਮਾਰਿਉਪੋਲ ਵਿਚ ਹਾਲਾਤ ਤਰਸਯੋਗ ਹੋ ਗਏ ਹਨ ਅਤੇ ਉਥੇ ਭੋਜਨ ਜਾਂ ਪਾਣੀ ਪਹੁੰਚਾਉਣ ਅਤੇ ਫਸੇ ਹੋਏ ਲੋਕਾਂ ਨੂੰ ਕੱਢ ਕੇ ਲਿਆਉਣਾ ਮੁਸ਼ਕਲ ਹੋ ਰਿਹਾ ਹੈ।

ਇਸ ਤੋਂ ਪਹਿਲਾਂ ਤੁਰਕੀ ਸਥਿਤ ਯੂਕਰੇਨੀ ਦੂਤਘਰ ਨੇ ਜਾਣਕਾਰੀ ਦਿੱਤੀ ਸੀ ਕਿ ਰੂਸ ਵੱਲੋਂ ਜਾਰੀ ਹਮਲਿਆਂ ਦੌਰਾਨ ਮਾਰਿਉਪੋਲ ਦੀ ਮਸਜਿਦ ਵਿਚ ਫਸੇ ਲੋਕਾਂ, ਜਿਨ੍ਹਾਂ ਵਿਚ ਤੁਰਕੀ ਦੇ 86 ਨਾਗਰਿਕ (36 ਬੱਚਿਆਂ ਸਣੇ) ਵੀ ਸ਼ਾਮਲ ਹਨ, ਵੱਲੋਂ ਉਥੋਂ ਨਿਕਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੀਵ ਦੇ ਆਲੇ-ਦੁਆਲੇ ਬਹੁਤੇ ਇਲਾਕਿਆਂ 'ਚ ਲੜਾਈ ਹੋ ਰਹੀ ਹੈ। ਰੂਸ ਵੱਲੋਂ ਯੂਕਰੇਨ ਦੇ ਪੱਛਮ ਵਿਚ ਹਵਾਈ ਪੱਟੀਆਂ ਤੋਂ ਇਲਾਵਾ ਇਕ ਉਦਯੋਗਿਕ ਕੇਂਦਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਮਾਰਿਉਪੋਲ ਮੇਅਰ ਦਫਤਰ ਵੱਲੋਂ ਦੱਸਿਆ ਕਿ ਬੰਬਾਰੀ ਕਾਰਨ ਉਥੇ ਮਰੇ ਲੋਕਾਂ ਨੂੰ ਦਫਨਾਇਆ ਨਹੀਂ ਜਾ ਸਕਿਆ ਹੈ। ਮੇਅਰ ਦਫਤਰ ਮੁਤਾਬਕ ਮਾਰਿਉਪੋਲ ਵਿਚ 12 ਦਿਨਾਂ ਦੇ ਹਮਲਿਆਂ ਦੌਰਾਨ ਮ੍ਰਿਤਕਾਂ ਦੀ ਗਿਣਤੀ 1,500 ਤੋਂ ਵੱਧ ਹੋ ਚੁੱਕੀ ਹੈ। ਯੂਕਰੇਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਮਾਰਿਉਪੋਲ ਤੋਂ ਲਗਭਗ 489 ਕਿਲੋਮੀਟਰ ਦੂਰ ਪੱਛਮ ਵਿਚ ਸਥਿਤ ਸ਼ਹਿਰ ਮਾਈਕੋਲੋਵ ਵਿਚ ਹੋਏ ਜਬਰਦਸਤ ਹਮਲੇ ਦੌਰਾਨ ਇਕ ਕੈਂਸਰ ਹਸਪਤਾਲ ਅਤੇ ਕਈ ਰਿਹਾਇਸ਼ੀ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ।

ਦੂਜੇ ਪਾਸੇ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜੇਲੈਂਸਕੀ ਨੇ ਕਿਹਾ ਕਿ ਰੂਸ ਵੱਲੋਂ ਹੋਰ ਸੈਨਿਕ ਯੂਕਰੇਨ ਵਿਚ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਯੂਕਰੇਨੀ ਬਲਾਂ ਨੇ ਮਾਰਿਉਪੋਲ ਗੋਲੀਬੰਦੀ ਲਾਂਘੇ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਿਆ ਹੈ ਤੇ ਲੋਕਾਂ ਨੂੰ ਸੁਰੱਖਿਅਤ ਨਿਕਲਣ ਦੇਣ ਲਈ ਰੂਸ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ। ਇਸੇ ਦੌਰਾਨ ਖੇਤਰੀ ਗਵਰਨਰ ਓਲੈਕਸੀ ਕੁਲੇਬਾ ਨੇ ਕਿਹਾ ਕਿ ਯੂਕਰੇਨ ਦੇ ਕੀਵ ਇਲਾਕੇ ਦੇ ਮੂਹਰਲੇ ਕਸਬਿਆਂ ਵਿਚੋਂ ਲੋਕਾਂ ਨੂੰ ਬਚਾਅ ਕੇ ਕੱਢਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।



## ਬਾਇਡਨ ਵੱਲੋਂ ਯੂਕਰੇਨ ਲਈ 20 ਕਰੋੜ ਡਾਲਰ ਮਨਜ਼ੂਰ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਅਮਰੀਕਾ ਦੇ ਵਿਦੇਸ਼ ਵਿਭਾਗ ਨੂੰ ਯੂਕਰੇਨ ਲਈ 20 ਕਰੋੜ ਅਮਰੀਕੀ ਡਾਲਰ ਦੀ ਵਾਧੂ ਸਹਾਇਤਾ ਮੁਹੱਈਆ ਕਰਵਾਉਣ ਦੀ ਮਨਜ਼ੂਰੀ ਦਿੱਤੀ ਜਾ ਰਹੀ ਹੈ। ਇਨ੍ਹਾਂ ਫੰਡਾਂ ਨਾਲ ਯੂਕਰੇਨ ਵਾਸੀਆਂ ਨੂੰ ਵਾਧੂ ਹਥਿਆਰ, ਫੌਜੀ ਸੇਵਾਵਾਂ, ਸਿੱਖਿਆ ਅਤੇ ਸਿਖਲਾਈ ਮੁਹੱਈਆ ਕਰਵਾਉਣ ਵਿਚ ਮਦਦ ਮਿਲੇਗੀ।

## ਭਾਰਤੀ ਦੂਤਾਵਾਸ ਯੂਕਰੇਨ ਤੋਂ ਪੋਲੈਂਡ ਤਬਦੀਲ ਹੋਵੇਗਾ

**ਨਵੀਂ ਦਿੱਲੀ:** ਭਾਰਤ ਨੇ ਆਪਣੇ ਦੂਤਾਵਾਸ ਨੂੰ ਅਸਥਾਈ ਤੌਰ 'ਤੇ ਯੂਕਰੇਨ ਤੋਂ ਪੋਲੈਂਡ ਤਬਦੀਲ ਕਰਨ ਦਾ ਫੈਸਲਾ ਲਿਆ ਹੈ। ਇਹ ਫੈਸਲਾ ਜੰਗ ਪ੍ਰਭਾਵਿਤ ਯੂਕਰੇਨ ਵਿਚ ਵਿਗੜਦੇ ਸੁਰੱਖਿਆ ਹਾਲਾਤ ਦੇ ਮੱਦੇਨਜ਼ਰ ਲਿਆ ਗਿਆ ਹੈ। ਹਾਲ ਦੇ ਦਿਨਾਂ ਵਿਚ ਯੂਕਰੇਨ ਦੀ ਰਾਜਧਾਨੀ ਕੀਵ ਅਤੇ ਹੋਰ ਪ੍ਰਮੁੱਖ ਸ਼ਹਿਰਾਂ ਵਿਚ ਰੂਸੀ ਹਮਲੇ ਤੇਜ ਹੋਣ ਕਰ ਕੇ ਭਾਰਤ ਨੇ ਆਪਣੇ ਦੂਤਾਵਾਸ ਨੂੰ ਪੋਲੈਂਡ ਲੈ ਕੇ ਜਾਣ ਦਾ ਫੈਸਲਾ ਲਿਆ ਹੈ।

## ਹਥਿਆਰ ਲਿਜਾਣ ਵਾਲੇ ਕਾਫਲੇ ਤਬਾਹ ਕਰਨ ਦੀ ਚਿਤਾਵਨੀ

**ਨਵੀਂ ਦਿੱਲੀ:** ਰੂਸ ਨੇ ਕਿਹਾ ਹੈ ਕਿ ਯੂਕਰੇਨ ਲਈ ਵਿਦੇਸ਼ੀ ਹਥਿਆਰ ਲੈ ਕੇ ਜਾਣ ਵਾਲੇ ਕਾਫਲੇ ਰੂਸੀ ਹਥਿਆਰਬੰਦ ਬਲਾਂ ਦੇ ਨਿਸ਼ਾਨੇ 'ਤੇ ਹੋਣਗੇ। ਰੂਸ ਦੇ ਉਪ ਵਿਦੇਸ਼ ਮੰਤਰੀ ਸੇਰਗੇਈ ਰਿਆਬਕੋਵ ਨੇ ਕਿਹਾ ਕਿ ਰੂਸ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਯੂਕਰੇਨ ਨੂੰ ਹਥਿਆਰ ਦੇਣ ਦੇ ਨਤੀਜੇ ਭੁਗਤਣ ਲਈ ਤਿਆਰ ਰਹੇ। ਉਨ੍ਹਾਂ ਕਿਹਾ ਕਿ ਯੂਕਰੇਨ ਨੂੰ ਸਪਲਾਈ ਕਰਨ ਲਈ ਵਿਦੇਸ਼ੀ ਹਥਿਆਰ ਲੈ ਕੇ ਜਾਣ ਵਾਲੇ ਕਾਫਲੇ ਰੂਸੀ ਹਥਿਆਰਬੰਦ ਬਲਾਂ ਦੇ ਨਿਸ਼ਾਨੇ 'ਤੇ ਹੋਣਗੇ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਪੱਛਮੀ ਦੇਸ਼ਾਂ ਖਿਲਾਫ ਨਿੱਜੀ ਪਾਬੰਦੀਆਂ ਦੀ ਸੂਚੀ ਤਿਆਰ ਹੈ ਅਤੇ ਜਲਦੀ ਹੀ ਇਸ ਸੂਚੀ ਨੂੰ ਜਨਤਕ ਕੀਤਾ ਜਾਵੇਗਾ।

# ਭਾਰਤ 'ਚ ਕਰੋਨਾ ਨਾਲ 40.70 ਲੱਖ ਮੌਤਾਂ ਦਾ ਦਾਅਵਾ



**ਲੰਡਨ:** ਲਾਂਸੈਂਟ ਦੇ ਨਵੇਂ ਅਧਿਐਨ ਮੁਤਾਬਕ ਜਨਵਰੀ 2020 ਤੋਂ ਦਸੰਬਰ 2021 ਦੇ ਅਰਸੇ ਦੌਰਾਨ ਭਾਰਤ ਵਿਚ ਕੋਵਿਡ-19 ਕਰਕੇ ਜਾਨਾਂ ਗੁਆਉਣ ਵਾਲਿਆਂ ਦਾ ਅਨੁਮਾਨਿਤ ਅੰਕੜਾ 40.70 ਲੱਖ ਸੀ, ਜੋ ਦੱਸੇ ਗਏ ਅੰਕੜਿਆਂ ਦੇ ਮੁਕਾਬਲੇ ਅੱਠ ਗੁਣਾਂ ਵੱਧ ਸੀ।

ਉਧਰ, ਕੇਂਦਰੀ ਸਿਹਤ ਮੰਤਰਾਲੇ ਨੇ ਅਧਿਐਨ ਦੇ ਨਤੀਜਿਆਂ ਨੂੰ 'ਕਿਆਸਾਂ ਤੇ ਗਲਤ ਜਾਣਕਾਰੀ' ਉਤੇ ਆਧਾਰਿਤ ਦੱਸਿਆ ਹੈ। ਮੰਤਰਾਲੇ ਨੇ ਕਿਹਾ ਕਿ ਅਧਿਐਨ ਦੇ ਵਿਸ਼ਲੇਸ਼ਕਾਂ ਨੇ ਖੁਦ ਮੰਨਿਆ ਹੈ ਕਿ ਸਮੀਖਿਆ ਕਰਨ ਦੇ ਢੰਗ ਤਰੀਕੇ ਵਿਚ ਕਈ ਤਰ੍ਹਾਂ ਦੀਆਂ ਘਾਟਾਂ ਤੇ ਖਾਮੀਆਂ ਹਨ। ਸਿਹਤ ਮੰਤਰਾਲੇ ਨੇ ਬਿਆਨ ਵਿਚ ਕਿਹਾ ਕਿ ਅਧਿਐਨ ਵਿਚ ਵੱਖ-ਵੱਖ ਮੁਲਕਾਂ ਲਈ ਵੱਖ-ਵੱਖ ਢੰਗ ਤਰੀਕਿਆਂ ਨੂੰ ਵਿਚਾਰਿਆ ਗਿਆ ਹੈ। ਮਿਸਾਲ ਵਜੋਂ ਭਾਰਤ ਦੀ ਗੱਲ ਕਰੀਏ ਤਾਂ ਅਧਿਐਨ ਲਈ ਜਿਹੜੇ ਅੰਕੜੇ ਵਰਤੇ ਗਏ ਹਨ, ਉਨ੍ਹਾਂ ਦਾ ਸਰੋਤ ਅਖਬਾਰ ਦੀਆਂ ਰਿਪੋਰਟਾਂ ਤੇ ਗੈਰ-ਪ੍ਰਕਾਸ਼ਿਤ ਅਧਿਐਨਾਂ 'ਤੇ ਅਧਾਰਿਤ ਲਗਦਾ ਹੈ।

ਜਰਨਲ ਨੇ ਆਪਣੀ ਰਿਪੋਰਟ 'ਕੋਵਿਡ-19 ਮੌਤ ਦਰ ਦਾ ਅਨੁਮਾਨ: ਕੋਵਿਡ-19 ਨਾਲ ਸਬੰਧਤ ਮੌਤ ਦਰ ਦੀ ਵਿਵਸਥਤ ਸਮੀਖਿਆ 2020-21' ਵਿਚ ਇਹ ਦਾਅਵਾ ਕੀਤਾ ਹੈ। 'ਦਿ ਲਾਂਸੈਂਟ' ਨੇ ਦੱਸਿਆ ਕਿ 31 ਦਸੰਬਰ 2021 ਤਕ ਕੁੱਲ ਆਲਮ ਵਿਚ ਜਿੰਨੀਆਂ ਮੌਤਾਂ ਹੋਈਆਂ ਹਨ, ਉਨ੍ਹਾਂ ਵਿਚੋਂ 22.3 ਫੀਸਦ ਲੋਕਾਂ ਦੀ ਮੌਤ ਭਾਰਤ ਵਿਚ ਹੋਈ। ਅਧਿਐਨ ਮੁਤਾਬਕ ਵਿਸ਼ਵ ਭਰ ਵਿਚ ਇਸ ਅਰਸੇ ਦੌਰਾਨ 59.40 ਲੱਖ ਲੋਕਾਂ ਦੀ ਮੌਤ ਹੋਈ, ਜਿਸ ਵਿਚੋਂ 18.2 ਫੀਸਦ ਦੀ ਮੌਤ ਕਰੋਨਾ ਕਰਕੇ ਹੋਈ। ਇਹ ਪਹਿਲਾਂ ਦੇ ਅਨੁਮਾਨਾਂ ਦੇ ਮੁਕਾਬਲੇ ਲਗਭਗ ਤਿੰਨ ਗੁਣਾਂ ਵੱਧ ਸੀ। ਜਰਨਲ ਨੇ ਕਿਹਾ ਕਿ ਇਸ ਅਰਸੇ ਦੌਰਾਨ ਭਾਰਤ ਵਿਚ ਕਰੋਨਾ ਕਰਕੇ ਮੌਤ ਦੇ ਮੂੰਹ ਪੈਣ ਵਾਲਿਆਂ ਦੀ ਗਿਣਤੀ 4,89,000 ਦੱਸੀ ਗਈ ਸੀ।

## ਚੀਨ ਵੱਲੋਂ ਲੌਕਡਾਊਨ ਲਾਉਣ ਦੇ ਆਦੇਸ਼

**ਪੇਈਚਿੰਗ:** ਚੀਨ ਨੇ 90 ਲੱਖ ਦੀ ਆਬਾਦੀ ਵਾਲੇ ਉਤਰੀ-ਪੂਰਬੀ ਸ਼ਹਿਰ ਚਾਂਗਚੁਨ ਵਿਚ ਲੌਕਡਾਊਨ ਲਾਉਣ ਦੇ ਆਦੇਸ਼ ਦਿੱਤੇ ਹਨ। ਚੀਨ ਨੇ ਇਹ ਆਦੇਸ਼ ਕਰੋਨਾ ਵਾਇਰਸ ਦੇ ਮਾਮਲੇ ਵਧਣ ਕਾਰਨ ਦਿੱਤਾ ਹੈ। ਇਸ ਤਹਿਤ ਇਸ ਖੇਤਰ ਦੇ ਲੋਕਾਂ ਨੂੰ ਘਰਾਂ ਵਿਚ ਰਹਿਣਾ ਹੋਵੇਗਾ ਤੇ ਤੀਜੇ ਗੇੜ ਦੀ ਟੈਸਟਿੰਗ ਵਿਚੋਂ ਲੰਘਣਾ ਹੋਵੇਗਾ, ਜਦੋਂਕਿ ਗ਼ੈਰਜ਼ਰੂਰੀ ਕਾਰੋਬਾਰ ਬੰਦ ਕਰ ਦਿੱਤੇ ਗਏ ਹਨ ਅਤੇ ਆਵਾਜਾਈ ਸੰਪਰਕ ਵੀ ਮੁਲਤਵੀ ਕੀਤੇ ਗਏ ਹਨ।

# 12 ਤੋਂ 17 ਸਾਲ ਦੇ ਬੱਚਿਆਂ ਲਈ 'ਕੋਵੋਵੈਕਸ' ਟੀਕੇ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਭਾਰਤੀ ਡਰੱਗ ਰੈਗੂਲੇਟਰ (ਡੀ.ਸੀ.ਜੀ.ਆਈ.) ਨੇ ਸੀਰਮ ਇੰਸਟੀਚਿਊਟ ਆਫ ਇੰਡੀਆ (ਐਸ.ਆਈ.ਆਈ.) ਵੱਲੋਂ ਤਿਆਰ ਕੋਵਿਡ-19 ਵੈਕਸੀਨ 'ਕੋਵੋਵੈਕਸ' ਦੀ 12 ਤੋਂ 17 ਸਾਲ ਉਮਰ ਵਰਗ ਦੇ ਬੱਚਿਆਂ ਲਈ ਹੰਗਾਮੀ ਹਾਲਾਤ ਵਿਚ ਵਰਤੋਂ ਦੀ ਮਨਜ਼ੂਰੀ ਦੇ ਦਿੱਤੀ ਹੈ। ਦੇਸ਼ ਵਿਚ 18 ਸਾਲ ਤੋਂ ਘੱਟ ਉਮਰ ਵਰਗ ਲਈ ਉਪਲਬਧ ਇਹ ਚੌਥਾ ਕਰੋਨਾ ਰੋਕੂ ਟੀਕਾ ਹੋਵੇਗਾ। ਡਰੱਗ ਰੈਗੂਲੇਟਰ ਨੇ ਕਰੋਨਾ ਨਾਲ ਸਬੰਧਤ ਵਿਸ਼ਾ ਮਾਹਿਰ ਕਮੇਟੀ ਦੀ ਸਿਫਾਰਸ਼ ਦੇ ਆਧਾਰ 'ਤੇ ਕੋਵੋਵੈਕਸ ਨੂੰ ਇਹ ਪ੍ਰਵਾਨਗੀ ਦਿੱਤੀ ਹੈ। ਹਾਲਾਂਕਿ, ਸਰਕਾਰ ਨੇ 15 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਟੀਕਾ ਲਗਾਉਣ ਸਬੰਧੀ ਹਾਲੇ ਤੱਕ ਕੋਈ ਫੈਸਲਾ ਨਹੀਂ ਲਿਆ। ਸੀਰਮ ਇੰਸਟੀਚਿਊਟ ਦੇ ਡਾਇਰੈਕਟਰ (ਸਰਕਾਰੀ ਤੇ ਰੈਗੂਲੇਟਰੀ ਮਾਮਲੇ) ਪ੍ਰਕਾਸ਼ ਕੁਮਾਰ ਸਿੰਘ ਨੇ 21 ਫਰਵਰੀ ਨੂੰ ਭਾਰਤੀ ਡਰੱਗ ਰੈਗੂਲੇਟਰ ਕੋਲ ਦਾਇਰ ਅਰਜ਼ੀ ਵਿਚ ਕਿਹਾ ਸੀ ਕਿ 12 ਤੋਂ 17 ਸਾਲ ਦੇ ਲਗਭਗ 2707 ਬੱਚਿਆਂ 'ਤੇ ਕੀਤੇ ਦੋ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਕੋਵੋਵੈਕਸ ਵੱਧ ਅਸਰਦਾਰ ਅਤੇ ਰੋਗਾਂ ਨਾਲ ਲੜਨ ਵਾਲੀ ਸ਼ਕਤੀ ਪੈਦਾ ਕਰਨ ਵਾਲਾ ਸੁਰੱਖਿਅਤ ਟੀਕਾ ਹੈ। ਬਿਆਨ ਵਿਚ ਇਹ ਵੀ ਕਿਹਾ ਗਿਆ ਕਿ ਇਸ ਉਮਰ ਵਰਗ ਦੇ ਬੱਚੇ ਇਸ ਟੀਕੇ ਨੂੰ ਚੰਗੀ ਤਰ੍ਹਾਂ ਬਰਦਾਸ਼ਤ ਕਰ ਸਕਦੇ ਹਨ। ਇਕ ਅਧਿਕਾਰਤ ਸੂਤਰ ਮੁਤਾਬਕ ਅਰਜ਼ੀ ਵਿਚ ਪ੍ਰਕਾਸ਼ ਸਿੰਘ ਵੱਲੋਂ ਕਿਹਾ ਗਿਆ ਹੈ ਕਿ ਇਹ ਮਨਜ਼ੂਰੀ ਨਾ ਸਿਰਫ ਸਾਡੇ ਦੇਸ਼ ਲਈ ਫਾਇਦੇਮੰਦ ਹੋਵੇਗੀ, ਸਗੋਂ ਇਸ ਦਾ ਪੂਰੇ ਵਿਸ਼ਵ ਨੂੰ ਫਾਇਦਾ ਹੋਵੇਗਾ।

## ਸਾਰੇ ਯੂਰਪ ਵਿਚ ਜੰਗ ਵਿਰੋਧੀ ਮੁਜ਼ਾਹਰੇ

**ਬਰਲਿਨ:** ਯੂਕਰੇਨ ਵਿਚ ਚੱਲ ਰਹੀ ਜੰਗ ਦੇ ਵਿਰੋਧ ਵਿਚ ਸਾਰੇ ਯੂਰਪ ਵਿਚ ਇਕੱਠੇ ਹੋਏ ਹਜ਼ਾਰਾਂ ਲੋਕਾਂ ਵੱਲੋਂ ਮੁਜ਼ਾਹਰੇ ਕੀਤੇ ਗਏ। ਇਸ ਦੌਰਾਨ ਰੂਸੀ ਅਥਾਰਿਟੀਜ਼ ਵੱਲੋਂ ਅਜਿਹੇ ਪ੍ਰਦਰਸ਼ਨਾਂ ਖਿਲਾਫ ਕਾਰਵਾਈ ਕੀਤੇ ਜਾਣ ਦੇ ਬਾਵਜੂਦ ਰੂਸ ਵਿਚ ਵੀ ਛੋਟੀਆਂ ਰੈਲੀਆਂ ਹੋਈਆਂ। ਬਰਲਿਨ ਵਿਚ ਟਰੇਡ ਯੂਨੀਅਨਾਂ ਵੱਲੋਂ ਪ੍ਰਦਰਸ਼ਨ ਦਾ ਸੱਦਾ ਦਿੱਤਾ ਗਿਆ ਸੀ। ਪ੍ਰਬੰਧਕਾਂ ਵੱਲੋਂ ਸ਼ਹਿਰ ਦੇ ਰੂਸੀ ਸ਼ਾਸਕ ਐਲੇਗਜੈਂਡਰ 1 ਦੇ ਨਾਂ 'ਤੇ ਬਣੇ ਵੱਡੇ ਸਕੁਐਰ ਐਲੇਗਜੈਂਡਰਪਲੇਟਜ ਤੋਂ ਬੈਰੰਡਨਬਰਗ ਗੇਟ ਨੇੜਲੀ ਇਕ ਜਗ੍ਹਾ ਤੱਕ ਮਾਰਚ ਕਰਨ ਦੀ ਯੋਜਨਾ ਬਣਾਈ ਗਈ ਸੀ। ਇਸੇ ਤਰ੍ਹਾਂ ਦੇ ਪ੍ਰਦਰਸ਼ਨ ਵਾਰਸਾ, ਲੰਡਨ, ਮੈਡ੍ਰਿਡ, ਫਰੈਂਕਫਰਟ, ਹੈਮਬਰਗ ਅਤੇ ਸਟੁੱਟਗਾਰਟ ਵਿਚ ਵੀ ਹੋਏ। ਰੂਸ ਵਿਚ ਜੰਗ ਖਿਲਾਫ ਪ੍ਰਦਰਸ਼ਨ ਕਰਨ ਵਾਲਿਆਂ ਖਿਲਾਫ ਪੁਲਿਸ ਵੱਲੋਂ ਸਖਤ ਕਾਰਵਾਈ ਕੀਤੀ ਗਈ।

# ਯੂਕਰੇਨ ਨੇ ਕਣਕ ਤੇ ਹੋਰ ਖੁਰਾਕੀ ਪਦਾਰਥਾਂ ਦੀ ਬਰਾਮਦ 'ਤੇ ਰੋਕ ਲਾਈ

**ਲੰਡਨ:** ਯੂਕਰੇਨ ਸਰਕਾਰ ਨੇ ਕਣਕ, ਜਵੀ ਤੇ ਹੋਰ ਰੋਜ਼ਾਨਾ ਦੇ ਖੁਰਾਕੀ ਪਦਾਰਥਾਂ ਦੀ ਬਰਾਮਦ ਉਤੇ ਪਾਬੰਦੀ ਲਾ ਦਿੱਤੀ ਹੈ। ਮੁਲਕ ਨੇ ਜੰਗ ਦੇ ਮਾਹੌਲ ਵਿਚ ਲੋਕਾਂ ਦੀਆਂ ਖੁਰਾਕੀ ਲੋੜਾਂ ਦੀ ਪੂਰਤੀ ਲਈ ਇਹ ਫੈਸਲਾ ਲਿਆ ਹੈ। ਇਸ ਤੋਂ ਇਲਾਵਾ ਬਾਜਰੇ, ਖੰਡ, ਪਸ਼ੂਆਂ ਤੇ ਮੀਟ ਦੀ ਬਰਾਮਦ ਵੀ ਰੋਕ ਦਿੱਤੀ ਗਈ ਹੈ। ਯੂਕਰੇਨ ਦੇ ਖੇਤੀਬਾੜੀ ਮੰਤਰੀ ਰੋਮਨ ਲੇਸ਼ਚੈਂਕੋ ਨੇ ਕਿਹਾ ਕਿ ਮਨੁੱਖੀ ਸੰਕਟ ਨੂੰ ਟਾਲਣ ਲਈ ਇਹ ਰੋਕ ਜ਼ਰੂਰੀ ਸੀ। ਦੱਸਣਯੋਗ ਹੈ ਕਿ ਯੂਕਰੇਨ ਦੇ ਕਾਲੇ ਸਾਗਰ ਖੇਤਰ ਦੇ ਖੇਤਾਂ ਨੂੰ 'ਦੁਨੀਆ ਦੀ ਰੋਟੀ ਦੀ ਟੋਕਰੀ' ਵਜੋਂ ਜਾਣਿਆ ਜਾਂਦਾ ਹੈ। ਯੂਰਪ, ਅਫਰੀਕਾ ਤੇ ਏਸ਼ੀਆ ਨੂੰ ਇਥੋਂ ਬਹੁਤ ਵੱਡੀ ਮਾਤਰਾ ਵਿਚ ਖਾਣ ਵਾਲੀਆਂ ਚੀਜ਼ਾਂ ਸਪਲਾਈ ਹੁੰਦੀਆਂ ਹਨ। ਹੁਣ ਬਰਾਮਦ ਉਤੇ ਰੋਕ ਨਾਲ ਇਨ੍ਹਾਂ ਮਹਾਂਦੀਪਾਂ ਵਿਚ ਖੁਰਾਕ ਸਪਲਾਈ ਲਈ ਖਤਰਾ ਖੜ੍ਹਾ ਹੋ ਗਿਆ ਹੈ। ਰੂਸ ਤੇ ਯੂਕਰੇਨ ਮਿਲ ਕੇ ਦੁਨੀਆਂ ਦੇ ਤੀਜੇ ਹਿੱਸੇ ਨੂੰ ਕਣਕ ਤੇ ਜੌਂ ਸਪਲਾਈ ਕਰਦੇ ਹਨ। ਜੰਗ ਲੱਗਣ ਤੋਂ ਬਾਅਦ ਇਨ੍ਹਾਂ ਵਸਤਾਂ ਦੀ ਕੀਮਤ ਵਧੀ ਹੋਈ ਹੈ। ਜਿਹੜੀਆਂ ਚੀਜ਼ਾਂ ਇਹ ਸਪਲਾਈ ਕਰਦੇ ਹਨ, ਉਨ੍ਹਾਂ ਨਾਲ ਬਰੈਡ, ਨੂਡਲਜ਼ ਤੇ ਜਾਨਵਰਾਂ ਦੀ ਖੁਰਾਕ ਵਗੈਰਾ ਬਣਦੀ ਹੈ। ਕਿਸੇ ਵੀ ਤਰ੍ਹਾਂ ਦੀ ਕਮੀ ਮਿਸਰ ਤੇ ਲਿਬਨਾਨ ਵਰਗੇ ਦੇਸ਼ਾਂ ਵਿਚ ਭੋਜਨ ਦੀ ਚਿੰਤਾ ਖੜ੍ਹੀ ਕਰ ਸਕਦੀ ਹੈ। ਜੰਗ ਕਾਰਨ ਕੀਮਤਾਂ 2011 ਤੋਂ ਬਾਅਦ ਪਹਿਲਾਂ ਹੀ ਸਭ ਤੋਂ ਉਚੇ ਪੱਧਰ ਉਤੇ ਹਨ ਤੇ ਹੁਣ ਬਰਾਮਦ ਉਤੇ ਰੋਕ ਕਾਰਨ ਹੋਰ ਵੀ ਵਧਣਗੀਆਂ।



# ਭਾਰਤ ਤੇ ਚੀਨ ਦੇ ਫੌਜੀ ਕਮਾਂਡਰਾਂ ਦੀ ਮੀਟਿੰਗ ਬੇਸਿੱਟਾ

**ਨਵੀਂ ਦਿੱਲੀ:** ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ ਸਬੰਧੀ ਬਾਕੀ ਰਹਿੰਦੇ ਮੁੱਦਿਆਂ ਦੇ ਹੱਲ ਲਈ ਭਾਰਤ ਤੇ ਚੀਨ ਦੇ ਫੌਜੀ ਕਮਾਂਡਰਾਂ ਵਿਚਾਲੇ ਹੋਈ ਮੀਟਿੰਗ ਬੇਨਤੀਜਾ ਰਹੀ। ਜ਼ਿਕਰਯੋਗ ਹੈ ਕਿ ਅਪਰੈਲ 2020 ਤੋਂ ਦੋਹਾਂ ਦੇਸ਼ਾਂ ਵਿਚਾਲੇ ਚੱਲ ਰਹੇ ਤਣਾਅ ਕਾਰਨ ਅਸਲ ਕੰਟਰੋਲ ਰੇਖਾ 'ਤੇ ਦੋਵੇਂ ਪਾਸੇ ਵੱਡੀ ਗਿਣਤੀ ਜਵਾਨਾਂ, ਟੈਂਕਾਂ ਅਤੇ ਮਿਜ਼ਾਈਲਾਂ ਆਦਿ ਦੀ ਤਾਇਨਾਤੀ ਕੀਤੀ ਹੋਈ ਹੈ।

ਹੁਣ ਤੱਕ ਦੀ ਗੱਲਬਾਤ ਤੋਂ ਬਾਅਦ ਵੀ ਅਸਲ ਕੰਟਰੋਲ ਰੇਖਾ 'ਤੇ ਅਪਰੈਲ 2020 ਤੋਂ ਪਹਿਲਾਂ ਵਾਲੀ ਸਥਿਤੀ ਬਹਾਲੀ ਦੇ ਕੋਈ ਸੰਕੇਤ ਨਹੀਂ ਹਨ। ਇਹ ਗੱਲਬਾਤ ਦਾ 15ਵਾਂ ਗੇੜ ਸੀ। ਦੋਹਾਂ ਧਿਰਾਂ ਨੇ ਪੱਛਮੀ ਖੇਤਰ ਵਿਚ ਅਸਲ ਕੰਟਰੋਲ ਰੇਖਾ ਦੇ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ 12 ਜਨਵਰੀ ਨੂੰ ਹੋਏ ਗੱਲਬਾਤ ਦੇ ਪਿਛਲੇ ਗੇੜ ਤੋਂ ਗੱਲ ਅੱਗੇ ਤੋਰੀ। ਬਿਆਨ ਵਿਚ ਦੱਸਿਆ ਗਿਆ, "ਇਸ ਦੌਰਾਨ ਬਾਕੀ ਰਹਿੰਦੇ ਮੁੱਦਿਆਂ ਦਾ ਜਲਦੀ ਤੋਂ ਜਲਦੀ ਫੌਜੀ ਤੇ ਕੂਟਨੀਤਕ ਗੱਲਬਾਤ ਰਾਹੀਂ ਹੱਲ ਕੱਢਣ ਦੀ ਹਾਮੀ ਭਰੀ ਗਈ ਜੋ ਕਿ ਦੋਵੇਂ ਦੇਸ਼ਾਂ ਨੂੰ ਮਨਜ਼ੂਰ ਹੋਵੇ। ਇਸ ਤੋਂ ਸੰਕੇਤ ਮਿਲਦੇ ਹਨ ਕਿ ਅਜੇ ਗੱਲਬਾਤ ਦੇ ਹੋਰ ਗੇੜਾਂ ਦੀ ਲੋੜ ਹੈ।" ਬਿਆਨ ਵਿਚ ਕਿਹਾ ਗਿਆ, "ਫੌਜੀ ਕਮਾਂਡਰਾਂ ਨੇ ਦੁਹਰਾਇਆ ਕਿ ਅਜਿਹੇ ਹੱਲ ਨਾਲ ਪੱਛਮੀ ਖੇਤਰ ਵਿਚ ਅਮਨ-ਸ਼ਾਂਤੀ ਬਹਾਲ ਕਰਨ ਅਤੇ ਦੁਵੱਲੇ ਸਬੰਧਾਂ ਵਿਚ ਵਾਧਾ ਕਰਨ 'ਚ ਮਦਦ ਮਿਲੇਗੀ।" ਇਹ ਮੀਟਿੰਗ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ 'ਤੇ ਭਾਰਤ-ਮੋਲਡੋ ਪੁਆਇੰਟ ਵਿਖੇ ਭਾਰਤ ਵਾਲੇ ਪਾਸੇ ਚੁਸ਼ੁਲ ਵਿਚ ਸ਼ੁਰੂ ਹੋਈ ਸੀ ਜੋ ਕਿ ਕਰੀਬ 13 ਘੰਟੇ ਚੱਲੀ। ਇਸ ਦੌਰਾਨ ਭਾਰਤ ਵੱਲੋਂ ਬਾਕੀ ਰਹਿੰਦੇ ਟਕਰਾਅ ਵਾਲੇ ਪੁਆਇੰਟਾਂ ਤੋਂ ਜਵਾਨਾਂ ਨੂੰ ਪਿੱਛੇ ਹਟਾਉਣ ਅਤੇ ਬਾਕੀ ਰਹਿੰਦੇ ਮੁੱਦਿਆਂ ਦਾ ਜਲਦੀ ਤੋਂ ਜਲਦੀ ਹੱਲ ਕਰਨ ਦੀ ਲੋੜ 'ਤੇ ਜੋਰ ਦਿੱਤਾ ਗਿਆ। ਦੋਵੇਂ ਮੁਲਕਾਂ ਦੇ ਫੌਜੀ ਕਮਾਂਡਰਾਂ ਵੱਲੋਂ ਪੈਟਰੋਲਿੰਗ ਪੁਆਇੰਟ ਪੀਪੀ-15 ਜਿਸ ਨੂੰ ਹੌਟ ਸਪਰਿੰਗਜ਼ ਵਜੋਂ ਵੀ ਜਾਣਿਆ ਜਾਂਦਾ ਹੈ, ਤੋਂ ਸੈਨਿਕ ਹਟਾਉਣ ਬਾਰੇ ਚਰਚਾ ਕੀਤੀ ਗਈ।



# ਆਮ ਆਦਮੀ ਪਾਰਟੀ ਦਾ ਫਰਸ਼ ਤੋਂ ਅਰਸ਼ ਤੱਕ ਦਾ ਸਫਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੇ ਸਿਆਸੀ ਇਤਿਹਾਸ ਵਿਚ ਤੀਜੀ ਧਿਰ ਵਜੋਂ ਉਭਰ ਕੇ ਸੱਤਾ 'ਤੇ ਕਾਬਜ਼ ਹੋਣ ਦਾ ਇਤਿਹਾਸ ਸਿਰਜਿਆ ਹੈ। ਹੁਣ ਤੱਕ ਸੂਬੇ ਦੀ ਸਿਆਸੀ ਵਾਗਡੋਰ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਹੀ ਹੱਥ ਰਹੀ ਹੈ। ਸਾਲ 2017 'ਚ ਮੁੱਖ ਵਿਰੋਧੀ ਧਿਰ ਵਜੋਂ ਉੱਭਰਨ ਤੋਂ ਬਾਅਦ ਵੱਡੀਆਂ ਚੁਣੌਤੀਆਂ ਨਾਲ ਜੂਝਦੇ ਹੋਏ ਆਮ ਆਦਮੀ ਪਾਰਟੀ (ਆਪ) ਇਸ ਵਾਰ ਰਵਾਇਤੀ ਪਾਰਟੀਆਂ ਨੂੰ ਹਰਾਉਣ 'ਚ ਕਾਮਯਾਬ ਹੋ ਸਕੀ ਹੈ।




ਆਮ ਆਦਮੀ ਪਾਰਟੀ ਨੇ ਸਾਲ 2014 'ਚ ਲੋਕ ਸਭਾ ਚੋਣਾਂ ਰਾਹੀਂ ਪੰਜਾਬ ਦੀ ਸਿਆਸਤ 'ਚ ਪੈਰ ਰੱਖਿਆ ਤੇ 4 ਸੀਟਾਂ ਜਿੱਤੀਆਂ। ਇਨ੍ਹਾਂ ਚੋਣਾਂ 'ਚ ਸੰਗਰੂਰ ਤੋਂ ਭਗਵੰਤ ਮਾਨ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਫਤਿਹਗੜ੍ਹ ਸਾਹਿਬ ਤੋਂ ਹਰਿੰਦਰ ਸਿੰਘ ਖਾਲਸਾ ਅਤੇ ਫਰੀਦਕੋਟ ਤੋਂ ਸਾਧੂ ਸਿੰਘ ਨੇ ਚੋਣ ਜਿੱਤੀ ਸੀ। ਇਸ ਦੌਰਾਨ ਪਾਰਟੀ ਵਿਚ ਸ਼ੁਰੂ ਹੋਏ ਅੰਦਰੂਨੀ ਕਸ਼ਮਕਸ਼ ਦੇ ਚਲਦਿਆਂ ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਪਾਰਟੀ ਨੂੰ ਅਲਵਿਦਾ ਆਖ ਗਏ। ਸਾਲ 2017 ਦੀਆਂ ਵਿਧਾਨ ਸਭਾ ਲਈ ਚੋਣਾਂ ਦੌਰਾਨ 'ਆਪ' ਨੇ ਲੋਕ ਇਨਸਾਫ ਪਾਰਟੀ ਨਾਲ ਗੱਠਜੋੜ ਕਰਦਿਆਂ ਜ਼ੋਰ-ਸ਼ੋਰ ਨਾਲ ਹਿੱਸਾ ਲਿਆ। ਇਨ੍ਹਾਂ ਚੋਣਾਂ ਦੌਰਾਨ 'ਆਪ' ਨੇ 112 ਅਤੇ ਲੋਕ ਇਨਸਾਫ ਪਾਰਟੀ ਨੇ 5 ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਸੀ। 'ਆਪ' ਦੇ 20 ਅਤੇ ਲੋਕ ਇਨਸਾਫ ਪਾਰਟੀ ਦੇ 2 ਉਮੀਦਵਾਰ ਜਿੱਤ ਹਾਸਲ ਕਰ ਸਕੇ ਸੀ। ਇਸ ਤਰ੍ਹਾਂ 'ਆਪ' ਗੱਠਜੋੜ 22 ਉਮੀਦਵਾਰਾਂ ਨਾਲ ਮੁੱਖ ਵਿਰੋਧੀ ਧਿਰ ਵਜੋਂ ਉੱਭਰੀ ਸੀ। ਵਿਧਾਨ ਸਭਾ ਹਲਕਾ ਭੁਲੱਥ ਤੋਂ ਜੇਤੂ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦੇ ਨੇਤਾ ਬਣਾਇਆ ਗਿਆ। ਕੁਝ ਸਮਾਂ ਬਾਅਦ 'ਆਪ' ਵਿੱਚ ਅੰਦਰੂਨੀ ਕਸ਼ਮਕਸ਼ ਸ਼ੁਰੂ ਹੋਣ ਲੱਗ ਪਈ ਤੇ ਖਹਿਰਾ ਦੀ ਥਾਂ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਆਗੂ ਚੁਣਿਆ ਗਿਆ।

ਇਸ ਤੋਂ ਖਫਾ ਹੋ ਕੇ ਖਹਿਰਾ ਨੇ 'ਆਪ' ਨਾਲੋਂ ਵੱਖ ਹੋ ਕੇ ਜਨਵਰੀ 2019 'ਚ 'ਪੰਜਾਬ ਏਕਤਾ ਪਾਰਟੀ' ਬਣਾਈ ਸੀ। ਇਸੇ ਤਰ੍ਹਾਂ ਲੋਕ ਇਨਸਾਫ ਪਾਰਟੀ ਦੇ ਦੋ ਵਿਧਾਇਕਾਂ ਨੇ 'ਆਪ' ਤੋਂ ਹਮਾਇਤ ਵਾਪਸ ਲੈ ਲਈ ਅਤੇ ਕਈ ਵਿਧਾਇਕ 'ਆਪ' ਨੂੰ ਅਲਵਿਦਾ ਕਹਿ ਗਏ। ਸਾਲ 2017 ਵਿਚ 'ਆਪ' ਸੂਬੇ ਦੀਆਂ ਜ਼ਿਮਨੀ ਚੋਣਾਂ, ਨਗਰ ਨਿਗਮ, ਬਲਾਕ ਸਮਿਤੀ ਅਤੇ ਪੰਚਾਇਤੀ ਚੋਣਾਂ 'ਚ ਕੋਈ ਜ਼ਿਕਰਯੋਗ ਕਾਰਗੁਜ਼ਾਰੀ ਨਾ ਦਿਖਾ ਸਕੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਨੇ ਪੰਜਾਬ ਦੀਆਂ ਸਾਰੀਆਂ 13 ਸੰਸਦੀ ਸੀਟਾਂ ਤੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ, ਪਰ ਸਿਰਫ ਸੰਗਰੂਰ ਲੋਕ ਸਭਾ ਹਲਕੇ ਤੋਂ ਭਗਵੰਤ ਮਾਨ ਹੀ ਸੀਟ ਬਚਾ ਸਕੇ।

ਸਾਲ 2022 ਦੀਆਂ ਚੋਣਾਂ ਲਈ 'ਆਪ' ਮੁੱਖ ਮੰਤਰੀ ਚਿਹਰੇ ਦੀ ਭਾਲ 'ਚ ਹੋਰਨਾਂ ਸਿਆਸੀ ਪਾਰਟੀਆਂ 'ਤੇ ਟੇਕ ਰੱਖੀ ਬੈਠੀ ਰਹੀ। ਉਸੇ ਕਰਕੇ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਵੀ ਲੰਬਾ ਸਮਾਂ ਪਾਰਟੀ ਤੋਂ ਨਾਰਾਜ਼ ਹੋ ਕੇ ਪਾਰਟੀ ਦੀਆਂ ਗਤੀਵਿਧੀਆਂ ਤੋਂ ਪਾਸੇ ਰਹੇ। ਅਖੀਰ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਵੋਟਿੰਗ ਸਰਵੇ ਕਰਵਾ ਕੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ। ਉਸੇ ਦੇ ਚਲਦਿਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਪਾਰਟੀਆਂ ਨੂੰ ਖੂੰਜੇ ਲਗਾ ਕੇ 'ਆਪ' 92 ਸੀਟਾਂ ਨਾਲ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਜਾ ਰਹੀ ਹੈ।

### ਪੰਜਾਬ ਵਿਚੋਂ 'ਆਪ' ਦੇ 7 ਮੈਂਬਰ ਰਾਜ ਸਭਾ ਵਿਚ ਜਾਣਗੇ...

**ਮਾਨਸਾ:** ਸ਼੍ਰੋਮਣੀ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ 'ਚ ਮਿਲੀ ਕਰਾਰੀ ਹਾਰ ਦੇ ਨਾਲ-ਨਾਲ ਹੁਣ ਰਾਜ ਸਭਾ ਵਿਚੋਂ ਵੀ ਪਾਰਟੀ ਦੇ ਤਿੰਨ ਮੈਂਬਰਾਂ ਦੀ ਮਿਆਦ ਅਪਰੈਲ ਤੇ ਜੁਲਾਈ ਵਿਚ ਖਤਮ ਹੋਣ ਜਾ ਰਹੀ ਹੈ। ਇਨ੍ਹਾਂ ਦੇ ਮੁੜ ਚੁਣੇ ਜਾਣ ਦੀ ਵੀ ਕੋਈ ਆਸ ਨਹੀਂ। ਇਹੀ ਹਾਲ ਕਾਂਗਰਸ ਪਾਰਟੀ ਦਾ ਹੈ, ਕਾਂਗਰਸ ਦੇ ਤਿੰਨ ਮੈਂਬਰਾਂ ਤੇ ਭਾਜਪਾ ਦੇ ਇਕ ਮੈਂਬਰ ਦੀ ਮਿਆਦ ਵੀ ਪੁੱਗਣ ਵਾਲੀ ਹੈ। ਸੂਬੇ ਵਿਚ ਅੱਜ ਤੱਕ ਸਭ ਤੋਂ ਵੱਧ ਸੀਟਾਂ ਜਿੱਤਣ ਵਾਲੀ 'ਆਪ' ਨੂੰ ਹੁਣ ਰਾਜ ਸਭਾ ਵਿਚ ਵੀ ਵੱਡੀ ਤਾਕਤ ਮਿਲਣ ਦੀ ਆਸ ਬੱਝੀ ਹੈ। ਬਹੁਮਤ ਮੁਤਾਬਕ ਇਸ ਵੇਲੇ 'ਆਪ' ਇਨ੍ਹਾਂ ਸਾਰੀਆਂ ਸੀਟਾਂ 'ਤੇ ਚੋਣ ਜਿੱਤਣ ਦੀ ਗੁੰਜਾਇਸ਼ ਰੱਖਦੀ ਹੈ, ਜਦਕਿ ਇਸ ਵੇਲੇ ਵਿਧਾਨ ਸਭਾ ਵਿਚ ਕਾਂਗਰਸ ਕੋਲ 18, ਸ਼੍ਰੋਮਣੀ ਅਕਾਲੀ ਦਲ ਕੋਲ ਤਿੰਨ, ਭਾਜਪਾ ਕੋਲ ਦੋ ਤੇ ਬਸਪਾ ਕੋਲ ਸਿਰਫ ਇਕ ਮੈਂਬਰ ਹੈ।

# ਵੀਹ ਸਾਲ ਮਗਰੋਂ ਕੈਪਟਨ ਦੀ ਸਰਦਾਰੀ ਖੁੱਸੀ

**ਪਟਿਆਲਾ:** ਪਟਿਆਲਾ ਸ਼ਹਿਰੀ ਹਲਕੇ ਵਿਚ ਮਜ਼ਬੂਤ ਆਧਾਰ ਰੱਖਣ ਵਾਲੇ ਅਤੇ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਸ਼ਾਹੀ ਘਰਾਣੇ ਨਾਲ ਸਬੰਧਤ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਪਾਰਟੀ ਖਾਤਾ ਵੀ ਨਾ ਖੋਲ੍ਹ ਸਕੀ। ਪਟਿਆਲਾ 'ਤੇ ਲਗਾਤਾਰ 20 ਸਾਲਾਂ ਤੋਂ ਕਾਬਜ਼ ਕੈਪਟਨ ਅਮਰਿੰਦਰ ਸਿੰਘ ਨੂੰ ਆਮ ਆਦਮੀ ਪਾਰਟੀ ਦੇ ਅਜੀਤਪਾਲ ਸਿੰਘ ਕੋਹਲੀ ਨੇ 19,873 ਵੋਟਾਂ ਦੇ ਫਰਕ ਨਾਲ ਹਰਾਇਆ। ਕੋਹਲੀ ਪਰਿਵਾਰ ਦੇ ਘਰ ਢਾਈ ਦਹਾਕਿਆਂ ਮਗਰੋਂ ਜਿੱਤ ਦੇ ਜਸ਼ਨ ਮਨਾਏ ਗਏ ਹਨ। ਕੋਹਲੀ ਪਰਿਵਾਰ ਨੂੰ ਆਖਰੀ ਵਾਰ ਇਸ ਹਲਕੇ ਤੋਂ 1997 'ਚ ਜਿੱਤ ਹਾਸਲ ਹੋਈ ਸੀ, ਜਿਸ ਦੌਰਾਨ ਸੁਰਜੀਤ ਸਿੰਘ ਕੋਹਲੀ ਜਿੱਤਣ ਮਗਰੋਂ ਵਜ਼ੀਰ ਬਣੇ ਸਨ। ਇਸ ਮਗਰੋਂ ਭਾਵੇਂ ਉਨ੍ਹਾਂ ਨੇ ਚੋਣਾਂ ਲੜੀਆਂ ਪਰ ਮੁੜ ਵਿਧਾਨ ਸਭਾ ਦੀਆਂ ਪੌੜੀਆਂ ਨਾ ਚੜ੍ਹ ਸਕੇ। ਉਹ ਲਗਾਤਾਰ ਕੈਪਟਨ ਅਮਰਿੰਦਰ ਸਿੰਘ ਕੋਲੋਂ ਹੀ ਹਾਰਦੇ ਰਹੇ ਪਰ ਐਤਕੀਂ ਅਜੀਤਪਾਲ ਕੋਹਲੀ ਨੇ ਕੈਪਟਨ ਨੂੰ ਹਰਾ ਕੇ ਵਿਧਾਇਕੀ ਮੁੜ ਕੋਹਲੀ ਪਰਿਵਾਰ ਦੇ ਦਰਾਂ 'ਤੇ ਲਿਆ ਕੇ ਖੜ੍ਹੀ ਕਰ ਦਿੱਤੀ। ਉਂਜ 2002 ਤੋਂ 2017 ਤੱਕ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸੀ ਉਮੀਦਵਾਰ ਵਜੋਂ ਹਰ ਵਾਰ ਇਥੋਂ ਚੋਣ ਲੜੀ, ਜਿਸ ਦੌਰਾਨ ਉਹ ਹਜ਼ਾਰਾਂ ਵੋਟਾਂ ਦੀ ਲੀਡ ਨਾਲ ਜਿੱਤਦੇ ਰਹੇ। ਮੁੱਖ ਮੰਤਰੀ ਹੋਣ ਦੇ ਬਾਵਜੂਦ ਹਲਕੇ ਦੀ ਸਾਰ ਨਾ ਲੈਣ ਕਾਰਨ ਇਸ ਵਾਰ ਪਟਿਆਲਾ ਵਾਸੀ ਅਮਰਿੰਦਰ ਸਿੰਘ



ਕੋਲੋਂ ਖਫਾ ਸਨ, ਉਪਰੋਂ ਉਨ੍ਹਾਂ ਕਾਂਗਰਸ ਨਾਲੋਂ ਵੱਖ ਹੋ ਕੇ ਵੱਖਰੀ ਪਾਰਟੀ ਬਣਾ ਲਈ ਸੀ, ਜਿਸ ਕਾਰਨ ਲੋਕਾਂ ਨੇ ਐਤਕੀਂ ਕੈਪਟਨ ਖਿਲਾਫ਼ ਭੁਗਤ ਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਹੈ। ਭਾਜਪਾ ਦੀ ਰਣਨੀਤੀ ਵੀ ਨਾਕਾਮ: ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ 70 ਤੋਂ ਵੱਧ ਉਮੀਦਵਾਰ ਖੜ੍ਹਾਏ ਸਨ, ਪਰ ਪਾਰਟੀ ਨੂੰ ਸਿਰਫ ਦੋ ਸੀਟਾਂ 'ਤੇ ਜਿੱਤ ਹਾਸਲ ਹੋ ਸਕੀ ਹੈ। ਪੰਜ ਸਾਲ ਪਹਿਲਾਂ ਅਕਾਲੀ ਦਲ ਨਾਲ ਭਾਈਵਾਲੀ ਦੌਰਾਨ ਭਾਜਪਾ ਨੇ ਤਿੰਨ ਸੀਟਾਂ ਜਿੱਤੀਆਂ ਸਨ। ਭਾਜਪਾ ਨੇ ਸੂਬੇ ਵਿਚ ਪੈਰ ਲਾਉਣ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਦਲ ਨਾਲ ਵੀ ਸਾਂਝ ਪਾਈ। ਮੋਦੀ ਸਰਕਾਰ ਦੇ ਚਾਰ ਮੰਤਰੀ ਪੰਜਾਬ ਵਿਚ ਤਾਇਨਾਤ ਕੀਤੇ। ਪ੍ਰਧਾਨ ਮੰਤਰੀ ਨੇ ਖੁਦ ਪਠਾਨਕੋਟ, ਜਲੰਧਰ ਤੇ ਅਬੋਹਰ ਵਿਚ ਵੱਡੀਆਂ ਰੈਲੀਆਂ ਕੀਤੀਆਂ। ਇਸੇ ਤਰ੍ਹਾਂ ਕੇਂਦਰੀ ਮੰਤਰੀ ਅਮਿਤ ਸ਼ਾਹ, ਪਾਰਟੀ ਪ੍ਰਧਾਨ ਜੇਪੀ ਨੱਡਾ, ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਵੀ ਰੈਲੀਆਂ ਕਰਕੇ ਚੋਣ ਮੈਦਾਨ ਭਖਾਉਣ ਦੇ ਯਤਨ ਕੀਤੇ ਪਰ ਚੋਣ ਨਤੀਜੇ ਭਾਜਪਾ ਦੀਆਂ ਇਛਾਵਾਂ ਦੇ ਉਲਟ ਨਿਕਲੇ।

### ਭਾਜਪਾ ਦੀ ਭੂਮਿਕਾ ਹੁਣ ਚੌਕੀਦਾਰ ਵਾਲੀ: ਅਸ਼ਵਨੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ 'ਚ ਲੋਕਾਂ ਵੱਲੋਂ ਭਾਜਪਾ ਨੂੰ ਦਿੱਤੇ ਫਤਵੇ ਨੂੰ ਸਵੀਕਾਰ ਕਰਦਿਆਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਲੋਕਤੰਤਰ ਅਤੇ ਰਾਜਨੀਤੀ ਵਿਚ ਕੁਝ ਵੀ ਹੋ ਸਕਦਾ ਹੈ ਅਤੇ ਇਹੀ ਇਸ ਦੀ ਖ਼ੂਬਸੂਰਤੀ ਹੈ। ਲੋਕਤੰਤਰ ਵਿਚ ਅਸੀਂ ਲੋਕਾਂ ਦੇ ਫੈਸਲੇ ਨੂੰ ਸਿਰ ਝੁਕਾ ਕੇ ਸਵੀਕਾਰ ਕਰਦੇ ਹਾਂ। ਉਨ੍ਹਾਂ ਕਿਹਾ ਕਿ ਭਾਜਪਾ ਦੀ ਭੂਮਿਕਾ ਹੁਣ ਚੌਕੀਦਾਰ ਅਤੇ ਲੋਕਾਂ ਨੂੰ ਜਾਗਰੂਕ ਕਰਨ ਵਾਲੀ ਹੋਵੇਗੀ। ਭਾਰਤੀ ਜਨਤਾ ਪਾਰਟੀ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨੂੰ ਦਿੱਤੀਆਂ ਗਈਆਂ ਗਰੰਟੀਆਂ 'ਤੇ ਨਜ਼ਰ ਰੱਖੇਗੀ ਅਤੇ ਆਪਣੀ ਭੂਮਿਕਾ ਚੰਗੀ ਤਰ੍ਹਾਂ ਨਿਭਾਏਗੀ।

# ਹੁਣ 'ਆਪ' ਵੱਲ ਉਡਾਰੀ ਮਾਰਨ ਲੱਗੇ ਕਾਂਗਰਸੀ ਕੌਂਸਲਰ

**ਅੰਮ੍ਰਿਤਸਰ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਚੱਲੀ ਹਨੇਰੀ ਦਾ ਅਸਰ ਸੂਬੇ ਦੀਆਂ ਨਗਰ ਨਿਗਮਾਂ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਅੰਮ੍ਰਿਤਸਰ ਵਿਚ ਕਾਂਗਰਸ ਦੇ ਕੌਂਸਲਰਾਂ ਵੱਲੋਂ 'ਝਾੜੂ' ਫੜ ਲੈਣ ਤੋਂ ਬਾਅਦ ਜਲੰਧਰ ਦੇ ਕਾਂਗਰਸੀ ਕੌਂਸਲਰ ਵੀ 'ਆਪ' ਦਾ ਪੱਲਾ ਫੜਨ ਦੀਆਂ ਤਿਆਰੀਆਂ ਕਰ ਰਹੇ ਹਨ।

ਜਲੰਧਰ ਸ਼ਹਿਰ ਦੀਆਂ ਚਾਰ ਵਿਧਾਨ ਸਭਾ ਸੀਟਾਂ ਵਿਚੋਂ ਦੋ ਉਤੇ ਹੁਣ 'ਆਪ' ਕਾਬਜ਼ ਹੈ। ਨੇੜਲੇ ਭਵਿੱਖ ਵਿਚ ਨਗਰ ਨਿਗਮ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਜਲੰਧਰ ਦੇ 80 ਵਾਰਡਾਂ ਵਿਚ ਬਹੁਤਿਆਂ ਉਤੇ 'ਆਪ' ਦਾ ਦਬਦਬਾ ਹੈ, ਜਿਸ ਦੇ ਮੱਦੇਨਜ਼ਰ ਕਾਂਗਰਸੀ ਕੌਂਸਲਰ ਹੁਣ ਤੋਂ ਹੀ ਆਮ ਆਦਮੀ ਪਾਰਟੀ ਵਿਚ ਜਾਣ ਦੀਆਂ ਤਿਆਰੀਆਂ ਵਿਚ ਜੁਟ ਗਏ ਹਨ। ਜਲੰਧਰ ਵਿਚ ਕਈ ਕਾਂਗਰਸੀ ਕੌਂਸਲਰਾਂ ਵੱਲੋਂ ਖੁੱਲ੍ਹ ਕੇ ਕਾਂਗਰਸੀ ਉਮੀਦਵਾਰਾਂ ਦਾ ਵਿਰੋਧ ਕਰਨ ਦੇ ਬਾਵਜੂਦ ਪਾਰਟੀ ਇਹ ਹਿੰਮਤ ਨਹੀਂ ਦਿਖਾ ਰਹੀ ਕਿ ਉਹ ਆਪਣੇ ਕੌਂਸਲਰਾਂ ਵਿਰੁੱਧ ਕੋਈ ਕਾਰਵਾਈ ਕਰੇ।

ਜ਼ਿਕਰਯੋਗ ਹੈ ਕਿ ਪਾਰਟੀ ਦੇ ਮੇਅਰ ਜਗਦੀਸ਼ ਰਾਜਾ ਸਮੇਤ ਕਈ ਕਾਂਗਰਸੀ ਕੌਂਸਲਰਾਂ ਨੇ ਖੁੱਲ੍ਹ ਕੇ 'ਆਪ' ਉਮੀਦਵਾਰਾਂ ਦੀ ਮਦਦ ਕੀਤੀ ਸੀ। ਦੱਸਣਯੋਗ ਹੈ ਕਿ ਨਗਰ ਨਿਗਮ ਦਾ ਕਾਰਜਕਾਲ ਇਸੇ ਸਾਲ ਦਸੰਬਰ ਮਹੀਨੇ ਵਿਚ ਖਤਮ ਹੋ ਰਿਹਾ ਹੈ। ਕਾਂਗਰਸ ਦੀ ਵਿਧਾਨ ਸਭਾ ਚੋਣਾਂ ਵਿਚ ਹੋਈ ਪਤਲੀ ਹਾਲਤ ਨੂੰ ਦੇਖਦਿਆਂ ਕਈ ਕੌਂਸਲਰਾਂ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਨਾਲ ਨਜ਼ਦੀਕੀਆਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਸੰਭਾਵਨਾਵਾਂ ਲੱਗ ਰਹੀਆਂ ਹਨ ਕਿ 'ਆਪ' ਆਪਣੀ ਚੜ੍ਹਤ ਦਾ ਸਿਆਸੀ ਲਾਹਾ ਲੈਣ ਲਈ ਨਿਗਮ ਦੀਆਂ ਚੋਣਾਂ ਸਮੇਂ ਤੋਂ ਪਹਿਲਾਂ ਅਗਸਤ-ਸਤੰਬਰ ਵਿਚ ਵੀ ਕਰਵਾ ਸਕਦੀ ਹੈ।

## ਪੰਜਾਬ ਫਤਿਹ ਤੋਂ ਬਾਅਦ ਦੱਖਣੀ ਸੂਬਿਆਂ ਵੱਲ ਰੁਖ ਕਰੇਗੀ 'ਆਪ'

**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮਿਲੀ ਵੱਡੀ ਜਿੱਤ ਨੂੰ ਰਫਤਾਰ ਦੇਣ ਲਈ ਆਮ ਆਦਮੀ ਪਾਰਟੀ ਨੇ ਦੱਖਣੀ ਸੂਬਿਆਂ ਵਿਚ ਵੱਡੇ ਪੱਧਰ 'ਤੇ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਪਾਰਟੀ ਦੇ ਸੀਨੀਅਰ ਆਗੂ ਸੋਮਨਾਥ ਭਾਰਤੀ ਨੇ ਕਿਹਾ ਕਿ 'ਆਪ' ਤਿਲੰਗਾਨਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲ, ਪੁੱਡੂਚੇਰੀ, ਅੰਡੇਮਾਨ-ਨਿਕੋਬਾਰ ਦੀਪ ਸਮੂਹ ਅਤੇ ਲਕਸ਼ਦੀਪ ਵਿਚ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਮਿਲੀ ਧਮਾਕੇਦਾਰ ਜਿੱਤ ਤੋਂ ਬਾਅਦ ਦੱਖਣੀ ਰਾਜਾਂ ਦੇ ਲੋਕਾਂ ਨੇ ਸਾਡੀ ਪਾਰਟੀ ਪ੍ਰਤੀ ਰੁਚੀ ਦਿਖਾਈ ਹੈ। ਸਾਨੂੰ ਦੱਖਣੀ ਭਾਰਤ ਤੋਂ ਬੇਮਿਸਾਲ ਪ੍ਰਤੀਕ੍ਰਿਆ ਮਿਲੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਰੁਖ ਨੂੰ ਦੇਖਦੇ ਹੋਏ ਅਤੇ ਦੱਖਣੀ ਸੂਬਿਆਂ ਵਿਚ ਸਾਡੀ ਟੀਮ ਨੂੰ ਮਿਲ ਰਹੀ ਪ੍ਰਤੀਕ੍ਰਿਆ 'ਤੇ ਗੌਰ ਕਰਦੇ ਹੋਏ ਅਸੀਂ ਪੂਰੇ ਖੇਤਰ ਵਿਚ ਮੈਂਬਰਸ਼ਿਪ ਮੁਹਿੰਮ ਚਲਾਉਣ ਦਾ ਫੈਸਲਾ ਲਿਆ ਹੈ। ਭਾਰਤੀ ਨੇ ਕਿਹਾ ਕਿ ਮੈਂਬਰਸ਼ਿਪ ਮੁਹਿੰਮ ਪਾਰਟੀ ਦੀਆਂ ਸਥਾਨਕ ਟੀਮਾਂ ਵੱਲੋਂ ਅੱਗੇ ਵਧਾਈ ਜਾਵੇਗੀ। ਉਨ੍ਹਾਂ ਕਿਹਾ, "ਮੈਂ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਜਿਹੜੇ ਲੋਕ ਭਾਰਤ ਦੀ ਸਿਆਸਤ ਵਿਚ ਬਦਲਾਅ ਚਾਹੁੰਦੇ ਹਨ ਉਹ 'ਆਪ' ਨਾਲ ਜੁੜਨ ਅਤੇ ਕ੍ਰਾਂਤੀ ਦਾ ਹਿੱਸਾ ਬਣਨ।" ਉਨ੍ਹਾਂ ਕਿਹਾ, "ਪਾਰਟੀ ਨੇ ਦੱਖਣੀ ਸੂਬਿਆਂ ਵਿਚ ਪੜਾਅਵਾਰ ਢੰਗ ਨਾਲ ਪੈਦਲ ਯਾਤਰਾ ਕੱਢਣ ਦਾ ਫੈਸਲਾ ਵੀ ਲਿਆ ਹੈ। 14 ਅਪਰੈਲ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਜੈਅੰਤੀ ਮੌਕੇ ਪਹਿਲੀ ਪੈਦਲ ਯਾਤਰਾ ਤਿਲੰਗਾਨਾ ਤੋਂ ਸ਼ੁਰੂ ਹੋਵੇਗੀ।"

# ਭਗਵੰਤ ਮਾਨ ਦਾ ਕਾਮੇਡੀਅਨ ਤੋਂ ਮੁੱਖ ਮੰਤਰੀ ਤੱਕ ਦਾ ਸਫਰ

**ਸੰਗਰੂਰ:** ਜ਼ਿਲ੍ਹਾ ਸੰਗਰੂਰ ਦੇ ਪਿੰਡ ਸਤੌਜ ਦੇ ਇਕ ਕਿਸਾਨ ਪਰਿਵਾਰ 'ਚ ਜੰਮੇ ਭਗਵੰਤ ਮਾਨ ਆਪਣੀ ਮਿਹਨਤ ਸਦਕਾ ਇਕ ਸਫਲ ਕਲਾਕਾਰ ਵਜੋਂ ਕਾਮੇਡੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਮਗਰੋਂ ਸਿਆਸੀ ਖੇਤਰ ਵਿਚ ਵੀ ਆਪਣੀ ਕਾਬਲੀਅਤ ਦੇ ਦਮ 'ਤੇ ਮੁੱਖ ਮੰਤਰੀ ਦੇ ਅਹੁਦੇ ਤੱਕ ਜਾ ਪੁੱਜੇ ਹਨ। ਭਗਵੰਤ ਮਾਨ ਨੇ ਸਕੂਲੀ ਪੜ੍ਹਾਈ ਮਗਰੋਂ ਜਦੋਂ ਸ਼ਹੀਦ ਊਧਮ ਕਾਲਜ ਸੁਨਾਮ ਵਿਚ ਦਾਖਲਾ ਲਿਆ ਤਾਂ ਕਾਲਜ ਦੀਆਂ ਸਟੇਜਾਂ ਤੋਂ ਮੋਨੋਐਕਟਿੰਗ ਸ਼ੁਰੂ ਕੀਤੀ ਅਤੇ ਸਾਥੀ ਕਲਾਕਾਰ ਕਰਮਜੀਤ ਅਨਮੋਲ ਨਾਲ ਕਾਮੇਡੀ ਦੇ ਖੇਤਰ ਵਿਚ ਝੰਡੇ ਬੁਲੰਦ ਕੀਤੇ।

ਕਾਲਜ ਅਤੇ ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆਂ 'ਚ ਭਗਵੰਤ ਮਾਨ ਨੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਫਿਰ ਭਗਵੰਤ ਮਾਨ ਨੇ "ਗੋਭੀ ਦੀਏ ਕੱਚੀਏ ਵਪਾਰਨੇ" ਕਾਮੇਡੀ ਕੈਸਿਟ ਨਾਲ ਕਾਮੇਡੀ ਖੇਤਰ 'ਚ ਹੋਰ ਪੁਲਾਂਘ ਪੁੱਟੀ। ਭਗਵੰਤ ਮਾਨ ਦੀ ਕਾਮੇਡੀ ਸਮਾਜਿਕ ਮੁੱਦਿਆਂ 'ਤੇ ਹੀ ਆਧਾਰਿਤ ਰਹੀ। ਇਸ ਮਗਰੋਂ ਭਗਵੰਤ ਮਾਨ ਨੇ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਰਾਹੀਂ ਸਿਆਸੀ ਖੇਤਰ 'ਚ ਕਦਮ ਰੱਖਿਆ।



ਸੰਨ 2012 'ਚ ਭਗਵੰਤ ਮਾਨ ਨੇ ਹਲਕਾ ਲਹਿਰਾ ਤੋਂ ਪਲੇਠੀ ਚੋਣ ਲੜੀ ਪਰ ਸਫ਼ਲ ਨਾ ਹੋਏ ਅਤੇ 26136 ਵੋਟਾਂ ਪ੍ਰਾਪਤ ਕਰਕੇ ਤੀਜੇ ਨੰਬਰ 'ਤੇ ਰਹੇ। ਇਸ ਮਗਰੋਂ ਭਗਵੰਤ ਮਾਨ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਅਤੇ ਸੰਨ 2014 'ਚ 'ਆਪ' ਉਮੀਦਵਾਰ ਵਜੋਂ ਸੰਗਰੂਰ ਲੋਕ ਸਭਾ ਚੋਣ ਲੜੀ। ਮਾਨ ਨੇ ਅਕਾਲੀ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ 2,11,721 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਕੇ ਚੋਣ ਜਿੱਤੀ।

ਸੰਨ 2017 'ਚ ਭਗਵੰਤ ਮਾਨ ਨੇ ਸੁਖਬੀਰ ਸਿੰਘ ਬਾਦਲ ਦੇ ਮੁਕਾਬਲੇ ਹਲਕਾ ਜਲਾਲਾਬਾਦ ਤੋਂ ਵਿਧਾਨ ਸਭਾ ਚੋਣ ਲੜੀ ਸੀ ਅਤੇ 56771 ਵੋਟਾਂ ਪ੍ਰਾਪਤ ਕੀਤੀਆਂ ਸੀ ਪਰ ਚੋਣ ਹਾਰ ਗਏ ਸਨ। ਸੰਨ 2019 'ਚ ਮੁੜ ਭਗਵੰਤ ਮਾਨ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੂੰ 1,10,211 ਵੋਟਾਂ ਦੇ ਫਰਕ ਨਾਲ ਹਰਾ ਕੇ ਸੰਸਦ ਮੈਂਬਰ ਚੁਣੇ ਗਏ। ਪਾਰਟੀ ਵਲੋਂ ਭਗਵੰਤ ਮਾਨ ਨੂੰ ਪੰਜਾਬ ਦੀ ਵਾਗਡੋਰ ਸੌਂਪੀ ਗਈ।

### ਜ਼ਿਲ੍ਹਾ ਸੰਗਰੂਰ ਨੇ ਪੰਜਾਬ ਨੂੰ ਦਿੱਤਾ ਤੀਸਰਾ ਮੁੱਖ ਮੰਤਰੀ

**ਸੰਗਰੂਰ:** ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜ਼ਿਲ੍ਹਾ ਸੰਗਰੂਰ ਦੇ ਵਿਧਾਨ ਸਭਾ ਹਲਕਾ ਧੂਰੀ ਤੋਂ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਜਿੱਤੇ ਹਨ। ਮੁੱਖ ਮੰਤਰੀ ਬਣਨ ਵਾਲੇ ਉਹ ਤੀਸਰੇ ਆਗੂ ਹਨ, ਜੋ ਇਸ ਜਿਲ੍ਹੇ ਨਾਲ ਸਬੰਧਤ ਹਨ। ਇਸ ਤੋਂ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ, ਜੋ ਹਲਕਾ ਬਰਨਾਲਾ (ਜੋ ਉਸ ਸਮੇਂ ਜ਼ਿਲ੍ਹਾ ਸੰਗਰੂਰ ਵਿਚ ਸ਼ਾਮਲ ਸੀ) ਤੋਂ ਚੋਣ ਜਿੱਤੇ ਸਨ ਅਤੇ ਬਾਅਦ ਵਿਚ ਲਹਿਰਾਗਾਗਾ ਤੋਂ ਕਾਂਗਰਸ ਵਿਧਾਇਕ ਬੀਬੀ ਰਜਿੰਦਰ ਕੌਰ ਭੱਠਲ ਕੁਝ ਸਮੇਂ ਲਈ ਪੰਜਾਬ ਦੇ ਮੁੱਖ ਮੰਤਰੀ ਬਣੇ।

ਪੰਜਾਬ ਟਾਈਮਜ਼

ਸਨਿਚਰਵਾਰ, 19 ਮਾਰਚ 2022

# ਸਰਕਾਰ ਅਤੇ ਸ਼ੁਰੂਆਤ

ਪੰਜਾਬ ਵਿਚ ਨਵੀਂ ਸਰਕਾਰ ਨੇ ਕਮਾਨ ਸੰਭਾਲ ਲਈ ਹੈ। ਪੰਜਾਬ ਚਿਰਾਂ ਤੋਂ ਤਬਦੀਲੀ ਲਈ ਤਾਂਘ ਰਿਹਾ ਸੀ ਅਤੇ ਸਿਆਸਤ ਦੇ ਪਿੜ ਵਿਚ ਇਹ ਤਬਦੀਲੀ ਆਮ ਆਦਮੀ ਪਾਰਟੀ ਦੀ ਜਿੱਤ ਦੇ ਰੂਪ ਵਿਚ ਸਾਹਮਣੇ ਆਈ ਹੈ। ਇਹ ਗੱਲ ਵੱਖਰੀ ਹੈ ਕਿ ਇਸ ਤਬਦੀਲੀ ਦੇ ਨਾਲ-ਨਾਲ ਆਪ-ਹੁਦਰੇਪਣ ਦਾ ਮੁਜ਼ਾਹਰਾ ਵੀ ਹੋ ਗਿਆ ਹੈ। ਪਹਿਲਾਂ ਤਾਂ ਸਹੁੰ-ਚੁੱਕ ਸਮਾਗਮ ਬਾਰੇ ਹੀ ਰੌਲਾ ਪੈ ਗਿਆ। ਇਹ ਹੁਣ ਤੱਕ ਦਾ ਸਭ ਤੋਂ ਖਰਚੀਲਾ ਸਹੁੰ-ਚੁੱਕ ਸਮਾਗਮ ਹੋ ਨਿੱਬੜਿਆ ਹੈ। ਇਸ ਨਾਲ ਸਰਕਾਰ ਉਤੇ ਪਹਿਲੇ ਦਿਨ ਹੀ ਦਿਖਾਵੇ ਦੇ ਲੜ ਲੱਗਣ ਦਾ ਇਲਜ਼ਾਮ ਚਿਪਕ ਗਿਆ ਹੈ। ਤਕਰੀਬਨ ਇਕ ਕਰੋੜ ਰੁਪਏ ਤਾਂ ਇਸ ਸਮਾਗਮ ਦੇ ਪ੍ਰਚਾਰ ਉਤੇ ਹੀ ਖਰਚ ਦਿੱਤੇ ਗਏ ਹਨ। ਉਧਰ, ਨਵੇਂ ਚੁਣੇ ਵਿਧਾਇਕਾਂ ਨੇ ਅਜੇ ਸਹੁੰ ਵੀ ਨਹੀਂ ਸੀ ਚੁੱਕੀ ਕਿ ਸਿਹਤ ਅਤੇ ਵਿਦਿਅਕ ਅਦਾਰਿਆਂ ਵਿਚ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਗਏ। ਇਹ ਸੱਚ ਹੈ ਕਿ ਇਨ੍ਹਾਂ ਅਦਾਰਿਆਂ ਦਾ ਸਮੁੱਚਾ ਸਿਸਟਮ ਡਾਵਾਂਡੋਲ ਹੋਇਆ ਪਿਆ ਹੈ ਪਰ ਇਸ ਨੂੰ ਥਾਂ ਸਿਰ ਕਰਨ ਲਈ ਵੀ ਕੋਈ ਸਿਸਟਮ ਤਾਂ ਬਣਾਉਣਾ ਹੀ ਪਵੇਗਾ। ਉਂਝ ਵੀ, ਜੋ ਕੁਝ ਇਨ੍ਹਾਂ 'ਛਾਪਾਮਾਰ' ਨਵੇਂ ਵਿਧਾਇਕਾਂ ਨੇ ਕੀਤਾ ਹੈ, ਉਹ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਹੀ ਨਹੀਂ ਆਉਂਦਾ। ਬਿਨਾਂ ਸ਼ੱਕ, ਅਜਿਹੇ ਆਪ-ਹੁਦਰੇਪਣ ਅਤੇ ਦਿਖਾਵੇ ਤੋਂ ਬਚਿਆ ਜਾ ਸਕਦਾ ਸੀ। ਇਸ ਵਕਤ ਲੋਕਾਂ ਦੀਆਂ ਨਜ਼ਰਾਂ ਨਵੀਂ ਸਰਕਾਰ ਉਤੇ ਲੱਗੀਆਂ ਹੋਈਆਂ ਹਨ। ਇਸ ਲਈ ਸਰਕਾਰ ਚਲਾਉਣ ਵਾਲੀ ਪਾਰਟੀ ਅਤੇ ਇਸ ਦੇ ਆਗੂਆਂ ਨੂੰ ਗੰਭੀਰਤਾ ਨਾਲ ਸੋਚਣ-ਵਿਚਾਰਨ ਦੀ ਜ਼ਰੂਰਤ ਹੈ।

ਆਮ ਆਦਮੀ ਪਾਰਟੀ ਦੀ ਮਿਸਾਲੀ ਜਿੱਤ ਤੋਂ ਇਕ ਗੱਲ ਤਾਂ ਸਪਸ਼ਟ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਲੋਕ ਰਵਾਇਤੀ ਪਾਰਟੀਆਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ, ਸ਼ਾਮਿਲ ਹਨ, ਤੋਂ ਕਿੰਨੇ ਖਫਾ ਸਨ। ਹੋਰ ਤਾਂ ਹੋਰ, ਇਨ੍ਹਾਂ ਪਾਰਟੀਆਂ ਦੇ ਕਹਿੰਦੇ-ਕਹਾਉਂਦੇ ਆਗੂਆਂ, ਜਿਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਰਾਜਿੰਦਰ ਕੌਰ ਭੱਠਲ, ਨਵਜੋਤ ਸਿੰਘ ਸਿੱਧੂ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਆਦਿ ਸ਼ਾਮਿਲ ਹਨ, ਨੂੰ ਵੀ ਲੋਕਾਂ ਨੇ ਜਿੱਤਣ ਨਹੀਂ ਦਿੱਤਾ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਜਿਹੜੀ ਇਸ ਵਾਰ ਪੰਜਾਬ ਵਿਚ ਕੁਝ ਵਧੇਰੇ ਸੀਟਾਂ ਜਿੱਤਣ ਅਤੇ ਫਿਰ ਪੰਜਾਬ ਦੀ ਸਿਆਸਤ ਨੂੰ ਆਪਣੇ ਹਿਸਾਬ ਨਾਲ ਘੁਮਾਉਣ ਦਾ ਭਰਮ ਪਾਲੀ ਬੈਠੀ ਸੀ, ਨੂੰ ਵੀ ਮੂੰਹ ਦੀ ਖਾਣੀ ਪਈ ਅਤੇ ਇਸ ਦੇ ਕੇਂਦਰੀ ਆਗੂਆਂ ਇਕ ਵੀ ਰਣਨੀਤੀ ਪੰਜਾਬ ਦੇ ਵੋਟਰਾਂ ਅੱਗੇ ਚੱਲ ਨਹੀਂ ਸਕੀ। ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਵਿਚ ਆਪਣੀ ਸਰਕਾਰ ਦੇ ਸਿਰ 'ਤੇ ਡੇਰਾ ਸਿਰਸਾ ਦੇ ਮੁਖੀ ਨੂੰ ਜੇਲ੍ਹ ਤੋਂ ਬਾਹਰ ਲਿਆ ਕੇ ਵੋਟਾਂ ਆਪਣੇ ਹੱਕ ਵਿਚ ਭੁਗਤਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਦੀ ਇਹ ਯੋਜਨਾ ਧਰੀ-ਧਰਾਈ ਰਹਿ ਗਈ। ਹੋਰ ਬਹੁਤ ਸਾਰੇ ਪੱਖ ਜੋ ਆਮ ਕਰਕੇ ਚੋਣਾਂ ਵਿਚ ਵਾਹਵਾ ਅਸਰ ਪਾਉਂਦੇ ਹਨ, ਐਤਕੀਂ ਵੋਟਰਾਂ ਨੇ ਗੌਲੇ ਹੀ ਨਹੀਂ। ਸਿੱਟੇ ਵਜੋਂ ਆਮ ਆਦਮੀ ਪਾਰਟੀ ਕੁੱਲ 117 ਵਿਚੋਂ 92 ਸੀਟਾਂ ਉਤੇ ਜਿੱਤ ਹਾਸਲ ਕਰਨ ਵਿਚ ਕਾਮਯਾਬ ਰਹੀ। ਇਨ੍ਹਾਂ ਚੋਣਾਂ ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਦੀ ਲੀਡਰਸ਼ਿਪ ਉਤੇ ਸਵਾਲ ਉਠੇ। ਕੁਝ ਪਾਸਿਆਂ ਤੋਂ ਲੀਡਰਸ਼ਿਪ ਵਿਚ ਤਬਦੀਲੀ ਕੀਤੇ ਜਾਣ ਦੀ ਆਵਾਜ਼ ਵੀ ਆਈ ਪਰ ਇਨ੍ਹਾਂ ਦੋਹਾਂ ਪਾਰਟੀਆਂ ਦੀ ਲੀਡਰਸ਼ਿਪ ਦਾ ਦਾਬਾ ਹੀ ਇੰਨਾ ਜ਼ਿਆਦਾ ਹੈ ਕਿ ਅਜਿਹੀਆਂ ਆਵਾਜ਼ਾਂ ਬਹੁਤੀਆਂ ਬੁਲੰਦ ਨਹੀਂ ਹੋ ਸਕੀਆਂ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਉਤੇ ਪਹਿਲਾਂ ਵੀ ਸਵਾਲ ਉਠਦੇ ਰਹੇ ਹਨ ਅਤੇ ਇਸ ਮੁੱਦੇ 'ਤੇ ਪਾਰਟੀ ਅੰਦਰ ਬਗਾਵਤਾਂ ਵੀ ਹੋਈਆਂ ਪਰ ਬਾਦਲ ਪਰਿਵਾਰ ਪਾਰਟੀ ਤੋਂ ਆਪਣਾ ਕਬਜ਼ਾ ਛੱਡਣ ਲਈ ਤਿਆਰ ਨਹੀਂ। ਇਸੇ ਤਰ੍ਹਾਂ ਕੌਮੀ ਪੱਧਰ 'ਤੇ ਗਾਂਧੀ ਪਰਿਵਾਰ ਕਾਂਗਰਸ ਪਾਰਟੀ ਨਾਲ ਬੱਝਿਆ ਬੈਠਾ ਹੈ ਹਾਲਾਂਕਿ ਪੰਜ ਰਾਜਾਂ ਅੰਦਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਕੁਝ ਮਾਹਿਰਾਂ ਨੇ ਗਾਂਧੀ ਪਰਿਵਾਰ ਨੂੰ ਲੀਡਰਸ਼ਿਪ ਤੋਂ ਲਾਂਭੇ ਹੋਣ ਦੀ ਸਲਾਹਾਂ ਦਿੱਤੀਆਂ ਹਨ ਪਰ ਪਾਰਟੀ ਪੱਧਰ 'ਤੇ ਇਸ ਨੂੰ ਗੌਲਿਆ ਨਹੀਂ ਗਿਆ ਸਗੋਂ ਇਸ ਤੱਥ ਨੂੰ ਮੁੱਦਾ ਬਣਾਉਣ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਗਿਆ।

ਖੈਰ! ਪੰਜਾਬ ਨੂੰ ਹੁਣ ਨਵੀਂ ਲੀਡਰਸ਼ਿਪ ਮਿਲ ਗਈ ਹੈ। ਸੂਬੇ ਅੰਦਰ ਪੂਰੇ ਧੜੱਲੇ ਨਾਲ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਵਾਅਦੇ ਵੀ ਬਥੇਰੇ ਕੀਤੇ ਹਨ ਅਤੇ ਇਸ ਪਾਰਟੀ ਦੇ ਦਾਅਵੇ ਵੀ ਬਹੁਤ ਉਤੇ ਹਨ। ਇਸ ਦੇ ਨਾਲ ਹੀ ਇਹ ਦਿੱਲੀ ਵਾਲੇ ਮਾਡਲ ਦਾ ਪ੍ਰਚਾਰ ਵੀ ਕਰਦੀ ਰਹੀ ਹੈ। ਸ਼ਾਇਦ ਇਸੇ ਕਰਕੇ ਲੋਕ ਆਸ ਕਰ ਰਹੇ ਹਨ ਕਿ ਪੰਜਾਬ ਦੀ ਲੀਹੋਂ ਲੱਥੀ ਗੱਡੀ ਹੁਣ ਲੀਹ ਉਤੇ ਚੜ੍ਹ ਸਕਦੀ ਹੈ। ਉਂਝ, ਇਸ ਗੱਲ ਦਾ ਧਿਆਨ ਵੀ ਰੱਖਣਾ ਪਵੇਗਾ ਕਿ ਡਾਵਾਂਡੋਲ ਹੋਇਆ ਸਿਸਟਮ ਜਾਦੂ ਦੀ ਛੜੀ ਘੁਮਾਉਣ ਵਾਂਗ ਇਕ ਹੀ ਪਲ ਅੰਦਰ ਠੀਕ ਨਹੀਂ ਹੋ ਸਕਦਾ। ਇਸ ਲਈ ਨਵੀਂ ਸਰਕਾਰ ਨੂੰ ਕੁਝ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ। ਉਂਝ ਵੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਜਿੱਤਣ ਤੋਂ ਬਾਅਦ ਹੁਣ ਕੌਮੀ ਸਿਆਸਤ ਵੱਲ ਅੱਖ ਲਾਈ ਬੈਠੇ ਹਨ ਅਤੇ ਉਹ ਕੌਮੀ ਪੱਧਰ 'ਤੇ ਤਾਂ ਹੀ ਆਪਣੀ ਪੈਂਠ ਬਣਾ ਸਕਦੇ ਹਨ ਜੇ ਉਹ ਪੰਜਾਬ ਵਿਚ ਕੁਝ ਕਰਕੇ ਦਿਖਾਉਂਦੇ ਹਨ। ਇਸ ਲਈ ਨਵੀਂ ਸਰਕਾਰ ਨੂੰ ਹਰ ਹਾਲ ਆਪਣੀ ਕਾਰਕਰਦਗੀ ਦਿਖਾਉਣੀ ਪਵੇਗੀ। ਪੰਜਾਬ ਦੇ ਬਹੁਤ ਸਾਰੇ ਮਸਲੇ ਤਾਂ ਅਜਿਹੇ ਹਨ ਜਿਨ੍ਹਾਂ ਲਈ ਬਹੁਤੀ ਫੰਡਿੰਗ ਦੀ ਵੀ ਲੋੜ ਨਹੀਂ, ਬੱਸ ਸਿਆਸੀ ਇੱਛਾ ਸ਼ਕਤੀ ਦੀ ਜ਼ਰੂਰਤ ਹੈ। ਸਿਆਸੀ ਮਾਹਿਰਾਂ ਦੀ ਭਵਿੱਖਬਾਣੀ ਵੀ ਇਹੀ ਕਹਿੰਦੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਸ਼ਾਸਨਿਕ ਪੱਧਰ 'ਤੇ ਤਾਂ ਸਿਸਟਮ ਚਾਲੂ ਕਰ ਹੀ ਲਵੇਗੀ, ਇਸ ਤੋਂ ਵਧੇਰੇ ਸ਼ਾਇਦ ਕੋਈ ਵੱਡਾ ਮਾਅਰਕਾ ਭਾਵੇਂ ਨਾ ਮਾਰ ਸਕੇ। ਫਿਰ ਵੀ ਆਸ ਕਰਨੀ ਚਾਹੀਦੀ ਹੈ ਕਿ ਨਵੀਂ ਸਰਕਾਰ ਲੋਕਾਂ ਦੀਆਂ ਉਮੀਦਾਂ ਤੇ ਆਸਾਂ ਉਤੇ ਪੂਰਾ ਉਤਰੇਗੀ ਅਤੇ ਉਨ੍ਹਾਂ ਦੀਆਂ ਔਕੜਾਂ ਤੇ ਔਖਿਆਈਆਂ ਨੂੰ ਘਟਾਉਣ ਲਈ ਬਣਦੀ ਕਾਰਵਾਈ ਕਰੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਲੰਬੀ ਵਾਲਿਆਂ ਲੰਬੀ ਸੋਚੀ!

ਲਾਉਂਦਾ 'ਠਿੱਬੀਆਂ' ਰਿਹਾ ਜੋ ਸਾਥੀਆਂ ਨੂੰ, ਅੱਜ ਤਕ ਦਿੱਤੀ ਨਾ ਕਿਸੇ ਨੂੰ ਡਾਹ ਭਾਈ।
ਲੁੱਟਣ ਲੱਗਿਆਂ 'ਗੋਲਕਾਂ' ਬਖਸ਼ੀਆਂ ਨਾ, 'ਲੋਈ' ਰੱਖੀ ਸੀ ਸ਼ਰਮ ਦੀ ਲਾਹ ਭਾਈ।
ਪੰਜ ਵਾਰ ਦਾ 'ਜੇਤੂ' ਹੁਣ ਹਾਰਿਆ ਐ, ਲਾਠੀ ਰੱਬ ਦੀ ਵੱਜੀ ਹੈ 'ਠਾਹ' ਭਾਈ।
ਇਕ ਟੱਬਰ ਦੀ ਜਕੜ ਤੋਂ ਮੁਕਤ ਹੋ ਕੇ, ਆਊ 'ਪੰਥ ਪੰਜਾਬ' ਨੂੰ ਸਾਹ ਭਾਈ।
ਲੰਬੀ ਸੋਚ ਕੇ ਲੰਬੀ ਦੇ ਵੋਟਰਾਂ ਨੇ, ਹੈਂਕੜ 'ਘਾਗ' ਦੀ ਕਰੀ ਫਨਾਹ ਭਾਈ।
ਹਉਕੇ ਭਰਦਿਆਂ ਜਾਂਦੇ ਐ ਕੌਮ-ਘਾਤੀ, ਤੂੰ ਵੀ ਹਾਰ ਕੇ ਦੁਨੀਆ ਤੋਂ ਜਾਹ ਭਾਈ!

# ਭਾਜਪਾ ਨੇ ਸੱਤਾ ਵਿਰੋਧੀ ਲਹਿਰ ਨਾਲ ਕਿਵੇਂ ਨਜਿੱਠਿਆ?

*ਇਨ੍ਹਾਂ ਚੋਣਾਂ ਤੋਂ ਸੱਤਾ ਪੱਖੀਆਂ ਅਤੇ ਵਿਰੋਧੀਆਂ ਨੂੰ ਕਈ ਸਬਕ ਮਿਲੇ ਹਨ। ਸੱਤਾ ਪੱਖ ਦੇ ਸਾਹਮਣੇ ਸਵਾਲ ਇਹ ਹੈ ਕਿ ਕੀ ਉਹ ਮੁਫਤ ਰਾਸ਼ਨ ਵੰਡਣਾ ਜਾਰੀ ਰੱਖਣਗੇ? ਜੇ ਹਾਂ, ਤਾਂ ਇਸ ਦੇ ਲਈ ਧਨ ਕਿੱਥੋਂ ਆਏਗਾ? ਜੇ ਨਹੀਂ ਤਾਂ ਇਸ ਦਾ ਸਿੱਧਾ ਮਤਲਬ ਇਹ ਹੋਵੇਗਾ ਕਿ ਇਹ ਚੋਣਾਂ ਜਿੱਤਣ ਦਾ ਇਕ ਬੇਹੱਦ ਮਹਿੰਗਾ ਹੱਥਕੰਡਾ ਸੀ ਜਿਸ ਦਾ ਖਮਿਆਜ਼ਾ ਅਰਥਵਿਵਸਥਾ ਨੂੰ ਭੁਗਤਣਾ ਪਵੇਗਾ। ਵਿਰੋਧੀਆਂ ਨੇ ਦੇਖਣਾ ਇਹ ਹੈ ਕਿ ਵਿਧਾਨ ਸਭਾ 'ਚ ਜੋ ਵੋਟਾਂ ਉਸ ਨੂੰ ਮਿਲੀਆਂ ਹਨ, ਕੀ ਉਹ ਲੋਕ ਸਭਾ ਚੋਣਾਂ 'ਚ ਵੀ ਮਿਲ ਸਕਣਗੀਆਂ? ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਭਾਜਪਾ ਦੀ ਉਸ ਕਲਾ ਦਾ ਜ਼ਿਕਰ ਇਸ ਲੇਖ ਵਿਚ ਕੀਤਾ ਜੋ ਇਹ ਚੋਣਾਂ ਜਿੱਤਣ ਲਈ ਵਰਤਦੀ ਹੈ।*

ਭਾਰਤੀ ਜਨਤਾ ਪਾਰਟੀ ਨੇ ਉਤਰ ਪ੍ਰਦੇਸ਼ 'ਚ 255 ਸੀਟਾਂ ਜਿੱਤ ਕੇ ਸੱਤਾ 'ਚ ਇਤਿਹਾਸਕ ਵਾਪਸੀ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਹਿਣਾ ਹੈ ਕਿ ਇਸ ਨਤੀਜੇ ਨੇ 2024 ਦੀਆਂ ਲੋਕ ਸਭਾ ਚੋਣਾਂ ਦਾ ਨਤੀਜਾ ਵੀ ਉਸੇ ਤਰ੍ਹਾਂ ਨਾਲ ਤੈਅ ਕਰ ਦਿੱਤਾ ਹੈ ਜਿਸ ਤਰ੍ਹਾਂ ਨਾਲ 2017 ਦੀਆਂ ਚੋਣਾਂ ਦੇ ਨਤੀਜਿਆਂ ਨੇ 2019 ਦੇ ਚੋਣ ਨਤੀਜੇ ਤੈਅ ਕੀਤੇ ਸਨ; ਭਾਵ ਹੁਣ ਉਨ੍ਹਾਂ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਭਾਜਪਾ ਦੀ ਜਿੱਤ ਦੀ ਰੌਸ਼ਨੀ 'ਚ ਦੇਖਣ 'ਤੇ ਪ੍ਰਧਾਨ ਮੰਤਰੀ ਦਾ ਇਹ ਦਾਅਵਾ ਗਲਤ ਨਹੀਂ ਲਗਦਾ। ਇਸ ਦਾਅਵੇ 'ਤੇ ਬਹਿਸ ਕੀਤੇ ਬਿਨਾਂ



ਅਭੈ ਕੁਮਾਰ ਦੂਬੇ

ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਪਿਛਲੇ 5 ਸਾਲਾਂ ਤੋਂ ਆਦਿੱਤਿਆਨਾਥ ਦੀ ਅਗਵਾਈ 'ਚ ਚੱਲ ਰਹੀ ਭਾਜਪਾ ਸਰਕਾਰ ਖਿਲਾਫ 'ਐਂਟੀ-ਇਨਕੰਬੈਂਸੀ' (ਸਰਕਾਰ ਵਿਰੋਧੀ ਭਾਵਨਾਵਾਂ) ਦੀ ਮਾਤਰਾ ਕਿੰਨੀ ਸੀ ਅਤੇ ਮੇਰੇ ਵਰਗੇ ਸਮੀਖਿਅਕ ਉਸ ਨੂੰ ਕਿੰਨਾ ਸਮਝ ਰਹੇ ਸਨ?

ਭਾਜਪਾ ਚੋਣਾਂ ਜ਼ਰੂਰ ਜਿੱਤ ਗਈ ਹੈ ਪਰ ਇਹ ਕਹਿਣਾ ਵਾਜਬ ਨਹੀਂ ਹੋਵੇਗਾ ਕਿ ਉਸ ਦੇ ਵਿਰੋਧ 'ਚ 'ਐਂਟੀ-ਇਨਕੰਬੈਂਸੀ' ਬਿਲਕੁਲ ਨਹੀਂ ਸੀ। 2017 'ਚ ਭਾਜਪਾ ਨੇ ਚਾਲੀ ਤੋਂ ਕੁਝ ਫੀਸਦੀ ਵੋਟਾਂ ਦੇ ਜ਼ਰੀਏ 312 ਸੀਟਾਂ ਜਿੱਤਣ 'ਚ ਕਾਮਯਾਬੀ ਹਾਸਲ ਕੀਤੀ ਸੀ। ਇਸ ਵਾਰ ਇਹ 41.2 ਫੀਸਦੀ ਵੋਟਾਂ ਹਾਸਲ ਕਰਨ ਦੇ ਬਾਵਜੂਦ ਸਿਰਫ 255 ਸੀਟਾਂ ਹੀ ਜਿੱਤ ਸਕੀ; ਭਾਵ ਉਸ ਨੂੰ ਪਹਿਲਾਂ ਨਾਲੋਂ 57 ਸੀਟਾਂ ਘੱਟ ਮਿਲੀਆਂ ਹਨ। ਹੋਰ ਤਾਂ ਹੋਰ, ਉਸ ਦੇ 11 ਮੰਤਰੀ ਚੋਣਾਂ ਹਾਰ ਗਏ ਜਿਨ੍ਹਾਂ 'ਚ ਇਕ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਵੀ ਹਨ।

ਚੋਣਾਂ ਤੋਂ ਪਹਿਲਾਂ ਹੀ ਭਾਜਪਾ ਨੇ ਉਤਰ ਪ੍ਰਦੇਸ਼ ਪੁਲਿਸ ਦੇ 'ਲੋਕਲ ਇੰਟੈਲੀਜੈਂਸ ਡਿਪਾਰਟਮੈਂਟ' (ਐਲ.ਆਈ.ਯੂ.) ਰਾਹੀਂ ਇਕ ਕਾਸਟ-ਐਫਿਨਿਟੀ ਵਿਸ਼ਲੇਸ਼ਣ (ਕਿੰਨੀਆਂ ਜਾਤੀਆਂ ਭਾਜਪਾ ਦੇ ਅਨੁਕੂਲ ਹਨ ਅਤੇ ਕਿੰਨੀਆਂ ਪ੍ਰਤੀਕੂਲ) ਕਰਵਾਇਆ ਸੀ। ਇਸ ਵਿਸ਼ਲੇਸ਼ਣ ਨੂੰ ਪਾਰਟੀ ਨੇ ਹਕੀਕਤ ਦੇ ਨੇੜੇ ਮੰਨਿਆ ਅਤੇ ਉਸ ਵਿਸ਼ਲੇਸ਼ਣ ਨੂੰ ਛਪਵਾ ਕੇ ਆਪਣੇ ਸੰਗਠਨ 'ਚ ਵੀ ਵੰਡਿਆ। ਪੱਤਰਕਾਰਾਂ ਅਤੇ ਸਮੀਖਿਅਕਾਂ ਨੂੰ ਇਸ ਦਸਤਾਵੇਜ਼ ਦੀਆਂ ਕਾਪੀਆਂ ਵੀ ਭਾਜਪਾ ਦੇ ਅੰਦਰੂਨੀ ਸਰੋਤਾਂ ਤੋਂ ਹੀ ਮਿਲੀਆਂ। ਇਹ ਦਸਤਾਵੇਜ਼ ਵੀ ਸਵੀਕਾਰ ਕਰਦਾ ਹੈ ਕਿ ਭਾਜਪਾ ਨੂੰ ਵੀ ਆਪਣੇ ਖਿਲਾਫ 'ਐਂਟੀ-ਇਨਕੰਬੈਂਸੀ' ਦਾ ਅਹਿਸਾਸ ਸੀ। ਉਸ ਨੂੰ ਪਤਾ ਸੀ ਕਿ ਇਸ ਵਾਰ ਕਰੀਬ ਪੱਚੀ ਫੀਸਦੀ ਬ੍ਰਾਹਮਣ ਉਸ ਨੂੰ ਵੋਟਾਂ ਨਹੀਂ ਪਾਉਣਗੇ। ਪੰਜਾਹ ਫੀਸਦੀ ਜਾਟ, ਗੁੱਜਰ, ਰਾਜਭਰ, ਬਿੰਦ ਅਤੇ ਕੁਸ਼ਵਾਹ ਭਾਈਚਾਰਿਆਂ ਨੇ ਉਸ ਨੂੰ ਵੋਟਾਂ ਨਾ ਦੇਣ ਦਾ ਮਨ ਬਣਾ ਰੱਖਿਆ ਹੈ।

ਪਿਛਲੀ ਵਾਰ ਇਨ੍ਹਾਂ ਜਾਤੀਆਂ ਦੇ ਪੂਰੇ ਵੋਟ ਭਾਜਪਾ ਨੂੰ ਹੀ ਮਿਲੇ ਸਨ। ਇਸ ਦਸਤਾਵੇਜ਼ ਅਨੁਸਾਰ ਭਾਜਪਾ ਨੂੰ ਇਸ ਵਾਰ ਜਾਟਵਾਂ ਦੀਆਂ ਸਿਰਫ 25 ਫੀਸਦੀ ਵੋਟਾਂ ਮਿਲਣ ਦੀ ਸੰਭਾਵਨਾ ਸੀ, ਜਦੋਂ ਕਿ 2017 'ਚ ਜਾਟਵਾਂ ਨੇ 35 ਤੋਂ 40 ਫੀਸਦੀ ਵੋਟਾਂ ਭਾਜਪਾ ਨੂੰ ਹੀ ਦਿੱਤੀਆਂ ਸਨ। ਦਸਤਾਵੇਜ਼ ਇਹ ਵੀ ਦੱਸਦਾ ਸੀ ਕਿ 26 ਜਾਤੀਆਂ (ਠਾਕੁਰ, ਕਾਇਸਥ, ਬਨੀਆ, ਭੂਮਿਹਾਰ, ਮੌਰੀਆ, ਲੋਧੀ, ਸੈਣੀ, ਪਾਸੀ, ਕੋਰੀ, ਸ਼ਾਂਚਿਆ,



ਤਿਆਗੀ, ਬਘੇਲ, ਵਾਲਮੀਕਿ, ਖਰਵਾਰ, ਧੋਬੀ, ਸਿੱਖ, ਪਾਲ, ਗੋਸਵਾਮੀ, ਸਹਿਰੀਆ, ਜਮਾਦਾਰ, ਹਲਵਾਈ ਲੁਹਾਰ, ਸਿੰਧੀ, ਗੌਂਡ, ਡੋਮ ਅਤੇ ਵਨਵਾਸੀ) ਆਦਿ ਜਾਤੀਆਂ ਆਪਣੀਆਂ ਸਾਰੀਆਂ ਵੋਟਾਂ ਭਾਜਪਾ ਨੂੰ ਹੀ ਪਾਉਣਗੀਆਂ। ਦਸਤਾਵੇਜ਼ ਮੁਤਾਬਿਕ ਸਿਰਫ ਯਾਦਵਾਂ ਅਤੇ ਮੁਸਲਮਾਨਾਂ ਦੀਆਂ ਹੀ ਸੌ ਫੀਸਦੀ ਵੋਟਾਂ ਭਾਜਪਾ ਦੇ ਵਿਰੋਧ 'ਚ ਪੈਣ ਵਾਲੀਆਂ ਸਨ।

ਜੇ ਭਾਜਪਾ ਨੂੰ ਇਸ ਦਸਤਾਵੇਜ਼ ਦੇ ਵਿਸ਼ਲੇਸ਼ਣ 'ਤੇ ਸ਼ੱਕ ਹੁੰਦਾ ਤਾਂ ਉਹ ਉਸ ਨੂੰ ਸਵੀਕਾਰ ਹੀ ਨਾ ਕਰਦੀ। ਇਹ ਵਿਸ਼ਲੇਸ਼ਣ ਇਸ ਹੱਦ ਤੱਕ ਸਹੀ ਸੀ ਕਿ ਇਸ 'ਚ ਭਾਜਪਾ ਨੂੰ 255 ਸੀਟਾਂ ਜਿਤਾਉਣ ਦਾ ਅਨੁਮਾਨ ਲਗਾਇਆ ਗਿਆ ਸੀ ਅਤੇ ਚੋਣਾਂ 'ਚ ਭਾਜਪਾ ਦੀ ਜਿੱਤ ਦਾ ਅੰਕੜਾ ਏਨਾ ਹੀ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਜਪਾ ਦੇ ਪੱਖ 'ਚ ਕੋਈ ਲਹਿਰ ਨਹੀਂ ਸੀ। ਉਸ ਨੇ ਆਕਰਸ਼ਕ ਲੱਗਣ ਵਾਲੀ ਜਿੱਤ ਜ਼ਰੂਰ ਦਰਜ ਕੀਤੀ ਹੈ ਪਰ ਉਸ ਦੇ ਸਮਾਜਕ ਗੱਠਜੋੜ ਦਾ ਆਕਾਰ ਸੁੰਗੜ ਗਿਆ ਹੈ ਅਤੇ ਉਸ ਦੇ ਦਾਇਰੇ ਤੋਂ ਬਹੁਤ ਸਾਰੀਆਂ ਵੋਟਾਂ ਖਿਸਕੀਆਂ ਹਨ। ਜੇ ਇਹ ਗੱਠਜੋੜ 2017 ਜਾਂ 2019 ਵਾਂਗ ਮਜ਼ਬੂਤ ਹੁੰਦਾ ਤਾਂ ਭਾਜਪਾ ਤਿੰਨ ਸੌ ਤੋਂ ਵੱਧ ਸੀਟਾਂ ਹਾਸਲ ਕਰਦੀ ਅਤੇ ਉਸ ਦਾ ਅੰਕੜਾ ਸਹਿਯੋਗੀਆਂ ਸਮੇਤ 350 ਤੱਕ ਜਾ ਸਕਦਾ ਸੀ।

ਇੱਥੇ ਇਕ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਭਾਜਪਾ ਨੇ ਆਪਣੀ ਇਸ ਕਮੀ ਨੂੰ ਬਹੁਤ ਪਹਿਲਾਂ ਸਮਝ ਲਿਆ ਸੀ। ਸੂਤਰਾਂ ਅਨੁਸਾਰ ਅਕਤੂਬਰ-ਨਵੰਬਰ ਦੌਰਾਨ ਕਰਵਾਏ ਗਏ ਅੰਦਰੂਨੀ ਸਰਵੇਖਣ ਰਾਹੀਂ ਹਾਈਕਮਾਨ ਨੂੰ 'ਐਂਟੀ-ਇਨਕੰਬੈਂਸੀ' (ਸਰਕਾਰ ਵਿਰੋਧੀ ਭਾਵਨਾਵਾਂ) ਦਿਸ ਗਈ ਸੀ। ਉਸ ਨੂੰ ਨਰਮ ਕਰਨ ਲਈ ਯੋਜਨਾ ਤਿਆਰ ਕੀਤੀ ਗਈ ਜਿਸ ਤਹਿਤ ਸਰਕਾਰੀ ਖਜ਼ਾਨੇ ਤੋਂ 54 ਹਜ਼ਾਰ ਕਰੋੜ ਰੁਪਏ ਖਰਚ ਕਰਕੇ ਕੋਵਿਡ-19 ਦੇ ਦੌਰਾਨ ਵੰਡਣ ਵਾਲੇ ਮੁਫਤ ਰਾਸ਼ਨ ਦੀ ਯੋਜਨਾ (ਜੋ ਨਵੰਬਰ 'ਚ ਖਤਮ ਹੋਣ ਵਾਲੀ ਸੀ) ਨੂੰ ਮਾਰਚ ਤੱਕ ਵਧਾਇਆ ਗਿਆ। ਇਹ ਅਸਾਧਾਰਨ ਯੋਜਨਾ ਸੀ ਜਿਸ ਨੇ ਆਦਿੱਤਿਆਨਾਥ ਸਰਕਾਰ ਦੇ ਵਿਰੋਧ 'ਚ ਉਮੜ ਰਹੀਆਂ ਭਾਵਨਾਵਾਂ ਨੂੰ ਘੱਟ ਕਰਨ ਵਿਚ ਭੂਮਿਕਾ ਨਿਭਾਈ।

'ਐਂਟੀ-ਇਨਕੰਬੈਂਸੀ' ਦਾ ਸਫਲਤਾਪੂਰਵਕ ਮੁਕਾਬਲਾ ਕਰਨ ਦੀ ਇਹ ਦੂਜੀ ਵੱਡੀ ਘਟਨਾ ਹੈ। ਇਸ ਤੋਂ ਪਹਿਲਾਂ ਮਮਤਾ ਬੈਨਰਜੀ ਨੇ ਬੰਗਾਲ 'ਚ ਵੱਖ-ਵੱਖ ਤਰਕੀਬਾਂ ਦਾ ਸਹਾਰਾ ਲੈ ਕੇ ਆਪਣੀ ਸਰਕਾਰ ਖਿਲਾਫ ਭਾਵਨਾਵਾਂ ਨੂੰ ਸਰਕਾਰ ਦੇ ਪੱਖ 'ਚ ਕਰਨ 'ਚ ਅਸਾਧਾਰਨ ਸਫਲਤਾ ਦਰਜ ਕੀਤੀ ਸੀ। ਭਾਜਪਾ 'ਐਂਟੀ-ਇਨਕੰਬੈਂਸੀ' ਨੂੰ ਪ੍ਰੋ-ਇਨਕੰਬੈਂਸੀ 'ਚ ਤਾਂ ਨਹੀਂ ਬਦਲ ਸਕੀ ਪਰ ਉਸ ਨੇ ਆਪਣੇ ਨੁਕਸਾਨ ਨੂੰ ਘੱਟ ਕਰਨ 'ਚ ਜ਼ਰੂਰ ਕਾਮਯਾਬੀ ਹਾਸਲ ਕਰ ਲਈ।

ਇਨ੍ਹਾਂ ਚੋਣਾਂ ਤੋਂ ਸੱਤਾ ਪੱਖੀਆਂ ਅਤੇ ਵਿਰੋਧੀਆਂ ਨੂੰ ਕਈ ਸਬਕ ਮਿਲੇ ਹਨ। ਮੇਰੇ ਵਰਗੇ ਸਮੀਖਿਅਕਾਂ ਨੂੰ ਵੀ ਇਸ ਤੋਂ ਕਾਫੀ ਕੁਝ ਸਿੱਖਣਾ ਚਾਹੀਦਾ ਹੈ। ਸੱਤਾ ਪੱਖ ਦੇ ਸਾਹਮਣੇ ਸਵਾਲ ਇਹ ਹੈ ਕਿ ਕੀ ਉਹ ਮੁਫਤ ਰਾਸ਼ਨ ਵੰਡਣਾ ਜਾਰੀ ਰੱਖਣਗੇ? ਜੇ ਹਾਂ, ਤਾਂ ਇਸ ਦੇ ਲਈ ਧਨ ਕਿੱਥੋਂ ਆਏਗਾ? ਜੇ ਨਹੀਂ ਤਾਂ ਇਸ ਦਾ ਸਿੱਧਾ ਮਤਲਬ ਇਹ ਹੋਵੇਗਾ ਕਿ ਇਹ ਚੋਣਾਂ ਜਿੱਤਣ ਦਾ ਇਕ ਬੇਹੱਦ ਮਹਿੰਗਾ ਹੱਥਕੰਡਾ ਸੀ ਜਿਸ ਦਾ ਖਮਿਆਜ਼ਾ ਅਰਥਵਿਵਸਥਾ ਨੂੰ ਭੁਗਤਣਾ ਪਵੇਗਾ। ਸੱਤਾ ਪੱਖ ਨੂੰ ਇਹ ਵੀ ਦੇਖਣਾ ਹੋਵੇਗਾ ਕਿ ਇਸ ਚੁਣਾਵੀ ਜਿੱਤ ਨਾਲ ਆਦਿੱਤਿਆਨਾਥ ਦੀ ਸ਼ਖਸੀਅਤ ਪਹਿਲਾਂ ਤੋਂ ਕਿਤੇ ਜ਼ਿਆਦਾ ਵਿਰਾਟ ਰੂਪ 'ਚ ਉਭਰੀ ਹੈ। ਜੇ ਹੁਣ ਉਹ ਆਪਣੀਆਂ ਰਾਸ਼ਟਰੀ ਇੱਛਾਵਾਂ ਦੇ ਪ੍ਰਗਟਾਵੇ ਹੋਰ ਉਭਰਵੇਂ ਢੰਗ ਨਾਲ ਕਰਨਗੇ ਤਾਂ ਇਸ ਨੂੰ ਉਨ੍ਹਾਂ ਦੇ ਸੁਭਾਵਿਕ ਅਧਿਕਾਰ ਦੀ ਤਰ੍ਹਾਂ ਦੇਖਿਆ ਜਾਵੇਗਾ। ਜੇ ਉਨ੍ਹਾਂ ਨੇ ਇਹ ਸਭ ਕਰਨਾ ਸ਼ੁਰੂ ਕਰ ਦਿੱਤਾ ਤਾਂ ਮੋਦੀ-ਸ਼ਾਹ-ਨੱਢਾ ਦੀ ਤਿੱਕੜੀ ਉਸ ਨੂੰ ਕਿਸ ਰੂਪ 'ਚ ਗ੍ਰਹਿਣ ਕਰੇਗੀ? ਸੱਤਾ ਪੱਖ ਇਹ ਵੀ ਚਾਹੇਗਾ ਕਿ ਉਹ ਆਪਣਾ ਸਮਾਜਕ ਗੱਠਜੋੜ 2017 ਦੀ ਤਰ੍ਹਾਂ ਮਜ਼ਬੂਤ ਕਰ ਲੈਣ। ਇਸ ਲਈ ਉਸ ਨੂੰ ਉਤਰ ਪ੍ਰਦੇਸ਼ 'ਚ ਚੱਲੇ ਰਾਜਪੂਤਵਾਦ ਨੂੰ ਵੀ ਕੰਟਰੋਲ ਕਰਨਾ ਹੋਵੇਗਾ। ਇਸ ਦੇ ਲਈ ਹਾਈਕਮਾਨ ਨੂੰ ਆਦਿੱਤਿਆਨਾਥ ਨੂੰ ਕੰਟਰੋਲ ਕਰਨਾ ਪਵੇਗਾ ਜੋ ਬਹੁਤ ਮੁਸ਼ਕਿਲ ਕੰਮ ਹੈ।

ਵਿਰੋਧੀਆਂ ਨੇ ਦੇਖਣਾ ਇਹ ਹੈ ਕਿ ਵਿਧਾਨ ਸਭਾ 'ਚ ਜੋ ਵੋਟਾਂ ਉਸ ਨੂੰ ਮਿਲੀਆਂ ਹਨ, ਕੀ ਉਹ ਲੋਕ ਸਭਾ ਚੋਣਾਂ 'ਚ ਵੀ ਮਿਲ ਸਕਣਗੀਆਂ? ਇਸ ਗੱਲ ਦੀ ਪੂਰਾ ਸੰਭਾਵਨਾ ਹੈ ਕਿ ਸਮਾਜਵਾਦੀ ਪਾਰਟੀ ਦੀਆਂ ਯਾਦਵ ਵੋਟਾਂ ਦਾ ਘੱਟ ਤੋਂ ਘੱਟ ਇਕ ਹਿੱਸਾ ਪ੍ਰਧਾਨ ਮੰਤਰੀ ਦੇ ਰੂਪ 'ਚ ਮੋਦੀ ਦੇ ਆਕਰਸ਼ਨ ਦੀ ਭੇਟ ਚੜ੍ਹ ਸਕਦਾ ਹੈ। ਇਸ ਤਰ੍ਹਾਂ ਪੱਛਮੀ ਉਤਰ ਪ੍ਰਦੇਸ਼ 'ਚ ਜਾਟ-ਗੁੱਜਰ-ਤਿਆਗੀ-ਸੈਣੀ ਵਰਗੀਆਂ ਜਾਤੀਆਂ ਇਕ ਵਾਰ ਫਿਰ ਪੂਰੀ ਤਰ੍ਹਾਂ ਨਾਲ ਭਾਜਪਾ ਦੇ ਨਾਲ ਜਾ ਸਕਦੀਆਂ ਹਨ। ਹੋਰ ਤਾਂ ਹੋਰ, ਜਯੰਤ ਚੌਧਰੀ ਦੀ ਪਾਰਟੀ ਵੀ ਭਾਜਪਾ ਦੇ ਨਾਲ ਗੱਠਜੋੜ ਕਰ ਸਕਦੀ ਹੈ। ਸਭ ਕੁਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਮਾਜਵਾਦੀ ਪਾਰਟੀ ਅਤੇ ਉਸ ਦੇ ਮੌਜੂਦਾ ਸਹਿਯੋਗੀ ਅਗਲੇ ਦੋ ਸਾਲਾਂ 'ਚ ਕਿਸ ਤਰ੍ਹਾਂ ਦੀ ਰਾਜਨੀਤੀ ਕਰਦੇ ਹਨ। ਬਹੁਜਨ ਸਮਾਜ ਪਾਰਟੀ ਸਿਰਫ ਜਾਟਵਾਂ ਦੀ ਪਾਰਟੀ ਬਣ ਕੇ ਰਹਿ ਗਈ ਹੈ। ਉਸ ਨੂੰ ਇਹ ਵੀ ਦੇਖਣਾ ਪਵੇਗਾ ਕਿ ਕੀ ਲੋਕ ਸਭਾ ਦੀਆਂ ਚੋਣਾਂ 'ਚ ਜਾਟਵ ਵੀ ਪੂਰੀ ਤਰ੍ਹਾਂ ਨਾਲ ਉਸ ਦੇ ਨਾਲ ਰਹਿ ਜਾਣਗੇ? ਜਿੱਥੋਂ ਤੱਕ ਮੇਰੇ ਵਰਗੇ ਸਮੀਖਿਅਕਾਂ ਦਾ ਸਵਾਲ ਹੈ, ਉਨ੍ਹਾਂ ਨੂੰ ਸਮਾਜ ਅਤੇ ਉਸ ਦੇ ਭਾਈਚਾਰਿਆਂ ਦੇ ਰਾਜਨੀਤਕ ਮਨ ਪੜ੍ਹਨ ਦੀ ਕਲਾ ਦੁਬਾਰਾ ਸਿੱਖਣੀ ਚਾਹੀਦੀ ਹੈ। ਜ਼ਰੂਰੀ ਨਹੀਂ ਹੈ ਕਿ ਜੋ ਨੇਤਾ ਸਮੀਖਿਅਕਾਂ ਨੂੰ ਨਾਪਸੰਦ ਹੋਣ, ਜਨਤਾ ਵੀ ਉਨ੍ਹਾਂ ਨੂੰ ਨਾਪਸੰਦ ਕਰਦੀ ਹੋਵੇ। ਸਮੀਖਿਅਕਾਂ ਨੂੰ ਸਮਾਜ ਦੇ ਮਨ ਦੇ ਨਾਲ ਤਾਲਮੇਲ ਬਿਠਾਉਣਾ ਹੀ ਹੋਵੇਗਾ, ਨਹੀਂ ਤਾਂ ਉਨ੍ਹਾਂ ਦੀਆਂ ਸਮੀਖਿਆਵਾਂ ਇਕ ਤਰ੍ਹਾਂ ਨਾਲ ਧਰੀਆਂ-ਧਰਾਈਆਂ ਰਹਿ ਜਾਣਗੀਆਂ ਅਤੇ ਲੋਕਤੰਤਰਕ ਮੁਕਾਬਲੇਬਾਜ਼ੀ ਆਪਣੀ ਰਫਤਾਰ ਨਾਲ ਅੱਗੇ ਵਧਦੀ ਰਹੇਗੀ।

# ‘ਆਪ’ ਦੇ ਵਾਅਦੇ ਅਤੇ ਸਰਕਾਰ ਤੋਂ ਉਮੀਦਾਂ

ਪੰਜ ਰਾਜਾਂ ਵਿਚ ਨਵੀਆਂ ਸਰਕਾਰਾਂ ਬਣ ਗਈਆਂ ਹਨ। ਕੇਂਦਰੀ ਸੱਤਾ ਲਈ ਅਹਿਮ ਰਾਜ ਯੂ.ਪੀ. ਸਮੇਤ ਚਾਰ ਰਾਜਾਂ ਵਿਚ ਆਰ.ਐਸ.ਐਸ.-ਬੀ.ਜੇ.ਪੀ. ਮੁੜ ਸੱਤਾ ਉਪਰ ਕਾਬਜ਼ ਹੋ ਗਈ ਹੈ। ਚਾਰ ਰਾਜਾਂ ਦੇ ਨਤੀਜਿਆਂ ਨੇ ਇਸ ਕੌੜੀ ਹਕੀਕਤ ਉਪਰ ਮੋਹਰ ਲਾ ਦਿੱਤੀ ਹੈ ਕਿ ਲੋਕ ਰਾਇ ਨੂੰ ਕਾਲੇ ਧਨ, ਸੱਤਾ ਅਤੇ ਵੋਟਰਾਂ ਨੂੰ ਤਿਕੜਮਬਾਜ਼ੀ ਨਾਲ ਵੰਡ ਕੇ ਹੁਕਮਰਾਨ ਧਿਰ ਦੇ ਹੱਕ 'ਚ ਸਹਿਜੇ ਹੀ ਮੋੜਾ ਦਿੱਤਾ ਜਾ ਸਕਦਾ ਹੈ। ਮੋਦੀ ਹਕੂਮਤ ਦੀ ਦੂਜੀ ਪਾਰੀ ਹੇਠ ਪੂਰੇ ਮੁਲਕ ਨੇ ਕਰੋਨਾ ਵਾਇਰਸ ਨਾਲ ਨਜਿੱਠਣ ਦੀ ਨਾਕਾਮੀ ਤੋਂ ਲੈ ਕੇ ਆਰਥਕ ਨੀਤੀਆਂ ਦੇ ਹਮਲਿਆਂ ਅਤੇ ਭਗਵੀਂ ਦਹਿਸ਼ਤ ਦਾ ਸੰਤਾਪ ਝੱਲਿਆ। ਗੁਜਰਾਤ ਤੋਂ ਬਾਅਦ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਅੱਗੇ ਵਧਾਉਣ ਦੀ ਨਵੀਂ ਪ੍ਰਯੋਗਸ਼ਾਲਾ ਯੂ.ਪੀ. ਹੈ ਜਿੱਥੇ ਰਾਮ ਮੰਦਰ ਦੀ ਉਸਾਰੀ ਤੋਂ ਲੈ ਕੇ ਧਰਮ ਸੰਸਦ ਅਤੇ ਹੋਰ ਤਰੀਕਿਆਂ ਨਾਲ ਮੁਸਲਿਮ ਘੱਟਗਿਣਤੀਆਂ ਵਿਰੁੱਧ ਜ਼ਹਿਰੀਲੀ

ਬੂਟਾ ਸਿੰਘ
ਫੋਨ: +91-94634-74342

ਫਿਰਕੂ ਪਾਲਾਬੰਦੀ ਜ਼ੋਰਾਂ 'ਤੇ ਹੈ। ਯੂ.ਪੀ. ਵਿਚ ਆਦਿੱਤਿਆਨਾਥ ਹਕੂਮਤ ਦੀ ਘੋਰ ਬਦਇੰਤਜ਼ਾਮੀ, ਆਕਸੀਜਨ ਦੀ ਕਮੀ ਨਾਲ ਸੈਂਕੜੇ ਬੱਚਿਆਂ ਦੀ ਮੌਤ, ਗੰਗਾ ਵਿਚ ਤੈਰਦੀਆਂ ਲਾਸ਼ਾਂ ਦਾ ਭਿਆਨਕ ਮੰਜ਼ਰ, ਬਲਾਤਕਾਰੀਆਂ ਦੀ ਖੁੱਲ੍ਹੇਆਮ ਰਾਜਕੀ ਪੁਸ਼ਤਪਨਾਹੀ, ਕਿਸਾਨ ਅੰਦੋਲਨਕਾਰੀਆਂ, ਮੀਡੀਆ ਤੇ ਹੋਰ ਇਨਸਾਫਪਸੰਦਾਂ ਦਾ ਦਮਨ, ਰਾਜ ਨੂੰ ਅਪਰਾਧ ਮੁਕਤ ਕਰਨ ਦੇ ਨਾਂ ਹੇਠ ਮੁੱਖ ਮੰਤਰੀ ਵੱਲੋਂ ਪੁਲਿਸ ਮੁਕਾਬਲਿਆਂ ਨੂੰ ਹਰੀ ਝੰਡੀ ਅਤੇ ਹੋਰ ਤਾਨਾਸ਼ਾਹ ਕਾਰਿਆਂ ਦੇ ਬਾਵਜੂਦ ਆਰ.ਐਸ.ਐਸ.-ਬੀ.ਜੇ.ਪੀ. ਬੁਨਿਆਦੀ ਮੁੱਦਿਆਂ ਤੋਂ ਅਵਾਮ ਦਾ ਧਿਆਨ ਹਟਾਉਣ ਅਤੇ ਵੱਖ-ਵੱਖ ਜਾਤਾਂ ਦੇ ਵੋਟਰਾਂ ਨੂੰ ਵੰਡ ਕੇ ਸ਼ਰੀਕ ਹਾਕਮ ਜਮਾਤੀ ਪਾਰਟੀਆਂ ਤੋਂ ਜ਼ਿਆਦਾ ਵੋਟਾਂ ਹਾਸਲ ਕਰਨ 'ਚ ਕਾਮਯਾਬ ਰਹੀ। ਰੁਜ਼ਗਾਰ, ਖੇਤੀ ਸੰਕਟ, ਛੋਟੀ ਤੇ ਦਰਮਿਆਨੀ ਸਨਅਤ ਅਤੇ ਨਿੱਕੇ ਕਾਰੋਬਾਰਾਂ ਦਾ ਉਜਾੜਾ ਜੋ ਆਮ ਲੋਕਾਂ ਲਈ ਰੁਜ਼ਗਾਰ ਦੇ ਮੁੱਖ ਸਰੋਤ ਹਨ, ਸਰਕਾਰੀ ਰੁਜ਼ਗਾਰ ਢਾਂਚੇ ਦਾ ਖਾਤਮਾ, ਸਿੱਖਿਆ, ਸਿਹਤ ਸੇਵਾਵਾਂ ਆਦਿ ਵਿਰਾਟ ਮਸਲੇ ਚੋਣਾਂ ਵਿਚ ਮੁੱਦਾ ਹੀ ਨਹੀਂ ਬਣੇ। ਚੋਣ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਦੀ ਮੌਜੂਦਾ ਵਿਰੋਧੀ ਧਿਰ ਕੋਲ ਸੱਤਾਧਾਰੀ ਧਿਰ ਨਾਲੋਂ ਵੱਖਰਾ, ਕੋਈ ਬਦਲਵਾਂ ਪ੍ਰੋਗਰਾਮ ਨਹੀਂ। ਹਕੂਮਤ ਵਿਰੁੱਧ ਸੜਕਾਂ ਉਪਰ ਲੜਾਈ ਲੜ ਕੇ ਸੰਘਰਸ਼ਾਂ ਰਾਹੀਂ ਆਮ ਜਨਤਾ ਦਾ ਰਾਜਨੀਤਕ ਚੇਤਨਾ ਪੱਧਰ ਉਚਾ ਚੁੱਕ ਕੇ ਭਗਵੇਂ ਦਹਿਸ਼ਤਵਾਦ ਨਾਲ ਟੱਕਰ ਲੈਣ ਅਤੇ ਅਵਾਮ ਨੂੰ ਰਾਜਨੀਤਕ ਤੌਰ 'ਤੇ ਲਾਮਬੰਦ ਕਰਨ ਦਾ ਦਮ ਇਨ੍ਹਾਂ ਪਾਰਟੀਆਂ 'ਚ ਨਹੀਂ ਹੈ। ਆਰ.ਐਸ.ਐਸ.-ਬੀ.ਜੇ.ਪੀ. ਨੇ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦੇ ਕੇ ਭਾਰਤ ਨੂੰ ਵਿਰੋਧੀ ਧਿਰ ਤੋਂ ਮੁਕਤ ਬਣਾ ਲਿਆ ਹੈ। ਹੁਣ ਨੇੜ ਭਵਿੱਖ 'ਚ 2024 ਤੱਕ ਆਰ.ਐਸ.ਐਸ-ਬੀ.ਜੇ.ਪੀ. ਲਈ ਚੋਣਾਂ ਦਾ ਕੋਈ ਗਿਣਨਯੋਗ ਦਬਾਓ ਨਹੀਂ ਹੈ। ਭਾਰਤੀ ਅਵਾਮ ਨੂੰ ਹੁਣ ਆਰਥਕ ਨੀਤੀਆਂ ਅਤੇ ਹਿੰਦੂ ਰਾਸ਼ਟਰਵਾਦ ਦੀ ਹੋਰ ਵੀ ਤਿੱਖੀ ਹਮਲਾਵਰ ਮੁਹਿੰਮ ਦਾ ਸਾਹਮਣਾ ਕਰਨਾ ਪਵੇਗਾ। ਆਰ.ਐਸ.ਐਸ. ਦੀ ਅਹਿਮਦਾਬਾਦ ਵਿਚ ਹੋ ਰਹੀ ਵਿਸ਼ੇਸ਼ ਬੈਠਕ ਨੇ 'ਚਿੰਤਾ' ਜ਼ਾਹਿਰ ਕੀਤੀ ਹੈ ਕਿ ਖਾਸ ਧਰਮ ਦੇ ਲੋਕ ਭਾਰਤ ਦੇ ਰਾਜ ਢਾਂਚੇ ਵਿਚ ਘੁਸਪੈਠ ਕਰ ਰਹੇ ਹਨ। ਜ਼ਾਹਿਰ ਹੈ, ਆਉਣ ਵਾਲੇ ਦਿਨਾਂ 'ਚ ਮੁਸਲਿਮ ਫਿਰਕੇ ਉਪਰ ਹਮਲੇ ਤਿੱਖੇ ਕੀਤੇ ਜਾਣਗੇ।



ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਨੇ ਭਾਰੀ ਬਹੁਮਤ ਨਾਲ ਸਰਕਾਰ ਬਣਾ ਲਈ ਹੈ ਜਿਸ ਨੇ ਇਹ ਦਾਅਵਾ ਕਰਕੇ ਵੋਟਾਂ ਬਟੋਰੀਆਂ ਕਿ ਅਸੀਂ ਜਿੱਤਣ ਲਈ ਸਿਆਸਤ ਕਰਨ ਨਹੀਂ ਸਗੋਂ ਸਿਆਸਤ ਨੂੰ ਬਦਲਣ ਲਈ ਆਏ ਹਾਂ। 117 ਸੀਟਾਂ ਵਿਚੋਂ ਕਾਂਗਰਸ ਨੂੰ ਮਹਿਜ਼ 18, ਬਾਦਲ ਦਲ ਨੂੰ 3 ਅਤੇ ਬੀ.ਜੇ.ਪੀ. ਨੂੰ 2 ਸੀਟਾਂ ਮਿਲੀਆਂ। ਬਾਦਲਕਿਆਂ ਨਾਲ ਗੱਠਜੋੜ ਕਰਕੇ ਬਸਪਾ ਨੂੰ 27 ਸਾਲ ਬਾਅਦ ਇਕਲੌਤੀ ਸੀਟ ਹਾਸਲ ਹੋਈ ਹੈ। ਬਿਨਾਂ ਸ਼ੱਕ, ਪੰਜਾਬ ਦੀ ਅਵਾਮ ਨੇ ਰਵਾਇਤੀ ਹਾਕਮ ਜਮਾਤੀ ਧੜਿਆਂ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ ਵੋਟ ਪਾਈ ਹੈ। ਕਾਂਗਰਸ, ਬਾਦਲ ਦਲ ਅਤੇ ਬਸਪਾ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਭਾਜਪਾ ਨਾਲ ਗੱਠਜੋੜ ਕਰਨ ਵਾਲੇ ਕੈਪਟਨ ਅਤੇ ਢੀਂਡਸਾ ਧੜਿਆਂ ਨੂੰ ਵੋਟਰਾਂ ਨੇ ਦੁਰਕਾਰ ਦਿੱਤਾ। ਬਾਦਲ, ਸੁਖਬੀਰ, ਕੈਪਟਨ, ਚੰਨੀ, ਸਿੱਧੂ ਵਰਗੇ ਮੁੱਖ ਚਿਹਰੇ ਹਾਰ ਗਏ। ਚੋਣਾਂ ਲੜਨ ਵਾਲੇ ਕਮਿਊਨਿਸਟਾਂ ਨੂੰ ਵੀ ਹੁੰਗਾਰਾ ਨਹੀਂ ਮਿਲਿਆ, ਇਸ ਦੇ ਬਾਵਜੂਦ ਕਿ ਉਹ ਲੋਕ ਹੱਕਾਂ ਲਈ ਕਿਸੇ ਨਾ ਕਿਸੇ ਰੂਪ 'ਚ ਸੰਘਰਸ਼ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਨੇ ਕਿਸਾਨ ਅੰਦੋਲਨ 'ਚ ਵੀ ਸਰਗਰਮ ਭੂਮਿਕਾ ਨਿਭਾਈ। ਕਿਸਾਨ ਅੰਦੋਲਨ 'ਚ ਬਣੇ ਰਸੂਖ ਦਾ ਲਾਹਾ ਲੈਣ ਦਾ ਭਰਮ ਪਾਲ ਕੇ ਜਿਨ੍ਹਾਂ ਨੇ ਸੰਯੁਕਤ ਸਮਾਜ ਮੋਰਚਾ ਬਣਾਇਆ, ਉਨ੍ਹਾਂ ਨੂੰ ਵੀ ਲੋਕਾਂ ਨੇ ਹਾਕਮ ਜਮਾਤੀ ਸਿਆਸਤ ਦੇ ਬਦਲ ਵਜੋਂ ਸਵੀਕਾਰ ਨਹੀਂ ਕੀਤਾ। ਕੇਜਰੀਵਾਲ ਨੇ ਚੋਣਾਂ ਲੜਨ ਲਈ ਤਹੂ ਰਾਜੇਵਾਲ ਅਤੇ ਹੋਰ ਕਿਸਾਨ ਆਗੂਆਂ ਨੂੰ ਸੀਟਾਂ ਦੇ ਲੈਣ-ਦੇਣ 'ਚ ਉਲਝਾ ਕੇ ਕਿਸਾਨ ਅੰਦੋਲਨ ਦੇ ਰਸੂਖ ਅਤੇ ਮੁੱਖ ਪਾਰਟੀਆਂ ਵਿਰੁੱਧ ਕਿਸਾਨਾਂ ਦੇ ਗੁੱਸੇ ਨੂੰ ਝਾੜੂ ਲਈ ਵੋਟਾਂ 'ਚ ਢਾਲਣਾ ਅਤੇ ਸੰਯੁਕਤ ਮੋਰਚੇ ਦੇ ਉਮੀਦਵਾਰਾਂ ਨੂੰ ਖੋਰਾ ਲਾਉਣਾ ਯਕੀਨੀ ਬਣਾ ਲਿਆ। ਸਿਮਰਨਜੀਤ ਸਿੰਘ ਮਾਨ ਦੀ ਸਿਆਸਤ ਵੱਲ ਵੀ ਸਿੱਖ ਅਵਾਮ ਨੇ ਕੋਈ ਖਿੱਚ ਨਹੀਂ ਦਿਖਾਈ। ਦੀਪ ਸਿੱਧੂ ਦੀ ਮੌਤ ਨਾਲ ਸਿੱਖ ਨੌਜਵਾਨਾਂ ਦੇ ਇਕ ਹਿੱਸੇ 'ਚ ਬਣੀ ਹਮਦਰਦੀ ਵੀ ਕੰਮ ਨਹੀਂ ਆਈ।

ਚੋਣਾਂ ਨਾ ਲੜਨ ਵਾਲੀਆਂ ਕਿਸਾਨ ਜਥੇਬੰਦੀਆਂ ਵੱਲੋਂ ਪ੍ਰਚਾਰੇ 'ਬੁਨਿਆਦੀ ਬਦਲਾਓ' ਵਾਲੇ ਬਦਲ 'ਚ ਵੀ ਅਵਾਮ ਨੂੰ ਭਰੋਸਾ ਨਹੀਂ ਬੱਝਿਆ। ਉਨ੍ਹਾਂ ਦੀ ਰਾਜਨੀਤਕ ਚੇਤਨਾ ਅਜੇ ਇਸ ਮੁਕਾਮ 'ਤੇ ਨਹੀਂ ਪਹੁੰਚੀ ਕਿ ਇਸ ਰਾਜਸੀ ਢਾਂਚੇ ਨੂੰ ਰੱਦ ਕਰਦੇ ਹੋਏ ਯੁਗ ਪਲਟਾਊ ਬਦਲਾਓ ਲਿਆਉਣਾ ਹੀ ਅਸਲ ਬਦਲਾਓ ਹੈ। ਉਹ ਅਜੇ ਇਸੇ ਅਨਿਆਂਕਾਰੀ ਰਾਜਸੀ ਢਾਂਚੇ ਦੇ ਅੰਦਰ ਵੋਟਾਂ ਪਾ ਕੇ ਸਰਕਾਰਾਂ ਬਦਲਣ ਨੂੰ ਹੀ ਬਦਲਾਓ ਤਸੱਵਰ ਕਰਦੇ ਹਨ। ਉਨ੍ਹਾਂ ਦੀ ਰਾਜਨੀਤਕ ਸੋਚ ਅਜੇ ਇਹ ਫਰਕ ਸਮਝਣ ਦੇ ਸਮਰੱਥ ਨਹੀਂ ਹੈ ਕਿ ਰਾਜਨੀਤਕ ਪਾਰਟੀਆਂ ਸਮੁੱਚੇ ਸਮਾਜ ਦੇ ਹਿਤਾਂ ਦੀ ਨੁਮਾਇੰਦਗੀ ਨਹੀਂ ਕਰਦੀਆਂ ਅਤੇ ਨਾ ਕਰ ਸਕਦੀਆਂ ਹਨ। ਵੋਟਾਂ ਲੈਣ ਲਈ ਪਾਰਟੀਆਂ ਦੇ ਮੈਨੀਫੈਸਟੋ ਚਾਹੇ ਕੋਈ ਵੀ ਦਾਅਵੇ ਕਰਨ, ਉਹ ਕਿੰਨੇ ਵੀ ਲੋਕ-ਲੁਭਾਊ ਵਾਅਦੇ ਕਰਨ, ਮਲਕ ਭਾਗੋਆਂ ਦੇ ਹਿਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਪਾਰਟੀਆਂ ਭਾਈ ਲਾਲੋਆਂ ਦੇ ਜ਼ਿੰਦਗੀ ਦੇ ਹਾਲਾਤ ਬਦਲਣ ਲਈ ਸੁਹਿਰਦ ਨਹੀਂ ਹੋ ਸਕਦੀਆਂ। ਲਿਹਾਜ਼ਾ, ਅਵਾਮ ਅੱਗੇ ਅਜੇ ਠੋਸ ਰੂਪ 'ਚ ਕੋਈ ਐਸਾ ਸੱਚਾ ਬਦਲ ਨਹੀਂ ਹੈ ਜੋ ਉਨ੍ਹਾਂ ਦਾ ਭਰੋਸਾ ਜਿੱਤ ਸਕਦਾ। ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਵੱਲੋਂ ਮਚਾਈ ਮਾਰਧਾੜ ਅਤੇ ਜਬਰ ਤੋਂ ਅੱਕੀ ਅਵਾਮ ਨੇ 'ਚੋਰਾਂ ਵਿਚੋਂ ਸਭ ਤੋਂ ਛੋਟੇ ਚੋਰ ਨੂੰ ਮੌਕਾ ਦੇਣ' ਦੀ ਸੋਚ ਨਾਲ 'ਆਪ' ਨੂੰ ਚੁਣਿਆ। ਉਨ੍ਹਾਂ ਨੂੰ ਭਰਮ ਹੈ ਕਿ 'ਆਪ' ਦੀ ਸਰਕਾਰ ਬਣਨ 'ਤੇ ਕੁਝ ਨਾ ਕੁਝ ਬਦਲਾਓ ਜ਼ਰੂਰ ਹੋਵੇਗਾ। ਆਉਣ ਵਾਲੇ ਦਿਨਾਂ 'ਚ ਹਕੂਮਤ ਦਾ ਕਾਰਵਿਹਾਰ ਅਤੇ ਵਾਅਦਿਆਂ ਨੂੰ ਸਾਕਾਰ ਕਰਨ ਲਈ ਲਏ ਜਾਣ ਵਾਲੇ ਫੈਸਲੇ ਦੱਸਣਗੇ ਕਿ ਇਹ 'ਬਦਲਾਓ' ਕਿਸ ਤਰ੍ਹਾਂ ਦਾ ਹੋਵੇਗਾ। ਕੀ ਇਹ ਮਹਿਜ਼ ਪ੍ਰਬੰਧਕੀ ਫੇਰ-ਬਦਲ ਹੋਵੇਗਾ ਜਾਂ ਇਸ ਤੋਂ ਕੁਝ ਅੱਗੇ ਵੀ ਹੋਵੇਗਾ? ਲਿਹਾਜ਼ਾ, ਉਨ੍ਹਾਂ ਵਾਅਦਿਆਂ ਨੂੰ ਚੇਤੇ ਰੱਖਣਾ ਜ਼ਰੂਰੀ ਹੈ ਜੋ ਚੋਣਾਂ ਤੋਂ ਪਹਿਲਾਂ ਕੀਤੇ ਗਏ। ਉਨ੍ਹਾਂ ਅਸਲ ਚੁਣੌਤੀਆਂ ਦੀ ਗੱਲ ਕਰਨੀ ਵੀ ਜ਼ਰੂਰੀ ਹੈ ਜੋ ਪੰਜਾਬ ਅਤੇ ਭਾਰਤ ਨੂੰ ਦਰਪੇਸ਼ ਹਨ।

ਚੋਣ ਮੁਹਿੰਮ 'ਚ ਅਰਵਿੰਦ ਕੇਜਰੀਵਾਲ ਨੇ ਹਿੱਕ ਥਾਪੜੀ ਸੀ ਕਿ ਦਿੱਲੀ ਵਾਲਾ ਮਾਡਲ ਲਾਗੂ ਕਰਕੇ ਪੰਜਾਬ ਨੂੰ ਇੰਨਾ ਖੁਸ਼ਹਾਲ ਬਣਾ ਦਿਆਂਗੇ ਕਿ ਰੁਜ਼ਗਾਰ ਖਾਤਰ ਕੈਨੇਡਾ ਗਏ ਨੌਜਵਾਨ ਅਗਲੇ ਪੰਜ ਸਾਲਾਂ 'ਚ ਵਾਪਸ ਆ ਜਾਣਗੇ। ਸਵਾਲ ਹੈ: ਇਸ ਤਰੱਕੀ ਦਾ ਰੋਡ ਮੈਪ ਕੀ ਹੈ ਅਤੇ ਇਸ ਲਈ ਪੈਸਾ ਕਿੱਥੋਂ ਆਵੇਗਾ? 24 ਘੰਟੇ ਬਿਜਲੀ ਸਪਲਾਈ, ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ, ਬਿਜਲੀ ਦੇ ਪੁਰਾਣੇ ਘਰੇਲੂ ਬਕਾਇਆ ਬਿੱਲਾਂ ਦੀ ਮੁਆਫੀ, ਦਿੱਲੀ ਦੀ ਤਰਜ਼ 'ਤੇ ਹਰ ਪਿੰਡ ਤੇ ਸ਼ਹਿਰ ਵਿਚ 16000 ਮੁਹੱਲਾ ਕਲੀਨਿਕਾਂ ਰਾਹੀਂ ਸਸਤਾ, ਵਧੀਆ ਤੇ ਮੁਫਤ ਇਲਾਜ, ਸਮਾਰਟ ਸਕੂਲ, ਕਿਸਾਨਾਂ ਲਈ ਕਰਜ਼ਾ ਮੁਆਫੀ, ਹਰ ਬਾਲਗ ਔਰਤ ਨੂੰ ਹਰ ਮਹੀਨੇ ਇਕ ਹਜ਼ਾਰ ਰੁਪਏ, ਬੁਢਾਪਾ ਪੈਨਸ਼ਨ 2500 ਰੁਪਏ ਵਗੈਰਾ ਵਾਅਦੇ ਪੂਰੇ ਕਰਨ ਲਈ ਪੈਸਾ ਕਿੱਥੋਂ ਆਵੇਗਾ? ਇਸ ਨੂੰ ਦੇਖਦਿਆਂ ਕਿ ਪੰਜਾਬ ਸਿਰ 1999 'ਚ ਸਾਢੇ ਪੰਜ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਅਕਾਲੀ ਦਲ ਅਤੇ ਕਾਂਗਰਸ ਦੇ ਧਾੜਵੀ ਰਾਜਾਂ 'ਚ 3 ਲੱਖ ਕਰੋੜ ਰੁਪਏ ਹੋ ਚੁੱਕਾ ਹੈ। ਇਸ ਉਪਰ 18000 ਕਰੋੜ ਰੁਪਏ ਸਾਲਾਨਾ ਵਿਆਜ ਦੇਣਾ ਪੈਂਦਾ ਹੈ। ਜਦੋਂ ਰਾਜ ਦੇ ਵਸੀਲੇ ਧੜਵੈਲ ਕਰਜ਼ੇ ਦੇ ਵਿਆਜ 'ਚ ਨਿਚੋੜੇ ਜਾ ਰਹੇ ਹਨ ਤਾਂ ਤਮਾਮ ਲੋਕ-ਲੁਭਾਊ ਵਾਅਦਿਆਂ ਦੀ ਪੂਰਤੀ ਲਈ ਬਜਟ ਮੁਹੱਈਆ ਕਰਨਾ ਕਿਵੇਂ ਸੰਭਵ ਹੈ? ਇਕੱਲਾ ਮੁਫਤ ਬਿਜਲੀ ਦਾ ਵਾਅਦਾ ਪੂਰਾ ਕਰਨ ਲਈ ਹੀ ਹਕੂਮਤ ਨੂੰ ਬਿਜਲੀ ਮਹਿਕਮੇ ਨੂੰ 11000 ਕਰੋੜ ਰੁਪਏ ਸਬਸਿਡੀ ਦੇਣੀ ਪਵੇਗੀ। ਮੁਫਤ ਇਲਾਜ, ਚੰਗੀ ਪੜ੍ਹਾਈ, ਕਰਜ਼ਾ ਮੁਆਫੀ ਅਤੇ ਬੁਢਾਪਾ ਪੈਨਸ਼ਨ ਦੇ ਵਾਅਦੇ ਲਾਗੂ ਕਰਨ ਲਈ ਵੱਡੇ ਬਜਟ ਦਰਕਾਰ ਹਨ। ਠੋਸ ਟੈਕਸ ਨੀਤੀ ਬਣਾਏ ਤੋਂ ਬਗੈਰ ਰਾਜ ਦੀ ਆਮਦਨੀ ਵਧਾਉਣਾ ਸੰਭਵ ਨਹੀਂ ਹੈ ਅਤੇ ਇਹ ਦੇਖਣਾ ਬਾਕੀ ਹੈ ਕਿ ਕੇਜਰੀਵਾਲ ਟੀਮ ਆਮਦਨੀ ਵਧਾਉਣ ਲਈ ਕੀ ਨੀਤੀ ਅਖਤਿਆਰ ਕਰਦੀ ਹੈ। ਇਹ ਨਿਬੇੜਾ ਅਮਲਾਂ ਨਾਲ ਹੋਵੇਗਾ ਕਿ 'ਆਪ' ਦੀ ਸਰਕਾਰ ਪ੍ਰਬੰਧਕੀ ਬਦਲਾਓ ਤੱਕ ਮਹਿਦੂਦ ਰਹਿੰਦੀ ਹੈ ਜਾਂ ਮੁੱਖ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਵੀ ਚੁੱਕਦੀ ਹੈ। ਪੰਜਾਬ ਦੇ ਹਿਤ ਸਰਕਾਰੀ ਦਫਤਰਾਂ 'ਚ ਸ਼ਹੀਦ ਭਗਤ ਸਿੰਘ ਅਤੇ ਡਾ. ਅੰਬੇਡਕਰ ਦੀਆਂ ਤਸਵੀਰਾਂ ਟੰਗਣ ਦੇ ਹੁਕਮ ਦੇਣ ਅਤੇ ਕਰੋੜਾਂ ਰੁਪਏ ਪਾਣੀ ਵਾਂਗ ਵਹਾ ਕੇ ਸਹੁੰ-ਚੁੱਕ ਆਡੰਬਰ ਰਚਣ ਦੀ ਬਜਾਇ ਠੋਸ ਕਾਰਵਾਈ ਯੋਜਨਾ ਦੀ ਮੰਗ ਕਰਦੇ ਹਨ ਪਰ ਦਰਬਾਰ ਸਾਹਿਬ ਨਤ-ਮਸਤਕ ਹੋਣ ਲਈ 1200 ਸਰਕਾਰੀ ਬੱਸਾਂ ਦੀ ਦੁਰਵਰਤੋਂ ਅਤੇ ਖਟਕੜ ਕਲਾਂ 'ਚ 150 ਏਕੜ 'ਚ ਸਹੁੰ-ਚੁੱਕ ਸਮਾਗਮ ਸਰਕਾਰੀ ਖਜ਼ਾਨੇ ਦਾ ਉਜਾੜਾ ਕਰਨ ਵਾਲੀ ਪਹਿਲੀ ਪਰੰਪਰਾ ਦੀ ਲਗਾਤਾਰਤਾ ਹੈ।

ਨਸ਼ੇ ਅਤੇ ਮਾਫੀਆ ਰਾਜ ਦਾ ਖਾਤਮਾ ਵੀ ਵੱਡੇ ਮਸਲੇ ਹਨ, ਇਨ੍ਹਾਂ ਉਪਰ 'ਆਪ' ਦੇ ਮੁੱਖ ਆਗੂ ਲਗਾਤਾਰ ਬਿਆਨ ਦਿੰਦੇ ਰਹੇ ਹਨ। ਗੁਰਦਾਸਪੁਰ 'ਚ ਚੋਣ ਮੁਹਿੰਮ 'ਚ ਕੇਜਰੀਵਾਲ ਨੇ ਕਿਹਾ ਸੀ ਕਿ ਛੇ ਮਹੀਨਿਆਂ 'ਚ ਪੰਜਾਬ 'ਚੋਂ ਨਸ਼ੇ ਖਤਮ ਕਰ ਦਿੱਤੇ ਜਾਣਗੇ। ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਵਾਲਾ ਕੇਜਰੀਵਾਲ ਕੀ ਨਸ਼ਾ ਮਾਫੀਆ ਅਤੇ ਭੋਇੰ, ਰੇਤਾ-ਬਜਰੀ, ਟਰਾਂਸਪੋਰਟ, ਕੇਬਲ ਮਾਫੀਆ ਦੇ ਮੁੱਖ ਭਾਈਵਾਲ ਕਾਂਗਰਸੀ-ਅਕਾਲੀ ਆਗੂਆਂ ਨੂੰ ਸੀਖਾਂ ਪਿੱਛੇ ਭੇਜਣ ਦੀ ਹਿੰਮਤ ਕਰੇਗਾ? ਕੀ ਬੇਅਦਬੀ ਕਾਂਡਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ? ਕੀ 'ਇਕ ਵਿਧਾਇਕ ਇਕ ਪੈਨਸ਼ਨ' ਦਾ ਫਾਰਮੂਲਾ ਲਾਗੂ ਕੀਤਾ ਜਾਵੇਗਾ ਜਿਸ ਦੀ ਮੰਗ 'ਆਪ' ਦੇ ਆਗੂ ਪਿਛਲੀਆਂ ਸਰਕਾਰਾਂ ਤੋਂ ਕਰਦੇ ਰਹੇ ਹਨ?

ਅਹਿਮ ਸਵਾਲ ਦਰਿਆਈ ਪਾਣੀਆਂ ਉਪਰ ਪੰਜਾਬ ਦੇ ਹੱਕ ਲਈ ਅਤੇ ਫਾਸ਼ੀਵਾਦੀ ਕੇਂਦਰੀਕਰਨ ਵਿਰੁੱਧ ਡਟਣ ਦਾ ਹੈ। ਆਰ.ਐਸ.ਐਸ.-ਬੀ.ਜੇ.ਪੀ. ਦੀ ਕੇਂਦਰੀਕਰਨ ਦੀ ਧੁਸ ਦੀ ਹਮਾਇਤੀ ਕੇਜਰੀਵਾਲ ਟੀਮ ਫੈਡਰਲ ਢਾਂਚੇ ਦੇ ਹੱਕ ਵਿਚ ਕਿਵੇਂ ਡਟ ਸਕਦੀ ਹੈ? ਹਾਲ ਹੀ ਵਿਚ ਮੋਦੀ ਵਜ਼ਾਰਤ ਨੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਤੇ ਹਰਿਆਣੇ ਦੀ ਪੱਕੀ ਮੈਂਬਰੀ ਦਾ ਭੋਗ ਪਾ ਕੇ ਅਤੇ ਇਸੇ ਤਰ੍ਹਾਂ ਦੇ ਕੁਝ ਹੋਰ ਕਦਮ ਚੁੱਕ ਕੇ ਕੇਂਦਰੀਕਰਨ ਦੇ ਆਪਣੇ ਮਨਸ਼ੇ ਸਪਸ਼ਟ ਕਰ ਦਿੱਤੇ ਹਨ। ਕੀ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੇ ਹਿੱਸੇ ਵਜੋਂ ਜੰਮੂ ਕਸ਼ਮੀਰ ਨੂੰ ਤੋੜਨ ਦੀ ਹਮਾਇਤ ਕਰਨ ਵਾਲਾ, ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਲੜ ਰਹੇ ਮੁਸਲਿਮ ਫਿਰਕੇ ਉਪਰ ਹਮਲਿਆਂ ਸਮੇਂ ਚੁੱਪ ਰਹਿਣ ਵਾਲਾ ਅਤੇ 'ਪੰਜਾਬ ਮੇਂ ਹਿੰਦੂ ਖਤਰੇ ਮੇਂ' ਦੀ ਦੁਹਾਈ ਦੇਣ ਵਾਲਾ ਹਿੰਦੂ ਰਾਸ਼ਟਰਵਾਦੀ ਆਪਣੀ ਪੰਜਾਬ ਵਜ਼ਾਰਤ ਨੂੰ ਫੈਡਰਲ ਢਾਂਚੇ ਅਤੇ ਪੰਜਾਬ ਦੇ ਹਿਤਾਂ ਤੇ ਘੱਟਗਿਣਤੀਆਂ ਦੇ ਹਿਤਾਂ ਦੀ ਰਾਖੀ ਲਈ ਡਟਣ ਦੀ ਇਜਾਜ਼ਤ ਦੇਵੇਗਾ? ਉਸ ਨੂੰ ਤਾਂ ਭਗਵੰਤ ਦੀ ਫੋਟੋ ਵਾਲੇ ਬੋਰਡ ਵੀ ਮਜਬੂਰੀ ਨੂੰ ਲਾਉਣੇ ਪਏ ਅਤੇ ਉਸ ਨੂੰ ਮੁੱਖ ਮੰਤਰੀ ਦਾ ਚਿਹਰਾ ਵੀ ਮਜਬੂਰੀ ਨੂੰ ਬਣਾਉਣਾ ਪਿਆ। ਭ੍ਰਿਸ਼ਟਾਚਾਰ ਅਤੇ 'ਸਿਆਸਤ ਨੂੰ ਬਦਲਣ' ਦੇ ਨਾਂ ਹੇਠ ਐਸੀ ਪਾਰਟੀ ਬਣਾਉਣਾ ਹੋਰ ਗੱਲ ਹੈ ਜੋ ਬਕੌਲ ਕੇਜਰੀਵਾਲ 'ਸ਼ਿਵ ਜੀ ਦੀ ਬਰਾਤ' ਵਾਂਗ ਹੈ ਜਿਸ ਵਿਚ ਹਰ ਤਰ੍ਹਾਂ ਦੇ ਲੋਕ ਸ਼ਾਮਿਲ ਹਨ। ਬਾਕੀ ਰਾਜਾਂ ਵਿਚ ਫਿਰਕੂ ਪਾਲਾਬੰਦੀ ਦੀ ਸਿਆਸਤ ਦੀ ਮਜ਼ਬੂਤੀ ਅਤੇ ਪੰਜਾਬ ਵਿਚ ਇਸ ਸਿਆਸਤ ਨੂੰ ਮੂੰਹ ਨਾ ਲਾਏ ਜਾਣ ਦੀ ਵਿਰੋਧਾਭਾਸੀ ਹਾਲਤ 'ਚ ਕੇਜਰੀਵਾਲ ਟੀਮ ਕਿਸ ਪਾਸੇ ਖੜ੍ਹੇਗੀ? ਕੀ ਉਹ ਪਾਰਟੀ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਨਿਸ਼ਾਨੇ ਵਾਲੀ ਫਾਸ਼ੀਵਾਦੀ ਆਰ.ਐਸ.ਐਸ.-ਬੀ.ਜੇ.ਪੀ. ਨਾਲ ਮੱਥਾ ਲਾ ਸਕਦੀ ਹੈ ਜਿਸ ਨੂੰ ਸੰਘ ਬ੍ਰਿਗੇਡ ਦੀ ਬੀ-ਟੀਮ ਮੰਨਿਆ ਜਾਂਦਾ ਹੈ? ਆਉਣ ਵਾਲਾ ਵਕਤ ਦੱਸੇਗਾ ਕਿ 'ਆਪ' ਇਨ੍ਹਾਂ ਚੁਣੌਤੀਆਂ ਅਤੇ ਮਸਲਿਆਂ ਪ੍ਰਤੀ ਕੀ ਰੁਖ ਅਖਤਿਆਰ ਕਰਦੀ ਹੈ।

# ਫਾਸ਼ੀਵਾਦੀਆਂ ਖਿਲਾਫ ਲੜਾਈ ਅਜੇ ਮੁੱਕੀ ਨਹੀਂ...

ਭਾਰਤ ਦੇ ਪੰਜ ਰਾਜਾਂ 'ਚ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਸਾਨੂੰ ਫਿਕਰਮੰਦ ਹੋਣਾ ਚਾਹੀਦਾ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ (ਜੋ ਭਾਜਪਾ ਅਤੇ ਵਿਰੋਧੀ ਧਿਰ ਦੀ ਕਾਂਗਰਸ ਪਾਰਟੀ ਦੇ ਤੀਜੇ ਬਦਲ ਵਜੋਂ ਉਭਰੀ ਹੈ) ਨੇ ਕੁਲ 117 ਵਿਚੋਂ

ਗੁਰਪ੍ਰੀਤ ਸਿੰਘ (ਕੈਨੇਡਾ)
ਅਨੁਵਾਦ: ਬੂਟਾ ਸਿੰਘ

92 ਸੀਟਾਂ ਲੈ ਕੇ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ ਹੈ, ਹਾਲਾਂਕਿ ਸੱਤਾਧਾਰੀ ਸੱਜੇ ਪੱਖੀ ਹਿੰਦੂ ਰਾਸ਼ਟਰਵਾਦੀ ਬੀ.ਜੇ.ਪੀ. ਨੇ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਰਾਜ- ਉੱਤਰ ਪ੍ਰਦੇਸ਼ (ਯੂ.ਪੀ.) ਸਮੇਤ ਹੋਰ ਚਾਰ ਰਾਜਾਂ ਵਿਚ ਜਿੱਤ ਪ੍ਰਾਪਤ ਕੀਤੀ ਹੈ।

ਯੂ.ਪੀ. ਵਿਚ ਭਾਜਪਾ ਨੇ ਕੁਲ 403 ਵਿਧਾਨ ਸਭਾ ਸੀਟਾਂ ਵਿਚੋਂ 273 ਜਿੱਤੀਆਂ ਹਨ ਜਦੋਂ ਕਿ ਗੁਆਂਢੀ ਰਾਜ ਉੱਤਰਾਖੰਡ ਵਿਚ ਕੁਲ 70 ਵਿਚੋਂ 47 ਜਿੱਤੀਆਂ ਹਨ। ਇਸੇ ਤਰ੍ਹਾਂ ਮਨੀਪੁਰ ਅਤੇ ਗੋਆ ਵਿਚ ਭਾਜਪਾ ਨੇ ਕ੍ਰਮਵਾਰ 60 ਵਿਚੋਂ 32 ਅਤੇ 40 ਵਿਚੋਂ 20 ਸੀਟਾਂ ਜਿੱਤੀਆਂ ਹਨ। ਇਸ ਜਿੱਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 2024 'ਚ ਹੋਣ ਵਾਲੀਆਂ ਲੋਕ ਚੋਣਾਂ ਵਿਚ ਇਕ ਹੋਰ ਜਿੱਤ ਦੀ ਭਵਿੱਖਬਾਣੀ ਕਰਨ ਲਈ ਕਾਫੀ ਭਰੋਸਾ ਦੇ ਦਿੱਤਾ ਹੈ।

ਇਹ ਵੱਖਰੀ ਗੱਲ ਹੈ ਕਿ ਜਦੋਂ 2014 ਤੋਂ ਉਹ ਪਹਿਲੀ ਵਾਰ ਪ੍ਰਧਾਨ ਮੰਤਰੀ ਚੁਣਿਆ ਗਿਆ ਸੀ, ਉਦੋਂ ਤੋਂ ਲੈ ਕੇ ਮੋਦੀ ਜਨੂਨ ਪੰਜਾਬ ਵਿਚ ਬਿਲਕੁਲ ਕੰਮ ਨਹੀਂ ਆਇਆ। ਇਸ ਵਾਰ ਵਿਲੱਖਣ ਗੱਲ ਸਿਰਫ ਇਹ ਬਣੀ ਕਿ ਪੰਜਾਬ ਦੇ ਵੋਟਰਾਂ ਨੇ ਸਾਰੇ ਰਵਾਇਤੀ ਆਗੂਆਂ ਅਤੇ ਪਾਰਟੀਆਂ ਨੂੰ ਨਕਾਰ ਕੇ 'ਆਪ' ਨੂੰ ਪੂਰਨ ਬਹੁਮਤ ਦੇ ਕੇ ਇਤਿਹਾਸ ਰਚ ਦਿੱਤਾ ਹੈ। ਦਿੱਲੀ ਤੋਂ ਬਾਅਦ ਪੰਜਾਬ 'ਆਪ' ਦੇ ਸ਼ਾਸਨ ਵਾਲਾ ਦੂਜਾ ਰਾਜ ਬਣ ਗਿਆ ਹੈ।

ਪੰਜਾਬ ਵਿਚ ਜਸ਼ਨਾਂ ਦਾ ਮਿਜ਼ਾਜ ਭਾਵੇਂ ਸਮਝ 'ਚ ਆਉਂਦਾ ਹੈ ਪਰ ਫਾਸ਼ੀਵਾਦੀਆਂ ਖਿਲਾਫ ਅਸਲ ਲੜਾਈ ਅਜੇ ਮੁੱਕੀ ਨਹੀਂ।

ਮੋਦੀ ਅਧੀਨ ਭਾਰਤ ਅਸਹਿਣਸ਼ੀਲ ਅਤੇ ਜ਼ਾਲਮ ਹਿੰਦੂ ਧਰਮਤੰਤਰੀ ਰਾਜ ਵਿਚ ਬਦਲ ਚੁੱਕਾ ਹੈ। ਪਿਛਲੇ ਅੱਠ ਸਾਲਾਂ ਵਿਚ ਰਾਜਨੀਤਕ ਅਸਹਿਮਤੀ ਰੱਖਣ ਵਾਲਿਆਂ ਅਤੇ ਧਾਰਮਿਕ ਘੱਟਗਿਣਤੀਆਂ, ਖਾਸਕਰ ਮੁਸਲਮਾਨਾਂ ਅਤੇ ਇਸਾਈਆਂ ਉੱਪਰ ਹਮਲੇ ਵਧੇ ਹਨ। ਬਦਕਿਸਮਤੀ ਨਾਲ 'ਆਪ' ਭਾਜਪਾ ਅਤੇ ਇਸ ਦੇ ਹਿੰਦੂ ਸਰਵ-ਉਚਤਾਵਾਦੀ ਏਜੰਡੇ ਖਿਲਾਫ ਮਜ਼ਬੂਤ ਵਿਚਾਰਧਾਰਕ ਲੜਾਈ ਦੇਣ ਵਿਚ ਅਸਫਲ ਰਹੀ ਹੈ। ਇੱਥੋਂ ਤੱਕ ਕਿ ਭਾਜਪਾ ਵੱਲੋਂ ਧਰਮ ਦੇ ਨਾਂ 'ਤੇ ਧਰੁਵੀਕਰਨ ਅਤੇ ਵਿਦੇਸ਼ੀ ਨੀਤੀਆਂ ਅਤੇ ਕੌਮੀ ਸੁਰੱਖਿਆ ਦੇ ਸਵਾਲ ਉਪਰ ਇਸ ਦੇ ਜੰਗਬਾਜ਼ ਸਟੈਂਡ ਵਿਰੁੱਧ 'ਆਪ' ਨੇ ਵਾਰ-ਵਾਰ ਬਹੁਤ ਹੀ ਨਰਮ ਰੁਖ ਅਖਤਿਆਰ ਕੀਤਾ ਹੈ। ਸਿਆਸੀ ਹਲਕਿਆਂ ਵਿਚਲੇ ਬਹੁਤ ਸਾਰੇ ਆਲੋਚਕ ਹੈਰਾਨ ਹਨ ਕਿ ਕੀ 'ਆਪ' ਭਾਜਪਾ ਦੀ 'ਬੀ' ਟੀਮ ਹੈ?

ਇਹ ਮੰਨਿਆ ਹੋਇਆ ਤੱਥ ਹੈ ਕਿ ਭਾਜਪਾ ਨੇ ਮੁਸਲਮਾਨ ਵਿਰੋਧੀ ਲਫਾਜ਼ੀ ਵਰਤ ਕੇ ਯੂ.ਪੀ. ਵਰਗੇ ਸਥਾਨਾਂ 'ਚ ਸਮਾਜੀ ਮਾਹੌਲ ਬਹੁਤ ਜ਼ਿਆਦਾ ਜ਼ਹਿਰੀਲਾ ਕਰ ਦਿੱਤਾ ਹੈ ਜਿਸ ਦਾ ਇਸ ਨੂੰ ਸਿਆਸੀ ਲਾਭ ਵੀ ਮਿਲਿਆ ਹੈ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਐਸੇ ਸਵਾਲਾਂ ਉਪਰ ਜਾਂ ਤਾਂ ਨਰਮ ਰੁਖ ਅਖਤਿਆਰ ਕਰਦਾ ਰਿਹਾ ਹੈ ਜਾਂ ਫਿਰ ਰਾਸ਼ਟਰੀ ਹਿਤ ਦੇ ਨਾਂ 'ਤੇ ਇਸ ਨੇ ਮੋਦੀ ਨੂੰ ਪਛਾੜਨ ਦੀ ਕੋਸ਼ਿਸ਼ ਕੀਤੀ ਹੈ।

ਮੌਜੂਦਾ ਨਤੀਜੇ ਸਿਰਫ ਇਹ ਦੱਸਦੇ ਹਨ ਕਿ ਮੋਦੀ ਛੇਤੀ ਕੀਤਿਆਂ ਜਾਣ ਵਾਲਾ ਨਹੀਂ। ਅਜਿਹੇ ਸੂਬੇ ਵਿਚ ਜੋ ਪਹਿਲਾਂ ਹੀ ਉਸ ਦੇ ਵਿਰੁੱਧ ਹੈ, 'ਆਪ' ਦੀ ਜਿੱਤ ਨਾਲ ਬਹੁਤਾ ਫਰਕ ਪੈਣ ਵਾਲਾ ਨਹੀਂ ਜਿਸ ਦੇ ਜਸ਼ਨ ਮਨਾਏ ਜਾ ਰਹੇ ਹਨ। ਜ਼ਰਾ ਸੋਚੋ: ਪੰਜਾਬ ਕੋਲ ਪਾਰਲੀਮੈਂਟ ਵਿਚ ਸਿਰਫ 13 ਸੀਟਾਂ ਹਨ ਅਤੇ ਯੂ.ਪੀ. ਕੋਲ 80 ਜਿਸ ਦਾ ਮਤਲਬ ਹੈ ਕਿ ਮੋਦੀ ਨੂੰ ਯੂ.ਪੀ. ਉਪਰ ਕਬਜ਼ਾ ਰੱਖਣ, ਆਪਣਾ ਬਹੁਮਤ ਬਰਕਰਾਰ ਰੱਖਣ ਅਤੇ ਮੁਲਕ ਨੂੰ ਚਲਾਉਣ ਲਈ ਪੰਜਾਬ ਦੀ ਜ਼ਰੂਰਤ ਨਹੀਂ, ਉਹ ਇਸ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ। ਉਹ ਆਪਣੇ ਸੰਦ-ਸੰਦੇੜੇ ਵਿਚਲੇ ਹਰ ਸੰਦ ਦੀ ਵਰਤੋਂ ਕਰੇਗਾ। ਜੇ ਯੂ.ਪੀ. ਦੇ ਮੁੱਖ ਹਿੰਦੂ ਵੋਟਰ ਉਸ ਦੀ ਖਾਸ ਵੰਨਗੀ ਦੀ ਫਿਰਕਾਪ੍ਰਸਤ ਰਾਜਨੀਤੀ ਸਵੀਕਾਰ ਕਰਕੇ ਖੁਸ਼ ਹਨ ਜੋ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਹੋਇਆ ਹੈ ਤਾਂ ਅਸੀਂ ਕਿਸੇ ਵੀ ਤਰ੍ਹਾਂ ਇਹ ਨਹੀਂ ਸੋਚ ਸਕਦੇ ਕਿ ਆਉਣ ਵਾਲੇ ਸਮੇਂ 'ਚ ਕਿਸੇ ਵਕਤ ਮੁਲਕ ਉਪਰ ਉਸ ਦੀ ਜਕੜ ਢਿੱਲੀ ਪਵੇਗੀ। ਲਿਹਾਜ਼ਾ ਫਾਸ਼ੀਵਾਦੀਆਂ ਵਿਰੁੱਧ ਲੜਾਈ ਅਜੇ ਮੁੱਕੀ ਨਹੀਂ।

# ਚੋਣਾਂ ਦਾ ਚੱਕਰ ਨਤੀਜੇ ਸੌਂਪ ਕੇ ਨਿਕਲ ਗਿਆ, ਹੁਣ ਅੱਗੇ ਕਦਮ ਵਧਾਉਣ ਬਾਰੇ ਸੋਚੀਏ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣ ਪਿੱਛੋਂ ਨਤੀਜੇ ਨਿਕਲ ਚੁੱਕੇ ਹਨ ਅਤੇ ਆਮ ਆਦਮੀ ਪਾਰਟੀ ਇਹੋ ਜਿਹੀ ਤਾਕਤ ਬਣ ਕੇ ਉੱਭਰੀ ਹੈ, ਜਿਸ ਦਾ ਕਿਸੇ ਨੂੰ ਖਿਆਲ ਵੀ ਨਹੀਂ ਸੀ। ਉਸ ਨੂੰ ਇੱਕ ਸੌ ਸਤਾਰਾਂ ਵਿਚੋਂ ਬਾਨਵੇਂ ਸੀਟਾਂ ਮਿਲਣ ਦਾ ਕਾਰਨ ਏਥੋਂ ਪਤਾ ਲੱਗਦਾ ਹੈ ਕਿ ਕੁੱਲ ਭੁਗਤੀਆਂ ਵੋਟਾਂ ਵਿਚੋਂ ਬਤਾਲੀ ਫੀਸਦੀ ਲੋਕਾਂ ਨੇ ਉਸ ਨੂੰ ਵੋਟ ਪਾਈ ਹੈ, ਜਦ ਕਿ ਉਸ ਦੀ 'ਨੇੜਲੀ ਵਿਰੋਧੀ' ਕਾਂਗਰਸ ਪਾਰਟੀ ਨੂੰ ਤੇਈ ਫੀਸਦੀ ਤੋਂ ਵੀ ਘੱਟ ਵੋਟਾਂ ਮਿਲੀਆਂ ਹਨ। ਏਨੇ ਵੱਡੇ ਪਾੜੇ ਵੱਲ ਵੇਖੀਏ ਤਾਂ ਕਾਂਗਰਸ ਨੂੰ ਉਸ ਦੀ 'ਨੇੜਲੀ ਵਿਰੋਧੀ' ਕਹਿੰਦਿਆਂ ਵੀ ਹੱਸ ਪਈਦਾ ਹੈ। ਜਿਹੜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਈ ਵਾਰ ਇਹ ਕਿਹਾ ਸੀ ਕਿ 'ਪਿਛਲੀ ਵਾਰੀ ਮੈਂ ਡਿਪਟੀ-ਡੁਪਟੀ ਹੁੰਦਾ ਸਾਂ, ਇਸ ਵਾਰੀ ਪੂਰਾ ਮੁੱਖ ਮੰਤਰੀ ਬਣਾਂਗਾ', ਉਸ ਦੀ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ ਤੇ ਵੋਟਾਂ ਸਾਢੇ ਅਠਾਰਾਂ ਫੀਸਦੀ ਤੋਂ ਹੇਠਾਂ ਰਹਿ ਗਈਆਂ ਹਨ। ਪੰਜਾਬ ਦੇ ਤਿੰਨ ਖੇਤਰ ਮਾਝਾ, ਦੋਆਬਾ ਅਤੇ ਮਾਲਵਾ ਹਨ ਅਤੇ ਅਕਾਲੀ ਦਲ ਨੂੰ ਤਿੰਨਾਂ ਵਿਚ ਇੱਕ-ਇੱਕ ਸੀਟ, ਮਾਝੇ ਵਿਚ ਮਜੀਠਾ, ਦੋਆਬੇ ਵਿਚ ਬੰਗਾ ਤੇ ਮਾਲਵੇ ਦੀ ਦਾਖਾ ਮਿਲੀ ਹੈ, ਬਾਕੀ ਸਾਰੇ ਪੰਜਾਬ ਵਿਚ ਉਸ ਨੂੰ ਝਾੜੂ ਵਾਲਿਆਂ ਨੇ ਮਾਂਜਾ ਮਾਰ ਕੇ ਖੂੰਜੇ ਲਾ ਦਿੱਤਾ ਹੈ। ਇਹ ਆਪਣੇ ਆਪ ਵਿਚ ਹੈਰਾਨੀਜਨਕ ਹੈ।

ਹੈਰਾਨੀਜਨਕ ਇਹ ਵੀ ਹੈ ਕਿ ਪੰਜਾਬ ਦਾ ਪੰਜ ਵਾਰੀਆਂ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਲੰਬੀ ਹਲਕੇ ਵਾਲੀ ਪੱਕੀ ਮੰਨੀ ਜਾਂਦੀ ਸੀਟ ਤੋਂ ਉਮਰ ਦੇ ਆਖਰੀ ਪਹਿਰ ਵਿਚ ਹਾਰ ਕੇ ਸਾਰੀ ਉਮਰ ਦੇ ਕਦੇ ਨਾ ਹਾਰਨ ਵਾਲੇ ਆਗੂ ਦਾ ਅਕਸ ਮਿੱਟੀ ਵਿਚ ਮਿਲਾ ਬੈਠਾ ਹੈ। ਉਸ ਦੇ ਨੇੜਲੇ ਸਲਾਹਕਾਰਾਂ ਤੇ ਸਾਰੀ ਉਮਰ ਦੇ ਸਾਥੀਆਂ ਨੇ ਸਲਾਹ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਉਸ ਨੂੰ ਸਦੀ ਪੂਰੀ ਕਰਨ ਤੋਂ ਮਸਾਂ ਛੇ ਕੁ ਸਾਲ ਘੱਟ ਹੁੰਦਿਆਂ ਇਸ ਉਮਰ ਵਿਚ ਚੋਣ ਲੜਨ ਤੇ ਅਕਸ ਨੂੰ ਦਾਅ ਉੱਤੇ ਲਾਉਣ ਤੋਂ ਬਚਣਾ ਚਾਹੀਦਾ ਹੈ। ਬਾਦਲ ਪਰਵਾਰ ਵਿਚ ਜਿਸ ਦੀ ਸਭ ਤੋਂ ਵੱਧ ਚੱਲਦੀ ਹੈ ਅਤੇ ਉਸ ਦੇ ਮੂਹਰੇ ਕੋਈ ਸਿਰ ਨਹੀਂ ਚੁੱਕ ਸਕਦਾ, ਉਸ ਨੇ ਕਿਹਾ ਸੀ ਕਿ 'ਪਾਪਾ ਨੂੰ ਇਸ ਵਾਰੀ ਸੁਪਰ ਸੀ ਐੱਮ ਬਣਾਉਣਾ ਹੈ, ਇਸ ਲਈ ਇਹ ਚੋਣ ਲੜਨੀ ਹੀ ਲੜਨੀ ਹੈ।' ਨਤੀਜਾ ਬਹੁਤ ਬੁਰਾ ਨਿਕਲਿਆ ਅਤੇ ਓਦੋਂ ਵੀ ਬੁਰੀ ਗੱਲ ਕਿ ਬਾਦਲ ਸਾਹਿਬ ਦਾ ਪਹਿਲਾਂ ਡਿਪਟੀ ਮੁੱਖ ਮੰਤਰੀ ਰਹਿ ਚੁੱਕਾ ਪੁੱਤਰ ਇਸ ਵਾਰੀ 'ਡਿਪਟੀ-ਡੁਪਟੀ' ਦੀ ਥਾਂ ਪੂਰਾ ਮੁੱਖ ਮੰਤਰੀ ਬਣਨ ਦੇ ਸੁਫਨੇ ਲੈਂਦਾ ਆਪਣੀ ਜਲਾਲਾਬਾਦ ਸੀਟ ਤੋਂ ਨਵੇਂ ਉੱਭਰੇ ਆਗੂ ਜਗਦੀਪ ਕੰਬੋਜ ਤੋਂ ਲਗਭਗ ਇਕੱਤੀ ਹਜ਼ਾਰ ਵੋਟਾਂ ਦੇ ਫਰਕ ਨਾਲ ਬੁਰੀ ਤਰ੍ਹਾਂ ਹਾਰ ਗਿਆ ਹੈ। ਬਾਦਲ ਸਾਹਿਬ ਦਾ ਦਾਮਾਦ ਵੀ ਪੱਟੀ ਸੀਟ ਤੋਂ ਗਿਆਰਾਂ ਹਜ਼ਾਰ ਵੋਟਾਂ ਨਾਲ ਹਾਰ ਗਿਆ ਤੇ ਪੁੱਤਰ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਵੀ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਪੰਝੀ ਹਜ਼ਾਰ ਵੋਟਾਂ ਲੈ ਕੇ ਤੀਸਰੀ ਥਾਂ 'ਤੇ ਆਇਆ ਹੈ। ਆਮ ਆਦਮੀ ਪਾਰਟੀ ਵੱਲੋਂ ਓਥੇ ਸਿਆਸੀ ਖੇਤਰ ਵਿਚ ਅਸਲੋਂ ਨਵੀਂ ਉੱਭਰੀ ਆਗੂ ਜੀਵਨਜੋਤ ਕੌਰ ਨੂੰ ਜਿਤਾਉਣ ਲਈ ਚਾਲੀ ਹਜ਼ਾਰ ਦੇ ਕਰੀਬ



ਲੋਕਾਂ ਨੇ ਵੋਟਾਂ ਪਾਈਆਂ ਤੇ ਪੰਜਾਬ ਕਾਂਗਰਸ ਦਾ ਬੜਬੋਲਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਉਸ ਨਾਲੋਂ ਪੌਣੇ ਸੱਤ ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰ ਪੱਲੇ ਪੁਆ ਬੈਠਾ ਹੈ। ਅਕਾਲੀ ਦਲ ਦੀ ਬਜਾਏ ਕਾਂਗਰਸ ਵੱਲੋਂ ਸਹੀ, ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਮਨਪ੍ਰੀਤ ਸਿੰਘ ਬਾਦਲ, ਜਿਹੜਾ ਪੰਜ ਸਾਲਾਂ ਤੋਂ ਕਾਂਗਰਸ ਦੀ ਸਰਕਾਰ ਦਾ ਖਜ਼ਾਨਾ ਮੰਤਰੀ ਸੀ ਅਤੇ ਕਿਹਾ ਜਾ ਰਿਹਾ ਸੀ ਕਿ ਬਾਦਲ ਪਰਿਵਾਰ ਅੰਦਰ-ਖਾਤੇ ਆਪਸ ਵਿਚ ਇੱਕ ਦੂਸਰੇ ਦੀ ਮਦਦ ਲਈ ਸਾਂਝ ਪਾ ਚੁੱਕਾ ਹੈ, ਬਠਿੰਡੇ ਦੀ ਸੀਟ ਤੋਂ ਸਾਢੇ ਤਰੇਂਹਠ ਹਜ਼ਾਰ ਵੋਟਾਂ ਦੇ ਫਰਕ ਨਾਲ ਸ਼ਰਮਿੰਦਗੀ ਵਾਲੀ ਹਾਰ ਦਾ ਭਾਗੀ ਬਣਿਆ ਹੈ। ਇਸ ਨਤੀਜੇ ਨੇ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੰਜਾਬ ਦੀ ਵਿਧਾਨ ਸਭਾ ਬਾਦਲ-ਮੁਕਤ ਕਰ ਦਿੱਤੀ ਹੈ। ਇਹੀ ਨਹੀਂ, ਪਾਰਟੀ ਦੇ ਵੱਡੇ ਚਿਹਰਿਆਂ ਵਿਚੋਂ ਜਥੇਦਾਰ ਤੋਤਾ ਸਿੰਘ ਵਰਗਾ ਅੱਧੀ ਸਦੀ ਤੋਂ ਵੱਧ ਪੁਰਾਣਾ ਅਕਾਲੀ ਆਗੂ ਆਪਣੀ ਧਰਮਕੋਟ ਵਾਲੀ ਸੀਟ ਹਾਰ ਗਿਆ ਤੇ ਉਸ ਦਾ ਪੁੱਤਰ ਬਰਜਿੰਦਰ ਸਿੰਘ ਮੋਗੇ ਤੋਂ ਹਾਰ ਗਿਆ। ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪੱਕਾ ਸਿਆਸੀ ਫਰਜ਼ੰਦ ਕਿਹਾ ਜਾਂਦਾ ਪ੍ਰੇਮ ਸਿੰਘ ਚੰਦੂਮਾਜਰਾ ਆਪਣੀ ਘਨੌਰ ਵਾਲੀ ਸੀਟ ਤੋਂ ਅਤੇ ਉਸ ਦਾ ਪੁੱਤਰ ਨਾਲ ਦੀ ਸਨੌਰ ਸੀਟ ਤੋਂ ਹਾਰ ਗਿਆ ਹੈ। ਪਾਰਟੀ ਦਾ ਹੋਰ ਕਿਹੜਾ-ਕਿਹੜਾ ਆਗੂ ਕਿੱਦਾਂ ਹਾਰਿਆ, ਇਸ ਬਾਰੇ ਚਰਚਾ ਕਰਨ ਦੀ ਲੋੜ ਨਹੀਂ ਰਹਿੰਦੀ।

ਕਾਂਗਰਸ ਪਾਰਟੀ ਨੇ ਜਦੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ ਤਾਂ ਅਸੀਂ ਸਵਾਗਤ ਕੀਤਾ ਤੇ ਕਿਹਾ ਸੀ ਕਿ ਇਹ ਪੰਜਾਬ ਦੀ ਰਾਜਨੀਤੀ ਦਾ ਸੁਲੱਖਣਾ ਪੱਖ ਹੈ ਕਿ ਅਸਲੋਂ ਦੱਬੇ-ਕੁਚਲੇ ਘਰ ਵਿਚ ਜਨਮਿਆ ਬੱਚਾ ਵੀ ਇਸ ਰਾਜ ਦੀ ਸਿਖਰਲੀ ਸਿਆਸੀ ਕੁਰਸੀ ਉੱਤੇ ਬੈਠਾ ਹੈ। ਉਹ ਉਸ ਕੁਰਸੀ ਉੱਤੇ ਬੈਠ ਕੇ ਜਿਸ ਤਰ੍ਹਾਂ ਚੱਲਿਆ, ਅਗਲੇ ਦਿਨਾਂ ਵਿਚ ਨਾ ਪਾਰਟੀ ਦਾ ਕੁਝ ਬਣਾ ਸਕਿਆ ਅਤੇ ਨਾ ਦੋ ਥਾਈਂ ਕਾਗਜ਼ ਭਰ ਕੇ ਇੱਕ ਵੀ ਸੀਟ ਨੂੰ ਖੁਦ ਜਿੱਤਣ ਜੋਗਾ ਨਿਕਲਿਆ ਹੈ। ਉਸ ਦੀ ਪਾਰਟੀ ਦਾ ਜਿਹੜਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਪਣਾ ਬਣਾਇਆ 'ਪੰਜਾਬ ਮਾਡਲ' ਲੋਕਾਂ ਨੂੰ ਵਿਖਾ ਕੇ ਸੱਤਰ ਸੀਟਾਂ ਜਿੱਤਣ ਦਾ ਦਾਅਵਾ ਕਰਦਾ ਸੀ, ਉਹ ਆਪਣੀ ਅੰਮ੍ਰਿਤਸਰ ਪੂਰਬੀ ਦੀ ਸੀਟ ਤੋਂ ਪਾਰ ਲੱਗਣ ਯੋਗ ਨਹੀਂ ਨਿਕਲਿਆ ਅਤੇ ਨਾਲ ਦੀ ਸੀਟ ਤੋਂ ਪਾਰਟੀ ਦਾ ਡਿਪਟੀ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਵੀ ਹਾਰ ਗਿਆ ਹੈ। ਇਸ ਪਾਰਟੀ ਨੂੰ ਮਸਾਂ ਡੇਢ ਦਰਜਨ ਸੀਟਾਂ ਮਿਲੀਆਂ ਹਨ ਅਤੇ ਏਨੀਆਂ ਮਿਲਣ ਤੋਂ ਵੀ ਲੋਕ ਹੈਰਾਨ ਹਨ, ਕਿਉਂਕਿ ਕਾਂਗਰਸ ਆਗੂ ਜਦੋਂ ਚੱਲਦੀ ਚੋਣ ਦੌਰਾਨ ਵੀ ਇੱਕ ਦੂਸਰੇ ਦੇ ਗਿੱਟੇ ਸੇਕਦੇ ਰਹੇ ਤਾਂ ਇਸ ਤੋਂ ਵੱਖਰਾ ਨਤੀਜਾ ਨਿਕਲਣ ਦੀ ਆਸ ਵੀ ਕਿਸੇ ਨੂੰ ਨਹੀਂ ਸੀ। ਚੱਲਦੀ ਚੋਣ ਦੌਰਾਨ ਨਵਜੋਤ ਸਿੰਘ ਸਿੱਧੂ ਦੂਸਰੇ ਕਾਂਗਰਸੀ ਲੀਡਰਾਂ ਅਤੇ ਆਪਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਖ਼ਿਲਾਫ ਵੀ ਰੋਜ਼ ਭੜਾਸ ਕੱਢਦਾ ਰਿਹਾ ਤੇ ਅੱਗੋਂ ਉਸ ਦੇ ਖ਼ਿਲਾਫ ਵੀ ਪਾਰਟੀ ਦੇ ਕਈ ਲੀਡਰ ਜਨਤਕ ਤੌਰ ਉੱਤੇ ਬੋਲਦੇ ਰਹੇ ਸਨ। ਪਾਰਟੀ ਦੇ ਪੰਜ ਪਾਰਲੀਮੈਂਟ ਮੈਂਬਰਾਂ ਨੇ, ਜਿਨ੍ਹਾਂ ਵਿਚ ਚਾਰ ਲੋਕ ਸਭਾ ਵਾਲੇ ਅਤੇ ਇੱਕ ਰਾਜ ਸਭਾ ਵਾਲਾ ਸੀ, ਚੱਲਦੀ ਚੋਣ ਮੌਕੇ ਵੀ ਆਪਣੀ ਪਾਰਟੀ ਖ਼ਿਲਾਫ ਖੁੱਲ੍ਹੀ ਬਿਆਨਬਾਜ਼ੀ ਕਰਨੀ ਜਾਰੀ ਰੱਖੀ ਸੀ ਤਾਂ ਲੋਕ ਮੂਰਖ ਨਹੀਂ ਸਨ ਕਿ ਇਹੋ ਜਿਹੀ ਕੋੜਮੇ ਦੀ ਜੰਗ ਵਿਚ ਉਲਝੀ ਹੋਈ ਪਾਰਟੀ ਨੂੰ ਜਿਤਾ ਦੇਂਦੇ।

ਭਾਜਪਾ ਵਾਲਿਆਂ ਨੇ ਦਾਅਵੇ ਬਹੁਤ ਵੱਡੇ ਕੀਤੇ ਕਿ ਉਹ ਪੰਜਾਬ ਦੀ ਸਰਕਾਰ ਬਣਾਉਣ ਲਈ ਪੂਰਾ ਨਕਸ਼ਾ ਬਣਾ ਕੇ ਚੱਲਦੇ ਪਏ ਹਨ ਅਤੇ ਦਸ ਮਾਰਚ ਪਿੱਛੋਂ ਨਤੀਜਿਆਂ ਤੋਂ ਬਾਅਦ ਸਰਕਾਰ ਸੀਸਵਾਂ ਵਾਲੇ ਮਹਿਲ ਤੋਂ ਚਲਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਟੀਮ ਵੀ ਅਗੇਤਾ ਹੀ ਕਹਿੰਦੀ ਰਹੀ। ਜਦੋਂ ਨਤੀਜਾ ਨਿਕਲਿਆ ਤਾਂ ਭਾਜਪਾ ਸਿਰਫ ਦੋਂਹ ਸੀਟਾਂ ਉੱਤੇ ਰੁਕ ਗਈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਨਾ ਆਪਣੀ ਸੀਟ ਆਈ ਤੇ ਨਾ ਕੋਈ ਸੰਗੀ-ਸਾਥੀ ਕਿਸੇ ਵੀ ਸੀਟ ਤੋਂ ਜਿੱਤ ਸਕਿਆ। ਇਹੋ ਹਾਲ ਉਨ੍ਹਾਂ ਨਾਲ ਜੁੜੇ ਸੁਖਦੇਵ ਸਿੰਘ ਢੀਂਡਸਾ ਦੇ ਗਰੁੱਪ ਦਾ ਹੋਇਆ ਹੈ। ਅੱਗੋਂ ਜਿਹੜੀ ਹਾਲਤ ਦਿਸ ਰਹੀ ਹੈ, ਉਸ ਵਿਚ ਇਹ ਦੋਵੇਂ ਧੜੇ ਦੋਬਾਰਾ ਆਪਣੇ ਸਿਰ ਉੱਠਣ ਜੋਗੇ ਨਹੀਂ ਲੱਗਦੇ ਤੇ ਜਿਸ ਕਿਸੇ ਧਿਰ ਨਾਲ ਇਹ ਜੁੜਨਗੇ, ਓਥੇ ਹੋਰ ਜੋ ਵੀ ਮਿਲ ਜਾਵੇ, ਇੱਜ਼ਤ-ਮਾਣ ਮਿਲਣ ਵਾਲੀ ਗੱਲ ਨਹੀਂ ਹੋਣੀ। ਭਵਿੱਖ ਦੇ ਪੱਖ ਤੋਂ ਇਨ੍ਹਾਂ ਲੀਡਰਾਂ ਨੂੰ ਸੰਨਿਆਸ ਦਾ ਜੀਵਨ ਗੁਜ਼ਾਰਨ ਲਈ ਮਾਨਸਿਕ ਤੌਰ ਉੱਤੇ ਤਿਆਰ ਹੋਣਾ ਚਾਹੀਦਾ ਹੈ। ਇਸ ਵਕਤ ਪੰਜਾਬ ਵਿਚ ਇਕ ਨਵਾਂ ਦੌਰ ਸ਼ੁਰੂ ਹੋ ਰਿਹਾ ਹੈ। ਲੋਕਾਂ ਨੇ ਦਿੱਲੀ ਵਰਗਾ ਰਾਜ ਪੰਜਾਬ ਵਿਚ ਕਾਇਮ ਕਰਨ ਲਈ ਅਰਵਿੰਦ ਕੇਜਰੀਵਾਲ ਅਤੇ ਉਸ ਦੀ ਟੀਮ ਨੂੰ ਭਗਵੰਤ ਮਾਨ ਦੀ ਅਗਵਾਈ ਵਿਚ ਮੌਕਾ ਦਿੱਤਾ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਪਾਰਟੀ ਸਾਰੇ ਨੁਕਸਾਂ ਤੋਂ ਅਸਲੋਂ ਪਾਕਿ ਦਿਖਾਈ ਦੇ ਸਕਦੀ ਹੈ, ਪਰ ਹਕੀਕਤ ਇਹ ਹੈ ਕਿ ਇਸ ਦੇ ਜਿਹੜੇ ਵਿਧਾਇਕ ਚੋਣਾਂ ਜਿੱਤ ਸਕੇ ਹਨ, ਉਨ੍ਹਾਂ ਵਿਚੋਂ ਕਈ ਏਦਾਂ ਦੇ ਹਨ ਕਿ ਉਨ੍ਹਾਂ ਉੱਤੇ ਬਹੁਤਾ ਲੰਮਾ ਸਮਾਂ ਚੱਲਣ ਦਾ ਭਰੋਸਾ ਨਹੀਂ ਬੱਝ ਸਕਦਾ। ਪਹਿਲਾਂ ਕੁਝ ਹੋਰ ਪਾਰਟੀਆਂ ਵਿਚ ਰਹਿ ਚੁੱਕੇ ਇਨ੍ਹਾਂ ਲੋਕਾਂ ਵਿਚੋਂ ਕਿਹੜਾ ਕਦੋਂ ਅੱਧੀ ਰਾਤ ਵੇਲੇ ਕਿਸੇ ਹੋਰ ਧਿਰ ਤੋਂ ਕਿਸੇ ਵੀ ਕਿਸਮ ਦਾ ਲਾਭ ਲੈਣ ਲਈ ਉਨ੍ਹਾਂ ਨਾਲ ਜਾ ਮਿਲੇ, ਇਸ ਬਾਰੇ ਕੋਈ ਨਹੀਂ ਦੱਸ ਸਕਦਾ। ਉਂਜ ਇਹ ਪਾਰਟੀ ਕਿਸੇ ਖਾਸ ਸਿਆਸੀ ਸਿਧਾਂਤ ਨੂੰ ਅਪਣਾਈ ਨਾ ਹੋਣ ਕਾਰਨ ਸਿਰਫ ਭ੍ਰਿਸ਼ਟਾਚਾਰ ਦੇ ਵਿਰੋਧ ਦੇ ਸਿਰ ਉੱਤੇ ਚੋਣਾਂ ਜਿੱਤ ਕੇ ਅੱਗੇ ਆਈ ਹੈ, ਇਸ ਲਈ ਹਰੇਕ ਆਗੂ ਆਪੋ ਆਪਣੀ ਬੋਲੀ ਬੋਲਦਾ ਸੁਣਦਾ ਹੈ। ਜਦੋਂ ਇਹ ਲੋਕ ਕੰਮ ਸ਼ੁਰੂ ਕਰਨਗੇ, ਇਨ੍ਹਾਂ ਦੇ ਕੰਮ ਦੇ ਸਿੱਟਿਆਂ ਤੇ ਸੇਧਾਂ ਬਾਰੇ ਅੰਦਾਜ਼ਾ ਲੱਗਣ ਵਿਚ ਮਸਾਂ ਦੋ ਕੁ ਮਹੀਨੇ ਲੱਗਣਗੇ, ਉਸ ਦੀ ਸਾਰੀ ਗੱਲ ਅਸੀਂ ਓਦੋਂ ਕਰ ਲਵਾਂਗੇ। ਇਸ ਵਕਤ ਇਨ੍ਹਾਂ ਨਵੇਂ ਜਿੱਤਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਚੋਣਾਂ ਦਾ ਚੱਕਰ ਤਾਂ ਨਤੀਜੇ ਸੌਂਪ ਕੇ ਨਿਕਲ ਗਿਆ ਹੈ, ਉਨ੍ਹਾਂ ਦੇ ਕੋਲ ਅਗਲਾ ਕਦਮ ਵਧਾਉਣ ਦਾ ਮੌਕਾ ਹੈ, ਜਿਸ ਵਿਚ ਕੀਤੀ ਗਈ ਦੇਰੀ ਜਾਂ ਗਲਤੀ ਦੋਵੇਂ ਲੋਕਾਂ ਨੂੰ ਦਿਸ ਪੈਣਗੀਆਂ।

---

# ਖੇਸੀ ਦੀ ਬੁੱਕਲ਼: ਬਲਰਾਜ

ਅਵਤਾਰ ਸਿੰਘ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਮੇਰਾ ਪਹਿਲਾ ਸਾਲ ਸੀ। ਮੈਨੂੰ ਆਪਣੀ ਪੜ੍ਹਾਈ-ਲਿਖਾਈ 'ਤੇ ਮਾਣ ਜਿਹਾ ਸੀ, ਜਿਸ ਕਰਕੇ ਮੈਂ ਜਿੱਥੇ ਬਹਿਣਾ ਉਥੇ ਹੀ ਵਾਦ-ਸੰਵਾਦ ਚੱਲ ਪੈਣਾ। ਮੈਸ ਹੋਵੇ ਜਾਂ ਕੰਟੀਨ, ਡਿਪਾਰਟਮੈਂਟ ਹੋਵੇ ਜਾਂ ਸਟੂਡੈਂਟ ਸੈਂਟਰ, ਹਰ ਸਮੇਂ ਗੱਲਬਾਤ ਦਾ ਦੌਰ ਭਖਿਆ ਰਹਿਣਾ।

ਇਕ ਦਿਨ ਬ੍ਰੇਕਫਾਸਟ ਕਰਦਿਆਂ, ਓਪਰਾ ਜਿਹਾ ਮੁੰਡਾ ਮੇਰੇ ਕੋਲ ਆ ਗਿਆ ਤੇ ਮੇਰੀਆਂ ਗੱਲਾਂ ਸੁਣਨ ਲੱਗ ਪਿਆ। ਉਹ ਮੋਨਾ ਸੀ ਤੇ ਸਿਹਤ ਪੱਖੋਂ ਤਕੜਾ ਸੀ। ਉਹਨੇ ਖੇਸੀ ਦੀ ਬੁੱਕਲ਼ ਮਾਰੀ ਹੋਈ ਸੀ ਤੇ ਪੁੱਛਣ 'ਤੇ ਪਤਾ ਲੱਗਿਆ ਕਿ ਉਹ ਮੋਗੇ ਤੋਂ ਸੀ, ਜੋ ਚਿੱਠੀ-ਪੱਤਰਾਂ ਵਾਲੀ ਐਮ ਏ ਪੰਜਾਬੀ ਕਰਦਾ ਸੀ। ਇੱਥੇ ਉਹ ਪਰਸਨਲ ਕੌਂਨਟੈਕਟ ਪ੍ਰੋਗਰਾਮ (ਪੀ ਸੀ ਪੀ) ਤਹਿਤ ਹਫ਼ਤੇ ਭਰ ਲਈ ਕਲਾਸਾਂ ਲਾਉਣ ਆਇਆ ਸੀ।

ਉਹ ਮੇਰੇ ਕੋਲ ਬਹਿ ਗਿਆ ਤੇ ਹੌਲੀ ਹੌਲੀ ਗੱਲਾਂ ਵਿਚ ਸ਼ਾਮਲ ਹੋ ਗਿਆ। ਪੈਂਦੀ ਸੱਟੇ ਹੀ ਉਹ ਏਨਾ ਤੈਸ਼ ਵਿਚ ਆ ਗਿਆ ਕਿ ਤਾਸ਼ ਦੇ ਪੱਤੇ ਵਾਂਗ ਰੂਸੋ ਦਾ ਹਵਾਲਾ ਕੱਢ ਮਾਰਿਆ। ਮੈਂ ਉਹਦੀ ਤੇਜ਼-ਤਰਾਰੀ ਤੋਂ ਦੰਗ ਰਹਿ ਗਿਆ। ਗੱਲਬਾਤ ਅੱਗੇ ਵਧੀ ਤਾਂ ਉਹ ਧਰਮ ਕੰਮੇਆਣੇ 'ਤੇ ਉਤਰ ਆਇਆ। ਉਹ ਵਾਰ-ਵਾਰ ਕਹੇ ਕਿ ਉਹ ਧਰਮ ਕੰਮੇਆਣੇ ਦਾ ਚੰਡਿਆ ਹੋਇਆ ਹੈ। ਮੈਂ ਉਹਨੂੰ ਮਖ਼ੌਲ ਕੀਤਾ ਕਿ ਉਹ ਵਿਦਿਆਰਥੀ ਹੈ ਕਿ ਗੰਡਾਸਾ, ਜਿਹਨੂੰ ਚੰਡਣ ਦੀ ਲੋੜ ਪੈਂਦੀ ਹੈ। ਉਹ ਮੇਰੀ ਗੱਲ 'ਤੇ ਏਨਾ ਹੱਸਿਆ ਕਿ ਮੈਂ ਹੈਰਾਨ ਹੋ ਗਿਆ। ਉਹਨੇ ਹਾਸਾ ਰੋਕਿਆ ਤੇ ਕਹਿਣ ਲੱਗਾ, 'ਭਾਈ ਸਾਹਿਬ, ਗੰਡਾਸਾ ਤਿੱਖਾ ਕਰੀਦਾ ਤੇ ਰੰਬਾ ਚੰਡੀਦਾ'। ਮੈਂ ਵੀ ਹਾਰ ਨਾ ਮੰਨੀ ਤੇ ਕਿਹਾ, 'ਬਾਹਲਾ ਖੁੰਢਾ ਹੋਵੇ ਤਾਂ ਗੰਡਾਸਾ ਚੰਡ ਕੇ ਹੀ ਤਿੱਖਾ ਕਰੀਦਾ'। ਉਹ ਫਿਰ ਏਨਾ ਹੱਸਿਆ ਕਿ ਉਹਦੇ ਰੋਣ ਦਾ ਭੁਲੇਖਾ ਪੈਣ ਲੱਗ ਪਿਆ। ਮੈਂ ਬੜਾ ਹੈਰਾਨ ਹੋਇਆ ਕਿ ਏਡੀ ਹਾਸੇ ਵਾਲੀ ਕੋਈ ਗੱਲ ਨਹੀਂ ਸੀ ਤੇ ਉਹਦਾ ਪਤਾ ਵੀ ਨਹੀਂ ਸੀ ਲੱਗਦਾ ਕਿ ਉਹ ਕਿਹੜੀ ਗੱਲ 'ਤੇ ਹੱਸਦਾ ਹੈ।

ਉਸ ਦਿਨ ਸ਼ਾਇਦ ਐਤਵਾਰ ਸੀ ਤੇ ਉਹ ਕੰਟੀਨ ਵਿਚੋਂ, ਮੇਰੇ ਨਾਲ਼ ਹੀ ਮੇਰੇ ਕਮਰੇ, ਤਿੰਨ ਪੰਜਤਾਲੀ, ਵਿਚ ਆ ਗਿਆ। ਦੋ ਨੰਬਰ ਹੋਸਟਲ ਸੀ, ਤਿੰਨ ਨੰਬਰ ਬਲੌਕ ਤੇ ਪੰਜਤਾਲੀ ਨੰਬਰ ਕਮਰਾ। ਮੇਰਾ ਕਮਰਾ, ਦੋ-ਤਿੰਨ ਚਾਰ-ਪੰਜ, ਯਾਦ ਰੱਖਣਾ ਬੜਾ ਸੌਖਾ ਸੀ, ਜਿਸ ਕਰਕੇ ਮੇਰੇ ਕੋਲ ਆਉਣ ਲਈ ਪੁੱਛਣਾ ਨਹੀਂ ਸੀ ਪੈਂਦਾ, ਹਰ ਕੋਈ ਸਿੱਧਾ ਆ ਵੜਦਾ ਤੇ ਮੈਂ ਕਿਤੇ ਘੱਟ-ਵੱਧ ਹੀ ਜਾਂਦਾ ਸੀ। ਦਿਨ-ਦੇਸ੍ਹੇ 'ਤੇ ਵੀ ਸਾਰੇ ਹੋਸਟਲ ਦੀ ਬੱਤੀ ਗੁੱਲ ਹੋਣੀ ਤੇ ਸਿਰਫ ਮੇਰੇ ਕਮਰੇ ਵਿਚ ਹੀ ਚਾਨਣ ਦੀ ਛਿੱਟ ਨਜ਼ਰ ਆਉਂਦੀ ਸੀ। ਤੁਸੀਂ ਕਹੋਂਗੇ ਛਿੱਟ ਕਿਉਂ? ਅਸਲ ਵਿਚ ਮੇਰੇ ਕਮਰੇ ਵਿਚ ਲੱਗੇ ਬੱਲਬ ਦੀ ਲੋਅ ਅੱਗੇ ਦੀ ਬਜਾਏ ਪਿੱਛੇ ਵੱਲ ਪੈਂਦੀ ਸੀ, ਜਿਹਦੇ ਨਾਲ ਏਨਾ ਕੁ ਹੀ ਪਤਾ ਲੱਗਦਾ ਕਿ ਅੰਦਰ ਕੋਈ ਹੈ। ਪੜ੍ਹਨ ਵੇਲੇ ਵੀ ਮੈਂ ਆਪਣਾ ਟੇਬਲ ਲੈਂਪ ਬਾਲ ਲੈਂਦਾ, ਜਿਹਦੀ ਲੋਅ ਕਿਤਾਬ ਤੋਂ ਬਾਹਰ ਨਹੀਂ ਸੀ ਨਿਕਲਦੀ ਤੇ ਬਹੁਤੀ ਲੋਅ ਵੈਸੇ ਹੀ ਮੈਨੂੰ ਚੰਗੀ ਨਹੀਂ ਸੀ ਲੱਗਦੀ।

ਉਸ ਦਿਨ ਸ਼ਾਇਦ ਐਤਵਾਰ ਹੀ ਸੀ ਤੇ



ਅਸੀਂ ਕਮਰੇ ਵਿਚ ਬਹਿ ਗਏ। ਕਦੇ ਉਹ ਕਿਤਾਬੀ ਗੱਲਾਂ ਕਰਦਾ ਤਾਂ ਮੈਂ ਅਭਿਆਸੀ ਗੱਲਾਂ ਛੇੜ ਲੈਂਦਾ। ਉਹ ਅਭਿਆਸੀ ਹੋਣ ਦੀ ਕੋਸ਼ਿਸ਼ ਕਰਦਾ ਤਾਂ ਮੈਂ ਕਿਤਾਬੀ ਹੋ ਜਾਂਦਾ। ਉਹ ਸ਼ਸ਼ੋਪੰਜ ਵਿਚ ਪੈ ਗਿਆ ਤੇ ਮੇਰੇ ਨਾਲ਼ ਏਨਾ ਘੁਲ-ਮਿਲ ਗਿਆ ਕਿ ਮੈਨੂੰ ਭਾਈ ਸਾਹਿਬ ਕਹਿੰਦਾ-ਕਹਿੰਦਾ ਬਾਈ ਕਹਿਣ ਲੱਗ ਪਿਆ। ਪਤਾ ਨਹੀਂ ਉਹਨੂੰ ਮੇਰੇ ਵਿਚ ਕੀ ਦਿਖਦਾ ਸੀ ਕਿ ਖੁਸ਼ੀ ਵਿਚ ਏਨਾ ਖੀਵਾ ਹੋ ਗਿਆ, ਜਿਵੇਂ ਉਹਨੇ ਪਹਿਲੀ ਵਾਰੀ ਕੋਈ ਪੜ੍ਹਿਆ-ਲਿਖਿਆ ਬੰਦਾ ਦੇਖਿਆ ਹੋਵੇ।

ਹੋਸਟਲ ਵਿਚ ਨਿੱਕਾ ਜਿਹਾ ਸਰਦਾਰ ਮੁੰਡਾ ਮੇਰਾ ਸਰਵੈਂਟ ਸੀ ਤੇ ਪਤਾ ਨਹੀਂ ਉਹਨੂੰ ਮਾਮਾ ਕਿਉਂ ਕਹਿੰਦੇ ਸਨ। ਮੈਂ ਕੰਟੀਨ ਵਿਚੋਂ ਆਉਣ ਲੱਗੇ ਉਹਨੂੰ ਕਮਰੇ ਵਿਚ ਚਾਹ ਲਿਆਉਣ ਲਈ ਕਹਿ ਆਇਆ। ਉਹ ਚਾਹ ਲੈ ਆਇਆ ਤਾਂ ਇਹ ਬੁੱਕਲ਼ ਵਾਲਾ ਸੱਜਣ ਕਹਿਣ ਲੱਗਾ, 'ਬਾਈ, ਮੇਰਾ ਤਾਂ ਪੀ ਸੀ ਪੀ ਹੁਣ ਸ਼ੁਰੂ ਹੋਇਆ'।

ਵੈਸੇ ਅਵਾਜ਼ ਦਾ ਕੋਈ ਰੰਗ ਨਹੀਂ ਹੁੰਦਾ, ਪਰ ਉਹਦੀ ਆਵਾਜ਼ ਵਿਚ ਕਈ ਰੰਗ ਦਿਖਦੇ। ਕਦੇ ਉਹਦੀ ਅਵਾਜ਼ ਨੀਲੀ ਹੁੰਦੀ ਕਦੇ ਲਾਲ ਤੇ ਉਹਦੀ ਦੁਰੰਗੀ ਆਵਾਜ਼ ਤੋਂ ਮੈਨੂੰ ਵਾੜੇ ਵਾਲਾ ਕੋਠਾ ਚੇਤੇ ਆ ਜਾਂਦਾ, ਜਿਹਨੂੰ ਅਸੀਂ ਜਦ ਵੀ ਖੋਲ੍ਹਦੇ ਤਾਂ ਝੀਥੀ ਵਾਲੇ ਦਰਵਾਜ਼ੇ ਦੀ ਇਸੇ ਤਰ੍ਹਾਂ ਦੀ ਦੁਰੰਗੀ ਆਵਾਜ਼ ਆਉਂਦੀ, ਜਿਵੇਂ ਇਹ ਬਾਈ ਬੋਲਦਾ ਸੀ।

ਉਸ ਦਿਨ ਅਸੀਂ ਦੋਵੇਂ ਸਮਾਧੀ ਲਾ ਕੇ ਬੈਠ ਗਏ। ਮਾਮਾ ਮੁੜ ਮੁੜ ਚਾਹ ਲਿਆਈ ਗਿਆ ਤੇ ਸਾਡੀ ਗੱਲਬਾਤ ਗੱਡੇ ਵਾਂਗ ਰਿੜ੍ਹਦੀ ਰਹੀ, ਜਿਵੇਂ ਅਸੀਂ ਬਲ਼ਦ ਹੋਈਏ ਤੇ ਸਾਨੂੰ ਹੱਕਣ ਵਾਲ਼ਾ ਮਾਮਾ ਹੋਵੇ। ਅਸੀਂ ਬਾਅਦ ਦੁਪਹਿਰ ਦੋ ਵਜੇ ਉਠੇ ਤੇ ਉਹ ਵੀ ਮੈਸ ਵਿਚ ਰੋਟੀ ਖਾਣ ਲਈ। ਉਹਨੇ ਮੇਰੇ ਨਾਲ ਹੀ ਰੋਟੀ ਖਾਧੀ ਤੇ ਮਾਮੇ ਨੂੰ ਫਿਰ ਚਾਹ ਲਿਆਉਣ ਲਈ ਕਹਿ ਕੇ ਅਸੀਂ ਕਮਰੇ ਵਿਚ ਹੀ ਆ ਗਏ। ਸਾਡੀ ਗੱਲਬਾਤ ਦਾ ਸਿਲਸਿਲਾ ਉਥੋਂ ਹੀ ਮੁੜ ਸ਼ੁਰੂ ਹੋ ਗਿਆ, ਜਿੱਥੋਂ ਟੁੱਟਿਆ ਸੀ।

ਉਹਦਾ ਯੂਨੀਵਰਸਿਟੀ ਵਾਲਾ ਪੀ ਸੀ ਪੀ ਮੁੱਕ ਗਿਆ ਸੀ, ਪਰ ਮੇਰੇ ਵਾਲਾ ਤਿੰਨ ਦਿਨ ਹੋਰ ਚੱਲਦਾ ਰਿਹਾ। ਉਹਨੇ ਖੇਸੀ ਦੀ ਬੁੱਕਲ਼ ਮਾਰੀ ਹੋਣੀ ਤੇ ਮੈਂ ਕੋਟੀ ਦੇ ਉਪਰ ਵਿੰਡ ਚੀਟਰ ਪਾਈ ਹੋਣੀ। ਮੈਂ ਉਹਨੂੰ ਆਪਣੇ ਨਾਲ ਹੀ ਰੱਖਣਾ ਤੇ ਆਪਣੇ ਕਈ ਦੋਸਤ ਮਿਲਾ ਦਿੱਤੇ। ਉਹਨੇ ਡਾ. ਸੱਚਰ ਦੀ ਸੰਗਤ ਕੀ ਮਾਣ ਲਈ ਕਿ ਉਹਦਾ ਜਾਣ ਨੂੰ ਜੀਅ ਨਾ ਕਰੇ। ਕਹਿੰਦਾ, 'ਬਾਈ, ਟੀਚਰ ਹੋਵੇ ਤਾਂ ਐਦਾਂ ਦਾ'। ਡਾ. ਸਾਹਿਬ ਨੂੰ ਸੁਣ-ਸੁਣ ਕੇ ਉਹਦੇ ਅੰਦਰੋਂ ਡਾ. ਕੇਸਰ ਦਾ ਸੁਣਿਆ-ਸੁਣਾਇਆ ਬਿੰਬ ਮੱਧਮ ਪੈ ਗਿਆ ਸੀ। ਮੈਂ ਉਹਨੂੰ ਕਈ ਵਾਰੀ ਡਾ. ਕੇਸਰ ਨੂੰ ਮਿਲਾਉਣ ਲਈ ਪੁੱਛਿਆ, ਪਰ ਉਹਨੇ ਹਰ ਵਾਰੀ ਟਾਲ ਦਿੱਤਾ, 'ਓ ਛੱਡ ਬਾਈ, ਤੇਰੇ ਉਸਤਾਦ ਕੋਲ ਚੱਲਦੇ ਹਾਂ'।

**ਉਹਦਾ ਨਾਂ, ਬਲਰਾਜ, ਉਹਦੀ ਸ਼ਕਲ ਸੂਰਤ ਤੋਂ ਵਧੇਰੇ ਸੋਹਣਾ ਤੇ ਪਿਆਰਾ ਸੀ। ਪਤਾ ਨਹੀਂ ਕਿਉਂ, ਉਹਦੇ ਨਾਂ ਵਿਚੋਂ ਭੋਰਾ ਭਰ ਵੀ ਬਲਰਾਜ ਸਾਹਨੀ ਦੀ ਕਨਸੋਅ ਨਹੀਂ ਸੀ ਪੈਂਦੀ। ਬਲਰਾਜ ਸਾਹਨੀ ਦੀ ਤਬੀਅਤ ਠਾਠਾਂ ਮਾਰਦੇ ਸਮੁੰਦਰ ਦੀ ਤਰ੍ਹਾਂ ਸਾਹਿਤਕ ਸੀ ਤੇ ਇਹਦੀ, ਜਿਵੇਂ ਕੋਈ ਸਾਹਿਤਕ ਸਾਗਰ ਵਿਚੋਂ ਮੱਛੀਆਂ ਫੜਨ ਵਾਲਾ ਹੋਵੇ। ਉਹਨੂੰ ਦੇਖ ਕੇ ਮੈਨੂੰ ਆਪਣੇ ਪਿੰਡ ਦੇ ਇੰਦਰ ਦਾ ਮੁੰਡਾ ਟੂਟਲ਼ ਚੇਤੇ ਆ ਜਾਂਦਾ ਸੀ।**

# ਪੰਜਾਬ ਦੇ ਲੋਕ ਨਾਚ

ਲੋਕ ਨਾਚ ਕਿਸੇ ਵੀ ਸੱਭਿਆਚਾਰ ਦਾ ਅਟੁੱਟ ਅੰਗ ਹੁੰਦੇ ਹਨ। ਹਰੇਕ ਸਭਿਆਚਾਰ ਦਾ ਆਪਣਾ ਵੱਖਰਾ ਲੋਕ ਨਾਚ ਹੁੰਦਾ ਹੈ, ਜਿਸ ਰਾਹੀਂ ਉਥੋਂ ਦੇ ਲੋਕ ਆਪਣੀ ਖੁਸ਼ੀ ਦਾ ਇਜ਼ਹਾਰ ਹਨ। ਪੰਜਾਬ ਦੇ ਲੋਕ ਨਾਚਾਂ ਬਾਰੇ ਗੱਲ ਕੀਤੀ ਜਾਵੇ ਤਾਂ ਇਸ ਖੇਤੀ ਪ੍ਰਧਾਨ ਸੂਬੇ ਦੇ ਕਿਸਾਨਾਂ ਦੁਆਰਾ ਪਾਇਆ ਜਾਂਦਾ ਭੰਗੜਾ ਇੱਥੋਂ ਦਾ ਮੁੱਖ ਨਾਚ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਨਾਚ ਪੰਜਾਬੀ ਸੱਭਿਆਚਾਰ ਦਾ ਹਿੱਸਾ ਹਨ, ਜਿਨ੍ਹਾਂ ਵਿਚੋਂ ਬਹੁਤੇ ਹੁਣ ਲੁਪਤ ਹੋਣ ਦੀ ਕਗਾਰ 'ਤੇ ਹਨ।

**ਭੰਗੜਾ:** ਪੰਜਾਬ ਦੇ ਲੋਕ ਨਾਚਾਂ ਵਿਚੋਂ ਭੰਗੜਾ ਸਭ ਤੋਂ ਵੱਧ ਮਸ਼ਹੂਰ ਹੈ। ਭੰਗੜਾ ਖੁਸ਼ਹਾਲੀ, ਹਿੰਮਤ ਅਤੇ ਹੌਸਲੇ ਦਾ ਪ੍ਰਤੀਕ ਹੈ। ਇਹ ਨਾਚ ਮੂਲ ਰੂਪ ਵਿਚ ਕਿਸਾਨਾਂ ਦਾ ਨਾਚ ਹੈ। ਜਦੋਂ ਕਣਕਾਂ ਪੱਕ ਕੇ ਸੋਨੇ ਰੰਗੀਆਂ ਹੋ ਜਾਂਦੀਆਂ ਹਨ ਤਾਂ ਕਿਸਾਨਾਂ ਨੂੰ ਜਿੱਥੇ ਇਕ ਪਾਸੇ ਫ਼ਸਲ ਦੇ ਘਰ ਆਉਣ ਤੇ ਖੁਸ਼ਹਾਲੀ ਦਾ ਚਾਅ ਹੁੰਦਾ ਹੈ, ਉਥੇ ਹੀ ਦੂਜੇ ਪਾਸੇ ਉਸ ਨੂੰ ਮੌਸਮ ਦੀ ਮਾਰ ਦਾ ਡਰ ਵੀ ਸਤਾਉਂਦਾ ਹੈ। ਜਦੋਂ ਕਣਕ ਵੱਢ ਕੇ ਸਾਂਭ

ਰਾਜਨਦੀਪ ਕੌਰ ਮਾਨ
ਫੋਨ: 62393-26166

ਲਈ ਜਾਂਦੀ ਹੈ ਤਾਂ ਅੰਨਦਾਤੇ ਦੀ ਖੁਸ਼ੀ ਆਪ ਮੁਹਾਰੇ ਫੁੱਟ ਪੈਂਦੀ ਹੈ ਤੇ ਉਹ ਭੰਗੜੇ ਪਾ ਕੇ ਖੁਸ਼ੀ ਦਾ ਇਜ਼ਹਾਰ ਕਰਦੇ ਹਨ:

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾ ਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾ ਕੇ,
ਕੱਛ ਮਾਰ ਵੰਝਲੀ ਆਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਭੰਗੜਾ ਹੋਰ ਖੁਸ਼ੀ ਦੇ ਮੌਕਿਆਂ ਜਿਵੇਂ ਵਿਆਹ, ਬੱਚਾ ਦੇ ਜਨਮ, ਲੋਹੜੀ ਆਦਿ ਮੌਕੇ ਵੀ ਪਾਇਆ ਜਾਂਦਾ ਹੈ। ਭੰਗੜੇ ਦੇ ਪਿਛੋਕੜ ਬਾਰੇ ਗੱਲ ਕਰੀਏ ਤਾਂ ਇਹ ਪਹਿਲਾਂ ਪੱਛਮੀ ਪੰਜਾਬ ਦੇ ਜ਼ਿਲ੍ਹੇ ਸ਼ੇਖੂਪੁਰਾ, ਪੱਛਮੀ ਗੁਜਰਾਤ ਅਤੇ ਸਿਆਲਕੋਟ ਵਿਚ ਹੀ ਜ਼ਿਆਦਾ ਪ੍ਰਚੱਲਿਤ ਸੀ। ਭੰਗੜੇ ਵਿਚ ਪੇਂਡੂ ਸਾਜ਼ਾਂ ਦੀ ਹੀ ਵਰਤੋਂ ਹੁੰਦੀ ਸੀ। ਜਿਵੇਂ ਢੋਲ, ਬੁਗਤੂ, ਅਲਗੋਜ਼ੇ, ਸੱਪ, ਕਾਟੋ ਆਦਿ। ਅੱਜ ਦੇ ਸਮੇਂ ਭੰਗੜਾ ਸਿਰਫ ਸਟੇਜਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਬਾਜ਼ਾਰ ਦੀ ਲਿਸ਼ਕ ਨੇ ਸਾਡੇ ਇਸ ਲੋਕ ਨਾਚ ਦੀ ਅਸਲੀ ਨੁਹਾਰ ਖੋਹ ਲਈ ਹੈ।

**ਗਿੱਧਾ:** ਭੰਗੜੇ ਤੋਂ ਬਾਅਦ ਪੰਜਾਬ ਦਾ ਦੂਜਾ ਮਸ਼ਹੂਰ ਲੋਕ ਨਾਚ ਹੈ ਗਿੱਧਾ। ਇਹ ਮੁੱਖ ਰੂਪ ਵਿਚ ਔਰਤਾਂ ਦਾ ਨਾਚ ਹੈ। ਇਹ ਪੰਜਾਬਣਾਂ ਦਾ ਹਰਮਨਪਿਆਰਾ ਨਾਚ ਹੈ। ਇਸ ਵਿਚ ਵੀ ਭੰਗੜੇ ਵਾਂਗ ਬੋਲੀਆਂ ਪੈਂਦੀਆਂ ਹਨ, ਪਰ ਇਸ ਵਿਚ ਪੰਜਾਬਣਾਂ ਦੀ ਤਾੜੀ ਅਤੇ ਪੈਰ ਦੀ ਅੱਡੀ ਦੀ ਧਮਕ ਖਾਸ ਜਗ੍ਹਾ ਰੱਖਦੀ ਹੈ। ਕੁਝ ਕੁੜੀਆਂ ਇਕ ਘੇਰਾ ਬਣਾ ਕੇ ਖਲੋ ਜਾਂਦੀਆਂ ਹਨ ਅਤੇ ਇਕੱਠੀਆਂ ਤਾੜੀ ਮਾਰ ਕੇ ਗਿੱਧੇ ਦਾ ਮਾਹੌਲ ਬਣਾਉਂਦੀਆਂ ਹਨ। ਇਕ ਜਾਂ ਦੋ ਕੁੜੀਆਂ ਬੋਲੀ ਪਾਉਂਦੀਆਂ ਨੇ ਅਤੇ ਬਾਕੀ ਉਸ ਬੋਲੀ ਨੂੰ ਚੁੱਕਦੀਆਂ ਹਨ। ਗਿੱਧੇ ਵਿਚ ਬੋਲੀਆਂ ਆਮ ਤੌਰ 'ਤੇ ਘਰੇਲੂ ਮਸਲਿਆਂ, ਨੂੰਹ ਸੱਸ ਦੀ ਤਕਰਾਰ, ਦਿਓਰ-ਭਾਬੀ ਦੇ ਹਾਸੇ-ਮਜ਼ਾਕ, ਚੰਗੇ ਵਰ ਦੀ ਚੋਣ, ਅੰਮੜੀ ਦੇ ਵਿਹੜੇ, ਭੈਣ ਭਰਾ ਦੇ ਵੈਰਾਗ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ। ਭਾਵੇਂ ਵਿਆਹ ਹੋਵੇ ਜਾਂ ਸਾਉਣ ਦਾ ਮਹੀਨਾ, ਪ੍ਰੰਪਰਾਗਤ ਗਿੱਧੇ ਦਾ ਜਲਵਾ ਦੇਖਣ ਵਾਲਾ ਧੰਨ-ਧੰਨ ਕਰ ਉੱਠਦਾ ਹੈ। ਗਿੱਧੇ ਦਾ ਤਾਂ ਜਨਮ ਹੀ ਔਰਤਾਂ ਦੇ ਦਿਲਾਂ ਦੇ ਵਲਵਲਿਆਂ ਨੂੰ ਇਕ ਲੜੀ ਵਿਚ ਪ੍ਰੋਣ ਲਈ ਹੋਇਆ ਸੀ। ਗਿੱਧਾ ਦਿਲਾਂ ਦੀਆਂ ਸਾਂਝਾਂ ਦਾ ਪਿੜ ਹੁੰਦਾ ਹੈ। ਇੱਥੇ ਆ ਕੇ ਦਿਲਾਂ ਵਿਚਕਾਰ ਵਿੱਥਾਂ ਨਹੀਂ ਰਹਿੰਦੀਆਂ, ਤਾਂ ਹੀ ਇਹ ਬੋਲੀ ਮਸ਼ਹੂਰ ਹੈ;

ਘਰੇ ਜਾ ਕੇ ਨਾ ਚੁੱਲ੍ਹੇ 'ਤੇ ਲੱਤ ਮਾਰੀਂ,
ਨੱਚਣਾ ਤਾਂ ਹੁਣ ਨੱਚ ਲੈ।

**ਮਲਵਈ ਗਿੱਧਾ:** ਪੰਜਾਬ ਦੇ ਮਾਲਵਾ ਖੇਤਰ 'ਚ ਮਰਦਾਂ ਦੇ ਗਿੱਧੇ ਦੀ ਇਕ ਗੌਰਵਮਈ ਵਿਲੱਖਣ ਪ੍ਰੰਪਰਾ ਰਹੀ ਹੈ। ਇਸਨੂੰ ਮਰਦਾਂ ਦਾ ਗਿੱਧਾ ਵੀ ਕਿਹਾ ਜਾਂਦਾ ਹੈ। ਇਸਦੇ ਬਚੇ-ਖੁਚੇ ਅੰਸ਼ਾਂ ਨੂੰ ਪੁਰਾਣੀ ਪੀੜ੍ਹੀ ਦੇ ਲੋਕਾਂ ਵੱਲੋਂ ਪੇਸ਼ ਕੀਤੇ ਜਾਣ ਕਾਰਨ ਇਹ ਬਾਬਿਆਂ ਦੇ ਗਿੱਧੇ ਨਾਮ ਨਾਲ ਵੀ ਮਸ਼ਹੂਰ ਹੈ। ਮਲਵਈ ਗਿੱਧੇ ਦਾ ਆਰੰਭ ਉਸ ਸਮਾਜਿਕ ਲੋੜ ਵਿਚ ਹੋਇਆ ਸੀ, ਜਦੋਂ ਵਿਆਹ ਸਮੇਂ ਬਰਾਤ ਕਈ ਕਈ ਦਿਨ ਢੁਕੀ ਰਹਿੰਦੀ ਸੀ। ਵਿਆਹ ਵਾਲੇ ਸੱਖਣੇ ਘਰ 'ਚ ਚੋਰਾਂ, ਡਾਕੂਆਂ ਦਾ ਡਰ ਬਣਿਆ ਰਹਿੰਦਾ ਸੀ। ਇਸ ਲਈ ਮੁੰਡੇ ਦੀ ਬਰਾਤ ਜਾਣ ਮਗਰੋਂ ਪਰਿਵਾਰ ਕਿਸੇ ਨਾ ਕਿਸੇ ਤਰੀਕੇ ਜਗਰਾਤਾ ਕੱਟਦਾ ਸੀ। ਕਈ ਵਾਰੀ ਵਿਆਹ ਦੇ ਚਾਅ ਵਿਚ ਨਾਨਕੇ ਮੇਲ ਵਿਚ ਆਈਆਂ ਮਸਤੀਆਂ ਹੋਈਆਂ ਮਲਵੈਣਾਂ ਮਰਦਾਂ ਨੂੰ ਗਿੱਧੇ ਵਿਚ ਬੋਲੀ ਪਾਉਣ ਦੀ ਚੁਣੌਤੀ ਦੇ ਦਿੰਦੀਆਂ ਸਨ, ਜਾਂ ਫਿਰ ਗਿੱਧਾ ਪਾ ਰਹੀਆਂ ਮੁਟਿਆਰਾਂ ਵਿਚ ਚੋਬਰ ਵੀ ਸ਼ਾਮਲ ਹੋ ਜਾਂਦੇ ਸਨ। ਪੁਰਸ਼ਾਂ ਦੇ ਗਿੱਧੇ ਵਿਚ ਬੋਲੀਆਂ ਕੁਝ ਇਸ ਪ੍ਰਕਾਰ ਦੀਆਂ ਹੁੰਦੀਆਂ ਹਨ:

ਸੁਣ ਨੀ ਮੇਲਣੇ ਨੱਚਣ ਵਾਲੀਏ,
ਮੈਂ ਤੇਰੇ ਜੱਸ ਗਾਵਾਂ।
ਮੰਦਾ ਬੋਲ ਨਾ ਬੋਲਾਂ ਗਿੱਧੇ ਵਿਚ,
ਖੂਬ ਬੋਲੀਆਂ ਪਾਵਾਂ।
ਪਿੰਡ ਤਾਂ ਸਾਡਾ ਖਾਸ ਢੁੱਡੀਕੇ,
ਸਭ ਗੱਲ ਖੋਲ੍ਹ ਸੁਣਾਵਾਂ,
ਬਾਗ਼ 'ਚ ਫੁੱਲ ਖਿੜਿਆ,
ਆਖੇਂ ਤਾਂ ਤੋੜ ਲਿਆਵਾਂ...

ਦੂਜੇ ਪਾਸੇ ਮਲਵੈਣਾਂ ਵੀ ਘੱਟ ਨਹੀਂ ਹੁੰਦੀਆਂ। ਉਹ ਮੋੜਾ ਦੇ ਕੇ ਅਖਾੜਾ ਹੋਰ ਮਘਾ ਦਿੰਦੀਆਂ ਹਨ:

ਦਾੜ੍ਹੀ ਵਾਲਿਆ ਪਾਉਨੈਂ ਬੋਲੀਆਂ,
ਆਹ ਤੇਰਾ ਕੰਮ ਮਾੜਾ,
ਤੇਰੇ ਵਰਗੇ ਪੜ੍ਹਨ ਪੋਥੀਆਂ,
ਤੜਕੇ ਫੇਰਦੇ ਮਾਲਾ,
ਮੇਰੀ ਬੋਲੀ ਦਾ ਮੋੜ ਕਰੀਂ ਸਰਦਾਰਾ।



**ਕਿੱਕਲੀ:** ਪੰਜਾਬ ਦੇ ਲੋਕ ਨਾਚਾਂ ਦੀ ਲੜੀ ਵਿਚ ਨਿੱਕੀਆਂ ਬੱਚੀਆਂ ਦਾ ਅਨੋਖਾ ਨਾਚ ਕਿੱਕਲੀ ਵੀ ਆਪਣੀ ਅਹਿਮੀਅਤ ਰੱਖਦਾ ਹੈ। ਇਹ ਬੱਚੀਆਂ ਦੀਆਂ ਖੇਡਾਂ ਨਾਲ ਵੀ ਜੁੜਿਆ ਹੋਇਆ ਹੈ। ਇਸ ਨਾਚ ਲਈ ਕੋਈ ਜਗ੍ਹਾ ਜਾਂ ਸਮਾਂ ਨਿਸ਼ਚਿਤ ਨਹੀਂ ਹੁੰਦਾ। ਸਗੋਂ ਘਰਦੇ ਵਿਹੜੇ ਜਾਂ ਨੇੜੇ ਦੀ ਖੁੱਲ੍ਹੀ ਜਗ੍ਹਾ 'ਤੇ ਜਦ ਕੁੜੀਆਂ ਗੀਟੇ ਜਾਂ ਹੋਰ ਖੇਡਾਂ ਖੇਡਦੀਆਂ ਅੱਕ ਜਾਂਦੀਆਂ ਹਨ ਤਾਂ ਸਹਿਵਣ ਹੀ ਕਿੱਕਲੀ ਪਾਉਣੀ ਸ਼ੁਰੂ ਕਰ ਦਿੰਦੀਆਂ ਹਨ। ਬੱਚੀਆਂ ਦੇ ਖੇਡ ਨਾਚ ਬਾਰੇ ਆਮ ਧਾਰਨਾ ਹੈ ਕਿ ਉਹ ਆਪਣੇ ਹੱਥਾਂ ਦੀ ਕਰਿੰਗਲੀ ਜਾਂ ਕਰਿੰਗੜੀ ਪਾ ਕੇ ਨੱਚਦੀਆਂ ਹਨ। ਇਸ ਕਰਕੇ ਇਸਦਾ ਨਾਮ ਵੀ ਕਿੱਕਲੀ ਹੈ। ਇਸ ਨਾਚ ਅਨੁਸਾਰ ਕੁੜੀਆਂ ਆਹਮੋ-ਸਾਹਮਣੇ ਖਲੋ ਕੇ ਇਕ ਦੂਜੀ ਦਾ ਹੱਥ ਇੰਝ ਫੜ ਲੈਂਦੀਆਂ ਹਨ ਕਿ ਬਾਹਵਾਂ ਦੀ ਸੰਗਲੀ ਜਿਹੀ ਬਣ ਜਾਵੇ। ਪੈਰਾਂ ਦੀਆਂ ਅਗਲੀਆਂ ਤਲੀਆਂ ਉੱਤੇ ਭਾਰ ਪਾ ਕੇ ਜ਼ੋਰ ਨਾਲ ਭੰਬੀਰੀ ਵਾਂਗ ਘੁੰਮਦੀਆਂ ਗਾਉਂਦੀਆਂ ਨੇ:

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ।
ਦੁਪੱਟਾ ਭਰਜਾਈ ਦਾ,
ਫਿਟੇ ਮੂੰਹ ਜਵਾਈ ਦਾ।

ਝੂੰਮਰ: ਝੂੰਮਰ ਬੁਨਿਆਦੀ ਤੌਰ 'ਤੇ ਮਰਦਾਂ ਦਾ ਲੋਕ ਨਾਚ ਹੈ ਪਰ ਕੁਝ ਥਾਵਾਂ 'ਤੇ ਔਰਤਾਂ ਵੀ ਝੂੰਮਰ ਪਾਉਂਦੀਆਂ ਹਨ। ਪਾਕਿਸਤਾਨ ਦੀ ਮੁਸਲੀ ਜਾਤ ਵਿਚ ਝੂੰਮਰ ਔਰਤਾਂ ਤੇ ਮਰਦ ਰਲ ਕੇ ਪਾਉਂਦੇ ਹਨ। ਝੂੰਮਰ ਨੂੰ ਬਲੋਚਾਂ ਦੇ ਨਾਚ ਕਰਕੇ ਵੀ ਜਾਣਿਆ ਜਾਂਦਾ ਹੈ। ਝੂੰਮਰ ਪਾਉਣ ਵਾਲੇ ਝੁਮਰੀ ਨੱਚਣ ਸਮੇਂ ਝੂੰਮਦੇ ਹਨ। ਇਸੇ ਕਰਕੇ ਇਸਨੂੰ ਝੂੰਮਰ ਕਿਹਾ ਜਾਂਦਾ ਹੈ। ਦਾਇਰੇ ਵਿਚ ਘੁੰਮ-ਘੁੰਮ ਕੇ ਨੱਚਣ ਕਰਕੇ ਇਸਨੂੰ ਘੂੰਮਰ ਵੀ ਕਿਹਾ ਜਾਂਦਾ ਹੈ। ਘੁੰਮਣਾ ਇਸਦੀ ਖੂਬਸੂਰਤੀ ਵਿਚ ਵਾਧਾ ਕਰਦਾ ਹੈ। ਝੂੰਮਰ ਦਾ ਪ੍ਰਤੀਨਿਧ ਖੇਤਰ ਸਾਂਦਲਬਾਰ ਦਾ ਇਲਾਕਾ ਹੈ। ਇਸ ਖੇਤਰ ਵਿਚ ਮਿੰਟਗੁਮਰੀ, ਸ਼ੇਖੂਪੁਰਾ, ਫੈਸਲਾਬਾਦ, ਟੋਬਾ ਟੇਕ ਸਿੰਘ, ਗੁਜਰਾਂਵਾਲਾ, ਝੰਗ ਅਤੇ ਸਰਗੋਧਾ ਆਦਿ ਜ਼ਿਲ੍ਹੇ ਆਉਂਦੇ ਹਨ। ਇਸ ਖੇਤਰ ਦੇ ਲੋਕਾਂ ਨੂੰ ਜੰਗਲੀ ਜਾਂ ਜਾਂਗਲੀ ਵੀ ਕਿਹਾ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿਚ ਲੋਕ ਇਹ ਨਾਚ ਖੁਦ ਤਾਂ ਨੱਚਦੇ ਹੀ ਨਾਲ ਆਪਣੇ ਪਸ਼ੂਆਂ ਨੂੰ ਵੀ ਨਚਾਉਂਦੇ ਸਨ। ਖਾਸ ਕਰਕੇ ਊਠ ਨੂੰ ਝੂੰਮਰ ਵਿਚ ਨਚਾਇਆ ਜਾਂਦਾ ਹੈ। ਵੈਸੇ ਤਾਂ ਝੂੰਮਰ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਵੀ ਪਾਇਆ ਜਾਂਦਾ ਹੈ, ਪਰ ਉਸਦੀ ਤਕਨੀਕ ਪੰਜਾਬ ਨਾਲੋਂ ਵੱਖ ਹੈ। ਝੂੰਮਰ ਲਈ ਖਾਸ ਸਾਜ਼ ਤਾਂ ਢੋਲ ਹੀ ਹੈ, ਪਰ ਪੇਸ਼ੇਵਰ ਟੋਲੇ ਚਿਮਟੇ, ਖੜਤਾਲਾਂ, ਤੂਤੀਆਂ, ਡਾਂਡੀਆਂ ਅਤੇ ਸ਼ਹਿਨਾਈਆਂ ਦੀ ਵਰਤੋਂ ਵੀ ਕਰਦੀਆਂ ਹਨ। ਝੂੰਮਰ ਢੋਲੀ ਦੇ ਆਸ-ਪਾਸ ਗੋਲ ਘੇਰਾ ਬਣਾ ਕੇ ਨੱਚਿਆ ਜਾਂਦਾ ਹੈ।

**ਸੰਮੀ:** ਸੰਮੀ ਵੀ ਪੱਛਮੀ ਪੰਜਾਬ ਵਿਚ ਨੱਚਿਆ ਜਾਣ ਵਾਲਾ ਨਾਚ ਹੈ। ਇਹ ਸਮਤਾ ਵਿਚ ਨੱਚਿਆ ਜਾਂਦਾ ਹੈ। ਇਹ ਕਾਫੀ ਪੁਰਾਤਨ ਲੋਕ ਨਾਚ ਹੈ। ਸੰਮੀ ਦਾ ਸਬੰਧ ਵੀ ਲਹਿੰਦੇ ਪੰਜਾਬ ਦੇ ਸਾਂਦਲ ਬਾਰ ਇਲਾਕੇ ਨਾਲ ਹੈ। ਸੰਮੀ ਨਾਮ ਦੀ ਮੁਟਿਆਰ ਦਾ ਮਾਹੀ ਉਸ ਨੂੰ ਛੱਡ ਕੇ ਚਲਾ ਗਿਆ ਤਾਂ ਉਹ ਬਿਰਹਣ ਬਣ ਕੇ ਇਹ ਨਾਚ ਨੱਚਦੀ ਫਿਰਦੀ। ਉਸਦੇ ਪ੍ਰੇਮੀ ਦਾ ਨਾਮ ਢੋਲ ਜਾਂ ਢੋਲਾ ਸੀ। ਅਜੋਕੇ ਦੌਰ ਵਿਚ ਵੀ ਕੁੜੀਆਂ/ਔਰਤਾਂ ਘੇਰੇ ਵਿਚ ਖਲੋ ਕੇ, ਇਕ ਦੂਜੀ ਦੀਆਂ ਬਾਹਾਂ ਵਿਚ ਬਾਹਾਂ ਪਾਈ ਨਾਚ ਆਰੰਭ ਕਰਦੀਆਂ ਹਨ। ਹੱਥਾਂ ਨਾਲ ਤਾਲੀ ਅਤੇ ਉਂਗਲਾਂ ਦੀਆਂ ਚੁਟਕੀਆਂ ਵਜਾਉਂਦੀਆਂ ਅਤੇ ਪੈਰਾਂ ਦੀ ਧਮਕ ਨਾਲ ਤਾਲ ਪੈਦਾ ਕਰਦੀਆਂ ਹਨ। ਨਾਲ ਨਾਲ ਸੰਮੀ ਦੇ ਪ੍ਰਚੱਲਿਤ ਗੀਤ ਵੀ ਗਾਉਂਦੀਆਂ ਹਨ। ਜਿਵੇਂ:

ਮੇਰੇ ਪੀਰ ਪਵਾਏ ਕੋਠੇ, ਵਿਚ ਬੋਲਣ ਤੋਤੇ,
ਉਹ ਗੱਡੀ ਬੰਨ੍ਹ ਖਲੋਤੇ,
ਮੈਂ ਕੁਰਬਾਨ ਜਾਨੀ ਆਂ।

**ਲੁੱਡੀ:** ਲੁੱਡੀ ਪਾਉਣਾ ਵੈਸੇ ਪੰਜਾਬ ਦਾ ਇਕ ਪ੍ਰਚੱਲਿਤ ਮੁਹਾਵਰਾ ਹੈ, ਜਿਸ ਦਾ ਭਾਵ ਹੈ ਖੁਸ਼ੀ ਪ੍ਰਗਟ ਕਰਨਾ। ਜਦੋਂ ਫੌਜਾਂ ਜਿੱਤ ਕੇ ਵਾਪਸ ਮੁੜਦੀਆਂ ਤਾਂ ਲੁੱਡੀ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਸੀ। ਪਿੱਛੋਂ ਇਹ ਨਾਚ ਦਾ ਰੂਪ ਧਾਰਨ ਕਰ ਗਿਆ। ਜਿਵੇਂ ਔਰਤਾਂ ਦੇ ਗਿੱਧੇ ਪਿੱਛੋਂ ਮਰਦਾਂ ਦੇ ਗਿੱਧੇ ਦਾ ਰਿਵਾਜ਼ ਪੈ ਗਿਆ। ਇਸੇ ਤਰ੍ਹਾਂ ਵਿਆਹ ਦੀਆਂ ਰਸਮਾਂ ਜਿਵੇਂ ਖਾਰੇ ਚੜ੍ਹਨ, ਘੋੜੀ ਚੜ੍ਹਨ ਪਿੱਛੋਂ ਔਰਤਾਂ ਨੇ ਲੁੱਡੀ ਪਾਉਣੀ ਸ਼ੁਰੂ ਕਰ ਦਿੱਤੀ। ਜਦ ਢੋਲੀ ਢੋਲ 'ਤੇ ਡਗਾ ਲਾਉਂਦਾ ਹੈ ਤਾਂ ਉਸਦੇ ਤਾਲ ਨਾਲ ਨੱਚਣ ਵਾਲੇ ਛਾਤੀ ਅੱਗੇ ਤਾਲੀ ਮਾਰਦੇ, ਮੋਢੇ ਹਿਲਾਉਂਦੇ ਅਤੇ ਅੱਖਾਂ ਮਚਕਾਉਂਦੇ ਹਨ ਭਾਵ ਫੁੰਮਣੀਆਂ ਪਾਉਂਦੇ ਹਨ।

**ਧੀਰਸ ਅਤੇ ਧਮਾਲ:** ਧਮਾਲ ਤੇ ਧੀਰਸ ਵੀ ਪੰਜਾਬ ਦੇ ਬਹੁਤ ਪੁਰਾਤਨ ਲੋਕ ਨਾਚ ਹਨ। ਧਮਾਲ ਵੀ ਲਹਿੰਦੇ ਪੰਜਾਬ ਦਾ ਹੀ ਨਾਚ ਹੈ। ਇਹ ਮੁਸਲਿਮ ਫਕੀਰਾਂ ਵਿਚ ਜ਼ਿਆਦਾ ਮਕਬੂਲ ਹੈ। ਇਸਨੂੰ ਲੋਕ ਮੁਸਲਿਮ ਫਕੀਰਾਂ ਦੀਆਂ ਮਜ਼ਾਰਾਂ 'ਤੇ ਲੱਗਣ ਵਾਲੇ ਮੇਲਿਆਂ, ਉਰਸਾਂ ਸਮੇਂ ਨੱਚ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਇਸਨੂੰ ਮਲੰਗਾਂ, ਮਸਤਾਨਿਆਂ ਅਤੇ ਕਲੰਦਰਾਂ ਦਾ ਧਾਰਮਿਕ ਨਾਚ ਵੀ ਕਿਹਾ ਜਾਂਦਾ ਹੈ।

ਧੀਰਸ ਨਾਚ ਝੂੰਮਰ ਨਾਲ ਮਿਲਦਾ ਜੁਲਦਾ ਹੀ ਸਾਂਦਲਬਾਰ ਦਾ ਇਕ ਹੋਰ ਨਾਚ ਹੈ। ਇਸਨੂੰ ਬਹੁਤ ਸਹਿਜ ਅਤੇ ਧੀਰਜ ਨਾਲ ਨੱਚਿਆ ਜਾਂਦਾ ਹੈ, ਤਾਂ ਹੀ ਇਸਦਾ ਨਾਮ ਵੀ ਧੀਰਸ ਹੈ। ਇਹ ਵੀ ਮੇਲਿਆਂ 'ਤੇ ਹੀ ਨੱਚਿਆ ਜਾਂਦਾ ਹੈ। ਉਪਰੋਕਤ ਵਿਚੋਂ ਬਹੁਤੇ ਪੰਜਾਬੀ ਲੋਕ ਨਾਚ ਅੱਜ-ਕੱਲ੍ਹ ਲੁਪਤ ਹੋਣ ਦੀ ਕਗਾਰ 'ਤੇ ਹਨ। ਸਰਕਾਰਾਂ ਅਤੇ ਸੱਭਿਆਚਾਰ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਵਲੋਂ ਇਨ੍ਹਾਂ ਨੂੰ ਬਚਾਉਣ ਲਈ ਖੂਬ ਯਤਨ ਕਰਨੇ ਚਾਹੀਦੇ ਹਨ, ਤਾਂ ਜੋ ਸਾਡੇ ਵਿਰਸੇ ਦੇ ਅਨਮੋਲ ਰੰਗ ਸਮੇਂ ਦੀ ਗਰਦਸ਼ ਵਿਚ ਗੁੰਮ ਹੋਣ ਤੋਂ ਬਚ ਸਕਣ।

## ਕਾਵਿ-ਕਿਆਰੀ

### ਹੋਲੀ ਆ ਗਈ ਹੋਲੀ

ਇਕ ਦੂਜੇ ਨਾਲ ਖੁਸ਼ੀਆਂ ਵੰਡੋ
ਭੁੱਲ ਜਾਓ ਤਕਰਾਰ,
ਹੋਲੀ ਆ ਗਈ ਰੰਗ ਬਿਰੰਗੀ
ਰੰਗਾਂ ਦਾ ਤਿਉਹਾਰ।
ਬੰਟੀ, ਮੀਤਾ, ਮਿੰਟੂ ਲਿਆਏ
ਗੀਝਿਆਂ ਵਿਚ ਰੰਗ ਭਰ ਕੇ,
ਅਮਰ ਅਤੇ ਅੰਗਰੇਜ਼ ਵੀ ਖੇਡਣ
ਸ਼ਿਆਮੇ ਦੇ ਨਾਲ ਰਲ਼ ਕੇ।
ਪੱਪੀ ਅਤੇ ਸੁਭਾਸ਼ ਲਿਆਏ
ਰੰਗਾਂ ਦੀ ਬੁਛਾਰ,
ਹੋਲੀ ਆ ਗਈ ਹੋਲੀ ...।

ਬਾਵਾ ਲੈ ਪਿਚਕਾਰੀ ਆ ਗਿਆ
ਕਰਮੀ ਬੋਤਲ ਭਰਦਾ,
ਕੁੰਡਾ ਲਾਈ ਬੈਠਾ ਜੱਗੀ
ਰੰਗ ਪੈਣ ਤੋਂ ਡਰਦਾ।
ਫੱਗਣ ਮਾਹ ਦੇ ਮੌਸਮ ਦੇ ਵਿਚ
ਨਾ ਗਰਮੀ ਨਾ ਠਾਰ,
ਹੋਲੀ ਆ ਗਈ ਹੋਲੀ...।

ਪੰਮੀ ਛੱਤ 'ਤੇ ਚੜ੍ਹ ਕੇ ਬਹਿ ਗਿਆ
ਰੰਗਾਂ ਦੇ ਟੱਬ ਭਰ ਕੇ,
ਆਉਂਦੇ ਜਾਂਦੇ 'ਤੇ ਸੁੱਟੀ ਜਾਵੇ
ਹਰ ਕੋਈ ਲੰਘੇ ਡਰ ਕੇ,
ਜੈਬੀ ਤੇ ਰਾਜੂ ਨੇ ਢਾਹ ਲਿਆ
ਰੰਗਤਾ ਆਖ਼ਰਕਾਰ
ਹੋਲੀ ਆ ਗਈ ਹੋਲੀ...।

ਪ੍ਰਿਤਪਾਲ ਤੇ ਪਰਗਟ,
ਸਿੱਬੀ, ਠੂਲੀ ਫਿਰਦੇ ਰੰਗੇ,
ਧੰਨਾ, ਲੀਲਾ, ਬੂਟਾ, ਕਾਲੀ
ਦਿਖਦੇ ਰੰਗ ਬਿਰੰਗੇ,
ਆਟੀ, ਸ਼ਿਵਜੀ, ਭੋਲਾ ਰੰਗੇ
ਕਾਲੂ, ਕਾਕਾ ਤਿਆਰ,
ਹੋਲੀ ਆ ਗਈ ਹੋਲੀ...।

ਹਾਕਮ, ਰਾਮਾਂ, ਮੱਖਣ ਖੇਡਣ
ਦੂਜੇ ਵਿਹੜਿਓਂ ਆ ਕੇ,
ਗੇਲਾ ਤੇ ਗੁਰਦਿਆਲ ਵੀ ਖੇਡਣ
ਕਾਲ਼ਾ ਰੰਗਤਾ ਢਾਹ ਕੇ,
ਇਕ ਦੂਜੇ ਨੂੰ ਰੰਗਣ ਦੇ ਲਈ
ਭੈਣ ਭਾਬੀਆਂ ਤਿਆਰ,
ਹੋਲੀ ਆ ਗਈ ਹੋਲੀ...।

ਨਫ਼ਰਤ ਦੀਆਂ ਦੀਵਾਰਾਂ ਢਾਹ ਕੇ
ਇਕ ਮਿੱਕ ਹੋ ਜਾਓ,
ਰੰਗਾਂ ਦਾ ਇਹ ਤਿਉਹਾਰ ਅਨੋਖਾ
ਰੰਗੋ ਤੇ ਰੰਗ ਜਾਓ,
ਗੋਰੇ ਕਾਲ਼ੇ ਰੰਗਾਂ ਦੇ ਵਿਚ
ਨਾ ਰੰਗ ਬੈਠੀਂ ਪਿਆਰ,
ਹੋਲੀ ਆ ਗਈ ਹੋਲੀ...।

***ਮਾਸਟਰ ਪ੍ਰੇਮ ਸਰੂਪ ਛਾਜਲੀ***
***ਫੋਨ: 94171-34982***

---

### ਪਹਾੜੀ ਸੈਰਗਾਹ – 'ਯੋਸਿਮਟੀ'

'ਯੋਸਿਮਟੀ' ਵਾਦੀ ਹੈ,
ਕੁਦਰਤ ਦੀ ਪਟਰਾਣੀ,
ਵਾਹ ਰੇ ਕਾਦਰ! ਤੇਰੀ ਤਾਂ,
ਹੈ ਗਜਬ ਕਹਾਣੀ।
ਵਿਹਲੇ ਵੇਲ਼ੇ ਬਹਿ ਕੇ ਤੂੰ,
ਵਾਹੁੰਦਾ ਏਂ ਲਕੀਰਾਂ,
ਧਰਤੀ ਦੀ ਹਿੱਕ 'ਤੇ ਘੜ੍ਹੇਂ,
ਭਾਂਤ-ਭਾਂਤ ਤਸਵੀਰਾਂ।

ਕਿਤੇ ਸਾਗਰ ਪਾਤਾਲ,
ਕਿਤੇ ਪਹਾੜ ਬਰਫੀਲੇ,
ਕਲ ਕਲ ਕਰਦੇ ਦਰਿਆ,
ਮਾਰੂਥਲ ਰੇਤੀਲੇ।
ਕਿਤੇ ਵਗਦੇ ਝਰਨੇ,
ਕਿਤੇ ਡਿਗਦੇ ਆਬਸ਼ਾਰ,
ਕਿਤੇ ਖੁਸ਼ਕ ਬਰੇਤੀਆਂ,
ਕਿਤੇ ਜਲ ਬੇਸ਼ੁਮਾਰ।

ਬਾਰਾਂ ਸੌ ਵਰਗ ਮੀਲ,
ਤਿਕੋਣ ਪਹਾੜਾਂ ਘੇਰ,
ਰੱਖ ਬਣਾਈ ਕਰਤਾ ਨੇ,
ਵਾਂਗੂੰ ਕਿਲ੍ਹੇ ਚੁਫੇਰ।
ਬਰਫ਼ਾਂ ਕੱਜੀਆਂ ਚੋਟੀਆਂ,
ਵਿਚ ਹਰੇ ਬ੍ਰਿਛ,
ਵਗਦਾ ਮਰਸਡ ਦਰਿਆ,
ਵਿਚੇ ਘੁੰਮਦੇ ਰਿੱਛ।

ਇਸ ਸੁਹਾਣੀ ਥਾਂ ਨੂੰ,
ਕਹਿੰਦੇ ਯੋਸਿਮਟੀ ਪਿੰਡ,
ਮੇਲੇ ਲੱਗਦੇ ਦਿਨੇ ਜਿੱਥੇ,
ਰਾਤ ਨੂੰ ਜਾਂਦੇ ਖਿੰਡ।
ਕੁੱਝ ਮਸਤ ਮੌਲਾ ਜਿਹੇ,
ਰਾਤ ਤੰਬੂਆਂ 'ਚ ਕੱਟ,
ਬਾਰਬੀਕਿਊ 'ਤੇ ਭੁੰਨਦੇ,
ਖਾ ਪੀ ਲੰਘਾਉਂਦੇ ਝੱਟ।
ਚੜ੍ਹਦੇ ਲਹਿੰਦੇ ਸੂਰਜ,
ਬਰਫ਼ 'ਤੇ ਸੁੱਟੇ ਰਿਸ਼ਮਾਂ,
ਫਿਰ ਦਿਸਦਾ ਹੈ ਇਵੇਂ,
ਬੀਤੇ ਜਿਉਂ ਕ੍ਰਿਸ਼ਮਾ।
ਪਲ ਪਲ ਰੰਗ ਬਦਲਦੇ,
ਕੁਦਰਤੀ ਇਹ ਕਿਲੇ,
ਇਹ ਹੁਸੀਨ ਪਲ ਫਿਰ,
ਕਦੇ ਮਿਲੇ ਨਾ ਮਿਲੇ।

ਉਤੇ ਨੂੰ ਮੂੰਹ ਚੁੱਕ ਦੇਖੀਏ,
ਤਾਂ ਲੱਥਦੀ ਹੈ ਪੱਗ,
ਜਾਪਦਾ ਕਿ ਆਬਸ਼ਾਰ,
ਉਗਲ ਰਹੇ ਨੇ ਅੱਗ।
ਚੱਟਾਨਾਂ ਭੂਸਲ ਰੰਗੀਆਂ,
ਮਾਰਨ ਸੰਤਰੀ ਭਾਅ,
ਜਾਣੋ ਯਾਦ ਕਰਾਉਂਦੀਆਂ,
ਬਲਦੀ ਲੱਕੜ ਤਾਅ।

ਘੁੱਪ ਹਨ੍ਹੇਰਾ ਹੋ ਜਾਂਦਾ,
ਘੜੀ ਖੜਕਾਉਂਦੀ ਪੰਜ,
ਚੁੱਕ ਸਾਮਾਨ ਫਟਾਫਟ,
ਤੁਰਦੇ ਛੱਡ ਸ਼ਤਰੰਜ।
ਵਲ ਖਾਂਦੀਆਂ ਸੜਕਾਂ,
ਜਿਉਂ ਸਰਕੇ ਸਰ੍ਹਾਲ,
ਨਟਖਟ ਕਾਰਾਂ ਮਗਰੇ,
ਦੌੜ ਕੇ ਪਾਣ ਧਮਾਲ।

ਬੱਚੇ ਲਾਉਂਦੇ ਰੌਣਕਾਂ,
ਉਚੀ ਉਚੀ ਗਾ ਗੀਤ,
ਕਿਧਰੇ ਡੈੱਕ ਨੇ ਵੱਜਦੇ,
ਸੁਣਦੇ ਪੌਪ ਸੰਗੀਤ।
ਭਜਾਈ ਜਾਵਣ ਮੋਟਰਾਂ,
ਸਭ ਹੋਏ ਵਾਹੋ-ਦਾਹ,
ਨੇੜੇ ਤੇੜੇ ਵਿਚ ਹੋਟਲਾਂ,
ਪਹੁੰਚ ਕੇ ਲੈਂਦੇ ਸਾਹ।

***ਸੇਵਾ ਸਿੰਘ 'ਨੂਰਪੁਰੀ'***

---

### ਆ ਤੇਰੇ ਹਥਿਆਰ ਵੇਖੀਏ

ਆ ਤੇਰੇ ਹਥਿਆਰ ਵੇਖੀਏ,
ਆ ਤੇਰੀ ਤਲਵਾਰ ਵੇਖੀਏ।
ਪਹਿਲਾ ਵਾਰ ਲੈ ਸੱਜਣਾ ਤੇਰਾ,
ਆ ਤੇਰਾ ਹੰਕਾਰ ਵੇਖੀਏ।

ਜਿੱਤ ਹਾਰ ਦਾ ਜੋ ਫੈਸਲਾ,
ਦੁਨੀਆ ਤੈਅ ਕਰੇਗੀ ਏਹ ਤੇ।
ਹਥਿਆਰਾਂ ਦੀ ਏਸ ਦੌੜ 'ਚ,
ਹਿੰਮਤ ਦੀ ਯਲਗਾਰ ਵੇਖੀਏ।

ਇਕ ਮਿਆਨ 'ਚ ਦੋ ਤਲਵਾਰਾਂ,
ਮਸਲਾ ਹੈ ਹਾਂ ਹੈ ਮਸਲਾ।
ਸਮਾਂ ਦੱਸੇਗਾ ਸਮੇਂ ਦੀ ਗੱਲ ਏ,
ਕੌਣ ਜਿੱਤੇਗਾ ਯਾਰ ਵੇਖੀਏ।

ਬਲੀ ਦਾ ਬੱਕਰਾ ਕੋਈ ਬਣੇਗਾ,
ਏਸ ਸਦੀ ਦੇ ਯੁੱਧ ਅਖੀਰਲੇ।
ਪਿਆਰ ਨਾ ਨਫ਼ਰਤ ਨੂੰ ਮਾਰੇਗਾ,
ਸਿਆਣਿਆਂ ਦਾ ਸੰਸਾਰ ਵੇਖੀਏ।
ਬੋਦਲਾਂ ਦੇ ਸੁਖਵਿੰਦਰਾ ਏਹ ਸਭ,
ਦੌੜ ਹੈ ਕਬਰਾਂ ਸਿਵਿਆਂ ਤਕ ਦੀ।
ਯੁੱਧ ਤੋਂ ਬਾਅਦ ਵਪਾਰੀਆਂ ਦਾ ਹੀ,
ਵੱਧਦਾ ਸਦਾ ਵਿਉਪਾਰ ਵੇਖੀਏ।

***-ਸੁਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***

# ਸਿੰਘ ਸਭਾਵਾਂ ਅਤੇ ਖਾਲਸਾ ਦੀਵਾਨ

***1880 ਤਕ ਪੰਜਾਬ ਵਿਚ ਅਨੇਕਾਂ ਸਥਾਨਕ ਸਿੱਖ ਆਗੂਆਂ ਨੇ ਆਪੋ-ਆਪਣੇ ਸਿੱਖ ਧਾਰਮਿਕ ਵਿਚਾਰਾਂ ਅਤੇ ਸਥਾਨਕ ਸਿੱਖ ਵਸੋਂ ਦੀ ਗੁਣਾਤਮਕ ਤਾਕਤ ਅਨੁਸਾਰ ਸਿੰਘ ਸਭਾਵਾਂ ਅਤੇ ਦੀਵਾਨ ਸਥਾਪਿਤ ਕਰ ਲਏ ਸਨ। ਇਉਂ ਨਾ ਕੇਵਲ ਪੰਜਾਬ ਵਿਚ ਸਗੋਂ ਭਾਰਤ ਦੇ ਸੂਬਿਆਂ ਅਤੇ ਵਿਦੇਸ਼ਾਂ ਵਿਚ ਸਿੰਘ ਸਭਾਵਾਂ ਸਥਾਪਿਤ ਹੋ ਗਈਆਂ ਸਨ। ਇਨ੍ਹਾਂ ਦੀ ਗਿਣਤੀ 150 ਦੇ ਕਰੀਬ ਦੱਸੀ ਜਾਂਦੀ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਡਾ. ਜੋਗਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਨਵੇਂ ਸਰੋਕਾਰ ਅਤੇ ਚੁਣੌਤੀਆਂ ਰਵਾਇਤੀ ਨਿਰੰਕਾਰੀ ਅਤੇ ਨਾਮਧਾਰੀ ਆਗੂਆਂ ਦੀ ਦਿਸ਼ਾ ਅਤੇ ਦ੍ਰਿਸ਼ਟੀ ਤੋਂ ਬਾਹਰ ਸਨ। ਇਹ ਆਗੂ, ਈਸਟ ਇੰਡੀਆ ਕੰਪਨੀ ਦੇ ਅਫਸਰਾਂ ਅਤੇ ਲੇਖਕਾਂ ਨੇ ਜੋ ਬੌਧਿਕ ਮਸਲੇ ਖੜ੍ਹੇ ਕੀਤੇ ਸਨ, ਉਨ੍ਹਾਂ ਤੋਂ ਅਣਜਾਣ ਸਨ। ਦਰਅਸਲ, ਸਿੱਖ ਰਾਜੇ-ਮਹਾਰਾਜਿਆਂ, ਕੁਲੀਨ ਅਤੇ ਮੱਧਵਰਗੀ ਆਗੂਆਂ ਅਤੇ ਨਵੀਂ ਪੀੜ੍ਹੀ ਦੇ ਸਿੱਖ ਵਿਦਵਾਨਾਂ ਨੂੰ ਵੀ ਬੌਧਿਕ ਮਸਲਿਆਂ ਦੀ ਜਾਣਕਾਰੀ ਸਹਿਜੇ-ਸਹਿਜੇ ਮਿਲੀ। ਜੋ ਮਸਲੇ ਜੀ.ਡਬਲਿਊ. ਲਾਇਤਨਰ ਅਤੇ ਡਾ. ਅਰਨੈਸਟ ਟਰੰਪ ਨੇ ਉਠਾਏ ਸਨ, ਸਿੱਖ ਵਿਦਵਾਨ ਉਨ੍ਹਾਂ ਬਾਰੇ ਵੀ ਸੁਚੇਤ ਸਨ। ਸਿੱਖ ਆਗੂ ਸਮਕਾਲੀ ਇਸਾਈ, ਬ੍ਰਹਮੋ ਸਮਾਜ ਅਤੇ ਸਰਕਾਰੀ ਸਭਿਆਚਾਰਕ ਅਤੇ ਵਿਦਿਅਕ ਸੰਸਥਾਵਾਂ ਦੀਆਂ ਗਤੀਵਿਧੀਆਂ ਤੋਂ ਤੁਰੰਤ ਪ੍ਰਭਾਵਿਤ ਹੋਏ। ਉਹ ਸੁਚੇਤ ਹੋਏ ਕਿ ਉਨ੍ਹਾਂ ਨੂੰ ਵੀ ਸਿੱਖ ਭਾਈਚਾਰੇ ਦੀ ਬਿਹਤਰੀ ਲਈ ਕੁਝ ਕਰਨਾ ਚਾਹੀਦਾ ਹੈ।

ਸਿੱਖ ਵਿਦਿਆਰਥੀਆਂ (ਅਤਰ ਸਿੰਘ, ਆਇਆ ਸਿੰਘ, ਸੰਤੋਖ ਸਿੰਘ ਤੇ ਸਾਧੂ ਸਿੰਘ) ਦੇ ਇਸਾਈ ਮਤ ਗ੍ਰਹਿਣ ਕਰਨ ਦੇ ਐਲਾਨ ਨੇ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਅਤੇ ਗਿਆਨੀ ਹਰਸਾ ਸਿੰਘ ਧੂਪੀਆ ਦੀ ਸਿੱਖੀ ਭਾਵਨਾ ਨੂੰ ਝੰਜੋੜਿਆ ਅਤੇ ਸਮੂਹਿਕ ਕਾਰਵਾਈ ਕਰਨ ਲਈ ਮਜਬੂਰ ਕੀਤਾ। ਉਨ੍ਹਾਂ ਨੇ ਖਾਨਦਾਨੀ ਸਿੱਖ ਅਤੇ ਸੰਪਰਦਾਈ ਆਗੂਆਂ ਨੂੰ ਦਰਬਾਰ ਸਾਹਿਬ

**ਡਾ. ਜੋਗਿੰਦਰ ਸਿੰਘ**
**ਫੋਨ: +91-98158-46460**

ਅੰਮ੍ਰਿਤਸਰ ਨੇੜੇ ਬੁੰਗਾ ਮਜੀਠੀਆ ਉੱਤੇ ਇਕੱਠੇ ਹੋਣ ਲਈ ਪ੍ਰੇਰਿਆ। ਉਨ੍ਹਾਂ ਦੀ ਆਸ ਨਾਲੋਂ ਵੱਧ ਸਰਦਾਰਾਂ, ਉਦਾਸੀਆਂ, ਨਿਰਮਲਿਆਂ, ਗਿਆਨੀਆਂ ਅਤੇ ਗ੍ਰੰਥੀਆਂ ਨੇ ਇਕੱਤਰਤਾ ਵਿਚ ਹਿੱਸਾ ਲਿਆ। ਇਕੱਤਰਤਾ ਦੇ ਪਹਿਲੇ ਇਜਲਾਸ ਵਿਚ ਨਾਮਵਰ ਆਗੂ ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕ੍ਰਮਾ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਬੂੜ ਸਿੰਘ, ਭਾਈ ਆਗਿਆ ਸਿੰਘ ਹਕੀਮ, ਭਾਈ ਅਮਰ ਸਿੰਘ ਅਤੇ ਗਿਆਨੀ ਹਜ਼ਾਰਾ ਸਿੰਘ ਨੇ ਹਿੱਸਾ ਲਿਆ। ਉਨ੍ਹਾਂ ਨੇ ਪਹਿਲੀ ਸ੍ਰੀ ਗੁਰੂ ਸਿੰਘ ਸਭਾ 30 ਜੁਲਾਈ 1873 ਨੂੰ ਅੰਮ੍ਰਿਤਸਰ ਵਿਖੇ ਸਥਾਪਿਤ ਕੀਤੀ ਅਤੇ ਬਹੁਪੱਖੀ ਉਦੇਸ਼ ਮਿਥੇ ਗਏ: (ੳ) ਸਿੱਖ ਮਤ ਨੂੰ ਆਪਣੀ ਪੁਰਾਤਨ ਪਵਿੱਤਰਤਾ ਦੇ ਦਰਜੇ ਤਕ ਪਹੁੰਚਾਉਣਾ ਅਤੇ ਇਸ ਦਾ ਪ੍ਰਚਾਰ ਕਰਨਾ; (ਅ) ਇਤਿਹਾਸ ਤੇ ਧਾਰਮਿਕ ਪੁਸਤਕਾਂ ਸੰਪਾਦਤ ਅਤੇ ਪ੍ਰਕਾਸ਼ਿਤ ਕਰਨਾ; (ੲ) ਨਵੀਨ ਵਿਦਿਆ ਦੇ ਪਾਸਾਰ ਲਈ ਸਕੂਲ ਤੇ ਕਾਲਜ ਸਥਾਪਿਤ ਕਰਨਾ; (ਸ) ਅਖਬਾਰਾਂ, ਰਸਾਲੇ ਅਤੇ ਪੱਤ੍ਰਿਕਾਵਾਂ ਜਾਰੀ ਕਰਨਾ। ਪ੍ਰਚਾਰ ਅਤੇ ਪਾਸਾਰ ਦਾ ਕੰਮ ਪੰਜਾਬੀ ਭਾਸ਼ਾ ਵਿਚ ਕਰਨਾ।

ਸ੍ਰੀ ਗੁਰੂ ਸਿੰਘ ਸਭਾ ਦਾ ਦੂਸਰਾ ਮੁੱਢਲਾ ਉਦੇਸ਼ ਸਿੱਖ ਗ੍ਰੰਥਾਂ ਵਿਚੋਂ ਸਿੱਖ ਧਰਮ ਦੇ ਵਿਗਾੜ ਨੂੰ ਦੂਰ ਇੰਨਾ ਕਰਨਾ ਸੀ। ਓਰੀਐਂਟਲ ਵਿਦਵਾਨਾਂ ਅਤੇ ਸਿੱਖ ਵਿਦਵਾਨਾਂ ਦੇ ਸੰਵਾਦ ਨੇ ਸਿੱਖ ਮਤ ਵਿਚ ਪਾਏ ਹੋਏ ਵਿਗਾੜ ਨੂੰ ਉਜਾਗਰ ਕੀਤਾ। 'ਸਿੱਖ ਮਤ' ਨੂੰ ਪ੍ਰਾਚੀਨ ਸੋਭਾ ਦਿਵਾਉਣ ਲਈ ਇਨ੍ਹਾਂ ਗ੍ਰੰਥਾਂ ਦੀ ਸੁਧਾਈ ਕਰਨੀ ਜ਼ਰੂਰੀ ਹੋ ਗਈ ਸੀ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਬਹੁ-ਭਾਸ਼ਾਈ ਮਾਹਿਰਾਂ ਦੀ ਲੋੜ ਸੀ। ਸੰਪਾਦਕੀ ਤਜਰਬੇ ਅਤੇ ਛਪਾਈ ਦੀ ਨਵੀਂ ਤਕਨੀਕ ਦੀ ਲੋੜ ਸੀ।

ਸ੍ਰੀ ਗੁਰੂ ਸਿੰਘ ਸਭਾ ਦੇ ਆਗੂਆਂ ਦਾ ਤੀਸਰਾ ਮੁੱਢਲਾ ਉਦੇਸ਼ 'ਵਰਤਮਾਨ ਗਿਆਨ' ਦਾ ਪਾਸਾਰ ਕਰਨਾ ਸੀ। 1870ਵਿਆਂ ਦੇ ਦਹਾਕੇ ਤਕ ਪੰਜਾਬ ਅਤੇ ਹਿੰਦੋਸਤਾਨ ਵਿਚ ਇਸਾਈਆਂ, ਬ੍ਰਹਮੋ ਸਮਾਜੀਆਂ ਅਤੇ ਮੁਸਲਮਾਨਾਂ ਦੇ ਨਵੀਨ ਵਿਦਿਅਕ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੁੱਲ੍ਹ ਚੁੱਕੇ ਸਨ। ਇਨ੍ਹਾਂ ਵਿਚ ਵਰਤਮਾਨ ਵਿਗਿਆਨ ਅਰਥਾਤ ਅੰਗਰੇਜ਼ੀ, ਉਰਦੂ ਤੇ ਫਾਰਸੀ ਦੀ ਪੜ੍ਹਾਈ ਦੇ ਨਾਲ-ਨਾਲ ਗਣਿਤ, ਰੇਖਾ-ਗਣਿਤ, ਭੂਗੋਲ ਵਿਗਿਆਨ, ਕਾਨੂੰਨੀ ਸਿੱਖਿਆ ਅਤੇ ਤਕਨੀਕੀ ਗਿਆਨ ਦੀ ਪੜ੍ਹਾਈ/ਸਿਖਲਾਈ ਕਰਵਾਈ ਜਾਂਦੀ ਸੀ। ਸਿੱਖ ਆਗੂ ਵੀ ਨੌਜਵਾਨ ਸਿੱਖ ਪੀੜ੍ਹੀ ਨੂੰ ਅਜਿਹੇ ਗਿਆਨ ਦੀ ਪੜ੍ਹਾਈ ਤੇ ਸਿਖਲਾਈ ਦੇਣਾ ਚਾਹੁੰਦੇ ਸਨ।

ਇਨ੍ਹਾਂ ਸਿੱਖ ਆਗੂਆਂ ਦਾ ਵਿਚਾਰ ਸੀ ਕਿ ਸਿੰਘ ਸਭਾ ਦਾ ਇਹ ਮਿਸ਼ਨ ਸਰਕਾਰ ਦੇ ਮਿਲਵਰਤਣ ਨਾਲ ਹੀ ਸਫਲ ਹੋ ਸਕਦਾ ਹੈ। ਇਸ ਲਈ ਉਨ੍ਹਾਂ ਨੇ ਸਿੰਘ ਸਭਾ ਦਾ ਵਿਧਾਨ ਬਣਾਉਂਦੇ ਸਮੇਂ ਇਹ ਖਿਆਲ ਰੱਖਿਆ ਕਿ ਸਭਾ ਦੇ ਇਜਲਾਸਾਂ ਵਿਚ ਸਰਕਾਰ ਵਿਰੋਧੀ ਕੋਈ ਗੱਲਬਾਤ ਨਾ ਕੀਤੀ ਜਾਵੇ। ਸਿੰਘ ਸਭਾ ਦਾ ਮੈਂਬਰ ਬਣਨ ਲਈ ਕੁਝ ਸ਼ਰਤਾਂ ਰੱਖੀਆਂ ਗਈਆਂ। ਪਹਿਲੀ, ਸਿੰਘ ਸਭਾ ਦਾ ਮੈਂਬਰ ਉਹ ਹੀ ਸਿੱਖ ਬਣ ਸਕਦਾ ਸੀ ਜਿਹੜਾ ਦਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਮੰਨਦਾ ਹੋਵੇ। ਬਾਅਦ ਵਿਚ ਸਭਾ ਦੇ ਮੈਂਬਰ ਲਈ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਬਣਾ ਦਿੱਤਾ। ਦੂਜੀ


ਪ੍ਰੋ. ਗੁਰਮੁਖ ਸਿੰਘ

***ਪ੍ਰੋਫੈਸਰ ਗੁਰਮੁਖ ਸਿੰਘ ਨੇ ਸਿੰਘ ਸਭਾ ਲਾਹੌਰ ਨੂੰ ਸਰਕਾਰੀ ਅਤੇ ਸਰਦਾਰਾਂ ਦੀ ਮਾਨਤਾ ਦਿਵਾਉਣ ਲਈ ਬਾਬਾ ਖੇਮ ਸਿੰਘ ਬੇਦੀ ਅਤੇ ਠਾਕਰ ਸਿੰਘ ਸੰਧਾਵਾਲੀਆ ਨੂੰ ਲਾਹੌਰ ਵਿਚ ਸਭਾ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਣ ਲਈ ਬੇਨਤੀ ਕੀਤੀ। ਗਿਆਰਾਂ ਅਪਰੈਲ 1880 ਨੂੰ ਦੋਵੇਂ ਸਭਾਵਾਂ ਦੇ ਤਾਲਮੇਲ ਲਈ ਸ੍ਰੀ ਗੁਰੂ ਸਿੰਘ ਸਭਾ ਜਨਰਲ ਬਣਾ ਦਿੱਤੀ। ਰਾਜਾ ਫਰੀਦਕੋਟ ਅਤੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਇਸ ਤਾਲਮੇਲ ਸਭਾ ਦੇ ਸਰਪ੍ਰਸਤ ਬਣੇ। ਬਾਬਾ ਖੇਮ ਸਿੰਘ ਬੇਦੀ ਇਸ ਦਾ ਪ੍ਰਧਾਨ ਸੀ। ਸਰਦਾਰ ਮਾਨ ਸਿੰਘ, ਸਰਬਰਾਹ ਦਰਬਾਰ ਸਾਹਿਬ ਅੰਮ੍ਰਿਤਸਰ ਉਪ ਪ੍ਰਧਾਨ ਸੀ।***


ਗਿਆਨੀ ਦਿੱਤ ਸਿੰਘ

ਸ਼ਰਤ ਸਭਾ ਦੇ ਮੈਂਬਰ ਨੂੰ ਹਰ ਮਹੀਨੇ ਚੰਦਾ ਦੇਣ ਬਾਰੇ ਸੀ। ਤੀਸਰੀ ਸ਼ਰਤ ਸਭਾ ਦੇ ਮੈਂਬਰ ਨੂੰ ਵਿਸ਼ਵਾਸਪਾਤਰ ਰਹਿ ਕੇ ਸਿੱਖ ਭਾਈਚਾਰੇ ਦੀ ਸੇਵਾ ਕਰਨ ਦੀ ਰੱਖੀ ਗਈ। ਚੌਥੀ ਸ਼ਰਤ ਇਹ ਸੀ ਕਿ ਜਿਹੜਾ ਸਿੱਖ ਨਾਸਤਕ ਅਤੇ ਸਰਕਾਰ ਵਿਰੋਧੀ ਹੋਵੇ, ਉਹ ਇਸ ਸਭਾ ਦਾ ਮੈਂਬਰ ਨਹੀਂ ਬਣ ਸਕਦਾ ਸੀ। ਇਹ ਹਵਾਲਾ ਕੂਕਿਆਂ ਬਾਰੇ ਸੀ।

ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਕ੍ਰਮਵਾਰ ਅਹੁਦੇਦਾਰ ਇਹ ਸਨ: ਪ੍ਰਧਾਨ ਠਾਕਰ ਸਿੰਘ ਸੰਧਾਵਾਲੀਆ (1837-1887), ਸਕੱਤਰ ਗਿਆਨੀ ਗਿਆਨ ਸਿੰਘ (1824-1884), ਮੀਤ ਸਕੱਤਰ ਸਰਦਾਰ ਅਮਰ ਸਿੰਘ ਅਤੇ ਖਜ਼ਾਨਚੀ ਭਾਈ ਧਰਮ ਸਿੰਘ ਬੰਗਾ ਨਿਯੁਕਤ ਕੀਤੇ ਗਏ। ਬਾਬਾ ਖੇਮ ਸਿੰਘ ਬੇਦੀ (1832-1905) ਅਤੇ ਕੰਵਰ ਬਿਕਰਮਾ ਸਿੰਘ (1835-87) ਸਰਪ੍ਰਸਤ ਬਣੇ।

ਥੋੜ੍ਹੇ ਸਮੇਂ ਵਿਚ ਹੀ ਇਨ੍ਹਾਂ ਆਗੂਆਂ ਦੇ ਵਿਚਾਰਧਾਰਕ ਮੱਤਭੇਦ ਪੈਦਾ ਹੋ ਗਏ। ਮਹਾਰਾਜਾ ਫਰੀਦਕੋਟ ਬਿਕ੍ਰਮਾ ਸਿੰਘ ਅਤੇ ਬਾਬਾ ਖੇਮ ਸਿੰਘ ਬੇਦੀ ਆਪਣੇ ਕੁਲੀਨ ਵਰਗ ਦੇ ਰੁਤਬੇ ਬਾਰੇ ਬਹੁਤ ਸੁਚੇਤ ਸਨ ਅਤੇ ਸਿੱਖ ਸੰਸਥਾਵਾਂ ਦਾ ਪ੍ਰਬੰਧਕੀ ਕੰਟਰੋਲ ਆਪਣੇ ਅਧੀਨ ਰੱਖਣਾ ਚਾਹੁੰਦੇ ਸਨ। ਬਾਬਾ ਖੇਮ ਸਿੰਘ ਬੇਦੀ ਸਭਾ ਦੀਆਂ ਮੀਟਿੰਗਾਂ ਵਿਚ ਗਦੇਲਾ ਲਾ ਕੇ ਬੈਠਦੇ ਸਨ ਜਦੋਂਕਿ ਸਭਾ ਦੇ ਅਨੇਕਾਂ ਮੱਧਵਰਗੀ ਅਤੇ ਨਿਮਨ ਵਰਗੀ ਪਿਛੋਕੜ ਦੇ ਆਗੂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰ-ਮਰਿਆਦਾ ਦੇ ਬਰਾਬਰੀ ਦੇ ਸਿਧਾਂਤ ਦੀ ਪਾਲਣਾ ਦੇ ਮੁਦੱਈ ਸਨ। ਇਸ ਤੋਂ ਇਲਾਵਾ ਪ੍ਰੋਫੈਸਰ ਗੁਰਮੁਖ ਸਿੰਘ (1849-1898) ਅਤੇ ਇਸ ਦੇ ਸਹਿਯੋਗੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀਆਂ ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਦੀ ਰਫਤਾਰ ਤੋਂ ਸੰਤੁਸ਼ਟ ਨਹੀਂ ਸਨ। ਉਹ ਸਿੱਖ ਮੂਲ ਸਰੋਤਾਂ ਅਰਥਾਤ ਖਰੜਿਆਂ ਦੀ ਭਾਲ ਕਰਨਾ ਅਤੇ ਉਨ੍ਹਾਂ ਵਿਚ ਵਾਧੇ ਘਾਟੇ ਦੀ ਸੁਧਾਈ ਕਰਨਾ, ਗੁਰ ਮਰਿਆਦਾ ਤੇ ਗੁਰ ਪ੍ਰਣਾਲੀਆਂ ਤਿਆਰ ਕਰਨਾ ਅਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖਣ ਦੇ ਕਾਰਜ ਸ਼ੁਰੂ ਕਰਨਾ ਚਾਹੁੰਦੇ ਸਨ। ਉਹ ਇਹ ਵੀ ਚਾਹੁੰਦੇ ਸਨ ਕਿ ਲਾਹੌਰ ਸ਼ਹਿਰ ਦੇ ਉਨ੍ਹਾਂ ਅਨੇਕਾਂ ਸਥਾਨਾਂ ਅਤੇ ਸਮਾਰਕਾਂ ਵੱਲ ਧਿਆਨ ਦਿੱਤਾ ਜਾਵੇ ਜਿਹੜੇ ਸਿੱਖ ਵਿਰਸਾ ਸੰਭਾਲੀ ਬੈਠੇ ਸਨ। ਸਿੱਖ ਪ੍ਰੋਫੈਸਰ ਨੇ ਵਿਦਿਆ ਦੇ ਪਸਾਰ ਲਈ ਯੂਨੀਵਰਸਿਟੀ ਅਤੇ ਕਾਲਜ ਖੋਲ੍ਹਣ ਦੀ ਵਕਾਲਤ ਕੀਤੀ। ਉਸ ਨੇ ਜ਼ੋਰ ਦੇ ਕੇ ਆਖਿਆ ਕਿ ਸਿੱਖ ਭਾਈਚਾਰੇ ਨੂੰ ਨਵੀਨ ਵਿਦਿਅਕ ਕੇਂਦਰਾਂ ਵਿਚ ਗੁਰਮੁਖੀ ਪੜ੍ਹਾਉਣ ਦਾ ਵਿਸ਼ੇਸ਼ ਪ੍ਰਬੰਧ ਕਰਨਾ ਚਾਹੀਦਾ ਹੈ। ਪ੍ਰੋਫੈਸਰ ਗੁਰਮੁਖ ਸਿੰਘ (1849-1898) ਨੂੰ ਗਿਆਨ ਸੀ ਕਿ ਓਰੀਐਂਟਲ ਵਿਦਵਾਨਾਂ ਨੇ ਭਾਰਤ ਦੀਆਂ ਕਲਾਸੀਕਲ ਭਾਸ਼ਾਵਾਂ ਦੇ ਵਿਕਾਸ ਲਈ ਮੁੱਢਲੇ ਯਤਨ ਕੀਤੇ ਸਨ। ਇਨ੍ਹਾਂ ਵਿਦਵਾਨਾਂ ਨੇ ਪੰਜਾਬ ਅਤੇ ਪੰਜਾਬੀ ਭਾਸ਼ਾ ਦੇ ਮਹੱਤਵ ਨੂੰ ਉਜਾਗਰ ਕੀਤਾ। ਪ੍ਰੋਫੈਸਰ ਗੁਰਮੁਖ ਸਿੰਘ ਇਸ ਤੱਥ ਤੋਂ ਜਾਣੂ ਵੀ ਸਨ ਕਿ ਗੁਰਮੁਖੀ ਪੜ੍ਹਾਉਣ ਦਾ ਕਾਰਜ ਸਿੱਖ ਸੰਪਰਦਾਇ ਸੰਗਠਨ ਕਰ ਰਹੇ ਸਨ। ਇਨ੍ਹਾਂ ਸੰਗਠਨਾਂ ਦਾ ਮੁੱਖ ਕੇਂਦਰ ਸਿੱਖਾਂ ਦਾ ਤੀਰਥ ਅਸਥਾਨ ਅੰਮ੍ਰਿਤਸਰ ਸੀ ਜਿੱਥੇ ਭਾਈ, ਗਿਆਨੀ ਅਤੇ ਗ੍ਰੰਥੀ ਇਸ ਕਾਰਜ ਲਈ ਯਤਨਸ਼ੀਲ ਸਨ। ਸਿੱਖ ਭਾਈਚਾਰੇ ਦਾ ਇਹ ਅਮੀਰ ਵਿਰਸਾ ਸੀ। ਪ੍ਰੋਫੈਸਰ ਗੁਰਮੁਖ ਸਿੰਘ ਇਸ ਪ੍ਰਣਾਲੀ ਦਾ ਨਵੀਨੀਕਰਨ ਕਰਨਾ ਚਾਹੁੰਦੇ ਸਨ ਤਾਂ ਕਿ ਨਵੀਨ ਗੁਰਮੁਖੀ ਵਿਦਿਅਕ ਸੰਸਥਾਵਾਂ ਨੂੰ ਓਰੀਐਂਟਲ ਕਾਲਜ ਲਾਹੌਰ ਨਾਲ ਜੋੜਿਆ ਜਾ ਸਕਦਾ ਸੀ।

ਸੰਗਤ ਵਿਚ ਹਾਜ਼ਰ ਨੌਕਰੀਪੇਸ਼ਾ ਅਤੇ ਕਾਰੋਬਾਰੀ ਸਿੱਖਾਂ ਨੇ ਪ੍ਰੋਫੈਸਰ ਗੁਰਮੁਖ ਸਿੰਘ ਦੇ ਉੱਦਮ ਦੀ ਸ਼ਲਾਘਾ ਕੀਤੀ। ਦੋ ਨਵੰਬਰ 1879 ਨੂੰ ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਦੀ ਸਥਾਪਨਾ ਕੀਤੀ। ਇਹ ਵੀ ਫੈਸਲਾ ਹੋਇਆ ਕਿ ਹਫਤੇ ਦੇ ਆਖਰੀ ਦਿਨ ਅਰਥਾਤ ਐਤਵਾਰ ਨੂੰ ਸਲਾਹ ਮਸ਼ਵਰੇ ਲਈ ਬੈਠਕ ਕੀਤੀ ਜਾਵੇਗੀ। ਇਸ ਸਭਾ ਦਾ ਨਾਮਕਰਨ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ 'ਤੇ ਕੀਤਾ ਗਿਆ ਸੀ। ਦੀਵਾਨ ਬੂਟਾ ਸਿੰਘ ਇਸ ਸਭਾ ਦੇ ਪ੍ਰਧਾਨ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਸਕੱਤਰ ਬਣੇ। ਸਰ ਰੌਬਰਟ ਈਗਰਟਨ ਇਸ ਸਭਾ ਦੇ ਸਰਪ੍ਰਸਤ ਬਣਾਏ ਗਏ। ਭਾਈ ਹਰਸ਼ਾ ਸਿੰਘ ਧੂਪੀਆ, ਰਾਮ ਸਿੰਘ ਅਤੇ ਕਰਮ ਸਿੰਘ ਕਾਰਜਕਾਰੀ ਕਮੇਟੀ ਦੇ ਮੈਂਬਰ ਸਨ। ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਉਦੇਸ਼ ਅਤੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਉਦੇਸ਼ ਬੁਨਿਆਦੀ ਤੌਰ 'ਤੇ ਸਾਂਝੇ ਸਨ। ਦੋਵੇਂ ਸਭਾਵਾਂ ਦੇ ਆਗੂ ਪੰਥਕ ਵਿਕਾਸ ਦੇ ਮੁਦੱਈ ਸਨ। ਉਨ੍ਹਾਂ ਦੀ ਮਾਨਤਾ ਸੀ ਕਿ ਪੰਥਕ ਵਿਕਾਸ ਸਿਰਫ ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਅਧੀਨ ਹੀ ਹੋ ਸਕਦਾ ਸੀ। ਫਰਕ ਸਿਰਫ ਦੋਵੇਂ ਸਭਾਵਾਂ ਦੇ ਆਗੂਆਂ ਦੀ ਨਿੱਜੀ ਜੀਵਨ ਸ਼ੈਲੀ ਅਤੇ ਅਕਾਂਖਿਆ ਦਾ ਸੀ। ਥੋੜ੍ਹੇ ਸਮੇਂ ਵਿਚ ਇਸ ਸਭਾ ਦੇ ਉਤਸ਼ਾਹ ਨਾਲ ਪੰਜਾਬ, ਭਾਰਤ ਅਤੇ ਵਿਦੇਸ਼ਾਂ ਜਿਵੇਂ ਲੰਡਨ, ਸ਼ੰਘਾਈ (ਚੀਨ) ਆਦਿ ਵਿਚ ਸਿੰਘ ਸਭਾਵਾਂ ਬਣ ਗਈਆਂ।

***ਖਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਵਿਸਾਖੀ ਅਤੇ ਦੀਵਾਲੀ ਦੇ ਦਿਨਾਂ 'ਤੇ ਪੰਥਕ ਪ੍ਰਤੀਨਿਧ ਇਕੱਤਰ ਹੋ ਕੇ ਪੰਥਕ ਹਿੱਤਾਂ ਬਾਰੇ ਵਿਚਾਰ ਵਟਾਂਦਰਾ ਕਰਦੇ ਪਰ ਸਿੱਖਾਂ ਦੇ ਜਾਤ-ਪਾਤ ਤੇ ਛੂਤ-ਛਾਤ ਅਤੇ ਹਿੰਦੂ ਰਹੁ-ਰੀਤਾਂ ਤੋਂ ਮੁਕਤ ਕਰਵਾਉਣ ਦੇ ਮਸਲਿਆਂ 'ਤੇ ਮਤਭੇਦ ਜਾਰੀ ਰਹੇ। ਵਿਅਕਤਿਤਵ ਮਤਭੇਦ ਵੀ ਜਾਰੀ ਰਹੇ। ਦਰਅਸਲ, ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਤੇਜ਼ ਰਫਤਾਰ ਨਾਲ ਖਾਲਸਾ ਮਰਿਆਦਾ ਦਾ ਪ੍ਰਚਾਰ ਅਤੇ ਪਸਾਰ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ 1883 ਈਸਵੀ ਵਿਚ ਖਾਲਸਾ ਦੀਵਾਨ ਲਾਹੌਰ ਸਥਾਪਿਤ ਕੀਤਾ।***

ਪ੍ਰੋਫੈਸਰ ਗੁਰਮੁਖ ਸਿੰਘ ਨੇ ਸਿੰਘ ਸਭਾ ਲਾਹੌਰ ਨੂੰ ਸਰਕਾਰੀ ਅਤੇ ਸਰਦਾਰਾਂ ਦੀ ਮਾਨਤਾ ਦਿਵਾਉਣ ਲਈ ਬਾਬਾ ਖੇਮ ਸਿੰਘ ਬੇਦੀ ਅਤੇ ਠਾਕਰ ਸਿੰਘ ਸੰਧਾਵਾਲੀਆ ਨੂੰ ਲਾਹੌਰ ਵਿਚ ਸਭਾ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਣ ਲਈ ਬੇਨਤੀ ਕੀਤੀ। ਗਿਆਰਾਂ ਅਪਰੈਲ 1880 ਨੂੰ ਦੋਵੇਂ ਸਭਾਵਾਂ ਦੇ ਤਾਲਮੇਲ ਲਈ ਸ੍ਰੀ ਗੁਰੂ ਸਿੰਘ ਸਭਾ ਜਨਰਲ ਬਣਾ ਦਿੱਤੀ। ਰਾਜਾ ਫਰੀਦਕੋਟ ਅਤੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਇਸ ਤਾਲਮੇਲ ਸਭਾ ਦੇ ਸਰਪ੍ਰਸਤ ਬਣੇ। ਬਾਬਾ ਖੇਮ ਸਿੰਘ ਬੇਦੀ ਇਸ ਦਾ ਪ੍ਰਧਾਨ ਸੀ। ਸਰਦਾਰ ਮਾਨ ਸਿੰਘ, ਸਰਬਰਾਹ ਦਰਬਾਰ ਸਾਹਿਬ ਅੰਮ੍ਰਿਤਸਰ ਉਪ ਪ੍ਰਧਾਨ ਸੀ। ਭਾਈ ਗਣੇਸ਼ਾ ਸਿੰਘ ਅਤੇ ਭਾਈ ਗੁਰਮੁਖ ਸਿੰਘ ਚੀਫ ਸਕੱਤਰ ਬਣੇ।

1880 ਤਕ ਪੰਜਾਬ ਵਿਚ ਅਨੇਕਾਂ ਸਥਾਨਕ ਸਿੱਖ ਆਗੂਆਂ ਨੇ ਆਪਣੇ ਆਪਣੇ ਸਿੱਖ ਧਾਰਮਿਕ ਵਿਚਾਰਾਂ ਅਤੇ ਸਥਾਨਕ ਸਿੱਖ ਵਸੋਂ ਦੀ ਗੁਣਾਤਮਕ ਤਾਕਤ ਅਨੁਸਾਰ ਸਿੰਘ ਸਭਾਵਾਂ ਅਤੇ ਦੀਵਾਨ ਸਥਾਪਿਤ ਕਰ ਲਏ ਸਨ। ਇਨ੍ਹਾਂ ਸੰਗਠਨਾਂ ਵਿਚ ਤਾਲਮੇਲ ਦੀ ਘਾਟ ਸੀ। ਇਨ੍ਹਾਂ ਆਗੂਆਂ ਨੇ ਆਪਣੀ ਵਿਚਾਰਧਾਰਾ ਅਨੁਸਾਰ ਵੱਖ-ਵੱਖ ਧਾਰਮਿਕ, ਵਿਦਿਅਕ ਅਤੇ ਸਭਿਆਚਾਰਕ ਉਦੇਸ਼ ਮਿਥ ਲਏ ਸਨ। ਭਾਈ ਤਖਤ ਸਿੰਘ (1860-1937) ਨੇ ਆਪਣੀ ਸਾਰੀ ਸ਼ਕਤੀ ਸਿੱਖ ਬੀਬੀਆਂ ਦੀ ਨਵੀਨ ਵਿਦਿਆ ਅਤੇ ਗੁਰ-ਮਰਿਆਦਾ ਦੇ ਵਿਕਾਸ ਲਈ ਲਗਾ ਦਿੱਤੀ ਸੀ। ਉਸ ਨੇ ਫਿਰੋਜ਼ਪੁਰ ਵਿਖੇ ਸਿੱਖ ਕੰਨਿਆ ਮਹਾਂਵਿਦਿਆਲਿਆ ਅਤੇ ਬੋਰਡਿੰਗ ਸਕੂਲ ਸਥਾਪਿਤ ਕੀਤਾ। ਬਾਬੂ ਤੇਜਾ ਸਿੰਘ (1867-1933) ਨੇ ਭਸੌੜ ਵਿਖੇ ਸਿੰਘ ਸਭਾ ਸਥਾਪਿਤ ਕੀਤੀ ਜੋ ਸਿੱਖ ਜੁਝਾਰੂ ਸ਼ਕਤੀ ਦੀ ਕੇਂਦਰ ਬਣ ਗਈ। ਉਸ ਨੇ ਗੁਰੂ ਗ੍ਰੰਥ ਵਿਚ ਅੰਕਤ ਰਾਗਮਾਲਾ ਸ਼ਲੋਕਾਂ ਦੀ ਪ੍ਰਮਾਣਿਕਤਾ 'ਤੇ ਸਵਾਲ ਖੜ੍ਹੇ ਕੀਤੇ; ਰਵਾਇਤੀ ਅਰਦਾਸ ਵਿਚ ਬਦਲਾਓ ਕੀਤਾ; ਚੀਫ ਖਾਲਸਾ ਦੀਵਾਨ ਵੱਲੋਂ ਸਿੱਖ ਵਿਦਵਾਨਾਂ ਵੱਲੋਂ ਤਿਆਰ ਕੀਤੀ ਗੁਰ ਮਰਿਆਦਾ 'ਤੇ ਕਿੰਤੂ-ਪ੍ਰੰਤੂ ਕੀਤਾ; ਅੰਮ੍ਰਿਤ ਛਕਾਉਣ ਦੀ ਵਿਧੀ ਵਿਚ ਤਬਦੀਲੀ ਕੀਤੀ ਅਤੇ ਸਿੱਖ ਇਸਤਰੀਆਂ ਨੂੰ ਪਾਹੁਲ ਛਕਾ ਕੇ ਪਗੜੀ ਧਾਰਨ ਕਰਵਾਈ ਆਦਿ। ਕਰਾਚੀ ਸਿੰਘ ਸਭਾ ਨੇ ਕੇਸਧਾਰੀ ਅਤੇ ਸਹਿਜਧਾਰੀ ਸਿੱਖਾਂ ਦੀ ਨੁਮਾਇੰਦਗੀ ਕੀਤੀ। ਇਸ ਦੇ ਉਦੇਸ਼ ਬਾਬਾ ਖੇਮ ਸਿੰਘ ਬੇਦੀ ਦੀ ਸਰਪ੍ਰਸਤੀ ਅਧੀਨ ਸਿੱਖ ਸਭਾ ਰਾਵਲਪਿੰਡੀ ਨਾਲ ਮਿਲਦੇ-ਜੁਲਦੇ ਸਨ। ਨਾ ਕੇਵਲ ਪੰਜਾਬ ਵਿਚ ਸਗੋਂ ਭਾਰਤ ਦੇ ਸੂਬਿਆਂ ਅਤੇ ਵਿਦੇਸ਼ਾਂ ਵਿਚ ਸਿੰਘ ਸਭਾਵਾਂ ਸਥਾਪਿਤ ਹੋ ਗਈਆਂ ਸਨ। ਇਨ੍ਹਾਂ ਦੀ ਗਿਣਤੀ 150 ਦੇ ਕਰੀਬ ਦੱਸੀ ਜਾਂਦੀ ਹੈ।

ਇਸ ਪ੍ਰਸੰਗ ਵਿਚ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਸਥਾਪਿਤ ਕੀਤਾ ਗਿਆ। ਪੰਜਾਬ ਦਾ ਲੈਫਟੀਨੈਂਟ ਗਵਰਨਰ ਅਤੇ ਰਾਜਾ ਬਿਕ੍ਰਮ ਸਿੰਘ (ਫਰੀਦਕੋਟ ਰਿਆਸਤ) ਇਸ ਦੇ ਸਰਪ੍ਰਸਤ ਬਣੇ। ਬਾਬਾ ਖੇਮ ਸਿੰਘ ਬੇਦੀ ਅਤੇ ਭਾਈ ਗੁਰਮੁਖ ਸਿੰਘ ਕ੍ਰਮਵਾਰ ਪ੍ਰਧਾਨ ਅਤੇ ਸਕੱਤਰ ਬਣੇ। ਰਈਸ ਸਰਦਾਰਾਂ ਦੀ ਸਲਾਹ ਨਾਲ ਪੰਜਾਬ ਦੇ ਗਵਰਨਰ ਨੂੰ ਵਿਦਿਅਕ ਸੰਸਥਾਵਾਂ ਖੋਲ੍ਹਣ ਲਈ ਮੰਗ ਪੱਤਰ ਦਿੱਤਾ ਗਿਆ। ਸਿੰਘ ਸਭਾਵਾਂ ਦੇ ਨਿਯਮਾਂ ਅਤੇ ਉਦੇਸ਼ਾਂ ਬਾਰੇ ਮਸੌਦਾ ਤਿਆਰ ਕੀਤਾ ਗਿਆ। ਖਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਵਿਸਾਖੀ ਅਤੇ ਦੀਵਾਲੀ ਦੇ ਦਿਨਾਂ 'ਤੇ ਪੰਥਕ ਪ੍ਰਤੀਨਿਧ ਇਕੱਤਰ ਹੋ ਕੇ ਪੰਥਕ ਹਿੱਤਾਂ ਬਾਰੇ ਵਿਚਾਰ ਵਟਾਂਦਰਾ ਕਰਦੇ ਪਰ ਸਿੱਖਾਂ ਦੇ ਜਾਤ-ਪਾਤ ਤੇ ਛੂਤ-ਛਾਤ ਅਤੇ ਹਿੰਦੂ ਰਹੁ-ਰੀਤਾਂ ਤੋਂ ਮੁਕਤ ਕਰਵਾਉਣ ਦੇ ਮਸਲਿਆਂ 'ਤੇ ਮਤਭੇਦ ਜਾਰੀ ਰਹੇ। ਵਿਅਕਤਿਤਵ ਮਤਭੇਦ ਵੀ ਜਾਰੀ ਰਹੇ। ਦਰਅਸਲ, ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਤੇਜ਼ ਰਫਤਾਰ ਨਾਲ ਖਾਲਸਾ ਮਰਿਆਦਾ ਦਾ ਪ੍ਰਚਾਰ ਅਤੇ ਪਸਾਰ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ 1883 ਈਸਵੀ ਵਿਚ ਖਾਲਸਾ ਦੀਵਾਨ ਲਾਹੌਰ ਸਥਾਪਿਤ ਕੀਤਾ।

ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਖਾਲਸਾ ਦੀਵਾਨ ਲਾਹੌਰ ਦੇ ਆਪਸੀ ਝਗੜੇ ਦਾ ਮੁੱਢਲਾ ਕਾਰਨ ਚੌਧਰ ਦਾ ਵੀ ਸੀ। ਇਸ ਕਰਕੇ ਦੋਵੇਂ ਦੀਵਾਨ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਜਨਤਕ ਇਕੱਠਾਂ ਵਿਚ ਦੂਸ਼ਣਬਾਜ਼ੀ ਕਰਦੇ ਸਨ। ਅਖਬਾਰਾਂ ਵਿਚ ਭੰਡੀ ਪ੍ਰਚਾਰ ਕਰਦੇ ਸਨ। ਅੰਮ੍ਰਿਤਸਰੀ ਧੜੇ ਨੇ ਆਪਣਾ ਅਸਰ ਰਸੂਖ ਵਰਤ ਕੇ ਦਰਬਾਰ ਸਾਹਿਬ ਦੇ ਪੁਜਾਰੀਆਂ ਤੋਂ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕਾ ਦਿੱਤਾ। ਗਿਆਨੀ ਦਿੱਤ ਸਿੰਘ 'ਤੇ ਮੁਕੱਦਮਾ ਦਾਇਰ ਕਰ ਦਿੱਤਾ। ਕੁਝ ਸਮੇਂ ਲਈ ਖਾਲਸਾ ਦੀਵਾਨ ਲਾਹੌਰ ਦੀਆਂ ਗਤੀਵਿਧੀਆਂ ਵਿਚ ਖੜੋਤ ਆ ਗਈ। ਪਰ ਸਿੱਖਾਂ ਵਿਚ ਕੌਮੀ ਜਾਗ੍ਰਿਤੀ ਨੇ ਇਸ ਦੀਵਾਨ ਨੂੰ ਚੜ੍ਹਤ ਵੱਲ ਲੈ ਆਂਦਾ। ਪਹਿਲੀ ਜਨਵਰੀ 1892 ਨੂੰ ਇਸ ਦੀਵਾਨ ਦੇ ਪ੍ਰਧਾਨ ਸਰਦਾਰ ਅਤਰ ਸਿੰਘ ਰਈਸ ਭਦੌੜ ਪ੍ਰਧਾਨ ਥਾਪੇ ਗਏ। ਕ੍ਰਮਵਾਰ ਨਾਇਬ ਪ੍ਰਧਾਨ ਸਰਦਾਰ ਧਰਮ ਸਿੰਘ ਰਈਸ ਘਰਜਾਖ, ਸ. ਗੁਰਦਿੱਤ ਸਿੰਘ ਆਨਰੇਰੀ ਮੈਜਿਸਟ੍ਰੇਟ ਅੰਮ੍ਰਿਤਸਰ ਅਤੇ ਭਾਈ ਗੁਰਦਿੱਤ ਸਿੰਘ ਰਈਸ ਲਾਹੌਰ ਬਣਾਏ ਗਏ। ਭਾਈ ਗੁਰਮੁਖ ਸਿੰਘ ਚੀਫ ਸਕੱਤਰ, ਭਾਈ ਮਈਆ ਸਿੰਘ ਜਾਇੰਟ ਸਕੱਤਰ ਅਤੇ ਬਿਸ਼ਨ ਸਿੰਘ ਅਸਿਸਟੈਂਟ ਸਕੱਤਰ ਨਿਯੁਕਤ ਹੋਏ। ਭਾਈ ਤੇਜਾ ਸਿੰਘ ਦਫਤਰ ਅਕਾਊਂਟੈਂਟ ਜਨਰਲ ਬਣਾਏ ਗਏ।

10-11 ਅਪਰੈਲ 1886 ਨੂੰ ਖਾਲਸਾ ਦੀਵਾਨ ਲਾਹੌਰ ਸਥਾਪਿਤ ਕੀਤਾ ਗਿਆ ਸੀ। ਪ੍ਰੋਫੈਸਰ ਗੁਰਮੁਖ ਸਿੰਘ ਨੇ ਸਿੱਖਾਂ ਦੀ ਫਰਮਾਬਰਦਾਰੀ ਯਕੀਨੀ ਬਣਾਉਣ ਲਈ ਖਾਲਸਾ ਦੀਵਾਨ ਦੀ ਨਿਯਮਾਵਲੀ ਵਿਚ ਅੰਕਤ ਕਰ ਦਿੱਤਾ ਸੀ ਕਿ ਖਾਲਸਾ ਦੀਵਾਨ ਦਾ ਚੀਫ ਸਕੱਤਰ ਉਹੋ ਆਦਮੀ ਬਣ ਸਕੇਗਾ ਜੋ ਅੰਗਰੇਜ਼ੀ ਪੜ੍ਹਿਆ ਲਿਖਿਆ ਹੋਵੇ। ਖਾਲਸਾ ਦੀਵਾਨ ਅੰਮ੍ਰਿਤਸਰ ਨੇ ਇਸ ਮਦ ਨੂੰ ਰੱਦ ਕਰ ਦਿੱਤਾ। 1887 ਦੀ ਦੀਵਾਲੀ ਵਾਲੇ ਦਿਨ ਇਸ ਦੀਵਾਨ ਦੇ ਦੋ ਸਦਨ ਮਹਾਨ ਖੰਡ ਅਤੇ ਸਮਾਨ ਖੰਡ ਬਣਾਏ ਗਏ। ਮਹਾਨ ਖੰਡ ਵਿਚ ਸਿੱਖ ਸਰਦਾਰ ਸਨ ਜਦੋਂਕਿ ਸਮਾਨ ਖੰਡ ਵਿਚ ਸਾਧਾਰਨ ਸਿੱਖ ਸਨ। ਸਮਾਨ ਖੰਡ ਵਿਚ ਮਸਲੇ ਵਿਚਾਰੇ ਅਤੇ ਪਾਸ ਕਰ ਕੇ ਮਹਾਨ ਖੰਡ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਂਦੇ ਸਨ। ਖਾਲਸਾ ਦੀਵਾਨ ਨੇ ਫੈਸਲਾ ਕੀਤਾ ਕਿ ਨਵੀਆਂ ਸਿੰਘ ਸਭਾਵਾਂ ਵੀ ਸਥਾਪਿਤ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਜਨਰਲ ਸਭਾ ਦੇ ਮੈਂਬਰ ਬਣਾਇਆ ਜਾਵੇ। ਲਾਹੌਰ ਸਿੰਘ ਸਭਾ ਦੇ ਅਹੁਦੇਦਾਰਾਂ ਦੇ ਯਤਨਾਂ ਨਾਲ ਲਾਹੌਰ ਸਭਾ ਦੀ ਮੈਂਬਰਸ਼ਿਪ 268 ਤਕ ਪਹੁੰਚ ਗਈ।


ਪੰਜਾਬ ਦੀ ਸ਼ਾਨ ਭਗਵੰਤ ਮਾਨ
ਦਿਨੇਸ਼ ਚੱਢਾ ਜੀ ਨੂੰ
ਹਲਕਾ ਰੂਪਨਗਰ ਤੋਂ
ਵਿਧਾਇਕ ਬਣਾਉਣ ਤੇ
ਸਮੂਹ ਵੋਟਰਾਂ ਅਤੇ ਸਪੋਟਰਾਂ ਦਾ ਤਹਿ ਦਿਲੋਂ
ਧੰਨਵਾਦ
ਵੱਲੋਂ: ਹਰਜਿੰਦਰ ਸਿੰਘ ਸੰਧੂ ਅਤੇ ਪਰਿਵਾਰ

# ਇਕ ਸਫਰ ਦੇ ਇਤਿਹਾਸ ਦੀ ਦਾਸਤਾਨ

***ਮਾਨੂਚੀ ਦੀ ਕਹਾਣੀ ਨੂੰ ਇਤਾਲਵੀ ਇਤਿਹਾਸਕਾਰ ਮਾਰਕੋ ਮੋਨੇਟਾ ਨੇ 2019 ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਦਾ ਅੰਗਰੇਜ਼ੀ ਅਨੁਵਾਦ ਐਲਿਜ਼ਾਬੈੱਟਾ ਰਸਕੌਨ ਨੇ 2021 ਵਿਚ ਮੁਕੰਮਲ ਕੀਤਾ। ਇਹ ਕਿਤਾਬ ਹੁਣ 'ਏ ਵੈਨਿਸ਼ੀਅਨ ਇਨ ਮੁਗਲ ਕੋਰਟ' ਦੇ ਸਿਰਲੇਖ ਹੇਠ ਮਿਲਦੀ ਹੈ। ਇਸ ਅਹਿਮ ਕਿਤਾਬ ਬਾਰੇ ਚਰਚਾ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਕਲਾ ਪਰਿਕਰਮਾ

ਗਰੀਬ ਘਰ ਦਾ 17 ਵਰ੍ਹਿਆਂ ਦਾ ਮੁੰਡਾ ਨਹਿਰਾਂ ਵਾਲੀ ਇਤਾਲਵੀ ਨਗਰੀ ਵੈਨਿਸ ਤੋਂ ਸਮੁੰਦਰੀ ਜਹਾਜ਼ 'ਤੇ ਚੋਰੀ ਜਾ ਚੜ੍ਹਿਆ। ਆਪਣੀ ਤਕਦੀਰ ਬਦਲਣ ਲਈ ਉਹ ਕਿਸੇ ਧਨਾਢ ਮੁਲਕ ਪੁੱਜਣਾ ਚਾਹੁੰਦਾ ਸੀ। ਜਹਾਜ਼ ਉਸ ਨੂੰ ਫਰਾਂਸ ਦੇ ਸਾਹਿਲ ਤੱਕ ਲੈ ਗਿਆ। ਉਥੇ ਬੈਲੋਮੌਂਟ ਦਾ ਵਿਸਕਾਊਂਟ ਮੌਜੂਦ ਸੀ ਜਿਸ ਨੇ ਇੰਗਲੈਂਡ ਦੇ ਸਮਰਾਟ ਚਾਰਲਸ ਦੋਇਮ ਦੇ ਸਫੀਰ ਵਜੋਂ ਪਹਿਲਾਂ ਫਾਰਸ (ਇਰਾਨ) ਤੇ ਫਿਰ ਹਿੰਦੋਸਤਾਨ ਜਾਣਾ ਸੀ। ਮੁੰਡੇ ਨੂੰ ਵਿਸਕਾਊਂਟ ਦੇ ਕਾਫਲੇ ਵਿਚ ਰਲਾ ਲਿਆ ਗਿਆ। ਵਿਸਕਾਊਂਟ, ਹਿੰਦੋਸਤਾਨ ਵਿਚ ਪੁੱਜਦਿਆਂ ਹੀ ਦਮ ਤੋੜ ਗਿਆ। ਕਾਫਲੇ ਨੇ ਮੁੜਨਾ ਵਾਜਬ ਸਮਝਿਆ। ਵੈਨਿਸ਼ੀਅਨ ਮੁੰਡਾ ਅਣਜਾਣੀ ਭੂਮੀ 'ਤੇ ਇਕੱਲਾ ਰਹਿ ਗਿਆ। ਨਾ ਭਾਸ਼ਾ ਦੀ ਸਮਝ ਸੀ, ਨਾ ਤਹਿਜ਼ੀਬ ਦੀ ਪਰ ਸੀ ਉਹ ਅਕਲਮੰਦ ਤੇ ਜੁਗਾੜੀ। ਜੁਗਾੜ ਕਰ ਕੇ ਲਾਹੌਰ ਅੱਪੜ ਗਿਆ। ਉਥੇ ਮੁਗਲ ਸ਼ਹਿਜ਼ਾਦੇ ਦਾਰਾ ਸ਼ਿਕੋਹ ਦੀ ਫੌਜ ਵਿਚ ਸ਼ਾਮਲ ਕਰ ਲਿਆ ਗਿਆ। ਸਿਪਾਹੀ ਵਜੋਂ ਨਹੀਂ, ਡਾਕਟਰ ਵਜੋਂ; ਯੂਰਪੀ




**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**


ਇਲਾਜ ਪ੍ਰਣਾਲੀਆਂ ਦਾ ਥੋੜ੍ਹਾ ਜਿਹਾ ਗਿਆਨ ਹੋਣ ਦੀ ਬਦੌਲਤ। ਜਦੋਂ ਦਾਰਾ ਸ਼ਿਕੋਹ, ਔਰੰਗਜ਼ੇਬ ਪਾਸੋਂ ਹਾਰ ਗਿਆ ਤਾਂ ਮੁੰਡਾ ਵੀ ਜੰਗੀ ਕੈਦੀ ਵਜੋਂ ਦਿੱਲੀ ਲਿਆਂਦਾ ਗਿਆ। 'ਫਿਰੰਗੀ ਡਾਕਟਰ' ਹੋਣਾ ਇੱਥੇ ਵੀ ਫਾਇਦੇਮੰਦ ਸਿੱਧ ਹੋਇਆ। ਇਲਾਜ ਵਿਧੀਆਂ ਜਾਣਨ ਬਾਰੇ ਉਸ ਨੇ ਮਿਹਨਤ ਵੀ ਕੀਤੀ। ਨਾਲ ਹੀ ਭਾਸ਼ਾਵਾਂ ਵੀ ਸਿੱਖੀਆਂ ਪਰ ਵੈਨਿਸ ਪਰਤਣ ਦੀ ਇੱਛਾ ਜ਼ੋਰ ਮਾਰਨ ਲੱਗੀ। ਵਾਪਸੀ ਸਮੁੰਦਰ ਦੇ ਰਸਤੇ ਹੀ ਹੋ ਸਕਦੀ ਸੀ।

ਇਹ ਚੱਕਰ ਪਹਿਲਾਂ ਉਸ ਨੂੰ ਬੰਗਾਲ ਲੈ ਗਿਆ, ਫਿਰ ਉੜੀਸਾ ਤੇ ਫਿਰ ਗੋਆ। ਉਥੋਂ ਫਿਰ ਦੱਖਣ। ਜਦੋਂ ਵੈਨਿਸ ਪਰਤਣ ਦਾ ਕੋਈ ਜੁਗਾੜ ਨਾ ਬਣਿਆ ਤਾਂ ਉਸ ਨੇ ਪੁੱਡੂਚੇਰੀ ਵਿਚ ਹੀ ਪੱਕੇ ਤੌਰ 'ਤੇ ਡੇਰਾ ਲਾ ਲਿਆ। 82 ਵਰ੍ਹਿਆਂ ਦੀ ਉਮਰ ਵਿਚ ਉਸ ਦੀ ਮੌਤ ਹੋਈ। ਉਦੋਂ ਤੱਕ ਉਹ ਇਤਾਲਵੀ, ਫਰੈਂਚ, ਪੁਰਤਗੀਜ਼, ਫਾਰਸੀ, ਉਰਦੂ ਤੇ ਤੁਰਕੀ ਭਾਸ਼ਾਵਾਂ ਬੋਲ, ਪੜ੍ਹ ਤੇ ਲਿਖ ਲੈਂਦਾ ਸੀ। ਉਸ ਨੇ ਮੁਗਲ ਹਿੰਦ ਵਿਚ 1653 ਤੋਂ 1708 ਤੱਕ ਗੁਜ਼ਾਰੇ ਅਰਸੇ ਬਾਰੇ ਕਿਤਾਬਾਂ ਲਿਖੀਆਂ ਜੋ ਉਸ ਯੁੱਗ ਦੇ ਇਤਿਹਾਸ ਦਾ ਵੱਡਾ ਚਾਨਣ ਸਰੋਤ ਹਨ। ਦਾਰਾ ਸ਼ਿਕੋਹ 'ਤੇ ਬ੍ਰਿਟਿਸ਼ ਇਤਿਹਾਸਕਾਰ ਵੀ ਮਿਹਰਬਾਨ ਰਹੇ ਹਨ ਅਤੇ ਭਾਰਤੀ ਇਤਿਹਾਸਕਾਰ ਵੀ ਪਰ ਨਿਕੋਲੋ ਮਾਨੂਚੀ ਨਾਮੀ ਵੈਨਿਸ਼ੀਅਨ ਨੇ ਜੋ ਚਰਿੱਤਰ ਆਪਣੀ ਲੇਖਣੀ ਰਾਹੀਂ ਚਿਤਰਿਆ ਹੈ, ਉਹ ਕਿਸੇ ਵੀ ਤਰ੍ਹਾਂ ਸੁਖਾਵਾਂ ਨਹੀਂ।

ਮਾਨੂਚੀ ਦੀ ਕਹਾਣੀ ਨੂੰ ਇਤਾਲਵੀ ਇਤਿਹਾਸਕਾਰ ਮਾਰਕੋ ਮੋਨੇਟਾ ਨੇ 2019 ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਦਾ ਅੰਗਰੇਜ਼ੀ ਅਨੁਵਾਦ ਐਲਿਜ਼ਾਬੈੱਟਾ ਰਸਕੌਨ ਨੇ 2021 ਵਿਚ ਮੁਕੰਮਲ ਕੀਤਾ। ਇਹ ਕਿਤਾਬ ਹੁਣ 'ਏ ਵੈਨਿਸ਼ੀਅਨ ਇਨ ਮੁਗਲ ਕੋਰਟ' ਦੇ ਸਿਰਲੇਖ ਹੇਠ ਮਿਲਦੀ ਹੈ। ਜ਼ਰਾ ਵੀ ਖੁਸ਼ਕ ਨਹੀਂ ਇਹ ਕਿਤਾਬ। ਇਤਿਹਾਸ ਤਾਂ ਹੈ ਹੀ, ਚੰਗੀ ਗਲਪ




*ਮਾਨੂਚੀ ਦੀ ਕਹਾਣੀ ਬਾਰੇ ਇਤਾਲਵੀ ਇਤਿਹਾਸਕਾਰ ਮਾਰਕੋ ਮੋਨੇਟਾ ਦੀ ਲਿਖੀ ਕਿਤਾਬ 'ਏ ਵੈਨਿਸ਼ੀਅਨ ਇਨ ਮੁਗਲ ਕੋਰਟ' ਦਾ ਮੁਖੜਾ।*




*ਡਾ. ਗੁਰਦੇਵ ਸਿੰਘ ਸਿੱਧੂ ਦੀ ਕਿਤਾਬ 'ਦੋ ਸ਼ਹੀਦੀ ਸਾਕੇ' ਦਾ ਮੁਖੜਾ।*

ਵਰਗੀ ਸੁਆਦਲੀ ਵੀ ਹੈ।

**ਸ਼ਹੀਦੀ ਸਾਕੇ:** ਆਜ਼ਾਦੀ ਸੰਗਰਾਮ ਵਿਚ ਪੰਜਾਬ ਦੀ ਭੂਮਿਕਾ ਅਤੇ ਸਿੱਖ ਲਹਿਰਾਂ ਦੇ ਇਤਿਹਾਸ ਦੇ ਸਾਹਿਤਕ ਰੂਪਾਂ ਨੂੰ ਲੱਭਣ-ਖੋਜਣ, ਸੰਭਾਲਣ ਅਤੇ ਪੁਸਤਕਾਂ ਦੇ ਰੂਪ ਵਿਚ ਸੰਕਲਿਤ ਕਰਨ ਵਿਚ ਡਾ. ਗੁਰਦੇਵ ਸਿੰਘ ਸਿੱਧੂ ਦਾ ਯੋਗਦਾਨ ਬਹੁਤ ਵਡਮੁੱਲਾ ਹੈ। ਉਨ੍ਹਾਂ ਦੀ ਲਗਨ ਤੇ ਮਿਹਨਤ ਉਤੇ ਫਖਰ ਵੀ ਹੁੰਦਾ ਹੈ ਅਤੇ ਰਸ਼ਕ ਵੀ। ਪੁਸਤਕ 'ਦੋ ਸ਼ਹੀਦੀ ਸਾਕੇ' ਡਾ. ਸਿੱਧੂ ਦੇ ਇਸ ਮਿਆਰੀ ਯੋਗਦਾਨ ਦੀ ਨਵੀਂ ਮਿਸਾਲ ਹੈ। ਇਹ ਸਾਕਾ ਤਰਨ ਤਾਰਨ (26 ਜਨਵਰੀ 1921) ਅਤੇ ਸਾਕਾ ਨਨਕਾਣਾ ਸਾਹਿਬ (20 ਫਰਵਰੀ 1921) ਬਾਰੇ ਲਿਖੇ ਗਏ ਤਤਕਾਲੀਨ ਪੰਜਾਬੀ ਕਾਵਿ ਦਾ ਸੰਗ੍ਰਹਿ ਹੈ। ਇਨ੍ਹਾਂ ਸਾਕਿਆਂ ਨੇ ਸਿੱਖ ਚੇਤਨਾ ਨੂੰ ਹਲੂਣਿਆ ਅਤੇ ਗੁਰਦੁਆਰਾ ਸੁਧਾਰ ਲਹਿਰ ਨੂੰ ਪ੍ਰਚੰਡਤਾ ਬਖਸ਼ੀ। ਉਸ ਦੌਰ ਦੀਆਂ ਕਾਵਿ ਰਚਨਾਵਾਂ ਦੀ ਅਹਿਮੀਅਤ ਡਾ. ਸਿੱਧੂ ਇਨ੍ਹਾਂ ਸ਼ਬਦਾਂ ਨਾਲ ਬਿਆਨ ਕਰਦੇ ਹਨ: "ਨਿਸ਼ਚੇ ਹੀ ਇਹ ਰਚਨਾਵਾਂ ਇਤਿਹਾਸਕ ਸਾਕਿਆਂ ਬਾਰੇ ਜਾਣਕਾਰੀ ਦੇਣ ਦਾ ਮੂਲ ਸਰੋਤ ਹੋਣ ਦੇ ਨਾਲ-ਨਾਲ ਸਾਡੀ ਮੁੱਲਵਾਨ ਸਾਹਿਤ ਨਿਧੀ ਤਾਂ ਹਨ ਹੀ, ਇਹ ਉਸ ਸਮੇਂ ਦੀ ਸਿੱਖ ਮਨੋਬਿਰਤੀ ਨੂੰ ਸਮਝਣ ਲਈ ਸਮਾਜ ਵਿਗਿਆਨੀਆਂ ਲਈ ਲੋੜੀਂਦੀ ਪ੍ਰਾਥਮਿਕ ਸਮੱਗਰੀ ਵੀ ਹਨ।" ਪੁਸਤਕ ਵਿਚ ਸ਼ਾਮਲ ਸਾਰੀ ਸਮੱਗਰੀ ਉਪਰੋਕਤ ਵਿਚਾਰ ਨੂੰ ਸਾਰਥਿਕ ਸਿੱਧ ਕਰਦੀ ਹੈ।

ਇਸ ਦੇ ਤਿੰਨ ਭਾਗ ਹਨ। ਪਹਿਲਾ ਸਾਕਾ ਤਰਨ ਤਾਰਨ ਅਤੇ ਦੂਜਾ ਸਾਕਾ ਨਨਕਾਣਾ ਸਾਹਿਬ ਬਾਰੇ ਹੈ। ਨਨਕਾਣਾ ਸਾਹਿਬ ਸਾਕੇ ਬਾਰੇ ਲਿਖੀਆਂ ਫੁਟਕਲ ਕਵਿਤਾਵਾਂ ਨੂੰ ਤੀਜੇ ਭਾਗ ਵਿਚ ਸ਼ਾਮਲ ਕੀਤਾ ਗਿਆ ਹੈ। ਇਸੇ ਭਾਗ ਵਿਚ ਤਿੰਨ ਉਰਦੂ ਕਵਿਤਾਵਾਂ ਨੂੰ ਵੀ ਗੁਰਮੁਖੀ ਵਿਚ ਲਿੱਪੀ-ਅੰਤਰਿਤ ਕਰ ਕੇ ਸੰਮਿਲਿਤ ਕੀਤਾ ਗਿਆ ਹੈ। ਜਿੱਥੇ ਪਹਿਲੇ ਦੋ ਭਾਗਾਂ ਵਾਲੀਆਂ ਰਚਨਾਵਾਂ, ਕਿੱਸਿਆਂ ਦੇ ਰੂਪ ਵਿਚ ਸਮੁੱਚਾ ਸਾਕਾ ਬਿਆਨਦੀਆਂ ਹਨ, ਉਥੇ ਫੁਟਕਲ ਕਵਿਤਾਵਾਂ ਸਾਕਿਆਂ ਦੇ ਅਸਰਾਤ ਅਤੇ ਸ਼ਹੀਦੀਆਂ ਦੇ ਮਹੱਤਵ ਦੀ ਬਾਤ ਪਾਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਦੇ ਰਚੇਤਿਆਂ ਵਿਚ ਆਮ ਕਵੀਆਂ ਤੋਂ ਇਲਾਵਾ ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਗੁਰਮੁਖ ਸਿੰਘ ਮੁਸਾਫਰ ਤੇ ਬਾਬੂ ਫਿਰੋਜ਼ਦੀਨ ਸ਼ਰਫ ਵਰਗੇ ਦਾਨਿਸ਼ਵਰ ਵੀ ਸ਼ਾਮਲ ਹਨ। ਸਾਕਾ ਤਰਨ ਤਾਰਨ ਵਾਲੇ ਭਾਗ ਦੀਆਂ ਤਿੰਨ ਰਚਨਾਵਾਂ ਵਿਚ 'ਭਾਈ ਨਾਨਕ ਸਿੰਘ ਪਸ਼ਾਵਰ ਨਿਵਾਸੀ' (ਬਾਅਦ ਵਿਚ ਨਾਨਕ ਸਿੰਘ ਨਾਵਲਿਸਟ) ਦੀ ਰਚਨਾ 'ਸ੍ਰੀ ਤਰਨ ਤਾਰਨ ਦੇ ਪੁਜਾਰੀਆਂ ਦੀ ਕਰਤੂਤ ਤੇ ਭਾਈ ਹਜ਼ਾਰਾ ਸਿੰਘ ਜੀ ਦੀ ਸ਼ਹੀਦੀ ਅਤੇ ਖਾਲਸੇ ਦੀ ਫਤਿਹ' ਉਚੇਚੇ ਤੌਰ 'ਤੇ ਜ਼ਿਕਰਯੋਗ ਹੈ। ਇਹ ਕਥਾ ਕਹਿਣ ਦੀ ਵਿਧਾ ਉਪਰ ਉਨ੍ਹਾਂ ਦੀ ਪਕੜ ਦਾ ਨਮੂਨਾ ਹੈ। ਉਨ੍ਹਾਂ ਦੀ ਇਕ ਹੋਰ ਰਚਨਾ 'ਕਰਤਾਰ ਬੇਦੀਨ ਦਾ ਸਿਆਪਾ' ਸਾਕਾ ਨਨਕਾਣਾ ਸਾਹਿਬ ਵਾਲੇ ਭਾਗ ਦਾ ਹਿੱਸਾ ਹੈ। ਬੇਸ਼ਕੀਮਤੀ ਹੈ ਸਮੁੱਚੀ ਕਿਤਾਬ।

**ਪਰਵਾਸੀ ਕਲਮਾਂ:** ਪਰਵਾਸੀ ਸਾਹਿਤ, ਪਰਵਾਸ ਦੇ ਸੁੱਖਾਂ-ਦੁਖਾਂ ਦਾ ਤਰਜ਼-ਇ-ਇਜ਼ਹਾਰ ਹੋਣ ਕਰਕੇ ਪੰਜਾਬੀ ਅਦਬ ਦੀ ਵੱਖਰੀ ਧਾਰਾ ਬਣ ਚੁੱਕਾ ਹੈ। ਰਵਿੰਦਰ ਸਿੰਘ ਸੋਢੀ ਦੀ ਸੰਪਾਦਿਤ ਪੁਸਤਕ 'ਪਰਵਾਸੀ ਕਲਮਾਂ' ਇਸੇ ਧਾਰਾ ਨੂੰ ਅੱਗੇ ਤੋਰਦੀ ਹੈ। ਇਹ ਪੁਸਤਕ (ਬਕੌਲ ਸੰਪਾਦਕ) "ਕੁਝ ਨਵੇਂ, ਕੁਝ ਪੁਰਾਣੇ ਅਤੇ ਕੁਝ ਸਥਾਪਿਤ" ਲੇਖਕਾਂ ਦੀਆਂ ਰਚਨਾਵਾਂ ਦਾ ਸੰਗ੍ਰਹਿ ਹੈ। ਕਿਸੇ ਇਕ ਸਾਹਿਤਕ ਰੂਪ ਤਕ ਸੀਮਿਤ ਨਾ ਰਹਿ ਕੇ ਇਹ ਕਹਾਣੀਆਂ, ਵਾਰਤਕ ਤੇ ਕਵਿਤਾਵਾਂ ਦੀ ਚੰਗੇਰ ਵਾਂਗ ਹੈ। ਹਰ ਲੇਖਕ ਨਾਲ ਤੁਆਰਫ ਕਰਵਾਉਣ ਮਗਰੋਂ ਉਸ ਦੀਆਂ ਕੁਝ ਪ੍ਰਤੀਨਿਧ ਰਚਨਾਵਾਂ ਨੂੰ ਥਾਂ ਦਿੱਤੀ ਗਈ ਹੈ। ਇਹ ਤਜਰਬਾ ਨਿਵੇਕਲਾ ਹੈ। 20 ਅਦੀਬਾਂ ਦੀਆਂ ਰਚਨਾਵਾਂ ਵਾਲੇ ਇਸ ਸੰਗ੍ਰਹਿ ਦਾ ਆਗਾਜ਼ ਐੱਸ. ਸਾਕੀ ਦੀਆਂ ਤਿੰਨ ਮਿਆਰੀ ਕਹਾਣੀਆਂ (ਹਮ ਚਾਕਰ ਗੋਬਿੰਦ ਕੇ, ਦੋ ਬਲਦੇ ਸਿਵੇ, ਸ਼ੇਰਾ) ਨਾਲ ਕੀਤਾ ਗਿਆ ਹੈ। ਬਾਕੀ ਅਦੀਬਾਂ ਦੀਆਂ ਰਚਨਾਵਾਂ ਵੀ ਮਿਆਰੀ ਹਨ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਮਾਰਚ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-526



**ਭੱਠ ਝੋਕਦੇ ਅਉਧ ਬਿਤਾਈ, ਅੰਤ ਆਇਆ ਹੈ ਨੇੜੇ,**
**ਜਿੰਦ ਅਜਾਬੋਂ ਹਜੇ ਨਾ ਛੁੱਟੀ, ਨੱਠ ਨੱਠ ਕੰਮ ਨਿਬੇੜੇ।**
**ਬੋਟ ਆਲ੍ਹਣੇ ਦੇ ਹੋਏ ਉਡਾਰੂ, ਛੱਡ ਕੇ ਉੱਡੇ ਨੇ ਸਾਰੇ,**
**ਸਾਹਾਂ ਦੀ ਹਾਲੇ ਤੰਦ ਨ ਟੁੱਟੇ, ਐਸੇ ਨਸੀਬਾਂ ਨੇ ਮਾਰੇ।**

### ਕੈਪਸ਼ਨ ਮੁਕਾਬਲਾ-524



ਮੋਹ ਮਮਤਾ ਦਾ ਬੜਾ ਨਿਰਾਲਾ
ਜਾਈਏ ਇਹ ਤੋਂ ਵਾਰੇ ਵਾਰੇ।
ਰੰਗ ਨਸਲ ਦਾ ਭੇਦ ਕੋਈ ਨਾ
ਕੁਦਰਤ ਦੇ ਨੇ ਰੰਗ ਨਿਆਰੇ।
***-ਜਗਮੀਤ ਸਿੰਘ ਪੰਧੇਰ***
***ਫੋਨ: 204-296-3177***

---

ਜੈਸਾ ਬੀਜੋਗੇ ਤੈਸਾ ਵੱਢੋਗੇ
ਜਿਹੋ ਜਿਹਾ ਬੀਜ ਉਹੋ ਜਿਹੀ ਫਸਲ,
ਗੰਨਾ ਬੀਜ ਕੇ ਬਾਜਰਾ ਨਹੀਂ ਉਗਦਾ

ਹਰ ਨਸਲ ਦੁਨੀਆ 'ਚ
ਮੁਹਾਂਦਰਾ ਉਹੋ ਜਿਹਾ
ਜਿਹੋ ਜਿਹੇ ਮਾਂ ਬਾਪ।
ਜੇ ਕੁਝ ਹੋ ਜਾਵੇ ਧੋਖਾ ਘਾਲਾਮਾਲਾ
ਸੱਚ ਲੁਕਿਆ ਨਹੀਂ ਰਹਿੰਦਾ,
ਕੱਟੜੂ ਜੰਮੇ ਜਾਂ ਬੱਛੜੂ
ਹੋਵੇਗੀ ਮੱਝ ਮਾਂ ਜਾਂ ਗਾਂ ਹੀ।
***-ਦਰਸ਼ਨ ਪਾਲ ਦੋਸਾਂਝ***

---

ਬੰਦਿਆ ਤੂੰ ਵਿਗਿਆਨ ਨੂੰ ਲੈ ਕੇ,
ਕੁਦਰਤ ਦੀ ਥਾਹ ਪਾਵੇਂ।
ਤੂੰ ਕਰੇਂ ਕ੍ਰਿਸ਼ਮੇ ਕਦੀ ਕਦੀ,
ਉਹ ਪਲ ਪਲ ਚਮਤਕਾਰ ਦਿਖਾਵੇ।
ਕਾਲੀ ਮੱਝ ਨੇ
ਦੋ ਗੋਰੇ ਚਿੱਟੇ ਕੱਟਰੂ ਦਿੱਤੇ,
ਫਿਰ ਫੁੱਲੀ ਨਾ ਸਮਾਵੇ।
ਗਊ ਦੇ ਵੱਛਰੂਆਂ ਵਰਗੀ ਨਸਲ,
ਹਰ ਕੋਈ ਦੇਖਣ ਆਵੇ।
***-ਅਮਰਜੀਤ ਸਿੰਘ ਤੂਰ***

---

ਕਰਮ ਦਾ ਫਲ
ਇਨਸਾਨ ਉਸੇ ਤਰ੍ਹਾਂ ਲੱਭ ਲੈਂਦਾ ਹੈ
ਜਿਵੇਂ ਕੋਈ ਵੱਛਾ
ਸੌ ਮੱਝਾਂ ਵਿਚੋਂ
ਆਪਣੀ ਮਾਂ ਨੂੰ ਲੱਭ ਲੈਂਦਾ ਹੈ।
***-ਬੱਲਾ ਲਬਾਣਾ***

## ਆ ਤੇਰੇ ਹਥਿਆਰ ਵੇਖੀਏ

ਆ ਤੇਰੇ ਹਥਿਆਰ ਵੇਖੀਏ,
ਆ ਤੇਰੀ ਤਲਵਾਰ ਵੇਖੀਏ।
ਪਹਿਲਾ ਵਾਰ ਲੈ ਸੱਜਣਾ ਤੇਰਾ,
ਆ ਤੇਰਾ ਹੰਕਾਰ ਵੇਖੀਏ।
ਜਿੱਤ ਹਾਰ ਦਾ ਜੋ ਫੈਸਲਾ,
ਦੁਨੀਆ ਤੈਅ ਕਰੇਗੀ ਏਹ ਤੇ।
ਹਥਿਆਰਾਂ ਦੀ ਏਸ ਦੌੜ 'ਚ,
ਹਿੰਮਤ ਦੀ ਯਲਗਾਰ ਵੇਖੀਏ।
ਇਕ ਮਿਆਨ 'ਚ ਦੋ ਤਲਵਾਰਾਂ,
ਮਸਲਾ ਹੈ ਹਾਂ ਹੈ ਮਸਲਾ।
ਸਮਾਂ ਦੱਸੇਗਾ ਸਮੇਂ ਦੀ ਗੱਲ ਏ,
ਕੌਣ ਜਿੱਤੇਗਾ ਯਾਰ ਵੇਖੀਏ।
ਬਲੀ ਦਾ ਬੱਕਰਾ ਕੋਈ ਬਣੇਗਾ,
ਏਸ ਸਦੀ ਦੇ ਯੁੱਧ ਅਖੀਰਲੇ।
ਪਿਆਰ ਨਾ ਨਫ਼ਰਤ ਨੂੰ ਮਾਰੇਗਾ,
ਸਿਆਣਿਆਂ ਦਾ ਸੰਸਾਰ ਵੇਖੀਏ।
ਬੋਦਲਾਂ ਦੇ ਸੁਖਵਿੰਦਰਾ ਏਹ ਸਭ,
ਦੌੜ ਹੈ ਕਬਰਾਂ ਸਿਵਿਆਂ ਤਕ ਦੀ।
ਯੁੱਧ ਤੋਂ ਬਾਅਦ ਵਪਾਰੀਆਂ ਦਾ ਹੀ,
ਵੱਧਦਾ ਸਦਾ ਵਿਉਪਾਰ ਵੇਖੀਏ।
***-ਸੁਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***

# ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ...

***ਪੰਜਾਬੀ ਲੋਕਧਾਰਾ ਦੇ ਇਕ ਅਹਿਮ ਪਾਤਰ ਜੱਗੇ ਡਾਕੂ ਨਾਲ ਕਈ ਕਿਸਮ ਦੇ ਕਿੱਸੇ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਇਕ ਕਿੱਸਾ ਉਘੇ ਲਿਖਾਰੀ ਮਨਮੋਹਨ ਸਿੰਘ ਬਾਵਾ ਨੇ ਆਪਣੀ ਇਸ ਲਿਖਤ ਅੰਦਰ ਪੇਸ਼ ਕੀਤਾ ਹੈ। ਇਸ ਵਿਚੋਂ ਉਸ ਦੌਰ ਦੇ ਹਾਲਾਤ ਬਾਖੂਬੀ ਝਾਤੀਆਂ ਮਾਰਦੇ ਦਿਸਦੇ ਹਨ।***

ਡਾਕੂਆਂ ਅਤੇ ਕ੍ਰਾਂਤੀਕਾਰੀਆਂ ਬਾਰੇ ਸੁਣੀਆਂ ਗੱਲਾਂ ਬੜੀਆਂ ਰੌਚਕ ਹੁੰਦੀਆਂ ਹਨ ਪਰ ਇਸ ਤਰ੍ਹਾਂ ਦੀਆਂ ਸ਼ਖਸੀਅਤਾਂ ਨੂੰ ਕਿਸੇ-ਕਿਸੇ ਨੇ ਹੀ ਦੇਖਿਆ ਹੁੰਦਾ ਹੈ। ਜੇ ਕਿਸੇ ਨੇ ਅਜੇ ਤੱਕ ਨਹੀਂ ਪੜ੍ਹਿਆ ਸੁਣਿਆਂ ਤਾਂ ਇਹ ਉਨ੍ਹਾਂ ਦੀ ਬਦਕਿਸਮਤੀ; ਉਂਝ, ਇਹ ਤਾਂ ਸੁਣਿਆ ਹੀ ਹੋਵੇਗਾ:

ਜੱਗੇ ਮਾਰਿਆ ਲਾਇਲਪੁਰ ਡਾਕਾ  
ਤਾਰਾਂ ਖੜਕ ਪਈਆਂ... ਆਪੇ  
ਤਰੀਕਾਂ ਭੁਗਤਣਗੇ ਤੇਰੇ ਮਾਪੇ  
---  
ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ  
ਇਕ ਦੀ ਥਾਂ ਦੋ ਜੰਮਦੀ... ਜੱਗਿਆ  
ਤੁਰ ਪਰਦੇਸ ਗਿਉਂ ਬੂਹਾ ਵੱਜਿਆ।

ਮੇਰਾ ਮਾਮਾ ਗੁਰਦਿੱਤਾ ਮੱਲ ਆਪਣੀ ਜਵਾਨੀ ਦੇ ਦਿਨਾਂ ਤੋਂ ਭਲਵਾਨੀ ਕਰਨ ਲੱਗ ਪਿਆ। ਬਿਆਸ ਪਿੰਡ ਵਿਚ ਇਕ ਸਰਾਂ ਹੁੰਦੀ ਸੀ, ਸ਼ੇਰ ਸ਼ਾਹ ਸੂਰੀ ਦੇ ਸਮੇਂ ਦੀ ਜਿੱਥੇ ਹੁਣ ਰਾਧਾ ਸੁਆਮੀਆਂ ਦਾ ਹਸਪਤਾਲ ਹੈ। ਵੱਡਾ ਸਾਰਾ ਦਰਵਾਜ਼ਾ, ਵਿਚਕਾਰ ਵਿਹੜਾ, ਆਲੇ-ਦੁਆਲੇ ਯਾਤਰੀਆਂ ਲਈ ਕਮਰੇ। ਜਦੋਂ ਮੈਂ ਅੱਠ-ਦਸ ਸਾਲ



**ਮਨਮੋਹਨ ਸਿੰਘ ਬਾਵਾ**  
81307-82551

ਦਾ ਸੀ ਤਾਂ ਉਦੋਂ ਤੱਕ ਇਸ ਸਰਾਂ 'ਚ ਕਦੀ-ਕਦੀ ਯਾਤਰੀ ਵੀ ਆ ਕੇ ਰਹਿੰਦੇ ਸਨ। ਸ਼ਰਾਬੀ ਆ ਕੇ ਸ਼ਰਾਬ ਪੀ ਕੇ ਬੁਲਬੁਲੀਆਂ ਮਾਰਦੇ, ਜੁਆਰੀ ਜੂਆ ਖੇਡਦੇ ਪਰ ਮੈਨੂੰ ਉਸ ਸਰਾਂ ਦੇ ਵਿਹੜੇ 'ਚ ਭਲਵਾਨਾਂ ਦੀਆਂ ਕੁਸ਼ਤੀਆਂ ਦੇਖਣ ਦਾ ਨਜ਼ਾਰਾ ਨਹੀਂ ਭੁੱਲਦਾ। ਹੁਣ ਲੱਗਦਾ ਜਿਵੇਂ ਬੀਤੇ ਯੁਗ ਦੀਆਂ ਗੱਲਾਂ। ਭਲਵਾਨ ਕਿੱਕਰ ਸਿੰਘ, ਗਾਮਾ ਭਲਵਾਨ। ਮੇਰਾ ਮਾਮਾ ਗੁਰਦਿੱਤਾ ਮੱਲ ਇੱਥੇ ਦੰਗਲ ਕਰਵਾਉਂਦਾ। ਘਰ 'ਚ ਉਨ੍ਹਾਂ ਲਈ ਸ਼ਰਦਾਈਆਂ ਘੋਟੀਆਂ ਜਾਂਦੀਆਂ। ਮਾਮਾ ਗੁਰਦਿੱਤਾ ਕਦੀ-ਕਦੀ ਭੰਗ ਦੇ ਲੋਰ 'ਚ ਆ ਕੇ ਭਲਵਾਨਾਂ ਬਾਰੇ ਅਬਾ-ਤਬਾ ਬੋਲਦਾ।

ਇਕ ਵਾਰੀ ਅੱਧੀ ਰਾਤ ਵੇਲੇ ਬੂਹੇ 'ਤੇ ਦਸਤਕ ਹੋਈ। ਮਾਮੀ ਨੇ ਮਾਮੇ ਨੂੰ ਜਗਾਇਆ। ਉਹ ਕਹਿੰਦਾ- "ਮੈਂ ਦੇਖਦਾ, ਕੌਣ ਆ ਗਿਆ, ਅੱਧੀ ਰਾਤੀਂ?" ਬੂਹਾ ਖੋਲ੍ਹਿਆ ਤਾਂ ਮੋਢੇ ਨਾਲ ਬੰਦੂਕ ਲਮਕਾਈ ਜੱਗਾ ਡਾਕੂ ਖੜ੍ਹਾ ਸੀ। ਗੁਰਦਿੱਤੇ ਦੇ ਮੋਢੇ 'ਤੇ ਆਪਣਾ ਭਾਰੀ ਹੱਥ ਮਾਰਦਿਆਂ ਬੋਲਿਆ, "ਘਬਰਾ ਨਾ। ਮੈਂ ਤੈਨੂੰ ਸਲਾਹ ਦੇਣ ਆਇਆ, ਇਹ ਕੁਸ਼ਤੀਆਂ ਭਲਵਾਨੀਆਂ ਹਟਵਾਣੀਆਂ ਦਾ ਕੰਮ ਨਹੀਂ (ਮਾਮੇ ਦੀ ਇਕ ਦੁਕਾਨ ਵੀ ਸੀ ਬਿਆਸ 'ਚ)। ਮੇਰੇ ਸ਼ਗਿਰਦਾਂ ਪੁੱਛਿਆ, ਕਿ ਆ ਕੇ ਦੱਸਿਆ ਤਾਂ ...!" ਮਾਮਾ ਕੁਝ ਘਬਰਾਉਂਦਿਆਂ ਬੋਲਿਆ, "ਵਾਹ! ਗਰੀਬ ਦੇ ਘਰ ਨਰਾਇਣ ਦੇ ਚਰਨ ਪਏ। ਆਓ ਬੈਠੋ...।"

"ਨਹੀਂ ਨਹੀਂ; ਬਸ ਇਹੀ ਕਹਿਣ ਆਇਆ ਸੀ।" ਇਹ ਕਹਿ ਕੇ ਜਿਵੇਂ ਆਇਆ ਸੀ, ਉਵੇਂ ਹੀ ਚਲਾ ਗਿਆ। ਦੂਸਰੇ ਦਿਨ ਮਾਮੇ ਨੇ ਉਮਰਾਨੰਗਲ (ਉਸ ਸਮੇਂ ਦੀ ਅਕਾਲੀ ਲੀਡਰ) ਨਾਲ ਗੱਲ ਕੀਤੀ। ਉਮਰਾਨੰਗਲ ਨੇੜਲੇ ਪਿੰਡ ਰਹਿੰਦਾ ਸੀ। ਉਹ ਬੋਲਿਆ, "ਬਸ ਚੁੱਪੀ ਵੱਟ। ਕਿਸੇ ਨਾਲ ਗੱਲ ਨਾ ਕਰੀਂ। ਨਾ ਕਿਸੇ ਦੋਸਤ ਨਾਲ, ਨਾ ਆਪਣੇ ਘਰ ਕਿਸੇ ਨਾਲ।" ਜੱਗੇ ਦੀ ਮੌਤ ਤੋਂ ਬਾਅਦ ਮਾਮਾ ਜੱਗੇ ਦੀਆਂ ਗੱਲਾਂ ਸੁਣਾਇਆ ਕਰਦਾ ਸੀ ਕਿ ਕਿਵੇਂ ਥਾਣੇਦਾਰ ਵੀ ਲੁਕ ਕੇ ਬੈਠ ਜਾਂਦੇ ਸਨ, ਜੱਗੇ ਦੇ ਆਉਣ ਦੀ ਖਬਰ ਸੁਣ ਕੇ।

ਜੱਗੇ ਨੂੰ ਪੰਜਾਬ ਦਾ ਰੌਬਿਨ ਹੁੱਡ ਕਿਹਾ ਜਾ ਸਕਦਾ ਹੈ। ਉਹ ਅਮੀਰਾਂ, ਖਾਸਕਰ ਠੱਗੀਆਂ, ਵਧੀਕੀਆਂ ਕਰਨ ਵਾਲਿਆਂ ਨੂੰ ਲੁਟਦਾ ਅਤੇ ਗਰੀਬਾਂ 'ਚ ਵੰਡਦਾ ਸੀ। ਉਂਝ, ਆਪ ਇਹ ਚੰਗੇ ਖਾਂਦੇ ਪੀਂਦੇ ਘਰ ਦਾ ਸੀ। ਬਾਈ ਕਿੱਲੇ ਜ਼ਮੀਨ ਪਰ 'ਹੋਣੀ' ਹੋ ਕੇ ਹੀ ਰਹਿੰਦੀ ਹੈ। ਇਕ ਦਿਨ ਕਿਸੇ ਗੁਆਂਢੀ ਪਿੰਡ ਜਾਂ ਉਸ ਦੇ ਪਿੰਡ ਦੇ ਜ਼ਿਮੀਂਦਾਰ ਨੇ ਕਿਸੇ ਮੁਟਿਆਰ ਦੀ ਬਾਂਹ ਫੜ ਲਈ ਅਤੇ ਆਪਣੀ ਘੋੜੀ 'ਤੇ ਚੁੱਕ ਕੇ ਲੈ ਗਿਆ। ਜਗੀਰਦਾਰ ਅਤੇ ਪੁਲਿਸ ਇਕੋ ਮਿੱਟੀ ਦੇ ਵੱਟੇ। ਕੁੜੀ ਦੇ ਮਾਂ-ਬਾਪ ਦੀ ਕਿਸੇ ਨਾ ਸੁਣੀ। ਜੱਗਾ ਆਪਣੀ ਛਵੀ ਫੜ ਕੇ ਕੁੜੀ ਨੂੰ ਛੁਡਾਉਣ ਲਈ ਤੁਰ ਪਿਆ। ਕੁੜੀ ਨੂੰ ਤਾਂ ਛੁਡਾ ਲਿਆ ਪਰ ਪਟਵਾਰੀ ਨਾਲ ਹਮੇਸ਼ਾ ਲਈ ਦੁਸ਼ਮਣੀ ਹੋ ਗਈ। ਪਟਵਾਰੀ ਨੇ ਇਕ ਵਾਰੀ ਉਸ ਨੂੰ ਕਿਸੇ ਝੂਠੇ ਕੇਸ 'ਚ ਫਸਾ ਕੇ ਅਤੇ ਥਾਣੇਦਾਰ ਨਾਲ ਮਿਲ ਮਿਲਾ ਕੇ ਉਸ ਨੂੰ ਚਾਰ ਸਾਲ ਲਈ ਕੈਦ ਕਰਵਾ ਦਿੱਤਾ। ਚਾਰ ਸਾਲ ਦੀ ਕੈਦ ਕੱਟ ਕੇ ਬਾਹਰ ਆਇਆ ਤਾਂ ਪਟਵਾਰੀ ਨੂੰ ਮਾਰ-ਕੁੱਟ ਕੇ ਅਤੇ ਉਸ ਦੇ ਘਰ ਨੂੰ ਅੱਗ ਲਾ ਕੇ ਭਗੌੜਾ ਹੋ ਗਿਆ। ਫਿਰ ਇਕ ਸ਼ਾਹੂਕਾਰ ਦੇ ਘਰ ਡਾਕਾ ਮਾਰਿਆ ਤਾਂ ਕਈ ਕਿਲੋ ਸੋਨਾ ਇਸ ਦੇ ਹੱਥ ਆ ਗਿਆ। ਇਸ ਪੈਸੇ ਨਾਲ ਉਸ ਨੇ ਸ਼ਾਨਦਾਰ ਘੋੜਾ ਅਤੇ ਹਥਿਆਰ ਖਰੀਦ ਲਏ।



ਮਾਮਾ ਗੁਰਦਿੱਤਾ ਮੱਲ ਜੱਗੇ ਦੇ ਬੜੇ ਕਿੱਸੇ ਸੁਣਾਉਂਦਾ ਹੁੰਦਾ ਸੀ। ਕੁਝ ਮੈਨੂੰ ਭੁੱਲ ਗਏ, ਕੁਝ ਅੱਧ-ਪਚੱਧ ਯਾਦ ਹਨ। ਜਿਹੜਾ ਇਕ ਜ਼ਰਾ ਚੰਗੀ ਤਰ੍ਹਾਂ ਯਾਦ ਹੈ, ਉਹ ਕੁਝ ਇਸ ਤਰ੍ਹਾਂ ਹੈ: ਇਹ ਕਿੱਸਾ ਬਿਆਸ 'ਚ ਨਹੀਂ ਵਾਪਰਿਆ। ਬਾਬਾ ਬਕਾਲੇ ਜਾਂ ਰੱਈਏ ਦੀ ਨਹਿਰ ਦੇ ਨਾਲ-ਨਾਲ ਜਾਂਦਿਆਂ ਨਾਗੋਕੇ ਪਿੰਡ 'ਚ ਵਾਪਰਿਆ ਸੀ। ਇਕ ਦਿਨ ਮਾਮੇ ਦਾ ਦੋਸਤ ਬਲਕਾਰ ਸਿੰਘ ਆਪਣੀ ਪੱਗ ਉਤਾਰ ਕੇ ਆਪਣੇ ਜੂੜੇ ਨੂੰ ਉਂਗਲੀਆਂ ਨਾਲ ਠੀਕ ਕਰਦਿਆਂ ਆਪਣੇ ਵਿਹੜੇ 'ਚ ਮੰਜੇ ਉੱਤੇ ਬੈਠਿਆ ਹੋਇਆ ਸੀ। ਉਸ ਦਾ ਸੀਰੀ ਸ਼ੱਭੂ ਵੀ ਸ਼ਾਦੀ ਕਰਕੇ ਜਾ ਚੁੱਕਿਆ ਸੀ। ਇਕ ਨੁਕਰੇ ਉਸ ਦਾ ਘੋੜਾ ਕਿੱਲੀ ਨਾਲ ਬੰਨ੍ਹਿਆ ਹੋਇਆ ਆਪਣੀ ਪੂਛ ਨਾਲ ਪਿੱਠ 'ਤੇ ਘੜੀ-ਮੁੜੀ ਬੈਠਦੀਆਂ ਮੱਖੀਆਂ ਉਡਾ ਰਿਹਾ ਸੀ। ਉਦੋਂ ਹੀ ਉਸ ਨੂੰ ਦੂਰੋਂ ਆਉਂਦੀਆਂ ਘੋੜੇ ਦੀਆਂ ਟਾਪਾਂ ਸੁਣਾਈ ਦਿੱਤੀਆਂ। ਉਸ ਦੇ ਘਰ ਕੋਲ ਪਹੁੰਚ ਕੇ ਘੋੜ ਸਵਾਰ ਨੇ ਕੋਲ ਖੜ੍ਹੇ ਆਦਮੀ ਨੂੰ ਪੁੱਛਿਆ, "ਇਹ ਘਰ ਬਲਕਾਰ ਸਿੰਘ ਦਾ ਹੀ ਹੈ?" ਉਸ ਆਦਮੀ ਦੇ 'ਹਾਂ' ਕਹਿਣ 'ਤੇ ਘੋੜ ਸਵਾਰ ਆਪਣੇ ਘੋੜੇ ਤੋਂ ਉੱਤਰ ਗਿਆ ਅਤੇ ਬੂਹੇ ਨੂੰ ਧੱਕਾ ਮਾਰ ਕੇ ਅੰਦਰ ਵੜਦਿਆਂ ਉਸ ਨੇ ਬਲਕਾਰ ਤੋਂ ਵੀ ਪੁੱਛਿਆ ਕਿ ਕੀ ਇਹ ਘਰ ਨੰਬਰਦਾਰ ਬਲਕਾਰ ਸਿੰਘ ਦਾ ਹੀ ਹੈ?

"ਹਾਂ, ਮੈਂ ਹੀ ਬਲਕਾਰ ਸਿੰਘ ਹਾਂ।" ਬਲਕਾਰ ਸਿੰਘ ਨੂੰ ਕਿਸੇ ਦੇ ਇਉਂ ਆਪਣੇ ਵਿਹੜੇ 'ਚ ਵੜਦਿਆਂ ਤੋਂ ਬਹੁਤੀ ਹੈਰਾਨੀ ਨਹੀਂ ਹੋਈ, ਉਹ ਨੰਬਰਦਾਰ ਸੀ ਅਤੇ ਲੋਕੀਂ ਉਸ ਕੋਲ ਆਉਂਦੇ ਜਾਂਦੇ ਰਹਿੰਦੇ ਸਨ। ਬਲਕਾਰ ਸਿੰਘ ਨੇ ਉਸ ਨੂੰ ਆਪਣੇ ਮੰਜੇ ਦੇ ਇਕ ਪਾਸੇ ਬਿਠਾਇਆ ਅਤੇ ਇਕ ਪਾਸੇ ਖੇਡਦੇ ਦੋ ਬੱਚਿਆਂ, ਦੋ-ਤਿੰਨ ਸਾਲ ਦਾ ਮੁੰਡਾ ਅਤੇ ਚਾਰ-ਪੰਜ ਸਾਲ ਦੀ ਕੁੜੀ, ਨੂੰ ਸ਼ਰਬਤ ਲਿਆਉਣ ਲਈ ਆਖਿਆ। ਸ਼ਰਬਤ ਆ ਜਾਣ 'ਤੇ ਜੱਗੇ ਨੇ ਸ਼ਰਬਤ ਪੀ ਕੇ ਗਲਾਸ ਭੁੰਜੇ ਰੱਖ ਦਿੱਤਾ। ਬਲਕਾਰ ਨੇ ਪੁੱਛਿਆ, "ਹਾਂ ਫਿਰ ਕਿਵੇਂ ਆਉਣਾ ਹੋਇਆ?"

"ਮੇਰਾ ਨਾਮ ਜੱਗਾ ਹੈ। ਤੈਨੂੰ ਯਾਦ ਦਿਵਾਉਣ ਆਇਆ ਹਾਂ ਕਿ ਤੂੰ ਮੈਨੂੰ ਇਕ ਕੇਸ 'ਚ ਫਸਾ ਕੇ ਚਾਰ ਸਾਲ ਦੀ ਸਜ਼ਾ ਦਿਵਾਈ ਸੀ। ਕੁਝ ਦਿਨ ਪਹਿਲਾਂ ਹੀ ਮੈਂ ਕੈਦ ਕੱਟ ਕੇ ਆਇਆ ਹਾਂ।" ਬਲਕਾਰ ਸਿੰਘ ਨੇ ਉਸ ਦੀ ਵਧੀ ਹੋਈ ਦਾੜ੍ਹੀ ਵੱਲ ਤੱਕਦਿਆਂ ਅਤੇ ਪਛਾਣਦਿਆਂ ਆਖਿਆ, "ਹਾਂ, ਮੈਨੂੰ ਯਾਦ ਆ ਗਿਆ। ਇਹ ਗਲਤੀ ਮੇਰੇ ਕੋਲੋਂ ਹੀ ਹੋਈ ਸੀ। ਜੋ ਹੋ ਗਿਆ, ਸੋ ਹੋ ਗਿਆ। ਹੁਣ ਦੱਸ ਕਿ ਮੈਂ ਉਸ ਨੂੰ ਸਵਾਰਨ ਲਈ ਕੀ ਕਰ ਸਕਦਾ ਹਾਂ। ਜੇ ਤੂੰ ਚਾਹੇਂ ਤਾਂ.....?"

"ਉਸ ਗਲਤੀ ਨੂੰ ਹੀ ਮੈਂ ਸਵਾਰਨ ਆਇਆ ਹਾਂ, ਬਲਕਾਰ ਸਿਆਂ। ਤੇਰੇ ਘਰ ਦੇ ਬੂਹੇ ਦੇ ਬਾਹਰ ਮੇਰੇ ਚਾਰ ਬੇਲੀ ਵੀ ਖੜ੍ਹੇ ਹਨ, ਬਰਛੇ ਲੈ ਕੇ। ਹੁਣ ਤੂੰ ਮੇਰੇ ਨਾਲ ਚੱਲ। ਤੇਰੇ ਬਾਲ ਬੱਚਿਆਂ ਸਾਹਮਣੇ ਅਤੇ ਪਿੰਡ ਦੇ ਅੰਦਰ ਮੈਂ ਬਦਲਾ ਨਹੀਂ ਲੈਣਾ ਚਾਹੁੰਦਾ।"

ਬਲਕਾਰ ਮੰਜੇ ਤੋਂ ਉੱਠ ਕੇ ਚੁੱਪ-ਚਾਪ ਜੱਗੇ ਨਾਲ ਤੁਰ ਪਿਆ, ਇਹ ਸੋਚਦਿਆਂ ਕਿ ਉਸ ਨਾਲ ਜਾਂਦਿਆਂ-ਜਾਂਦਿਆਂ ਕੋਈ ਤਰਕੀਬ ਲੜਾਉਂਦਾ ਹਾਂ...। ਜੱਗੇ ਦੇ ਇਹ ਸੋਚਦਿਆਂ ਕਿ ਉਸ ਨੂੰ ਕੋਈ ਪਛਾਣ ਨਾ ਲਵੇ, ਆਪਣੀ ਪੱਗ ਦੇ ਲੜ ਨਾਲ ਆਪਣਾ ਅੱਧਾ ਕੁ ਚਿਹਰਾ ਲੁਕਾਇਆ ਹੋਇਆ ਸੀ। ਤਰਕਾਲਾਂ ਹੋ ਗਈਆਂ ਸਨ। ਜੱਟ ਆਪਣੇ ਬਲਦ ਲੈ ਕੇ ਖੇਤਾਂ ਤੋਂ ਵਾਪਸ ਆ ਰਹੇ ਸਨ। ਕੁਝ ਅੱਗੇ ਜਾ ਕੇ ਦੇਖਿਆ, ਬਲਕਾਰ ਦੀ ਬੀਬੀ ਪ੍ਰਤਾਪੋ ਗੁਰਦੁਆਰੇ ਮੱਥਾ ਟੇਕ ਕੇ ਵਾਪਸ ਆ ਰਹੀ ਹੈ। ਜੱਗੇ ਨੇ ਵੀ ਪ੍ਰਤਾਪੋ ਵੱਲ ਗੌਰ ਨਾਲ ਤੱਕਿਆ। ਬਲਕਾਰ ਇਕ ਪਲ ਲਈ ਰੁਕਿਆ ਅਤੇ ਪ੍ਰਤਾਪੋ ਨੂੰ ਆਖਿਆ, "ਮੈਂ ਕੁਝ ਦੇਰ ਬਾਅਦ ਘਰ ਵਾਪਸ ਆਵਾਂਗਾ...।" ਉਸ ਦੇ ਅੱਗੇ ਵੀ ਕੁਝ ਕਹਿਣਾ ਚਾਹੁੰਦਾ ਸੀ ਪਰ ਉਸ ਨੂੰ ਸਮਝ ਨਾ ਆਇਆ ਕਿ ਕੀ ਆਖੇ! ਜ਼ਰਾ ਅੱਗੇ ਜਾ ਕੇ ਜੱਗੇ ਦੇ ਚਾਰ ਸਾਥੀ ਜੋ ਪਿੱਛੇ-ਪਿੱਛੇ ਆ ਰਹੇ ਸਨ, ਜੱਗੇ ਨਾਲ ਪੈਰਾ ਮਿਲਾ ਕੇ ਤੁਰਨ ਲੱਗੇ। ਗੁਰਦੁਆਰੇ ਦੇ ਕੋਲ ਪਹੁੰਚੇ ਤਾਂ ਜੱਗਾ ਰੁਕ ਗਿਆ ਅਤੇ ਬਲਕਾਰ ਸਿੰਘ ਨੂੰ ਸੰਬੋਧਿਤ ਹੁੰਦਿਆਂ ਆਖਿਆ, "ਬਸ, ਮੇਰਾ ਇਰਾਦਾ ਬਦਲ ਗਿਆ ਹੈ। ਤੂੰ ਵਾਪਸ ਆਪਣੇ ਘਰ ਜਾ ਸਕਦਾ ਏਂ...।"

ਬਲਕਾਰ ਸਿੰਘ ਇਕ ਦਮ ਠਠੰਬਰ ਕੇ ਰੁਕ ਗਿਆ। ਇਕ ਦੋ ਪਲ ਜੱਗੇ ਵੱਲ ਗਹੁ ਨਾਲ ਤੱਕਿਆ ਕਿ ਜੋ ਉਸ ਨੇ ਸੁਣਿਆ ਹੈ, ਉਹ ਸੱਚ ਹੈ? ਬਲਕਾਰ ਸਿੰਘ ਨੇ ਮਨ ਹੀ ਮਨ ਵਾਹਿਗੁਰੂ ਦਾ ਧੰਨਵਾਦ ਕੀਤਾ, ਨਾਲੇ ਜੱਗੇ ਦਾ ਵੀ ਅਤੇ ਆਪਣੇ ਘਰ ਵੱਲ ਤੁਰ ਪਿਆ। ਚਾਰ-ਪੰਜ ਕਦਮ ਤੁਰਦੇ ਰਹਿਣ ਤੋਂ ਬਾਅਦ ਜੱਗੇ ਦੇ ਇਕ ਸਾਥੀ ਨੇ ਜੱਗੇ ਤੋਂ ਇਸ ਸਭ ਕੁਝ ਦਾ ਕਾਰਨ ਪੁੱਛਿਆ। ਜੱਗਾ ਚੁੱਪਚਾਪ ਤੁਰਦਾ ਰਿਹਾ। ਇਹ ਬਲਕਾਰ ਦੀ ਬੀਬੀ ਉਹ ਕੁੜੀ ਸੀ ਜਿਸ ਨਾਲ ਉਸ ਦੀ ਜਵਾਨੀ ਤੋਂ ਪਹਿਲਾਂ ਦੇ ਕੁਝ ਦਿਨ ਬੀਤੇ ਸਨ। ਹੁਣ ਉਸ ਦਾ ਆਪਣਾ ਘਰ ਆਪਣੇ ਦੋ ਪਿਆਰੇ-ਪਿਆਰੇ ਬੱਚੇ ਸਨ। ਉਹ ਹੋਰ ਬਹੁਤ ਕੁਝ ਕਰ ਸਕਦਾ ਸੀ ਪਰ 'ਉਸ' ਦੇ ਘਰ ਨੂੰ ਬਰਬਾਦ ਨਹੀਂ ਸੀ ਕਰ ਸਕਦਾ।

***ਜੱਗੇ ਨੂੰ ਮਾਰਨ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪੁਲਿਸ ਦੇ ਭੇਤੀ ਵੀ ਜੱਗੇ ਦਾ ਪਿੱਛਾ ਕਰ ਰਹੇ ਸਨ। 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ' ਵਾਲੀ ਗੱਲ। ਉਸ ਨੇ ਮੁੜ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ ਪਰ ਸਭ ਕੁਝ ਇੰਨੀ ਹੁਸ਼ਿਆਰੀ ਨਾਲ ਕਰਦਾ ਕਿ ਪੁਲਿਸ ਨੂੰ ਪਤਾ ਹੀ ਨਾ ਲੱਗਦਾ ਕਿ ਇਸ 'ਬਾਜ਼' ਦਾ ਪੰਜਾ ਕਿਸ ਉੱਤੇ ਪੈਣ ਵਾਲਾ ਹੈ?***

ਦੂਜੇ ਪਾਸੇ ਜੱਗੇ ਨੂੰ ਮਾਰਨ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪੁਲਿਸ ਦੇ ਭੇਤੀ ਵੀ ਜੱਗੇ ਦਾ ਪਿੱਛਾ ਕਰ ਰਹੇ ਸਨ। 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ' ਵਾਲੀ ਗੱਲ। ਉਸ ਨੇ ਮੁੜ ਡਾਕੇ ਮਾਰਨੇ ਸ਼ੁਰੂ ਕਰ ਦਿੱਤੇ ਪਰ ਸਭ ਕੁਝ ਇੰਨੀ ਹੁਸ਼ਿਆਰੀ ਨਾਲ ਕਰਦਾ ਕਿ ਪੁਲਿਸ ਨੂੰ ਪਤਾ ਹੀ ਨਾ ਲੱਗਦਾ ਕਿ ਇਸ 'ਬਾਜ਼' ਦਾ ਪੰਜਾ ਕਿਸ ਉੱਤੇ ਪੈਣ ਵਾਲਾ ਹੈ? ਫੜਿਆ ਜਾਣਾ ਵੀ ਬਹੁਤ ਮੁਸ਼ਕਿਲ ਸੀ, ਸਾਰੇ ਗਰੀਬ ਗੁਰਬੇ ਉਸ ਦੇ ਵੱਲ ਸਨ। ਉਹ ਅਮੀਰਾਂ ਨੂੰ ਲੁੱਟਦਾ ਅਤੇ ਗਰੀਬਾਂ 'ਚ ਵੰਡਦਾ। ਇਹ ਕੁਝ ਕਰਦਿਆਂ ਉਸ ਦੀ ਦਾੜ੍ਹੀ ਅਤੇ ਸਿਰ ਦੇ ਵਾਲ ਕਾਫੀ ਵਧ ਗਏ ਸਨ।

ਇਕ ਦਿਨ ਇਕ ਮੁਖਬਰੀ ਨੇ ਥਾਣੇਦਾਰ ਨੂੰ ਆ ਕੇ ਖਬਰ ਦਿੱਤੀ ਕਿ ਜੱਗੇ ਨੇ ਰੁਲਦੂ ਨਾਈ ਨੂੰ ਆਪਣੀ ਹਜ਼ਾਮਤ ਕਰਨ ਲਈ ਬੁਲਾਇਆ ਹੈ। "ਹਜ਼ਾਮਤ? ਰੁਲਦੂ ਨਾਈ?" ਥਾਣੇਦਾਰ ਨੇ ਰੁਲਦੂ ਨੂੰ ਕਿਸੇ ਨਿਵੇਕਲੀ ਜਿਹੀ ਥਾਂ ਬੁਲਾਇਆ, "ਦੇਖ ਰੁਲਦੂ! ਗੋਰੀ ਸਰਕਾਰ ਨੇ ਮੈਨੂੰ ਚਿਤਾਵਨੀ ਦਿੱਤੀ ਹੈ ਕਿ ਜਾਂ ਤਾਂ ਮੈਂ ਜੱਗੇ ਦਾ ਕੁਝ ਇਲਾਜ ਕਰਾਂ, ਜਾਂ ਆਪਣੀ ਨੌਕਰੀ ਤੋਂ ਹੱਥ ਧੋਵਾਂ।"

"ਤਾਂ ਹਜ਼ੂਰ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?"

"ਉਹ ਹਮੇਸ਼ਾ ਤੇਰੇ ਕੋਲੋਂ ਆਪਣੀ ਹਜ਼ਾਮਤ ਕਰਵਾਉਂਦਾ ਹੈ, ਹੁਣ ਆਪਣੀ ਹਜ਼ਾਮਤ ਲਈ ਤੈਨੂੰ ਹੀਬੁਲਾਏਗਾ...।"

"ਕੀ ਪਤਾ, ਬੁਲਾਏ ਜਾਂ ਨਾ ਬੁਲਾਏ।" ਰੁਲਦੂ ਨੇ ਵਿਚੋਂ ਹੀ ਟੋਕਦਿਆਂ ਆਖਿਆ।

"ਜੇ ਨਾ ਬੁਲਾਏ ਤਾਂ ਦੇਖੀ ਜਾਏਗੀ ਪਰ ਜੇ ਬੁਲਾਏ ਤਾਂ...।"

ਉਸ ਤੋਂ ਬਾਅਦ ਉਹ ਦੋਵੇਂ ਇਕ ਦੂਜੇ ਨਾਲ ਘੁਸਰ-ਮੁਸਰ ਕਰਦੇ ਰਹੇ। ਆਖਰ ਰੁਲਦੂ ਦੇ ਤਰਲੇ ਲੈਂਦਿਆਂ ਆਖਿਆ, "ਨਹੀਂ ਹਜ਼ੂਰ, ਇਹ ਕੰਮ ਮੇਰੇ ਕੋਲੋਂ ਨਾ ਕਰਵਾਓ। ਇਹ ਮੇਰੇ ਕੋਲੋਂ ਨਹੀਂ ਹੋਣਾ।"

"ਸੋਚ ਲੈ। ਦੇਖ ਤੇਰਾ ਪੁੱਤ ਸਰਵਣ ਜੱਟ ਦੀ ਚੋਰੀ-ਚੋਰੀ ਕਮਾਦ ਕੱਟਦਿਆਂ ਫੜਿਆ ਗਿਆ ਸੀ। ਅਜੇ ਵੀ ਸਾਡੀ ਹਿਰਾਸਤ 'ਚ ਹੈ। ਤੇਰੇ ਖਿਲਾਫ ਵੀ ਸਾਡੇ ਕੋਲ ਕਈ ਸ਼ਿਕਾਇਤਾਂ ਆ ਚੁੱਕੀਆਂ ਹਨ (ਇਹ ਉਸ ਨੂੰ ਆਪਣੇ ਮਨੋਂ ਉਸ ਨੂੰ ਡਰਾਉਣ ਲਈ ਆਖਿਆ ਸੀ)। ਹੁਣ ਤੂੰ ਆਪ ਸੋਚ ਲੈ।" ਥਾਣੇਦਾਰ ਆਪਣੀ ਪੁਲਸੀਆਂ ਵਾਲੀ ਰੋਹਬਦਾਰ ਅਤੇ ਡਰਾਉਣੀ ਆਵਾਜ਼ 'ਚ ਬੋਲਿਆ।

ਦੋ ਕੁ ਦਿਨ ਬਾਅਦ ਜੱਗੇ ਅਤੇ ਰੁਲਦੂ ਵਿਚਕਾਰ ਤੈਅ ਹੋਇਆ ਕਿ ਰੁਲਦੂ ਆਪਣਾ ਹਜ਼ਾਮਤ ਦਾ ਸਮਾਨ ਲੈ ਕੇ ਰੋਹੀ (ਬਰਸਾਤੀ ਨਾਲੇ) ਦੇ ਪਰਲੇ ਕੰਢੇ ਨਾਲ ਤੁਰਦਿਆਂ-ਤੁਰਦਿਆਂ ਕੱਲੂ ਫਕੀਰ ਦੇ ਤਕੀਏ ਤੋਂ ਜ਼ਰਾ ਕੁ ਅੱਗੇ ਆ ਜਾਵੇ, ਉਹ (ਜੱਗਾ) ਉਸ ਨੂੰ ਬੁੱਢੇ ਬੋਹੜ ਦੇ ਥੱਲੇ ਬੈਠਿਆ ਮਿਲ ਜਾਵੇਗਾ।

ਐਨ ਉਸ ਵੇਲੇ ਬਿਆਸ ਦੇ ਇਕੋ ਇਕ ਇਸਾਈਆਂ ਦੇ ਘਰ ਰਹਿਆ 'ਚਾਰਲਸ ਮਸੀਹ' ਆਪਣੀ ਪੰਛੀਆਂ ਨੂੰ ਮਾਰਨ ਦੀ ਬੰਦੂਕ ਲੈ ਕੇ ਇਕ ਰੁੱਖ ਦੀ ਛਾਵੇਂ ਬੈਠਿਆ ਹੋਇਆ ਸੀ। ਰੁਲਦੂ ਨੂੰ ਇਸ ਤਰ੍ਹਾਂ ਉਜਾੜ ਜਿਹੇ 'ਚ ਆਪਣਾ ਹਜ਼ਾਮਤੀ ਸਮਾਨ ਲੈ ਕੇ ਅਤੇ ਕਾਹਲੀ-ਕਾਹਲੀ ਜਾਂਦਿਆਂ ਦੇਖ ਕੇ ਪੁੱਛਿਆ, "ਓਏ ਰੁਲਦੂ, ਇਧਰ ਕਿਸ ਦੀ ਹਜ਼ਾਮਤ ਕਰਨ ਚੱਲਿਆਂ? ਗਿੱਦੜ ਦੀ?" ਪਰ ਨਾਈ ਉਸ ਦੀ ਗੱਲ ਅਣਸੁਣੀ ਕਰਕੇ ਛੇਤੀ-ਛੇਤੀ ਪੈਰ ਪੁੱਟ ਦਿਆਂ ਉਸ ਦੇ ਕੋਲੋਂ ਦੀ ਹੋ ਕੇ ਲੰਘ ਗਿਆ।

ਇਸ ਤਰ੍ਹਾਂ ਦੇ ਹਾਲਾਤ ਅਤੇ ਵਾਤਾਵਰਨ 'ਚ ਦੇਖਣ ਵਾਲੇ ਨੂੰ ਕੁਝ 'ਅਣਹੋਣੀ' ਵਾਪਰਨ ਦੀ ਕਨਸੋਅ ਜਿਹੀ ਪੈ ਜਾਂਦੀ ਹੈ। ਚਾਰਲਸ ਮਸੀਹ ਕੁਝ ਦੂਰੀ ਰੱਖਦਿਆਂ ਉਸ ਦੇ ਪਿੱਛੇ-ਪਿੱਛੇ ਤੁਰ ਪਿਆ। ਕੁਝ ਅੱਗੇ ਜਾ ਕੇ ਰੁਲਦੂ ਨੇ ਰੋਹੀ ਦੇ ਤਕਰੀਬਨ ਤਿੰਨ-ਚਾਰ ਸੌ ਗਜ਼ ਘਾਟ ਨੂੰ ਪਾਰ ਕੀਤਾ ਅਤੇ ਬੋਹੜ ਥੱਲੇ ਬੈਠੇ ਜੱਗੇ ਕੋਲ ਪਹੁੰਚ ਗਿਆ। ਉਹ ਉਸੇ ਪਾਸੇ ਇਕ ਰੁਖ ਦੀ ਓਟ 'ਚ ਬੈਠ ਕੇ ਦੇਖਦਾ ਰਿਹਾ । ਰੁਲਦੂ ਨੇ ਜੱਗੇ ਕੋਲ ਜਾ ਕੇ ਉਸ ਦੇ ਪੈਰਾਂ ਨੂੰ ਹੱਥ ਲਾ ਕੇ 'ਸਤਿ ਸ੍ਰੀ ਅਕਾਲ' ਬੁਲਾਈ ਅਤੇ ਆਪਣਾ ਪਹਿਲਾਂ ਤੋਂ ਹੀ ਤੇਜ਼ ਕੀਤਾ ਉਸਤਰਾ ਕੱਢ ਕੇ ਆਪਣੇ ਚਮੜੇ ਦੀ ਪੱਟੀ 'ਤੇ ਹੋਰ ਤੇਜ਼ ਕਰਦਾ ਰਿਹਾ।

ਇਸ ਤਰ੍ਹਾਂ ਹੱਥ ਹਲਾਉਂਦਿਆਂ ਉਸ ਦਾ ਹੱਥ ਕੁਝ ਕੰਬ ਰਿਹਾ ਸੀ। ਦੇਖ ਕੇ ਜੱਗੇ ਨੇ ਪੁੱਛਿਆ ਕਿ ਤੇਰਾ ਹੱਥ ਕੰਬ ਕਿਉਂ ਰਿਹਾ ਹੈ? ਤਬੀਅਤ ਤੇ ਵੱਲ ਹੈ?"

ਇਸ ਦੇ ਅੱਗੇ ਜੋ ਦੂਸਰੇ ਪਾਰ ਚਾਰਲਸ ਮਸੀਹ ਨੇ ਦੇਖਿਆ, ਉਹ ਦਿਲ ਕੰਬਾਉਣ ਵਾਲਾ ਸੀ। ਰੁਲਦੂ ਨੇ ਆਪਣੇ ਸਾਬਣ ਨੂੰ ਪਾਣੀ ਨਾਲ ਗਿੱਲਾ ਕੀਤਾ, ਗੋਲ ਜਿਹੇ ਬਰੁਸ਼ ਨਾਲ ਸਾਬਣ ਦੀ ਝੱਗ ਨੂੰ ਆਪਣੇ ਬਰੁਸ਼ 'ਚ ਸਮੋਇਆ ਅਤੇ ਜੱਗੇ ਦੀਆਂ ਗੱਲ੍ਹਾਂ ਤੇ ਠੋਡੀ ਉੱਤੇ ਮਲਣ ਲੱਗਾ। ਫਿਰ ਉਸ ਨੇ ਆਪਣੇ ਕੰਬਦੇ ਹੱਥਾਂ ਨੂੰ ਚੰਗੀ ਤਰ੍ਹਾਂ ਮਜ਼ਬੂਤ ਕੀਤਾ ਅਤੇ ਦੂਜੇ ਹੀ ਪਲ ਉਸ ਦਾ ਉਸਤਰਾ ਜੱਗੇ ਦੀ ਸਾਹ ਰਗ ਨੂੰ ਕੱਟ ਕੇ ਦੂਸਰੇ ਪਾਰ ਮੁੜ ਗਿਆ। ਗਲੇ 'ਚ ਲਹੂ ਦੀ ਧਤੀਰੀ ਵਗ ਨਿਕਲੀ ਅਤੇ ਭੁੰਜੇ ਪਈ ਰੋੜ 'ਤੇ ਫੁਲਦਿਆਂ ਰੇਤ ਨੂੰ ਲਾਲ ਰੰਗ 'ਚ ਰੰਗਣ ਲੱਗੀ। ਜੱਗੇ ਨੇ ਹੈਰਾਨੀ ਭਰੀਆਂ ਅੱਖਾਂ ਨਾਲ ਪਹਿਲਾਂ ਆਪਣੇ ਵਗਦੇ ਲਹੂ ਅਤੇ ਫਿਰ ਇਕ ਪਲ ਰੁਲਦੂ ਵੱਲ ਤੱਕਿਆ ਅਤੇ ਦੂਜੇ ਹੀ ਪਲ ਰੇਤ ਉੱਤੇ ਜਾ ਡਿੱਗਿਆ।

ਕਈ ਵਰ੍ਹੇ ਬੀਤ ਗਏ। ਚਾਰਲਸ ਮਸੀਹ ਕੈਨੇਡਾ ਦੇ ਟੋਰਾਂਟੋ ਸ਼ਹਿਰ 'ਚ ਜਾ ਵਸਿਆ। ਮੇਰੇ ਮਾਮੇ ਨੂੰ ਵੀ ਇਕ ਵਾਰ ਟੋਰਾਂਟੋ ਜਾਣ ਦਾ ਅਵਸਰ ਮਿਲਿਆ। ਉਦੋਂ ਤੱਕ ਬਹੁਤ ਘੱਟ ਹਿੰਦੋਸਤਾਨੀ ਕੈਨੇਡਾ ਪਹੁੰਚੇ ਸਨ। ਟੋਰਾਂਟੋ ਸ਼ਹਿਰ ਦਾ ਹਰ ਹਿੰਦੁਸਤਾਨੀ ਇਕ-ਦੂਜੇ ਨੂੰ ਜਾਣਦਾ ਸੀ। ਮੇਰੇ ਮਾਮੇ ਨੇ ਆਪਣੇ ਕਿਸੇ ਜਾਣਕਾਰ ਤੋਂ ਚਾਰਲਸ ਬਾਰੇ ਪੁੱਛਿਆ ਤਾਂ ਉਸ ਨੇ ਹੱਸਦਿਆਂ ਆਖਿਆ, "ਭਲਾ ਉਸ ਨੂੰ ਕੌਣ ਨਹੀਂ ਜਾਣਦਾ। ਹੁਣ ਉਹ ਕੰਮ ਹੀ ਕਰਦਾ ਹੈ। ਪੰਜਾਬੀਆਂ ਨੂੰ ਇੱਥੇ ਮੰਗਾ ਕੇ ਵਧਾਉਣ ਦਾ।" ਦੂਸਰੇ ਦਿਨ ਹੀ ਅਸੀਂ ਦੋਵੇਂ ਉਸ ਦੇ ਘਰ ਪਹੁੰਚ ਗਏ। ਬਿਆਸ ਦੀਆਂ ਗੱਲਾਂ ਕਰਦਿਆਂ-ਕਰਦਿਆਂ ਜੱਗੇ ਡਾਕੂ ਦਾ ਜ਼ਿਕਰ ਵੀ ਆ ਗਿਆ। ਗੱਲਾਂ ਕਰਦਿਆਂ-ਕਰਦਿਆਂ ਮਾਮੇ ਨੇ ਪੁੱਛਿਆ, "ਤੂੰ ਤਾਂ ਜੱਗੇ ਨੂੰ ਰੁਲਦੂ ਦੁਆਰਾ ਮਾਰਿਆ ਜਾਂਦਿਆਂ ਆਪਣੀ ਅੱਖੀਂ ਦੇਖਿਆ ਹੈ।"

"ਹਾਂ, ਬਿਲਕੁਲ ਦੇਖਿਆ।"

"ਤੈਨੂੰ ਪਤਾ ਹੀ ਹੋਵੇਗਾ", ਮੇਰੇ ਮਾਮੇ ਨੇ ਉਸ ਵੱਲ ਗਹੁ ਨਾਲ ਤੱਕਦਿਆਂ ਆਖਿਆ, "ਜੱਗੇ ਦਾ ਇਕ 'ਮਲੰਗ' ਨਾਮ ਦਾ ਜੋੜੀਦਾਰ ਵੀ ਸੀ।"

"ਹਾਂ, ਬਿਲਕੁਲ। ਉਹ ਕਿਹੜਾ ਜੱਗੇ ਤੋਂ ਘੱਟ ਸੀ। ਲੋਕੀਂ ਕਿਹਾ ਕਰਦੇ ਸਨ- ਦਿਨੇ ਰਾਜ ਫਰੰਗੀ ਦਾ, ਰਾਤੀਂ ਰਾਜ ਮਲੰਗੀ ਦਾ।"

"ਜਦੋਂ ਮਲੰਗੀ ਫੜਿਆ ਗਿਆ", ਮਾਮੇ ਨੇ ਭੇਤਭਰੇ ਸੁਰ ਵਿਚ ਆਖਿਆ, "ਪੁਲਿਸ ਦੁਆਰਾ ਪੁੱਛ-ਗਿੱਛ ਹੁੰਦਿਆਂ ਜੱਗੇ ਦਾ ਸ਼ਿਕਾਰ ਵੀ ਆ ਗਿਆ। ਉਸ ਨੇ ਪੁਲਿਸ ਨੂੰ ਦੱਸਿਆ ਕਿ ਜਦੋਂ ਜੱਗਾ ਰੁਲਦੂ ਦੁਆਰਾ ਵੱਢਿਆ ਗਿਆ ਤਾਂ ਉਸ ਦੇ ਬੋਝੇ 'ਚ ਤਿੰਨ ਬੇਸ਼ਕੀਮਤ ਹੀਰੇ ਸਨ ਜੋ ਕੁਝ ਦਿਨ ਪਹਿਲਾਂ ਉਸ ਨੇ ਚੁਰੰਜੀ ਲਾਲ ਸ਼ਾਹੂਕਾਰ ਦੇ ਘਰੋਂ ਲੁੱਟੇ ਸਨ। ਪੁਲਿਸ ਨੂੰ ਚਾਂਦੀ ਦੇ ਰੁਪਏ ਤਾਂ ਮਿਲ ਗਏ ਪਰ ਹੀਰੇ ਨਹੀਂ ਮਿਲੇ?"

ਸੁਣ ਕੇ ਚਾਰਲਸ ਆਪਣੇ ਬੁੱਲ੍ਹਾਂ 'ਤੇ ਭੇਤਭਰੀ ਮੁਸਕਰਾਹਟ ਖਿੰਡਾਰਦਿਆਂ ਗੁਰਦਿੱਤਾ ਮੱਲ ਵੱਲ ਤੱਕਦਾ ਰਿਹਾ।

# ਪੰਜਾਬੀ ਔਰਤਾਂ ਅਤੇ ਨਸ਼ੇ

ਵਿਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਕ ਹੱਡ-ਬੀਤੀ ਸੁਣਾਉਣਾ ਚਾਹੁੰਦੀ ਹਾਂ, ਜੋ ਇਸ ਵਿਸ਼ੇ ਨੂੰ ਸਮਝਣ ਵਿਚ ਕੁਝ ਸਹਾਈ ਹੋ ਸਕੇਗੀ।

ਮੈਂ 1974 ਵਿਚ ਕੈਨੇਡਾ ਆ ਗਈ। ਆਉਣ ਸਾਰ ਕੰਮ ਦੀ ਭਾਲ ਸ਼ੁਰੂ ਹੋ ਗਈ। ਇਹ ਉਹ ਦਿਨ ਸਨ ਜਦੋਂ ਭਾਰਤੀ ਮੂਲ ਦੀਆਂ ਔਰਤਾਂ ਨੂੰ ਪੜ੍ਹੀਆਂ-ਲਿਖੀਆਂ ਹੋਣ ਦੇ ਬਾਵਜੂਦ ਦਫਤਰਾਂ ਵਿਚ ਜਾਂ ਕੋਈ ਹੋਰ ਚੰਗਾ ਕੰਮ ਨਹੀਂ ਸੀ ਮਿਲਦਾ। ਮੈਂ ਸੁਣਿਆ ਸੀ ਕਿ ਸਾਰਿਆਂ ਨੂੰ ਸਫਾਈ ਜਾਂ ਹੋਟਲਾਂ ਵਿਚ ਭਾਂਡੇ ਧੋਣ ਦੇ ਕੰਮ ਤੋਂ ਹੀ ਸ਼ੁਰੂ ਕਰਨਾ ਪੈਂਦਾ ਹੈ। ਮੇਰੇ ਨਾਲ ਵੀ ਅਜਿਹਾ ਹੀ ਹੋਇਆ। ਮੈਨੂੰ ਕੈਨੇਡਾ ਆਈ ਨੂੰ ਭਾਵੇਂ ਦੋ-ਤਿੰਨ ਸਾਲ ਹੋ ਗਏ ਸਨ ਤੇ ਕਈ ਥਾਈਂ ਕੰਮ ਕਰ



ਸੁਰਿੰਦਰ ਗੀਤ
ਫੋਨ: 403 605 3734

ਚੁੱਕੀ ਸਾਂ ਪਰ ਜਿਸ ਵਕਤ ਦੀ ਘਟਨਾ ਦਾ ਮੈਂ ਜ਼ਿਕਰ ਕਰਨਾ ਹੈ, ਉਸ ਸਮੇਂ ਮੈਂ ਬੇਰੁਜ਼ਗਾਰ ਸਾਂ ਅਤੇ ਕੰਮ ਦੀ ਮੈਨੂੰ ਸਖ਼ਤ ਲੋੜ ਸੀ।

ਹੋਇਆ ਇਉਂ ਕਿ ਮੈਨੂੰ ਡਾਊਨ ਟਾਊਨ ਦੇ ਇਕ ਕਾਫੀ ਮਹਿੰਗੇ ਹੋਟਲ ਦੀ ਕਿਚਨ ਵਿਚ ਕਿਚਨ ਹੈਲਪਰ ਦਾ ਕੰਮ ਮਿਲ ਗਿਆ। ਆਪਣਾ ਪਰਸ ਤੇ ਕੋਟ ਮੈਂ ਦਿੱਤੇ ਗਏ ਲਾਕਰ ਵਿਚ ਰੱਖ ਕੇ ਕਿਚਨ ਵਿਚ ਚਲੀ ਗਈ। ਤਸਮਿਆਂ ਵਾਲੇ ਬੂਟ ਮੈਂ ਘਰੋਂ ਹੀ ਪਾ ਕੇ ਗਈ ਸਾਂ। ਸ਼ਾਮ ਦੀ ਸ਼ਿਫ਼ਟ ਸੀ ਭਾਵ ਚਾਰ ਤੋਂ ਰਾਤ 12 ਵਜੇ ਤਕ। ਘੰਟਾ ਕੁ ਆਰਾਮ ਨਾਲ ਬੀਤਿਆ। ਮੈਂ ਕੁਝ ਕੰਮ ਵੀ ਕੀਤਾ। ਕੀ ਦੇਖਦੀ ਹਾਂ ਕਿ ਬੜੀ ਸੋਹਣੀ ਸੁਨੱਖੀ ਮੁਟਿਆਰ ਆਈ ਤੇ ਇਕ ਬੋਤਲ ਚੁੱਕ ਕੇ ਤਿੰਨ ਗਲਾਸਾਂ ਵਿਚ ਸ਼ਰਾਬ ਪਾ ਕੇ, ਟਰੇਅ ਵਿਚ ਰੱਖ ਕੇ ਕਾਹਲੀ-ਕਾਹਲੀ ਚਲੀ ਗਈ। ਉਸ ਦੇ ਕੱਪੜੇ ਵੀ ਬਹੁਤ ਅਜੀਬ ਜਿਹੇ ਸਨ। ਮੈਂ ਸਮਝਿਆ ਕਿ ਨਾਚ ਗਾਣੇ ਵਾਲੀ ਹੈ। ਉਸਨੂੰ ਗਲਾਸ ਵਿਚ ਸ਼ਰਾਬ ਪਾਉਂਦਿਆਂ ਦੇਖ ਮੈਂ ਕੰਬ ਗਈ। ਮਿਊਜ਼ਿਕ ਚੱਲ ਰਿਹਾ ਸੀ। ਭਾਵੇਂ ਅੰਗਰੇਜ਼ੀ ਗੀਤ ਦੀ ਸਮਝ ਨਹੀਂ ਸੀ ਆ ਰਹੀ ਪਰ ਮੈਨੂੰ ਚੰਗਾ ਲੱਗਿਆ। ਫਿਰ ਇਕ ਹੋਰ ਜਵਾਨ ਕੁੜੀ ਆਈ। ਉਸਨੇ ਮੈਨੂੰ ਹੈਲੋ ਕਿਹਾ ਤੇ ਗੱਲ ਕਰਨੀ ਚਾਹੀ। ਮੈਂ ਹੈਲੋ ਕਹਿ ਕੇ ਛੇਤੀ ਨਾਲ ਪਰ੍ਹੇ ਨੂੰ ਹੋ ਗਈ। ਹੁਣ ਤਕ ਸ਼ਰਾਬ ਦੀ ਬਦਬੂ ਵੀ ਆਉਣੀ ਸ਼ੁਰੂ ਹੋ ਗਈ ਸੀ। ਮੈਨੂੰ ਘਬਰਾਈ ਹੋਈ ਨੂੰ ਦੇਖ ਕੇ ਕਿਚਨ ਵਿਚ ਕੰਮ ਕਰਦਾ ਇਕ ਆਦਮੀ ਮੇਰੇ ਵੱਲ ਆਇਆ। ਉਹ ਕਿਚਨ ਦਾ ਸੁਪਰਵਾਈਜ਼ਰ ਸੀ। ਮੈਨੂੰ ਉਸ ਕੋਲੋਂ ਵੀ ਸ਼ਰਾਬ ਦੀ ਬਦਬੂ ਆਈ। ਮੈਂ ਸੋਚਿਆ ਉਸਨੇ ਪੀਤੀ ਹੋਈ ਹੈ ਤੇ ਮੇਰਾ ਡਰ ਹੋਰ ਵੀ ਵਧ ਗਿਆ। ਉਸ ਨੇ ਪੀਤੀ ਨਹੀਂ ਸੀ ਸਗੋਂ ਕਿਚਨ 'ਚੋਂ ਹੀ ਸ਼ਰਾਬ ਦੀ ਬਦਬੂ ਆ ਰਹੀ ਸੀ। ਉਸ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਹੀ ਸੀ ਕਿ ਮੈਂ ਇਕਦਮ ਪਰ੍ਹੇ ਹੋ ਗਈ। ਹੋਰ ਦੋ-ਤਿੰਨ ਕੁੜੀਆਂ ਆਈਆਂ ਤੇ ਟਰੇਆਂ ਵਿਚ ਸ਼ਰਾਬ ਰੱਖ ਕੇ ਚਲੀਆਂ ਗਈਆਂ। ਕੁੱਕ ਆਪਣੇ ਆਹਰ ਲੱਗਿਆ ਹੋਇਆ ਸੀ। ਸ਼ਰਾਬ ਦੀ ਬਦਬੂ ਤੇ ਕੁੜੀਆਂ ਦੇ ਪਹਿਰਾਵੇ ਨੇ ਮੈਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਕੰਬਾ ਦਿੱਤਾ। ਮੈਂ ਰੋਣ ਲੱਗ ਗਈ। ਸੁਪਰਵਾਈਜ਼ਰ, ਫਿਰ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਕੋਈ ਪ੍ਰਾਬਲਮ ਹੈ। ਮੈਂ ਏਨਾ ਹੀ ਕਿਹਾ ਕਿ ਮੈਨੂੰ ਡਰ ਲੱਗਦਾ ਹੈ। ਮੈਂ ਘਰ ਜਾਣਾ ਹੈ। ਮੈਂ ਏਥੇ ਕੰਮ ਨਹੀਂ ਕਰ ਸਕਦੀ। ਉਸ ਨੇ ਇਕ ਹੋਰ ਸੂਟਿਡ ਬੂਟਿਡ ਆਦਮੀ ਨੂੰ ਬੁਲਾਇਆ ਤੇ ਮੇਰੇ ਡਰਨ ਦੀ ਕਹਾਣੀ ਦੱਸੀ।

'ਯੂ ਕੈਨ ਗੋ' ਕਹਿ ਕੇ ਉਸ ਨੇ ਪਿੱਠ ਭਵਾ ਲਈ ਤੇ ਜਾਂਦਾ-ਜਾਂਦਾ ਕਹਿ ਰਿਹਾ ਸੀ 'ਦਿਸ ਪਲੇਸ ਇਜ਼ ਨਾਟ ਸੂਟੇਬਲ ਫਾਰ ਇੰਡੀਅਨ ਪੀਪਲ' ਭਾਵ ਇਹ ਭਾਰਤੀ ਲੋਕਾਂ ਦੇ ਕੰਮ ਕਰਨ ਲਈ ਢੁਕਵੀਂ ਜਗ੍ਹਾ ਨਹੀਂ ਹੈ।

ਮੈਂ ਦੋ ਘੰਟੇ ਕੰਮ ਕਰਕੇ ਜਾਂ ਇੰਜ ਕਹਿ ਲਵੋ ਕਿ ਡਰ ਕੇ, ਕੰਬ ਕੇ, ਬੱਸ ਲੈ ਘਰ ਆ ਗਈ। ਪੰਦਰਾਂ ਕੁ ਦਿਨਾਂ ਬਾਅਦ ਡਾਕ ਵਿਚ ਉਨ੍ਹਾਂ ਚਾਰ ਘੰਟੇ ਦੀ ਬਣਦੀ ਤਨਖਾਹ ਦਾ ਚੈੱਕ ਭੇਜ ਦਿੱਤਾ। ਅੱਜ ਵੀ ਜਦੋਂ ਕਦੇ ਉਸ ਹੋਟਲ ਦੇ ਅੱਗੋਂ ਲੰਘਦੀ ਹਾਂ ਤਾਂ ਸੋਚਦੀ ਹਾਂ ਕਿ ਕਿੰਨਾ ਅੰਤਰ ਸੀ ਅੱਜ ਤੋਂ 40 ਕੁ ਸਾਲ ਪਹਿਲਾਂ ਤੇ ਹੁਣ ਦੇ ਸਮੇਂ ਵਿਚ। ਮੈਂ ਹੋਸਟਲਾਂ 'ਚ ਪੜ੍ਹਨ ਵਾਲੀ ਤੇ ਆਪਣੇ ਆਪ ਨੂੰ ਮਾਡਰਨ ਅਖਵਾਉਣ ਵਾਲੀ ਔਰਤ ਸ਼ਰਾਬ ਦੀ ਬਦਬੂ ਤੇ ਵੇਟਰਸ ਕੁੜੀਆਂ ਦੇ ਪਹਿਰਾਵੇ ਤੋਂ ਹੀ ਡਰ ਗਈ ਸਾਂ।

ਹਥਲਾ ਵਿਸ਼ਾ ਪੰਜਾਬੀ ਔਰਤਾਂ ਦਾ ਨਸ਼ਿਆਂ ਪ੍ਰਤੀ ਵਧ ਰਿਹਾ ਰੁਝਾਨ ਹੈ। ਇਸ ਲਈ ਗੱਲ ਔਰਤਾਂ 'ਤੇ ਹੀ ਕੇਂਦਰਿਤ ਰੱਖਾਂਗੀ। ਜਿਵੇਂ-ਜਿਵੇਂ ਕੈਨੇਡਾ ਜਾਂ ਹੋਰ ਪੱਛਮੀ ਮੁਲਕਾਂ ਵਿਚ ਸਾਡੀ ਆਬਾਦੀ ਤੇ ਖਾਸ ਕਰ ਔਰਤਾਂ ਦੀ ਜਨਸੰਖਿਆ ਵਧਦੀ ਗਈ, ਦੇਖੋ ਦੇਖ ਨਿਆਣੀ ਉਮਰ ਦੀਆਂ ਕੁੜੀਆਂ ਦਾ ਸ਼ਰਾਬ ਪੀਣ ਦਾ ਰੁਝਾਨ ਵਧਣ ਲੱਗਾ। ਅੱਜ-ਕੱਲ੍ਹ ਪਾਰਟੀਆਂ ਵਿਚ ਸਾਡੀਆਂ ਕੁੜੀਆਂ ਦੇ ਹੱਥਾਂ ਵਿਚ ਸ਼ਰਾਬ ਨਾਲ ਭਰੇ ਗਿਲਾਸ ਆਮ ਦੇਖੇ ਜਾਂਦੇ ਹਨ। ਵਕਤ ਦੇ ਨਾਲ-ਨਾਲ ਮੈਨੂੰ ਵੀ ਚੰਗੀਆਂ ਨੌਕਰੀਆਂ ਮਿਲਣ ਲੱਗੀਆਂ ਤੇ 1981 ਵਿਚ ਮਿਊਂਸੀਪਲ ਦਫ਼ਤਰ ਵਿਚ ਕਲਰਕੀ ਦਾ ਕੰਮ ਮਿਲ ਗਿਆ, ਜਿਸਦੀ ਮੈਨੂੰ ਇੱਛਾ ਸੀ। ਏਸੇ ਅਧੀਨ ਮੈਂ ਕੁਝ ਸਾਲ ਕੈਲਗਰੀ ਪੁਲੀਸ ਦੇ ਪ੍ਰਬੰਧਕੀ ਮਹਿਕਮੇ ਵਿਚ ਕੰਮ ਕੀਤਾ। ਹੁਣ ਮੈਨੂੰ ਕੈਨੇਡਾ ਦੇ ਰਹਿਣ-ਸਹਿਣ ਅਤੇ ਸਭਿਆਚਾਰ ਦੀ ਪੂਰੀ ਸਮਝ ਆ ਚੁੱਕੀ ਸੀ। ਮੈਨੂੰ ਕਿਸੇ ਤੋਂ ਡਰ ਨਹੀਂ ਸੀ ਲੱਗਦਾ। ਕੈਲਗਰੀ ਸ਼ਹਿਰ ਵਿਚ ਘਟਣ ਵਾਲੀਆਂ ਘਟਨਾਵਾਂ ਦਾ ਸਾਰਾ ਲੇਖਾ ਜੋਖਾ ਦਫ਼ਤਰ ਵਿਚ ਹੁੰਦਾ ਸੀ ਪਰ ਮੇਰਾ ਜ਼ਿਆਦਾ ਧਿਆਨ ਭਾਰਤੀ ਮੂਲ ਤੇ ਖਾਸਕਰ ਪੰਜਾਬੀ ਲੋਕਾਂ ਦੇ ਕੇਸ ਹੀ ਖਿੱਚਦੇ ਸਨ।

ਕੀ ਹੁੰਦਾ ਸੀ ਓਥੇ? ਸ਼ੁਕਰਵਾਰ ਸ਼ਾਮ ਤੋਂ ਹੀ ਸ਼ੁਰੂ ਹੋ ਜਾਂਦਾ ਸੀ, ਸਾਡੇ ਮੁੰਡੇ ਕੁੜੀਆਂ ਦਾ ਰਾਤ ਨੂੰ ਹੋਟਲਾਂ, ਬਾਰਾਂ ਵਿਚ ਜਾਣਾ, ਸ਼ਰਾਬ ਪੀਣਾ ਤੇ ਭੱਦੇ ਨਾਚ ਗਾਣਿਆਂ 'ਤੇ ਤੜਕੇ ਦੇ ਦੋ-ਤਿੰਨ ਵਜੇ ਤਕ ਟਪੂਸੀਆਂ ਮਾਰਦੇ ਰਹਿਣਾ। ਆਪਸ ਵਿਚ ਲੜਨਾ, ਸਿਰ ਪਾੜਨੇ, ਪੁਲੀਸ ਦਾ ਆਉਣਾ ਤੇ ਫੜਨਾ ਆਮ ਜਿਹੀ ਗੱਲ ਹੁੰਦੀ ਸੀ। ਮੈਨੂੰ ਇਕ ਪਰਿਵਾਰ ਦੀ ਕਹਾਣੀ ਯਾਦ ਹੈ। ਬੜਾ ਇੱਜ਼ਤਦਾਰ ਪਰਿਵਾਰ ਸੀ ਪਰ ਉਸ ਪਰਿਵਾਰ ਦੀ ਬੇਟੀ ਨੂੰ ਸ਼ਰਾਬ ਦੀ ਆਦਤ ਨੇ ਅਜਿਹਾ ਜਕੜਿਆ ਕਿ ਉਨ੍ਹਾਂ ਦਾ ਘਰ ਨਰਕ ਬਣ ਗਿਆ। ਬਾਰਾਂ ਵਿਚ ਹੋਣ ਵਾਲੀਆਂ ਲੜਾਈਆਂ 'ਚ ਮੁੱਖ ਭੂਮਿਕਾ ਉਸਦੀ ਹੁੰਦੀ ਸੀ। ਮਾਪਿਆਂ ਨੇ ਬੜੀ ਮੁਸ਼ਕਿਲ ਨਾਲ ਡਾਕਟਰੀ ਮਦਦ ਨਾਲ ਉਸਦਾ ਸ਼ਰਾਬ ਤੋਂ ਖਹਿੜਾ ਛੁਡਾਇਆ। ਉਸ ਕੁੜੀ ਦਾ ਵਿਆਹ ਹੋ ਗਿਆ ਤੇ ਉਹ ਕੈਨੇਡਾ ਛੱਡ ਕੇ ਕਿਸੇ ਹੋਰ ਦੇਸ਼ ਚਲੀ ਗਈ।

ਇਹ ਉਹ ਸਮਾਂ ਸੀ ਜਦੋਂ ਕੁਝ ਸ਼ਰਮ ਹਯਾ ਬਾਕੀ ਸੀ ਸਾਡੇ ਵਿਚ। ਕੋਈ ਕਿਸੇ ਦੇ ਧੀ ਪੁੱਤ ਦੀ ਗੱਲ ਨਹੀਂ ਸੀ ਕਰਦਾ ਪਰ ਹੁਣ ਤਾਂ ਧੀਆਂ ਪੁੱਤ ਆਪ ਹੀ ਦੱਸ ਦਿੰਦੇ ਹਨ। ਜਵਾਨ ਕੁੜੀਆਂ ਇਕੱਲੀਆਂ ਰਹਿਣ ਲੱਗੀਆਂ। ਆਜ਼ਾਦੀ ਦਾ ਕੀੜਾ ਅੰਦਰ ਵਸ ਗਿਆ। ਮੁੰਡੇ ਕੁੜੀਆਂ ਦਾ ਰਲ ਮਿਲ ਕੇ ਸ਼ਰਾਬ ਪੀਣਾ ਆਮ ਹੋ ਗਿਆ। ਸ਼ਰਾਬ ਦੇ ਨਾਲ ਨਾਲ ਹੋਰ ਨਸ਼ੇ ਵੀ ਆ ਗਏ ਆਪਣਾ ਰੰਗ ਢੰਗ ਦਿਖਾਉਣ।

ਏਥੋਂ ਦੀਆਂ ਜੰਮਪਲ ਕੁੜੀਆਂ ਦੀ ਗੱਲ ਇਕ ਪਾਸੇ ਰਹੀ, ਉਨ੍ਹਾਂ ਦੀਆਂ ਮਾਵਾਂ ਜਿਨ੍ਹਾਂ ਨੂੰ ਭਾਰਤ ਵਿਚ ਸ਼ਰਾਬ ਦੀ ਬਦਬੂ ਬੁਰੀ ਲੱਗਦੀ ਸੀ ਜਾਂ ਜਿਨ੍ਹਾਂ ਦੇ ਸੰਘ ਹੇਠੋਂ ਸ਼ਰਾਬ ਦੀ ਇਕ ਬੂੰਦ ਵੀ ਦਵਾਈ ਦੇ ਤੌਰ 'ਤੇ ਨਹੀਂ ਸੀ ਉਤਰਦੀ, ਅੱਜ ਬੋਤਲਾਂ ਦੀਆਂ ਬੋਤਲਾਂ ਖਾਲੀ ਕਰ ਦਿੰਦੀਆਂ ਹਨ। ਆਮ ਦੇਖਣ ਵਿਚ ਆਉਂਦਾ ਹੈ ਕਿ ਪਾਰਟੀਆਂ ਵਿਚ ਜਿੱਥੇ ਆਦਮੀ ਆਪਣਾ ਗਿਲਾਸ ਭਰ ਕੇ ਲਿਆਉਂਦਾ ਹੈ ਓਥੇ ਆਪਣੀ ਪਤਨੀ ਲਈ ਵੀ ਉਸਦਾ ਮਨਪਸੰਦ ਡਰਿੰਕ ਲੈ ਕੇ ਆਉਂਦਾ ਹੈ। ਆਪਣੇ ਹੱਥ ਵਿਚ ਮਰਦਾਂ ਵਾਂਗ ਸ਼ਰਾਬ ਦਾ ਗਿਲਾਸ ਲੈ ਕੇ ਬੈਠਣਾ ਉਨ੍ਹਾਂ ਔਰਤਾਂ ਲਈ ਆਪਣੇ ਆਪ ਨੂੰ ਅਗਾਂਹਵਧੂ ਅਖਵਾਉਣ ਦਾ ਸੁਨਹਿਰੀ ਮੌਕਾ ਹੁੰਦਾ ਹੈ ਅਤੇ ਉਹ ਘੁੱਟਾਂ ਭਰ-ਭਰ ਆਖਦੀਆਂ ਸੁਣਦੀਆਂ ਹਨ ਕਿ ਅੱਜ-ਕਲ੍ਹ ਕੌਣ ਪ੍ਰਵਾਹ ਕਰਦਾ ਹੈ! ਸਾਰੇ ਹੀ ਪੀਂਦੇ ਹਨ। ਡੀ ਜੇ ਤੇ ਟੱਲੀ ਹੋ ਕੇ ਲੱਚਰ ਪੰਜਾਬੀ ਗੀਤਾਂ 'ਤੇ ਝੂਮਣਾ ਆਮ ਗੱਲ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਜੇ ਕੋਈ ਪ੍ਰੋਗਰਾਮ ਕੇਵਲ ਔਰਤਾਂ ਦਾ ਹੋਵੇ ਤਾਂ ਔਰਤਾਂ ਸਾਰੀਆਂ ਹੱਦਾਂ ਬੰਨ੍ਹੇ ਟੱਪ ਜਾਂਦੀਆਂ ਹਨ। ਇਨ੍ਹਾਂ ਵਿਚੋਂ ਤੀਆਂ ਦਾ ਮੇਲਾ ਜੋ ਅੱਜ-ਕਲ੍ਹ ਪੂਰਨ ਤੌਰ 'ਤੇ ਵਪਾਰਕ ਮੇਲਾ ਬਣ ਚੁੱਕਾ ਹੈ, ਵਰਣਨਯੋਗ ਹੈ। ਇਸ ਵਿਚ ਸਿਰਫ ਔਰਤਾਂ ਦੀ ਸ਼ਮੂਲੀਅਤ ਹੁੰਦੀ ਹੈ। ਪੂਰੀ ਤਰ੍ਹਾਂ ਆਜ਼ਾਦੀ ਮਾਣਦੀਆਂ ਔਰਤਾਂ ਆਪਣਾ ਆਪ ਭੁੱਲ ਜਾਂਦੀਆਂ ਹਨ। ਮਰਦਾਂ ਵਾਂਗ ਕਾਰਾਂ ਵਿਚ ਬੋਤਲਾਂ ਰੱਖਣੀਆਂ ਅਤੇ ਸ਼ਰਾਬ ਦਾ ਖੁੱਲ੍ਹਮ ਖੁੱਲ੍ਹਾ ਸੇਵਨ ਤੇ ਫਿਰ ਨਸ਼ੇ ਦੀ ਹਾਲਤ ਵਿਚ ਚੀਕਾਂ ਮਾਰ ਹੁੱਲੜਬਾਜ਼ੀ ਕਰ ਕੇ ਆਨੰਦ ਮਾਣਦੀਆਂ ਹਨ। ਅਜਿਹੇ ਹਾਲਾਤ ਵਿਚ ਗਲਤ ਕੰਮ ਵੀ ਹੋ ਜਾਂਦੇ ਹਨ, ਜੋ ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਮੁੱਕਦੀ ਗੱਲ ਪੰਜਾਬੀ ਔਰਤਾਂ ਦਾ ਸ਼ਰਾਬ ਪੀਣਾ ਫੈਸ਼ਨ ਅਤੇ ਆਧੁਨਿਕਤਾ ਦੇ ਖਾਤੇ ਵਿਚ ਪੈ ਜਾਂਦਾ ਹੈ। ਜਿਹੜੀਆਂ ਵਿਚਾਰੀਆਂ ਤੀਆਂ ਦੇ ਨਾਮ 'ਤੇ ਹੱਸਣ ਖੇਡਣ ਗਈਆਂ ਹੁੰਦੀਆਂ ਹਨ, ਉਹ ਨਿਰਾਸ਼ ਹੋ ਕੇ ਘਰਾਂ ਨੂੰ ਪਰਤਦੀਆਂ ਹਨ।

ਬਾਹਰਲੇ ਮੁਲਕਾਂ ਵਿਚ ਔਰਤਾਂ ਦੇ ਸ਼ਰਾਬ ਪੀਣ ਦੇ ਵਰਤਾਰੇ ਵਿਚ ਕਿਤੇ-ਕਿਤੇ ਮਰਦਾਂ ਦਾ ਵੀ ਦੋਸ਼ ਹੈ। ਮੇਰੀ ਇਕ ਬਹੁਤ ਹੀ ਨਜ਼ਦੀਕੀ ਸਹੇਲੀ ਨੇ ਦੱਸਿਆ ਕਿ ਜਦੋਂ ਉਹ ਕੈਨੇਡਾ ਨਵੀਂ-ਨਵੀਂ ਆਈ ਤਾਂ ਉਸ ਨਾਲ ਸ਼ਰਾਬ ਨਾ ਪੀਣ ਕਾਰਨ ਬਹੁਤ ਕਲੇਸ਼ ਹੋਇਆ। ਉਸ ਦੇ ਪਤੀ ਦੇ ਦੋਸਤ ਨੇ ਆਪਣੇ ਘਰ ਡਿਨਰ 'ਤੇ ਬੁਲਾਇਆ। ਸਾਰਿਆਂ ਨੇ ਗਿਲਾਸਾਂ ਵਿਚ ਸ਼ਰਾਬ ਪਾ ਲਈ। ਦੂਸਰੀਆਂ ਔਰਤਾਂ ਜੋ ਓਥੇ ਹਾਜ਼ਰ ਸਨ, ਉਹ ਵੀ ਗਿਲਾਸ ਲੈ ਕੇ ਬਹਿ ਗਈਆਂ। ਕੋਈ ਆਖੇ ਰੈੱਡ ਵਾਈਨ ਪਾ ਦੇਵੋ, ਕੋਈ ਆਖੇ ਥੋੜ੍ਹੀ ਆਹ ਪਾ ਦੇਵੋ, ਔਹ ਪਾ ਦੇਵੋ। ਮੇਰੀ ਸਹੇਲੀ ਨੇ ਕਦੇ ਪੀਤੀ ਨਹੀਂ ਸੀ। ਇਸ ਲਈ ਨਾਂਹ ਕਰ ਦਿੱਤੀ ਪਰ ਉਹ ਸਾਰੇ ਜਣੇ ਉਸ ਦੇ ਪਤੀ ਸਮੇਤ ਮਗਰ ਪੈ ਗਏ। ਇਕ ਨੇ ਜ਼ਬਰਦਸਤੀ ਉਸ ਦੇ ਗਿਲਾਸ ਵਿਚ ਸ਼ਰਾਬ ਪਾ ਦਿੱਤੀ। ਉਹ ਥੋੜ੍ਹਾ ਚਿਰ ਗਿਲਾਸ ਲੈ ਕੇ ਬੈਠੀ ਰਹੀ। ਡਰਦੀ ਮਾਰੀ ਨੇ ਪੀਣ ਦਾ ਦਿਖਾਵਾ ਵੀ ਕੀਤਾ ਪਰ ਘੁੱਟ ਉਸ ਦੇ ਸੰਘ ਤੋਂ ਥੱਲੇ ਨਾ ਉਤਰੀ। ਉਹ ਅੱਖ ਬਚਾ ਕੇ ਕਿਚਨ 'ਚ ਗਈ ਤੇ ਸਿੰਕ ਵਿਚ ਡੋਲ੍ਹ ਆਈ। ਕਿਸੇ ਨੂੰ ਪਤਾ ਲੱਗ ਗਿਆ। ਉਸਦਾ ਮਜ਼ਾਕ ਉਡਿਆ। ਘਰ ਆ ਕੇ ਉਸਦੇ ਪਤੀ ਨੇ ਕਲੇਸ਼ ਕੀਤਾ। ਉਸ ਦੇ ਪਤੀ ਦਾ ਕਹਿਣਾ ਸੀ ਕਿ ਲੋਕੀਂ ਕੀ ਆਖਣਗੇ ਕਿ ਉਹ ਅਨਪੜ੍ਹਾਂ ਵਾਂਗ ਵਿਹਾਰ ਕਰਦੀ ਹੈ ਜਦਕਿ ਉਹ ਓਥੇ ਬੈਠੀਆਂ ਸਾਰੀਆਂ ਔਰਤਾਂ ਤੋਂ ਵੱਧ ਪੜ੍ਹੀ-ਲਿਖੀ ਸੀ। ਹੁਣ ਉਹ ਪਾਰਟੀਆਂ ਵਿਚ ਮਾੜੀ ਮੋਟੀ ਪੀ ਲੈਂਦੀ ਹੈ। ਬਹੁਤੀ ਵਾਰ ਥੋੜ੍ਹੇ ਤੋਂ ਹੀ ਕੰਮ ਵਧ ਜਾਂਦਾ। ਸ਼ਰਾਬ ਪੀਣਾ ਪੱਕੀ ਆਦਤ ਬਣ ਜਾਂਦੀ ਹੈ।

ਮੈਂ ਕੈਨੇਡਾ ਦੇ ਸ਼ਹਿਰ ਸਰੀ (ਬ੍ਰਿਟਿਸ਼ ਕੋਲੰਬੀਆ) ਵਿਚ ਇਕ ਪੰਜਾਬੀ ਕਾਨਫਰੰਸ ਵਿਚ ਹਿੱਸਾ ਲਿਆ। ਡਰੱਗ ਯੂਨਿਟ ਵਿਚ ਕੰਮ ਕਰਦੇ ਸਾਰਜੈਂਟ ਜੈਗ ਖੋਸਾ ਨੇ ਖੁਲਾਸਾ ਕੀਤਾ ਕਿ ਪੰਜਾਬੀ ਮੁੰਡੇ ਜੋ ਡਰੱਗ ਦਾ ਧੰਦਾ ਕਰਦੇ ਹਨ, ਉਨ੍ਹਾਂ ਨਾਲ ਕੁੜੀਆਂ ਵੀ ਸ਼ਾਮਲ ਹੁੰਦੀਆਂ ਹਨ। ਹਰੇਕ ਗੈਂਗਸਟਰ ਦੀਆਂ ਦੋ-ਤਿੰਨ ਗਰਲ ਫਰੈਂਡਜ਼ ਦੇਖਣ ਨੂੰ ਮਿਲੀਆਂ ਹਨ। ਅਜਿਹੀਆਂ ਕੁੜੀਆਂ ਪੁੱਠੇ ਨਸ਼ੇ ਕਰਨ ਲੱਗ ਪੈਂਦੀਆਂ ਹਨ ਅਤੇ ਕਈ ਤਰ੍ਹਾਂ ਦੇ ਗੈਰ-ਕਾਨੂੰਨੀ ਧੰਦਿਆਂ ਵਿਚ ਆਪ ਹੀ ਨਹੀਂ ਧੱਸਦੀਆਂ ਸਗੋਂ ਹੋਰਨਾਂ ਦਾ ਵੀ ਬੇੜਾ ਗਰਕ ਕਰਦੀਆਂ ਹਨ। ਪੈਸੇ ਦੀ ਲਿਸ਼ਕੋਰ ਵਿਚ ਅੱਖਾਂ ਚੁੰਧਿਆ ਜਾਂਦੀਆਂ ਹਨ। ਪੁੱਠੇ ਸਿੱਧੇ ਨਸ਼ੇ ਤੋਂ ਮੇਰਾ ਭਾਵ ਸਿੰਥੈਟਿਕ ਨਸ਼ੇ ਤੋਂ ਹੈ। ਇਸ ਸਭ ਕਾਸੇ ਦਾ ਮੁੱਢ ਸ਼ਰਾਬ ਤੋਂ ਬੱਝਦਾ ਹੈ ਅਤੇ ਹੈਰੋਇਨ ਵਰਗੀਆਂ ਘਾਤਕ ਡਰੱਗਾਂ ਤਕ ਜਾ ਪੁੱਜਦਾ ਹੈ। ਨਸ਼ਿਆਂ ਅਤੇ ਸਰੀਰਕ ਧੰਦਿਆਂ ਦਾ ਕੰਮ ਦੇਸ਼ਾਂ ਵਿਦੇਸ਼ਾਂ ਤੋਂ ਪੜ੍ਹਨ ਆਈਆਂ ਕੁੜੀਆਂ ਵਿਚ ਵੀ ਕੁਝ ਹੱਦ ਤਕ ਦਿਸਣ ਲੱਗ ਪਿਆ ਹੈ। ਸਾਰਜੈਂਟ ਜੈਗ ਖੋਸਾ ਨੇ ਓਸੇ ਕਾਨਫਰੰਸ ਵਿਚ ਜਿਸਦਾ ਜ਼ਿਕਰ ਮੈਂ ਉਪਰ ਕੀਤਾ ਹੈ, ਵਿਚ ਖੁਲਾਸਾ ਕੀਤਾ ਕਿ ਕੁੜੀਆਂ ਨੂੰ ਏਸ ਪਾਸੇ ਧਕੇਲਣ ਵਾਲੇ ਵੀ ਅਸੀਂ ਖੁਦ ਹਾਂ।

ਜਿਵੇਂ ਮੈਂ ਉਪਰ ਲਿਖਿਆ ਹੈ ਕਿ ਨਸ਼ਾ ਤਸਕਰੀ ਵਿਚ ਔਰਤਾਂ ਬਹੁਤ ਵੱਡਾ ਰੋਲ ਅਦਾ ਕਰਦੀਆਂ ਹਨ। ਕਦੇ ਕਦੇ ਕਿਸੇ ਪੰਜਾਬੀ ਔਰਤ ਦੇ ਏਅਰ ਪੋਰਟ 'ਤੇ ਨਸ਼ੇ ਸਮੇਤ ਫੜੇ ਜਾਣ ਦੀ ਘਟਨਾ ਨੂੰ ਅਖ਼ਬਾਰ ਮੋਟੇ ਅੱਖਰਾਂ ਵਿਚ ਛਾਪਦੇ ਹਨ। ਔਰਤਾਂ ਲਈ ਨਸ਼ੇ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣਾ ਸੌਖਾ ਹੁੰਦਾ ਹੈ। ਸ਼ੱਕ ਘੱਟ ਹੁੰਦਾ ਹੈ ਅਤੇ ਪੁਲੀਸ ਦੀਆਂ ਨਜ਼ਰਾਂ ਤੋਂ ਬਚਣਾ ਸੌਖਾ ਹੁੰਦਾ



ਹੈ। ਮਹਿਲਾਂ ਵਰਗੇ ਘਰਾਂ 'ਚ ਬੈਠ ਨਸ਼ੇ ਦੀਆਂ ਪੁੜੀਆਂ ਗਾਹਕਾਂ ਨੂੰ ਫੜਾਉਣੀਆਂ ਤੇ ਪੈਸੇ ਵਟੋਰਨੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਆਸਾਨ ਧੰਦਾ ਹੈ ਪਰ ਉਨ੍ਹਾਂ ਨੂੰ ਇਸਦੇ ਨੁਕਸਾਨ ਦਾ ਪਤਾ ਓਦੋਂ ਲੱਗਦਾ ਹੈ ਜਦੋਂ ਉਨ੍ਹਾਂ 'ਚੋਂ ਕਿਸੇ ਦਾ ਆਪਣਾ ਬੱਚਾ ਓਵਰਡੋਜ਼ ਨਾਲ ਮਰਿਆ ਮਿਲਦਾ ਹੈ। ਅਜਿਹੇ ਵਰਤਾਰੇ ਅਗਾਂਹ ਜਾ ਕੇ ਗੈਂਗ ਕਲਚਰ ਨੂੰ ਜਨਮ ਦਿੰਦੇ ਹਨ।

ਔਰਤਾਂ ਵਿਚ ਨਸ਼ਿਆਂ ਦਾ ਵਧ ਰਿਹਾ ਰੁਝਾਨ ਸਿਰਫ ਪ੍ਰਦੇਸ਼ਾਂ ਵਿਚ ਹੀ ਨਹੀਂ ਸਗੋਂ ਪੰਜਾਬ ਵਿਚ ਵੀ ਲੱਤਾਂ ਬਾਹਾਂ ਖਿਲਾਰੀ ਫਿਰਦਾ ਹੈ। ਨਸ਼ਿਆਂ ਦੀ ਤਸਕਰੀ ਤੋਂ ਲੈ ਕੇ ਨਸ਼ੇ ਖਾਣ ਪੀਣ ਤਕ 'ਚ ਸਾਡੀਆਂ ਮੁਟਿਆਰਾਂ ਰੁੱਝੀਆਂ ਹੋਈਆਂ ਹਨ। ਪਿੰਡਾਂ ਵਿਚ ਔਰਤਾਂ ਦਾ ਘਰ ਦੀ ਕੱਢੀ ਸ਼ਰਾਬ ਵੇਚਣਾ ਪ੍ਰਚਲਤ ਹੈ। ਘਰੋਂ ਬਾਹਰ ਪੜ੍ਹਦੀਆਂ ਕੁੜੀਆਂ ਹੋਸਟਲਾਂ ਵਿਚ ਪੈੱਗ ਨਾਲ ਪੈੱਗ ਟਕਰਾ ਆਪਣੇ ਆਪ ਨੂੰ ਅਗਾਂਹ-ਵਧੂ ਅਖਵਾਉਣ ਵਿਚ ਮਾਣ ਮਹਿਸੂਸ ਕਰਦੀਆਂ ਹਨ। ਉਨ੍ਹਾਂ ਲਈ ਇਹ ਨਵੀਂ ਤਹਿਜ਼ੀਬ ਜਾਂ ਨਵੀਂ ਤਰਜ਼ ਦੀ ਜ਼ਿੰਦਗੀ ਹੁੰਦੀ ਹੈ। ਬਹੁਤ ਦੁੱਖ ਦੀ ਗੱਲ ਹੈ ਕਿ ਜਿਉਂ-ਜਿਉਂ ਅਕਾਦਮਿਕ ਸਿੱਖਿਆ ਦਾ ਪਸਾਰ ਹੋ ਰਿਹਾ ਹੈ ਤਿਉਂ ਤਿਉਂ ਔਰਤਾਂ ਦਾ ਸ਼ਰਾਬ ਪੀਣਾ ਪੜ੍ਹੇ-ਲਿਖੇ ਹੋਣ ਦਾ ਪੈਮਾਨਾ ਸਮਝਿਆ ਜਾਣ ਲੱਗਾ ਹੈ।

ਸ਼ਰਾਬ ਦੀ ਗੱਲ ਛੱਡ ਦੂਸਰੇ ਪਾਸੇ ਆਉਂਦੇ ਹਾਂ। ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਵਿਦੇਸ਼ੀ ਤਰਜ਼ 'ਤੇ ਹੁੱਕਾਂ ਬਾਰ ਖੁੱਲ੍ਹ ਚੁੱਕੇ ਹਨ। ਸਕੂਲਾਂ-ਕਾਲਜਾਂ ਦੀਆਂ ਕੁੜੀਆਂ ਦਾ ਵੀਕ-ਐਂਡ ਇਨ੍ਹਾਂ ਹੁੱਕਾਂ ਬਾਰਾਂ 'ਚ ਬੀਤਦਾ ਹੈ। ਜਿਹੜੇ ਸਮਾਜ ਵਿਚ ਕੁੜੀਆਂ ਦੇ ਹੋਸਟਲ ਮੂਹਰੇ ਖੁੱਲ੍ਹੇ ਮੈਡੀਕਲ ਸਟੋਰ 'ਚੋਂ ਖੰਘ ਦੀਆਂ ਦਵਾਈਆਂ ਹੀ ਖਤਮ ਹੋਈਆਂ ਰਹਿੰਦੀਆਂ ਹੋਣ, ਓਥੇ ਰੱਬ ਹੀ ਰਾਖਾ ਹੈ। ਫੈਂਸੀ ਵਰਗੀ ਖੰਘ ਦੀ ਦਵਾਈ ਨਸ਼ੇ ਵਜੋਂ ਵਰਤੀ ਜਾਂਦੀ ਹੈ। ਇਹ ਸਾਡੇ ਭਵਿੱਖ ਦੀਆਂ ਮਾਵਾਂ ਹਨ ਅਤੇ ਇਨ੍ਹਾਂ ਤੋਂ ਚੰਗੇ ਸਿਹਤਮੰਦ ਸਮਾਜ ਦੀ ਸਿਰਜਣਾ ਦੀ ਆਸ ਕਿਵੇਂ ਹੋ ਸਕਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਇਸ ਸਭ ਕਾਸੇ ਲਈ ਕੌਣ ਜ਼ਿੰਮੇਵਾਰ ਹੈ। ਅਸੀਂ ਖੁਦ ਜ਼ਿੰਮੇਵਾਰ ਹਾਂ। ਔਰਤ ਦੀ ਆਜ਼ਾਦੀ ਲਈ ਚੁੱਕਿਆ ਜਾ ਰਿਹਾ ਮਸਲਾ ਪੁੱਠਾ ਪੈਂਦਾ ਨਜ਼ਰ ਆਉਂਦਾ ਹੈ। ਮੇਰਾ ਭਾਵ ਹੈ ਕਿ ਇਸ ਨਾਅਰੇ ਅਧੀਨ ਔਰਤਾਂ ਅਸਲੀ ਆਜ਼ਾਦੀ ਦਾ ਰਾਹ ਛੱਡ ਕੇ ਵਿੰਗੇ ਟੇਡੇ ਰਾਹ ਅਖਤਿਆਰ ਕਰ ਰਹੀਆਂ ਹਨ। ਜਦੋਂ ਕਿਤੇ ਔਰਤਾਂ ਦੇ ਸ਼ਰਾਬ ਪੀਣ 'ਤੇ ਉਂਗਲ ਉਠਾਈ ਜਾਂਦੀ ਹੈ ਤਾਂ ਔਰਤਾਂ ਵਲੋਂ ਹੀ ਜਵਾਬ ਮਿਲਦਾ ਹੈ ਕਿ ਜੇ ਮਰਦ ਪੀ ਸਕਦੇ ਹਨ ਤਾਂ ਔਰਤਾਂ ਕਿਉਂ ਨਹੀਂ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਅਜੋਕੇ ਸਮੇਂ ਵਿਚ ਜੀਵਨ ਦੇ ਹਰ ਪਹਿਲੂ ਵਿਚ ਔਰਤ ਮਰਦ ਦੇ ਬਰਾਬਰ ਹੈ। ਔਰਤ ਡਾਕਟਰ, ਇੰਜਨੀਅਰ ਹੈ, ਪਾਇਲਾਟ ਹੈ ਤੇ ਅਸਮਾਨੀ ਉਡਾਰੀਆਂ ਲਾਉਂਦੀ ਹੈ, ਮਰਦ ਵਾਂਗ ਕਮਾਉਂਦੀ ਹੈ ਤਾਂ ਫਿਰ ਮਰਦ ਵਾਂਗ ਸ਼ਰਾਬ ਕਿਉਂ ਨਹੀਂ ਪੀ ਸਕਦੀ। ਵਾਹ .... ਕਿੰਨਾ ਵਧੀਆ ਤਰਕ ਪੇਸ਼ ਕੀਤਾ ਜਾਂਦਾ ਹੈ ਤੇ ਉਹ ਵੀ ਪੜ੍ਹੀਆਂ ਲਿਖੀਆਂ ਔਰਤਾਂ ਵਲੋਂ। ਗੱਲ ਕੀ ਉਨ੍ਹਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਮਾਡਰਨ, ਗਿਆਨਵਾਨ ਤੇ ਬੁੱਧੀਜੀਵੀ ਹੋਣ ਦਾ ਸਬੂਤ ਦੇਣਾ ਹੁੰਦਾ ਹੈ।

ਸੱਭਿਆਚਾਰ 'ਤੇ ਜਦੋਂ ਮਾਰੂ ਟੱਕ ਵੱਜਦਾ ਹੈ ਤਾਂ ਪਤਾ ਹੀ ਨਹੀਂ ਲੱਗਦਾ। ਸਾਡੇ ਆਸੇ ਪਾਸੇ ਵਿਚਰਦੇ ਸੱਭਿਆਚਾਰ ਦਾ ਉਹ ਪੱਖ ਭਾਰੂ ਹੋ ਜਾਂਦਾ ਹੈ, ਜਿਹੜਾ ਕਹਿੰਦਾ ਹੈ ਕਿ ਸਾਨੂੰ ਪੁਰਾਤਨ ਚੀਜ਼ਾਂ ਕਬੂਲ ਨਹੀ, ਅਸੀਂ ਪੂਰਨ ਤੌਰ 'ਤੇ ਨਵੇਂ ਤੌਰ ਤਰੀਕਿਆਂ ਵਿਚ ਯਕੀਨ ਰੱਖਦੇ ਹਾਂ। ਉਨ੍ਹਾਂ ਤੌਰ ਤਰੀਕਿਆਂ ਵਿਚ ਔਰਤ ਦੀ ਅਖੌਤੀ ਆਜ਼ਾਦੀ ਦਾ ਤੱਤ ਵੀ ਸਾਹਮਣੇ ਆ ਜਾਂਦਾ ਹੈ। ਅਸੀਂ ਆਪਣੀ ਵਾਹਵਾ ਲਈ ਬਾਲੜੀਆਂ ਦੇ ਰਾਹਾਂ ਵਿਚ ਅਜਿਹੀ ਗੰਦਗੀ ਬਿਖੇਰ ਜਾਂਦੇ ਹਾਂ ਕਿ ਉਨ੍ਹਾਂ ਦੇ ਪੈਰ ਲਿੱਬੜ ਜਾਂਦੇ ਹਨ। ਇਹ ਗੰਦਗੀ ਹੌਲੀ ਹੌਲੀ ਉਨ੍ਹਾਂ ਦੀਆਂ ਰੂਹਾਂ ਤਕ ਅੱਪੜ ਕੇ ਰੂਹਾਂ ਪਲੀਤ ਕਰ ਦਿੰਦੀ ਹੈ।

ਔਰਤਾਂ ਦੇ ਨਸ਼ਿਆਂ ਦੀ ਗੱਲ ਕਰਦਿਆਂ ਆਪਣੇ ਸਮਾਜਿਕ ਤਾਣੇ-ਬਾਣੇ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਘਰ ਵਿਚ ਕੁੜੀ ਨੂੰ ਮੁੰਡੇ ਨਾਲੋਂ ਭਾਵ ਉਸ ਦੇ ਭਰਾ ਨਾਲੋਂ ਘਟੀਆ ਸਮਝਣਾ, ਬਾਪ ਵਲੋਂ ਮਾਂ ਦੀ ਕੁੱਟਮਾਰ ਕਰਨਾ ਅਤੇ ਛੋਟੀ ਉਮਰ ਵਿਚ ਹੀ ਕਿਸੇ ਕੁੜੀ ਦਾ ਉਸਦੇ ਰਿਸ਼ਤੇਦਾਰ ਵਲੋਂ ਵਾਰ ਵਾਰ ਸਰੀਰਕ ਸੋਸ਼ਣ ਕਰਨਾ, ਇਸ ਪੀੜ ਨੂੰ ਕੁੜੀ ਆਪਣੇ ਅੰਦਰ ਹੀ ਸਮਾ ਲੈਂਦੀ ਹੈ ਅਤੇ ਬਹੁਤੀ ਵਾਰ ਇਸ ਤੋਂ ਛੁਟਕਾਰਾ ਪਾਉਣ ਲਈ ਨਸ਼ਿਆਂ ਦਾ ਸਹਾਰਾ ਲੈਣ ਲੱਗ ਜਾਂਦੀ ਹੈ। ਇਹ ਸਰੀਰਕ ਸ਼ੋਸ਼ਣ ਭਾਰਤੀ ਜਾਂ ਪੰਜਾਬੀ ਸਮਾਜ ਵਿਚ ਹੀ ਨਹੀਂ ਹੁੰਦਾ ਸਗੋਂ ਪੱਛਮੀ ਮੁਲਕਾਂ ਵਿਚ ਵੀ ਆਮ ਹੈ। ਮੇਰੇ ਨਾਲ ਕੰਮ ਕਰਦੀ ਇਕ ਗੋਰੀ ਕੁੜੀ ਨੇ ਮੈਨੂੰ ਦੱਸਿਆ ਕਿ ਉਸਦਾ ਮਤਰੇਆ ਬਾਪ ਉਸ ਨਾਲ ਸਰੀਰਕ ਸ਼ੋਸ਼ਣ ਕਰਦਾ ਸੀ ਪਰ ਉਸਦੀ ਸਕੀ ਮਾਂ ਇਹ ਮੰਨਣ ਨੂੰ ਤਿਆਰ ਨਹੀਂ ਸੀ। ਉਸ ਨੇ ਦੱਸਿਆ ਕਿ ਉਹ ਆਪਣੀ ਮਾਂ ਨੂੰ ਨਫ਼ਰਤ ਕਰਦੀ ਹੈ। ਭਾਵੇਂ ਡਾਕਟਰੀ ਸਹਾਇਤਾ ਨਾਲ ਉਹ ਕੁੜੀ ਪੂਰਨ ਤੌਰ 'ਤੇ ਠੀਕ ਹੋ ਚੁੱਕੀ ਸੀ ਪਰ ਉਸਦੇ ਦੱਸਣ ਮੁਤਾਬਕ ਇਕ ਵੇਲਾ ਅਜਿਹਾ ਵੀ ਸੀ ਕਿ ਸ਼ਰਾਬ ਨੇ ਉਸਨੂੰ ਪੂਰੀ ਤਰ੍ਹਾਂ ਜਕੜ ਲਿਆ ਸੀ। ਆਪਣੇ ਮਾੜੇ ਦਿਨ ਯਾਦ ਕਰ ਕੇ ਉਸ ਦੀਆਂ ਅੱਖਾਂ ਅਕਸਰ ਨਮ ਹੋ ਜਾਂਦੀਆਂ ਸਨ।

ਮੇਰਾ ਇਕ ਰਿਸ਼ਤੇਦਾਰ ਕੈਨੇਡੀਅਨ ਇਮੀਗਰਾਂਟ ਮੁੰਡਾ ਭਾਰਤ ਜਾ ਕੇ ਪੜ੍ਹੀ-ਲਿਖੀ ਸੋਹਣੀ ਸੁਨੱਖੀ ਕੁੜੀ ਨਾਲ ਵਿਆਹ ਕਰਵਾ ਆਇਆ। ਕੁੜੀ ਸਾਧਾਰਨ ਕਿਸਾਨ ਜੱਟ ਪਰਿਵਾਰ ਦੀ ਧੀ ਸੀ ਪਰ ਮਾਪਿਆਂ ਨੇ ਉਸ ਨੂੰ ਹੋਸਟਲਾਂ ਵਿਚ ਰੱਖ ਕੇ ਚੰਗੀ ਤਾਲੀਮ ਦਿਵਾਈ। ਵਿਆਹ ਤੋਂ ਬਾਅਦ ਮੁੰਡੇ ਨੂੰ ਪਤਾ ਲੱਗਿਆ ਕਿ ਉਸਦੀ ਪਤਨੀ ਡਰੱਗ ਲੈਂਦੀ ਹੈ। ਉਹ ਉਸ ਤੋਂ ਡਰੱਗ ਦੀ ਮੰਗ ਕਰਨ ਲੱਗੀ। ਬਹਾਨੇ ਬਣਾ ਬਣਾ ਸਹੇਲੀਆਂ ਨਾਲ ਚਲੇ ਜਾਣਾ ਅਤੇ ਨਸ਼ਾ ਖਰੀਦ ਲਿਆਉਣਾ। ਏਥੋਂ ਤਕ ਕਿ ਉਸ ਦੀਆਂ ਸਹੇਲੀਆਂ ਘਰ ਆ ਕੇ ਨਸ਼ੇ ਵਾਲੀਆਂ ਗੋਲੀਆਂ ਦੇ ਜਾਇਆ ਕਰਦੀਆਂ ਸਨ। ਜਿਸ ਦਿਨ ਨਸ਼ਾ ਨਾ ਮਿਲਦਾ ਉਹ ਘਰ ਸਿਰ 'ਤੇ ਚੁੱਕ ਲੈਂਦੀ। ਉਸ ਮੁੰਡੇ ਨੇ ਦੱਸਿਆ ਕਿ ਕਈ ਵਾਰ ਉਸ ਨੇ ਆਪ ਉਸ ਨੂੰ ਮੈਡੀਕਲ ਸਟੋਰ ਤੋਂ ਨਸ਼ੇ ਦੀਆਂ ਗੋਲੀਆਂ ਲਿਆ ਕੇ ਦਿੱਤੀਆਂ ਸਨ। ਉਹ ਨਾ ਆਪ ਸੌਂਦੀ ਸੀ ਤੇ ਨਾ ਉਸ ਨੂੰ ਸੌਣ ਦਿੰਦੀ ਸੀ। ਨਸ਼ੇ ਦੀ ਤੋੜ ਵਿਚ ਉਹ ਲੱਤਾਂ ਮਾਰ-ਮਾਰ ਉਸਦਾ ਬੁਰਾ ਹਾਲ ਕਰ ਦਿੰਦੀ ਸੀ। ਦੂਜੇ ਪਾਸੇ ਮੁੰਡੇ ਨੇ ਕਦੇ ਬੀਅਰ ਦਾ ਸਵਾਦ ਵੀ ਨਹੀਂ ਸੀ ਚੱਖਿਆ। ਉਸ ਮੁੰਡੇ ਨੇ ਦੱਸਿਆ ਕਿ ਕੁੜੀ ਦੇ ਮਾਪਿਆਂ ਨੂੰ ਉਸਦੀ ਆਦਤ ਦਾ ਪਤਾ ਨਹੀਂ ਸੀ। ਜਦੋਂ ਉਸ ਨੇ ਸਬੂਤਾਂ ਸਮੇਤ ਉਨ੍ਹਾਂ ਦੀ ਜਾਣਕਾਰੀ ਵਿਚ ਲਿਆਂਦਾ ਤਾਂ ਵਿਚਾਰਿਆਂ ਦੇ ਹੋਸ਼ ਉੱਡ ਗਏ। ਔਖੇ-ਸੌਖੇ ਨੇ ਮਹੀਨਾ ਉਸ ਨਾਲ ਕੱਟਿਆ ਤੇ ਕੈਨੇਡਾ ਵਾਪਸ ਆ ਗਿਆ। ਅੰਤ ਦੋਵਾਂ ਪਰਿਵਾਰਾਂ ਦੀ ਖ਼ੱਜਲ ਖੁਆਰੀ ਪਿੱਛੋਂ ਤਲਾਕ ਹੋ ਗਿਆ।

ਮਰਦ ਅਤੇ ਔਰਤ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ ਪਰ ਕੁਦਰਤ ਨੇ ਮਰਦ ਅਤੇ ਔਰਤ ਦੇ ਜਿਸਮ ਅਤੇ ਸਰੀਰਕ ਅੰਗਾਂ ਵਿਚ ਅਜਿਹੀ ਭਿੰਨਤਾ ਦਰਸਾਈ ਹੈ ਜਿਸ ਕਰਕੇ ਮਰਦ ਮਰਦ ਹੈ ਅਤੇ ਔਰਤ ਔਰਤ ਹੈ। ਇਸ ਨੂੰ ਸਪੱਸ਼ਟ ਕਰਨ ਲਈ ਅਸੀਂ ਜੰਮਣ ਕਿਰਿਆ ਨੂੰ ਉਦਾਹਰਨ ਤੇ ਤੌਰ 'ਤੇ ਵਰਤ ਸਕਦੇ ਹਾਂ। ਬੱਚਾ ਮਾਂ ਦੀ ਕੁੱਖ

*(ਬਾਕੀ ਅਗਲੇ ਸਫੇ 'ਤੇ)*

# ਲਾਲੀ ਅੱਖੀਆਂ ਦੀ ਇਹ ਪਈ ਦੱਸਦੀ ਏ...

## ਮਾਨਸ ਤੋਂ ਦੇਵਤਾ

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਇਕ ਬੱਸ ਕਾਲ਼ਾ ਘੁਮਿਆਰ ਸੀ ਜਿਸ ਉੱਤੇ ਮੇਰਾ ਮਾਮਾ ਮੱਘਰ ਸਿੰਘ ਅੱਖਾਂ ਮੀਚ ਕੇ ਭਰੋਸਾ ਕਰਦਾ ਸੀ। ਨਾਂ ਤਾਂ ਉਹਦਾ ਕਾਲ਼ੇ ਖਾਂ ਸੀ ਪਰ ਇਕ ਮੇਰੇ ਮਾਮੇ ਤੋਂ ਬਿਨਾਂ ਸਭ ਉਹਨੂੰ ਕਾਲ਼ਾ ਹੀ ਆਖਦੇ। ਮਾਮਾ ਉਹਨੂੰ ਉਮਰੋਂ ਛੋਟਾ ਹੋਣ ਦੇ ਬਾਵਜੂਦ ਮੋਹ ਨਾਲ਼ ਕਾਲ਼ੇ ਖਾਂ ਆਖਦਾ। ਅੰਦਰ-ਬਾਹਰ ਦੇ ਉਹਦੇ ਸਾਰੇ ਕੰਮ ਕਾਲ਼ਾ ਹੀ ਕਰਦਾ। ਇਥੋਂ ਤੱਕ ਕਿ ਮਾਮਾ ਫ਼ਸਲ ਵੇਚਣ ਵੀ ਆਪ ਨਹੀਂ ਸੀ ਜਾਂਦਾ। ਕਾਲ਼ਾ ਆਪਣੇ ਗਧਿਆਂ ਉੱਤੇ ਫ਼ਸਲ ਲੱਦਦਾ ਤੇ ਗੋਨਿਆਣੇ ਮੰਡੀ ਆੜ੍ਹਤੀਏ ਦੇ ਲੈ ਜਾਂਦਾ। ਜੇ ਮਾਮਾ ਆਪ ਜਾਂਦਾ ਵੀ, ਉਹਨੇ ਕਿਹੜਾ ਹਿਸਾਬ-ਕਿਤਾਬ ਕਰ ਲੈਣਾ ਸੀ! ਉਹ ਉਨ੍ਹਾਂ ਵੇਲ਼ਿਆਂ ਦੇ ਉਨ੍ਹਾਂ ਅਨੇਕ ਪੇਂਡੂ ਲੋਕਾਂ ਵਿਚੋਂ ਸੀ ਜਿਹੜੇ ਉਮਰ ਭੋਗ ਕੇ ਬੁੜ੍ਹੇ ਹੋ ਗਏ ਹੋਣ ਦੇ ਬਾਵਜੂਦ ਵੀਹ ਤੋਂ ਵੱਧ ਗਿਣਤੀ ਨਹੀਂ ਸਨ ਜਾਣਦੇ। ਉਨ੍ਹਾਂ ਨੂੰ ਰੋਜ਼ਾਨਾ ਜੀਵਨ ਵਿਚ



**ਗੁਰਬਚਨ ਸਿੰਘ ਭੁੱਲਰ**
**ਫੋਨ: +91-80763-63058**

ਇਹਦੀ ਲੋੜ ਹੀ ਨਹੀਂ ਸੀ ਪੈਂਦੀ।

ਜਿਵੇਂ ਹੁਣ ਚੀਜ਼ਾਂ ਦੀ ਖਰੀਦ-ਵਿਕਰੀ ਦੀ ਰਕਮ ਦਾ ਜ਼ਿਕਰ ਸੈਂਕੜਿਆਂ-ਹਜ਼ਾਰਾਂ ਵਿਚ ਹੁੰਦਾ ਹੈ, ਓਦੋਂ ਵੀਹਾਂ ਵਿਚ ਹੁੰਦਾ ਸੀ। ਗਾਂ, ਬਲ਼ਦ, ਮੈਂਸ, ਆਦਿ ਪਸੂ ਐਨੀਆਂ ਵੀਹਾਂ ਦਾ ਆਇਆ ਅਤੇ ਫ਼ਸਲ ਦੇ ਐਨੇ ਵੀਹਾਂ ਵੱਟੇ ਗਏ। ਆਰਥਿਕਤਾ ਦੇ ਉਸ ਦੌਰ ਵਿਚ ਕਿਸਾਨਾਂ ਨੂੰ ਵੀਹਾਂ ਵਿਚ ਗਿਣੇ ਜਾਂਦੇ ਨੋਟਾਂ ਦੇ ਦਰਸ਼ਨ ਵੀ ਰੋਜ਼-ਰੋਜ਼ ਨਹੀਂ ਸਨ ਹੁੰਦੇ ਸਗੋਂ ਛੇ ਮਹੀਨਿਆਂ ਮਗਰੋਂ ਹਾੜ੍ਹੀ-ਸਾਉਣੀ ਦੀ ਫ਼ਸਲ ਆਈ ਤੋਂ ਹੀ ਹੁੰਦੇ ਸਨ। ਕੁਦਰਤੀ ਹੀ, ਕਿਸਾਨ ਉੱਤੇ ਨਿਰਭਰ ਭਾਂਤ-ਭਾਂਤ ਦੇ ਕਾਮਿਆਂ-ਕਿਰਤੀਆਂ ਨੂੰ ਵੀ ਹਿੱਸੇ ਬੈਠਦੇ ਨੋਟ ਉਸ ਸਮੇਂ ਹੀ ਦਰਸ਼ਨ ਦਿੰਦੇ। ਇਸ ਕਰਕੇ ਰੋਜ਼-ਰੋਜ਼ ਦੀ ਖਰੀਦਦਾਰੀ ਲਈ ਦਾਣਿਆਂ ਦੀ ਚੁੰਗ ਹੀ ਕੰਮ ਆਉਂਦੀ। ਜਾਂ ਫੇਰ ਹੁਧਾਰ, ਜੋ ਬਾਣੀਏ ਬਹੀ ਉੱਤੇ ਲਿਖਦੇ ਰਹਿੰਦੇ ਅਤੇ ਫ਼ਸਲ ਆਈ ਤੋਂ ਲੈ ਲੈਂਦੇ।

ਮਾਮੇ ਮੱਘਰ ਤੇ ਕਾਲ਼ੇ ਦੇ ਕਿੱਸੇ ਤਾਂ ਕਈ ਹਨ ਪਰ ਇਹ ਇਕ ਤਾਂ ਜ਼ਰੂਰ ਸੁਣਾਉਣ ਵਾਲ਼ਾ ਹੈ। ਇਸ ਵਿਚ ਈਮਾਨਦਾਰ, ਨਿਮਰ ਤੇ ਨਿਰਛਲ ਕਾਲ਼ੇ ਦੇ ਸੰਬੰਧ ਵਿਚ ਮਾਮੇ ਦਾ ਭੋਲ਼ਾਪਨ ਵੀ ਹੈ, ਸੁਹਿਰਦਤਾ ਵੀ ਹੈ ਅਤੇ ਘੋਰ ਨਫ਼ਰਤ ਦੇ ਦੌਰ ਵਿਚ ਆਪਣੀ ਇਨਸਾਨੀਅਤ ਨੂੰ ਅਡੋਲ ਰੱਖ ਸਕਣ ਦੀ ਸਮਰੱਥਾ ਵੀ ਹੈ।

ਮਾਮੀ ਛੋਟੇ-ਛੋਟੇ ਦੋ ਬੱਚੇ, ਇਕ ਮੁੰਡਾ ਤੇ ਇਕ ਕੁੜੀ, ਛੱਡ ਕੇ ਚਲਾਣਾ ਕਰ ਗਈ। ਮਾਮਾ ਭੋਲ਼ਾ ਤਾਂ ਜਮਾਂਦਰੂ ਹੀ ਸੀ, ਉੱਤੋਂ ਹੁਣ ਉਹਦੇ ਭੋਲ਼ੇਪਨ ਵਿਚ ਵਹਿਮ ਜੁੜ ਗਿਆ। ਜ਼ਮੀਨ ਬਹੁਤ ਸੀ। ਉਹਨੂੰ ਡਰ ਬੈਠ ਗਿਆ ਕਿ ਕੋਈ ਸ਼ਰੀਕ ਜ਼ਮੀਨ ਦੇ ਲਾਲਚ ਵਿਚ ਜੁਆਕਾਂ ਨੂੰ ਹੀ ਨਾ ਮਾਰ ਦੇਵੇ। ਨਤੀਜਾ ਇਹ ਹੋਇਆ ਕਿ ਲੋਕਾਂ ਤੋਂ ਉਹਦਾ ਭਰੋਸਾ ਹੀ ਚੁੱਕਿਆ ਗਿਆ। ਕਾਲ਼ੇ ਤੇ ਉਹਦੀ ਘਰਵਾਲ਼ੀ ਨਾਲ਼ ਮਾਮੇ ਦਾ ਵਾਹ ਮਾਮੀ ਦੇ ਜਿਉਂਦੀ ਹੋਣ ਵੇਲ਼ੇ ਦਾ ਸੀ। ਕਾਲ਼ੇ ਦੀ ਘਰਵਾਲ਼ੀ ਕੱਪੜੇ ਧੋਂਦੀ, ਕਣਕ ਛੰਡਦੀ ਤੇ ਆਟਾ ਪੀਂਹਦੀ, ਬਰਸਾਤਾਂ ਤੋਂ ਪਹਿਲਾਂ ਘਰ ਵਿਚ ਤੇ ਛੱਤਾਂ ਉੱਤੇ ਤਲ਼ੀਆਂ ਦਿੰਦੀ ਅਤੇ ਕੰਧਾਂ ਉੱਤੇ ਪਾਂਡੋ-ਪੋਚਾ ਫੇਰਦੀ। ਮਾਮਾ ਕਾਲ਼ੇ ਵਾਂਗ ਹੀ ਉਹਨੂੰ ਵੀ ਉਹਦੇ ਬਣਦੇ ਹੱਕ ਤੋਂ ਵੱਧ ਹੀ ਦਿੰਦਾ। ਸ਼ਾਇਦ ਇਸ ਲੰਮੇ ਵਾਹ ਵਿਚੋਂ ਹੀ ਮਾਮਾ ਇਸ ਸਿੱਟੇ ਉੱਤੇ ਪਹੁੰਚਿਆ ਸੀ ਕਿ ਕਾਲ਼ਾ ਭਰੋਸੇਯੋਗ ਬੰਦਾ ਹੈ।

ਕਾਲ਼ਾ ਫ਼ਸਲ ਵੇਚ ਕੇ ਆਉਂਦਾ ਤਾਂ ਆਖਦਾ, "ਐਹ ਲੈ ਚਾਚਾ, ਐਨੇ ਵੀਹਾਂ ਜੋ ਤੂੰ ਲਿਆਉਣ ਨੂੰ ਕਿਹਾ ਸੀ ਤੇ ਬਾਕੀ ਐਨੇ ਵੀਹਾਂ ਆੜ੍ਹਤੀਏ ਕੋਲ ਜਮ੍ਹਾਂ ਕਰਵਾ ਦਿੱਤੇ।"

ਮਾਮਾ ਹਿਸਾਬ-ਕਿਤਾਬ ਦੀ ਕਿਸੇ ਵੀ ਪੁੱਛ-ਗਿੱਛ ਤੋਂ ਬਿਨਾਂ ਪੈਸੇ ਫੜ ਕੇ ਸਾਂਭ ਲੈਂਦਾ।

ਤੇ ਫੇਰ ਸੰਨ ਸੰਤਾਲ਼ੀ ਆ ਗਿਆ। ਕੁਛ ਭਲੇ ਲੋਕਾਂ ਨੇ ਪਿੰਡ ਦੇ ਮੁਸਲਮਾਨਾਂ ਨੂੰ ਫ਼ਿਰੋਜ਼ਪੁਰ ਤੋਂ ਸਰਹੱਦ ਪਾਰ ਕਰਵਾਉਣ ਦਾ ਫ਼ੈਸਲਾ ਕਰ ਲਿਆ। ਆਥਣ ਵੇਲ਼ੇ ਕਾਲ਼ੇ ਨੇ ਆ ਕੇ ਇਹ ਸਭ ਤਾਂ ਮਾਮੇ ਨੂੰ ਦੱਸਿਆ ਹੀ, ਨਾਲ਼ ਹੀ ਇਕ ਪੋਟਲੀ ਵੀ ਫੜਾ ਦਿੱਤੀ। ਮਾਮੇ ਦੀ ਪੁੱਛ ਦੇ ਜਵਾਬ ਵਿਚ ਉਹ ਬੋਲਿਆ, "ਹੋਰਾਂ ਦੇ ਐਵੇਂ ਨਿੱਕੇ-ਮੋਟੇ ਕੰਮਾਂ ਨੂੰ ਛੱਡ ਕੇ ਮੈਂ ਤਾਂ ਤੇਰੇ ਘਰ ਤੋਂ ਬਿਨਾਂ ਕਦੇ ਕਿਸੇ ਦਾ ਕੁਛ ਖਾਸ ਕੀਤਾ ਹੀ ਨਹੀਂ। ਤੇ ਤੂੰ ਮੈਨੂੰ ਹਮੇਸ਼ਾ ਮੇਰੇ ਬਣਦੇ ਤੋਂ ਵੱਧ ਦਿੱਤਾ। ਮੈਂ ਜੋ ਕੁਛ ਮਾੜਾ-ਮੋਟਾ ਬਣਾਇਆ ਹੈ, ਸਭ ਤੇਰੇ ਹੱਥੋਂ ਮਿਲੇ ਨਾਲ਼ ਹੀ ਬਣਾਇਆ ਹੈ। ਜੇ ਕਦੇ ਕਿਸਮਤ ਨੇ ਸਾਥ ਦਿੱਤਾ ਤੇ ਅਮਨ-ਚੈਨ ਹੋਏ ਤੋਂ ਆਉਣ ਦੀ ਖੁੱਲ੍ਹ ਮਿਲੀ, ਮੈਂ ਆਬਦੀ ਚੀਜ਼ ਲੈ ਜਾਊਂ। ਜੇ ਕਦੇ ਵੀ ਆਉਣਾ ਨਾ ਬਣਿਆ, ਤਾਂ ਮੇਰੇ ਵਾਂਗੂੰ ਤੂੰ ਵੀ ਇਹੋ ਸਮਝੀਂ ਕਿ ਇਹ ਚੀਜ਼-ਵਸਤ ਤੇਰੀ ਹੀ ਸੀ, ਤੈਨੂੰ ਮਿਲ ਗਈ!"

ਮਾਮੇ ਨੇ ਪੁੱਛਿਆ, "ਜਾਣਾ ਕਦੋਂ ਪਊ?... ਨਾ਼ਲੇ ਇਹ ਤਾਂ ਚਾਰ ਦਿਨਾਂ ਦੀ ਨ੍ਹੇਰੀ ਹੈ ਕਾਲ਼ੇ ਖ਼ਾਂ, ਠੰਢੀ ਤੋਂ ਫੇਰ ਸਭ ਠੀਕ ਹੋ ਜਾਊ। ਤੂੰ ਇਥੇ ਹੀ ਆਉਣੈਂ ਮੁੜ ਕੇ!"

ਕਾਲ਼ਾ ਬੋਲਿਆ, "ਕਦੋਂ ਕੀ ਚਾਚਾ, ਚਾਰ-ਚੁਫੇਰੇ ਤਾਂ ਹਾਹਾਕਾਰ ਮੱਚੀ ਪਈ ਹੈ, ਅੱਜ ਰਾਤ ਨੂੰ ਹੀ ਨਿੱਕਲ ਜਾਣੈ।" ਉਹ ਬਾਹਰਲੀ ਦੁਨੀਆ ਬਾਰੇ ਮਾਮੇ ਨਾਲੋਂ ਯਕੀਨਨ ਵੱਧ ਅਨੁਭਵੀ ਸੀ, ਉਹਦੀ ਦੂਜੀ ਗੱਲ ਦੇ ਜਵਾਬ ਵਿਚ ਬੋਲਿਆ, "ਰੱਬ ਕਰੇ, ਤੇਰੀ ਗੱਲ ਸੱਚੀ ਹੋਵੇ, ਚਾਚਾ। ਪਰ ਰੱਬ ਦੀਆਂ ਰੱਬ ਹੀ ਜਾਣੇਂ! ਖ਼ਬਰੈ ਕਿਸਮਤ ਵਿਚ ਕੀ-ਕੀ ਧੱਕੇ ਖਾਣੇ ਲਿਖੇ ਐ!"

ਮਾਮੇ ਦਾ ਦਿਲ ਹੇਠ ਨੂੰ ਗਿਆ, "ਅੱਜ ਰਾਤ ਨੂੰ ਹੀ?" ਤੇ ਉਹ ਕਾਲ਼ੇ ਨੂੰ ਹਿੱਕ ਨਾਲ਼ ਲਾ ਕੇ ਜ਼ਾਰੋ-ਜ਼ਾਰ ਰੋ ਪਿਆ। ਕਾਲ਼ੇ ਦੇ ਦੁੱਖ ਦਾ ਭਾਂਡਾ ਤਾਂ ਪਹਿਲਾਂ ਹੀ ਭਰਿਆ ਪਿਆ ਸੀ, ਉਹਨੇ ਤਾਂ ਉੱਛਲਣਾ ਹੀ ਸੀ। ਧਾਹਾਂ ਮਾਰਦੇ ਹੀ ਦੋਵੇਂ ਵੱਖ ਹੋਏ। ਪਿੰਡ ਵਾਲ਼ੇ ਮੁਸਲਮਾਨਾਂ ਨੂੰ ਹੱਦ ਲੰਘਾਉਣ ਦਾ ਨੇਕ ਕੰਮ ਕਰ ਆਏ। ਉਸ ਪਿੱਛੋਂ ਕਿਸੇ ਨੂੰ ਕਿਸੇ ਦੀ ਕੋਈ ਖ਼ਬਰ ਨਹੀਂ ਸੀ ਕਿ ਕੌਣ ਕਿੱਧਰ ਗਿਆ। ਚਲੋ, ਪਿੰਡ ਵਾਲ਼ਿਆਂ ਵਾਸਤੇ ਇਹੋ ਤਸੱਲੀ ਬਹੁਤ ਸੀ ਕਿ ਉਨ੍ਹਾਂ ਨੇ ਕੁਛ ਜਾਨਾਂ ਬਚਾ ਦਿੱਤੀਆਂ ਸਨ।

ਕੁਛ ਦਿਨ ਬੀਤੇ, ਥਾਣੇਦਾਰ ਡੇਰੇ ਦੇ ਵਿਹੜੇ ਵਿਚ ਮੇਜ਼-ਕੁਰਸੀ ਲੁਆ ਕੇ ਬੈਠ ਗਿਆ। ਉਹਨੇ ਨੰਬਰਦਾਰ ਤੇ ਪਿੰਡ ਦੇ ਹੋਰ ਮੋਹਰੀ ਬੁਲਾ ਲਏ। ਚੌਕੀਦਾਰ ਨੂੰ ਆਖ ਕੇ ਪਿੰਡ ਵਿਚ ਹੋਕਾ ਦੁਆ ਦਿੱਤਾ ਕਿ ਜਿਸ ਕਿਸੇ ਕੋਲ ਮੁਸਲਮਾਨਾਂ ਦੀ ਲੁੱਟ ਦਾ ਮਾਲ ਹੈ, ਆ ਕੇ ਇਤਲਾਹ ਕਰੇ। ਉਹਦਾ ਖਾਸ ਜ਼ੋਰ ਮੁਸਲਮਾਨ ਲੜਕੀਆਂ ਤੇ ਔਰਤਾਂ ਦੀ ਜਾਣਕਾਰੀ ਲੈਣ ਉੱਤੇ ਸੀ। ਹੌਲ਼ੀ-ਹੌਲ਼ੀ ਡੇਰੇ ਦਾ ਵਿਹੜਾ ਬੰਦਿਆਂ ਨਾਲ਼ ਭਰ ਗਿਆ ਜਿਨ੍ਹਾਂ ਵਿਚੋਂ ਬਹੁਤੇ ਤਮਾਸ਼ਬੀਨ ਸਨ।

ਮਾਮੇ ਮੱਘਰ ਨੇ ਵੀ ਹੋਕਾ ਸੁਣਿਆ ਤੇ ਚੌਕੀਦਾਰ ਨੂੰ ਰੋਕ ਕੇ ਉਹਤੋਂ ਵੀ ਸਾਰੀ ਗੱਲ ਚੰਗੀ ਤਰ੍ਹਾਂ ਪੁੱਛ ਲਈ। ਉਹਨੇ ਕਾਲ਼ੇ ਵਾਲ਼ੀ ਪੋਟਲੀ ਪਰਨੇ ਵਿਚ ਲਪੇਟੀ ਤੇ ਚੁੱਪਚਾਪ ਥਾਣੇਦਾਰ ਦੇ ਮੇਜ਼ ਕੋਲ ਪਹੁੰਚ ਗਿਆ। ਉਹਨੂੰ ਥਾਣੇਦਾਰ ਵੱਲ ਤੁਰਿਆ ਜਾਂਦਾ ਦੇਖ ਕੇ ਸਭ ਹੈਰਾਨ! ਇਹ ਬੰਦਾ ਤਾਂ ਕਿਸੇ ਦੂਜੇ ਦੀ ਮਿੱਟੀ ਦੀ ਮੁੱਠੀ ਤੱਕ ਨਹੀਂ ਲੈਂਦਾ, ਇਹ ਇਥੇ ਕਿਵੇਂ! ਮਾਮੇ ਨੇ ਪੋਟਲੀ ਮੇਜ਼ ਉੱਤੇ ਰੱਖ ਕੇ ਹੱਥ ਜੋੜੇ, "ਸਰਕਾਰ, ਇਹ ਵਸਤ ਕਾਲ਼ੇ ਖਾਂ ਵਲਦ ਫਤਿਹ ਖਾਂ ਦੀ ਮੇਰੇ ਕੋਲ ਅਮਾਨਤ ਹੈ। ਹੁਣ ਜਦੋਂ ਤੁਸੀਂ ਆਪ ਹੀ ਆ ਗਏ, ਮੇਰਾ ਫ਼ਿਕਰ ਮੁੱਕਿਆ। ਇਹ ਲਉ, ਐਨੇ ਤੋਲ਼ੇ ਸਿਉਣਾ ਤੇ ਐਨੀ ਚਾਂਦੀ। ਉਹਨੂੰ ਪਾਕਸਤਾਨ ਪਹੁੰਚਦੀ ਕਰ ਦਿਉ। ਮੇਰੇ ਸਿਰੋਂ ਭਾਰ ਉੱਤਰਿਆ।"

ਉਹ ਜਿਵੇਂ ਚੁੱਪਚਾਪ ਆਇਆ ਸੀ, ਉਸੇ ਤਰ੍ਹਾਂ ਕਿਸੇ ਨਾਲ਼ ਕੋਈ ਗੱਲ ਕਰੇ ਬਿਨਾਂ ਡੇਰੇ ਵਿਚੋਂ ਨਿੱਕਲ ਗਿਆ। ਉਥੇ ਉਹਨੂੰ ਇਹ ਆਖਣ ਦੀ ਹਿੰਮਤ ਕੌਣ ਕਰਦਾ ਕਿ ਭਲਿਆਮਾਨਸਾ, ਇਹ ਕੀ ਕਰ ਚੱਲਿਆ ਹੈਂ! ਥਾਣੇਦਾਰ ਨੇ ਅੰਦਰੋਂ ਗਦਗਦ ਹੋ ਕੇ ਬਾਹਰੋਂ ਗੰਭੀਰ ਰਹਿੰਦਿਆਂ ਕਿਹਾ, "ਇਹੋ ਜਿਹਾ ਸਭ ਮਾਲ ਸਰਕਾਰੀ ਖ਼ਜ਼ਾਨੇ ਵਿਚ ਚਲਿਆ ਜਾਣਾ ਹੈ!" ਸੱਚ ਜਾਣਦਿਆਂ ਵੀ ਕੋਈ ਕੀ ਆਖਦਾ!

ਦਿਨ ਬੀਤਦੇ ਗਏ। ਮਹੀਨੇ ਬੀਤਣ ਲੱਗੇ। ਫੇਰ ਚਾਰ-ਪੰਜ ਸਾਲ ਬੀਤ ਗਏ। ਪੰਜਾਹਵਿਆਂ ਦੇ ਸ਼ੁਰੂ ਵਿਚ ਦੋਵਾਂ ਪਾਸਿਆਂ ਦੇ ਉੱਜੜਿਆਂ ਵਾਸਤੇ ਇਕ ਵਿਰਲ ਖੁੱਲ੍ਹ ਗਈ। ਉਹ ਅਜਿਹਾ ਗਹਿਣਾ-ਗੱਟਾ ਲੈ ਕੇ ਜਾ ਸਕਦੇ ਸਨ। ਮਾਮੇ ਦਾ ਅਜਿਹੀਆਂ ਗੱਲਾਂ ਨਾਲ਼ ਜਾਂ ਖ਼ਬਰਾਂ ਨਾਲ਼ ਕੋਈ ਵਾਸਤਾ ਨਹੀਂ ਸੀ ਹੁੰਦਾ। ਆਪਣੀ ਸੀਮਤ ਜਿਹੀ ਹੋਂਦ ਤੋਂ ਬਾਹਰ ਉਹਦੇ ਲਈ ਸਭ ਕੁਛ ਬੇਮਤਲਬ ਤੇ ਅਣਹੋਂਦਾ ਸੀ!

ਤੇ ਫੇਰ ਇਕ ਦਿਨ ਅਚਾਨਕ ਕਾਲ਼ਾ ਆ ਗਿਆ। ਵਿਛੜਨ ਵੇਲ਼ੇ ਵਾਂਗ ਹੁਣ ਮਿਲ ਕੇ ਵੀ ਦੋਵੇਂ ਇਕ ਦੂਜੇ ਦੇ ਗਲ਼ ਲੱਗ ਕੇ ਬੁੱਕਾਂ ਦੇ ਬੁੱਕ ਅੱਥਰੂ ਰੋਏ। ਲਗਦਾ ਹੈ, ਉਸਤਾਦ ਦਾਮਨ ਨੇ ਕਿਸੇ ਮੱਘਰ ਤੇ ਕਾਲ਼ੇ ਦੀਆਂ ਇਕ ਦੂਜੇ ਦੇ ਗਲ਼ ਲੱਗ ਕੇ ਮਾਰੀਆਂ ਧਾਹਾਂ ਦਾ ਕੋਈ ਅਜਿਹਾ ਨਜ਼ਾਰਾ ਦੇਖ ਕੇ ਹੀ ਲਿਖਿਆ ਹੋਵੇਗਾ: ਲਾਲੀ ਅੱਖੀਆਂ ਦੀ ਪਈ ਦੱਸਦੀ ਐ, ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ!

ਏਨਾ ਜ਼ਰੂਰ ਸੀ ਕਿ ਵਿਛੜਨ ਵੇਲ਼ੇ ਦੇ ਅਣਦੇਖੀ-ਅਣਜਾਣੀ ਦੁਨੀਆ ਵਿਚ ਖ਼ਾਲੀ ਹੱਥ ਜਾਣ ਦੇ ਭੈ ਦੇ ਉਲਟ ਹੁਣ ਇਸ ਗੱਲ ਦੀ ਕੁਛ-ਕੁਛ ਤਸੱਲੀ ਸੀ ਕਿ ਉਹ ਜਿਥੇ ਵੀ ਪਹੁੰਚਿਆ ਸੀ, ਠੀਕ-ਠਾਕ ਪਹੁੰਚ ਗਿਆ ਸੀ। ਦੋਵੇਂ ਸਭ ਦੀ ਸੁੱਖਸਾਂਦ ਪੁੱਛ-ਦੱਸ ਕੇ ਸੰਤੁਸ਼ਟ ਹੋ ਗਏ। ਸੁਖ ਦਾ ਸਾਹ ਲੈ ਕੇ ਮਾਮੇ ਨੇ ਪੁੱਛਿਆ, "ਕਾਲ਼ੇ ਖ਼ਾਂ, ਤੇਰੀ ਵਸਤ ਤੈਨੂੰ ਸਹੀ-ਸਲਾਮਤ ਪਹੁੰਚ ਗਈ ਸੀ?"

ਕਾਲ਼ੇ ਨੇ ਕਾਹਲ਼ੀ ਨਾਲ਼ ਜਵਾਬੀ ਸਵਾਲ ਕੀਤਾ, "ਕੀਹਦੇ ਹੱਥ ਭੇਜੀ ਸੀ, ਚਾਚਾ, ਮੇਰੀ ਵਸਤ?"

ਮਾਮੇ ਨੇ ਸਾਰਾ ਕਿੱਸਾ ਕਹਿ ਸੁਣਾਇਆ।

ਕਾਲ਼ੇ ਨੇ ਹਉਕਾ ਲਿਆ, "ਵਾਹ ਉਇ ਮੇਰਿਆ ਭੋਲ਼ਿਆ ਚਾਚਿਆ! ਦੁਨੀਆ ਬਦਲ ਗਈ। ਕੀ ਤੋਂ ਕੀ ਹੋ ਗਿਆ। ਦੇਸ ਇਕ ਦੇ ਦੋ ਹੋ ਗਏ। ਪਰ ਤੂੰ ਮੇਰਾ ਉਹੋ ਭੋਲ਼ੇ ਦਾ ਭੋਲ਼ਾ ਚਾਚਾ ਰਿਹਾ! ਲ਼ੱਖਾਂ ਉੱਜੜ ਕੇ ਐਧਰ ਆਏ, ਲੱਖਾਂ ਉੱਜੜ ਕੇ ਓਧਰ ਗਏ। ਕੌਣ ਜਾਣੇ ਕੀਹਨੂੰ ਕਿਥੇ ਸਿਰ ਲੁਕੋਣ ਦੀ ਥਾਂ ਮਿਲੀ ਹੈ। ਅਣਗਿਣਤ ਕਾਲ਼ੇ ਖ਼ਾਂ ਵਲਦ ਫ਼ਤਿਹ ਖਾਂ ਕਿਸਮਤ ਦੇ ਮਾਰੇ ਭਟਕਦੇ ਫਿਰਦੇ ਰਹੇ। ... ਉਹ ਤਾਂ ਠਾਣੇਦਾਰਨੀ ਨੇ ਪੁਰਾਣੇ ਤੁੜਵਾ ਕੇ ਨਵੇਂ ਬਣਵਾ ਲਏ ਹੋਣਗੇ ਤੇ ਮੌਜ ਨਾਲ ਲਿਸ਼ਕਾਉਂਦੀ ਹੋਊ।"

ਮਾਮਾ ਹੈਰਾਨ ਹੋਇਆ, "ਕੀ ਕਹਿੰਦਾ ਹੈਂ ਕਾਲ਼ੇ ਖ਼ਾਂ! ਕਦੇ ਸਰਕਾਰ ਵੀ ਇਉਂ ਬੇਈਮਾਨੀ ਕਰਦੀ ਐ! ਸਰਕਾਰ ਤਾਂ ਪਰਜਾ ਦੀ ਮਾਈ-ਬਾਪ ਹੁੰਦੀ ਐ!"

ਕਾਲ਼ੇ ਨੇ ਉਹਦੀ ਗੱਲ ਦਾ ਕੋਈ ਜਵਾਬ ਦੇਣ ਦੀ ਥਾਂ ਕਿਹਾ, "ਪਰ ਚਾਚਾ, ਤੂੰ ਚਿੰਤਾ ਨਾ ਕਰ। ਤੂੰ ਭੇਜ ਦਿੱਤੇ ਤੇ ਮੈਨੂੰ ਮਿਲ ਗਏ। ਗੱਲ ਮੁਕਦੀ ਹੋਈ।"

ਮਾਮੇ ਨੂੰ ਤਸੱਲੀ ਹੋਈ ਕਿ ਕਾਲ਼ੇ ਨੇ ਅਜੇ ਦੋ ਕੁ ਦਿਨ ਰਹਿਣਾ ਸੀ। ਉਹ ਸੁਨਿਆਰ ਦੇ ਗਿਆ ਤੇ ਓਨਾ ਸਿਉਣਾ-ਚਾਂਦੀ ਲੈ ਕੇ ਕਾਲ਼ੇ ਦੀ ਝੋਲ਼ੀ ਆ ਪਾਏ। ਕਾਲ਼ੇ ਨੇ ਲੱਖ ਸਿਰ ਮਾਰਿਆ ਪਰ ਮਾਮੇ ਦੀ ਇਕੋ ਜ਼ਿੱਦ, "ਉਹ ਮਾਲ ਠਾਣੇਦਾਰਨੀ ਦੇ ਕਰਮਾਂ ਵਿਚ ਲਿਖਿਆ ਸੀ, ਉਹਨੂੰ ਮਿਲ ਗਿਆ। ਇਹ ਮੇਰੀ ਨੂੰਹ ਦੀ ਅਮਾਨਤ ਹੈ, ਉਹਦੀ ਤੇ ਤੇਰੀ ਦਸਾਂ ਨਹੁੰਆਂ ਦੀ ਕਮਾਈ। ਇਹ ਉਹਨੂੰ ਦੇ ਦੇਈਂ ਜਾ ਕੇ।"

---

## ਪੰਜਾਬੀ ਔਰਤਾਂ ਅਤੇ ਨਸ਼ੇ

***(ਪਿਛਲੇ ਸਫੇ ਦਾ ਬਾਕੀ)***

ਵਿਚ ਨੌਂ ਮਹੀਨੇ ਪਲਦਾ ਹੈ ਨਾ ਕਿ ਮਰਦ ਦੀ ਕੁੱਖ ਵਿਚ। ਜਿਹੜੀ ਔਰਤ ਆਪ ਸ਼ਰਾਬ ਪੀਂਦੀ ਹੈ ਜਾਂ ਹੋਰ ਨਸ਼ਾ ਕਰਦੀ ਹੈ ਉਹ ਤੰਦਰੁਸਤ ਬੱਚੇ ਨੂੰ ਜਨਮ ਨਹੀਂ ਦੇ ਸਕਦੀ।

ਡਾ. ਹਰਸ਼ਿੰਦਰ ਕੌਰ ਪਟਿਆਲਾ ਅਨੁਸਾਰ ਇਕ ਮੈਡੀਕਲ ਤੱਥ ਇਹ ਵੀ ਹੈ ਕਿ ਮਰਦ ਅਤੇ ਔਰਤਾਂ ਦੇ ਸਰੀਰ ਵਿਚ ਅਲ਼ਕੋਹਲ ਡੀਹਾਈਡਰੋਜਨ ਇਨਜਾਈਮ ਹੁੰਦਾ ਹੈ, ਜੋ ਔਰਤਾਂ ਵਿਚ ਮਰਦਾਂ ਦੇ ਮੁਕਾਬਲੇ ਕਿਤੇ ਘੱਟ ਮਾਤਰਾ ਵਿਚ ਪਾਇਆ ਜਾਂਦਾ ਹੈ। ਇਹ ਤੱਤ ਸ਼ਰਾਬ ਨੂੰ ਹਜ਼ਮ ਕਰਨ ਵਿਚ ਸਹਾਈ ਹੁੰਦਾ ਹੈ। ਕਿਉਂਕਿ ਔਰਤਾਂ ਵਿਚ ਇਹ ਘੱਟ ਮਾਤਰਾ ਵਿਚ ਹੁੰਦਾ ਹੈ, ਇਸ ਲਈ ਮਰਦਾਂ ਦੇ ਮੁਕਾਬਲੇ ਅਲਕੋਹਲ ਔਰਤਾਂ ਨੂੰ ਛੇਤੀ ਚੜ੍ਹ ਜਾਂਦੀ ਹੈ ਅਤੇ ਲਿਵਰ ਨੂੰ ਵੀ ਛੇਤੀ ਖ਼ਰਾਬ ਕਰ ਦਿੰਦੀ ਹੈ। ਸ਼ਰਾਬ ਵਿਚ ਅਜਿਹੇ ਤੱਤ ਵੀ ਮੌਜੂਦ ਹੁੰਦੇ ਹਨ ਜਿਨ੍ਹਾਂ ਦਾ ਅਸਰ ਕੁੱਖ ਵਿਚ ਪਲਦੇ ਬੱਚੇ 'ਤੇ ਬਹੁਤ ਹੁੰਦਾ ਹੈ। ਇਸ ਕਰਕੇ ਹੀ ਨਸ਼ਈ ਔਰਤਾਂ ਦੀ ਔਲਾਦ ਸਰੀਰਕ ਤੇ ਮਾਨਸਿਕ ਪੱਖੋਂ ਕਮਜ਼ੋਰ ਹੁੰਦੀ ਹੈ। ਬੱਚੇ ਦੇ ਨੈਣ-ਨਕਸ਼ ਅਜੀਬ ਤਰ੍ਹਾਂ ਦੇ ਹੋ ਜਾਂਦੇ ਹਨ। ਬੱਚਾ ਸਮੇਂ ਤੋਂ ਪਹਿਲਾਂ ਵੀ ਜੰਮ ਸਕਦਾ ਹੈ ਅਤੇ ਮੰਦਬੁੱਧੀ ਵੀ ਹੋ ਸਕਦਾ ਹੈ। ਨਸ਼ਿਆਂ ਦੀ ਵਰਤੋਂ ਨੂੰ ਲੈ ਕੇ ਮਰਦ ਅਤੇ ਔਰਤ ਦੀ ਬਰਾਬਰੀ ਦਾ ਨਾਅਰਾ ਲਾਉਣ ਵਾਲੇ ਲੋਕ ਸ਼ਾਇਦ ਇਸ ਤੱਥ ਤੋਂ ਅਣਜਾਣ ਹੁੰਦੇ ਹਨ।

ਮੇਰੇ ਸ਼ਬਦ ਕਦਾਚਿਤ ਮਰਦ ਦੀ ਨਸ਼ਿਆਂ ਪ੍ਰਤੀ ਖੁੱਲ੍ਹ ਦੀ ਵਕਾਲਤ ਨਹੀਂ ਕਰਦੇ। ਹਰ ਪ੍ਰਕਾਰ ਦਾ ਨਸ਼ਾ ਦੋਵਾਂ ਲਈ ਘਾਤਕ ਹੈ ਪਰ ਇਸ ਲੇਖ ਵਿਚ ਗੱਲ ਔਰਤ ਦੀ ਹੋ ਰਹੀ ਹੈ, ਇਸ ਲਈ ਮੈਂ ਔਰਤਾਂ 'ਤੇ ਹੀ ਕੇਂਦਰਿਤ ਰਹਾਂਗੀ। ਨਸ਼ੇ ਕਰਦੀ ਔਰਤ ਦਾ ਮਾਨਸਿਕ ਸੰਤੁਲਨ ਬਹੁਤ ਛੇਤੀ ਵਿਗੜ ਜਾਂਦਾ ਹੈ ਅਤੇ ਮਾਨਸਿਕ ਤੌਰ 'ਤੇ ਰੋਗੀ ਔਰਤ ਤੋਂ ਤੰਦਰੁਸਤ ਸਮਾਜ ਜਾਂ ਪੌਂਦ ਦੀ ਆਸ ਨਹੀਂ ਕੀਤੀ ਜਾ ਸਕਦੀ।

ਤੇ ਹਾਂ ਇਹ ਗੱਲ ਦੱਸਣਾ ਜ਼ਰੂਰੀ ਸਮਝਦੀ ਹਾਂ ਕਿ ਮੈਂ ਕਦੇ ਵੀ ਔਰਤ ਦੀ ਆਜ਼ਾਦੀ, ਉਸ ਦੇ ਹੱਕਾਂ ਦੀ ਵਿਰੋਧਤਾ ਨਹੀਂ ਕਰਦੀ। ਮੈਂ ਜ਼ੋਰਦਾਰ ਸ਼ਬਦਾਂ ਵਿਚ ਔਰਤ ਦੇ ਮਾਣ ਸਨਮਾਨ ਦੀ ਹਾਮੀ ਭਰਦੀ ਹਾਂ ਅਤੇ ਭਰਦੀ ਰਹਾਂਗੀ। ਨਸ਼ਿਆਂ ਦੇ ਖੇਤਰ ਵਿਚ ਕਦੇ ਵੀ ਮਰਦ ਦੀ ਬਰਾਬਰੀ ਕਰਨ ਦੀ ਕਿਸੇ ਔਰਤ ਨੂੰ ਸਲਾਹ ਨਹੀਂ ਦੇਵਾਂਗੀ। ਦੂਸਰੀ ਗੱਲ ਇਹ ਕਿ ਮਰਦ ਅਤੇ ਔਰਤ ਨੂੰ ਇਕ ਦੂਸਰੇ ਦੇ ਚੰਗੇ ਗੁਣਾਂ ਦੀ ਰੀਸ ਕਰਨੀ ਚਾਹੀਦੀ ਹੈ ਨਾ ਕਿ ਇਹ ਕਿ ਜੇ ਮਰਦ ਨੇ ਖੂਹ ਵਿਚ ਛਾਲ ਮਾਰਨੀ ਹੈ ਤਾਂ ਔਰਤ ਨੇ ਬਰਾਬਰੀ ਦਾ ਦਾਅਵਾ ਕਰਕੇ ਖਾਤੇ ਵਿਚ ਜ਼ਰੂਰ ਗਰਕ ਹੋਣਾ ਹੈ।

ਵੇਖਣ ਵਿਚ ਆਉਂਦਾ ਹੈ ਕਿ ਔਰਤਾਂ ਕਈ ਪ੍ਰਕਾਰ ਦੀਆਂ ਮਾਰੂ ਸਥਿਤੀਆਂ ਦੀਆਂ ਆਸਾਨੀ ਨਾਲ ਸ਼ਿਕਾਰ ਹੋ ਜਾਂਦੀਆਂ ਹਨ, ਜਿਨ੍ਹਾਂ 'ਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਇੱਥੇ ਇਕ ਘਟਨਾ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਇਕ 22-23 ਸਾਲ ਦੇ ਪੰਜਾਬੀ ਮੂਲ ਦੇ ਮੁੰਡੇ ਨੇ ਛੇਤੀ ਅਮੀਰ ਹੋਣ ਦੀ ਲਾਲਸਾ ਨਾਲ ਭੈੜਾ ਕਾਰੋਬਾਰ ਸ਼ੁਰੂ ਕਰ ਲਿਆ। ਉਸਨੇ ਸਕੂਲ ਪੜ੍ਹਦੀਆਂ ਕੁੜੀਆਂ ਨੂੰ ਝਾਂਸੇ ਵਿਚ ਲੈ ਕੇ ਡਰੱਗ ਨਮੂਨੇ ਦੇ ਤੌਰ 'ਤੇ ਪੇਸ਼ ਕਰਨੀ ਸ਼ੁਰੂ ਕਰ ਦਿੱਤੀ। ਕਈ ਨਸ਼ੇ ਅਜਿਹੇ ਹਨ ਕਿ ਜੇ ਉਹ ਦੋ-ਤਿੰਨ ਵਾਰ ਸੰਘ 'ਚੋਂ ਲੰਘ ਜਾਣ ਤਾਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ। ਦੋ-ਤਿੰਨ ਦਿਨ ਨਸ਼ਾ ਦਿੱਤਾ ਤੇ ਬੰਦ ਕਰ ਦਿੱਤਾ। ਏਨ੍ਹੇ 'ਚ ਜਵਾਨ ਛੋਟੀ ਉਮਰ ਦੀ ਕੁੜੀ ਨਸ਼ੇ ਦੀ ਆਦੀ ਹੋ ਗਈ। ਉਸਨੇ ਨਸ਼ੇ ਲਈ ਮੁੰਡੇ ਦੀਆਂ ਲੇਲੜੀਆਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਕੁੜੀ ਨੇ ਮਜਬੂਰੀ ਵੱਸ ਸਰੀਰ ਵੇਚਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਉਸ ਮੁੰਡੇ ਨੇ ਕੁੜੀਆਂ ਦੇ ਭਵਿੱਖ ਨੂੰ ਦਾਅ 'ਤੇ ਲਾ ਕੇ ਚੰਗੇ ਪੈਸੇ ਕਮਾਉਣੇ ਸ਼ੁਰੂ ਕਰ ਦਿੱਤੇ ਪਰ ਅੰਤ ਪੁਲੀਸ ਦੇ ਕਾਬੂ ਆ ਗਿਆ ਪਰ ਉਸ ਸਮੇਂ ਤਕ ਉਹ ਬਹੁਤ ਨੁਕਸਾਨ ਕਰ ਚੁੱਕਾ ਸੀ। ਕਈ ਕੁੜੀਆਂ ਦਾ ਭਵਿੱਖ ਹਨੇਰਾ ਹੋ ਗਿਆ।

ਇਹ ਘਟਨਾ ਕਿਸੇ ਇਕ ਸ਼ਹਿਰ ਦੀ ਨਹੀਂ ਸਗੋਂ ਹਰ ਸ਼ਹਿਰ ਦੀ ਹੈ। ਜਿਨ੍ਹਾਂ ਦਿਨਾਂ ਵਿਚ ਇਹ ਘਟਨਾ ਹੋਈ, ਮੈਂ ਸ਼ਹਿਰ ਦੀ ਪੁਲੀਸ ਨਾਲ ਕੰਮ ਕਰਦੀ ਸਾਂ। ਉਸ ਮੁੰਡੇ ਨੂੰ ਪੁਲੀਸ ਨੇ ਜਿਸ ਤਰ੍ਹਾਂ ਕਾਬੂ ਕੀਤਾ ਉਹ ਬਹੁਤ ਹੀ ਨਾਟਕੀ ਸੀ। ਖੈਰ ਉਸ ਸਭ ਕਾਸੇ ਦਾ ਵਰਣਨ ਕਰਨਾ ਜ਼ਰੂਰੀ ਨਹੀਂ। ਜਿਸ ਦਿਨ ਉਹ ਮੁੰਡਾ ਪੁਲੀਸ ਦੇ ਹੱਥ ਆਇਆ, ਉਸ ਦਿਨ ਮੈਂ ਭਰੇ ਮਨ ਨਾਲ ਦਫ਼ਤਰ ਵਿਚ ਬੈਠ ਕੇ ਇਕ ਕਵਿਤਾ ਲਿਖੀ, ਜਿਸ ਦੀਆਂ ਅੰਤਿਮ ਸਤਰਾਂ ਇਸ ਤਰ੍ਹਾਂ ਸਨ:

ਕਿਸੇ ਜਿਸਮ ਵੇਚਿਆ  
ਕਿਸੇ ਜਿਸਮ ਖਰੀਦਿਆ  
ਤੇ ਜਿਸਨੇ ਮਾਲ ਸਮੇਟਿਆ  
ਉਹ ਉਨ੍ਹਾਂ 'ਚੋਂ ਸੀ  
ਜੋ ਹਰ ਪਰ ਨਾਰੀ ਨੂੰ  
ਧੀ, ਭੈਣ ਜਾਂ ਮਾਂ ਕਹਿੰਦੇ ਨੇ।

ਸੋ ਛੇਤੀ ਅਮੀਰ ਹੋਣ ਦੇ ਚੱਕਰ ਵਿਚ ਵੀ ਆਦਮੀ ਕੁਰਾਹੇ ਪੈ ਜਾਂਦਾ ਹੈ ਅਤੇ ਆਪਣੇ ਘਿਨੌਣੇ ਕਾਰੇ ਵਿਚ ਕਈ ਨਿਰਦੋਸ਼ ਜ਼ਿੰਦਗੀਆਂ ਨੂੰ ਲਪੇਟ ਲੈਂਦਾ ਹੈ। ਜਿੱਥੇ ਨਸ਼ਿਆਂ ਦਾ ਨਾਮ ਆ ਜਾਂਦਾ ਹੈ, ਓਥੇ ਕਿਸੇ ਕਿਸਮ ਦੀ ਭਲਾਈ ਦਾ ਤਾਂ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਇਨ੍ਹਾਂ ਨਸ਼ਿਆਂ ਨੇ ਚੰਗੇ ਭਲੇ ਹੱਸਦੇ ਖੇਡਦੇ ਜੀਵਨ ਤਬਾਹ ਕੀਤੇ ਹਨ। ਜਿਹੜੇ ਘਰ ਵਿਚ ਆਦਮੀ ਤੇ ਔਰਤ ਦੋਨੋਂ ਹੀ ਨਸ਼ਿਆਂ ਦੇ ਆਦੀ ਹੋਣ ਤਾਂ ਜ਼ਰਾ ਦਿਲ 'ਤੇ ਹੱਥ ਰੱਖ ਕੇ ਸੋਚੋ ਕਿ ਇਸ ਘਰ ਦੀ ਕੀ ਹਾਲਤ ਹੋਵੇਗੀ। ਇਨ੍ਹਾਂ ਦੇ ਬੱਚਿਆਂ ਦਾ ਭਵਿੱਖ ਕਿਹੜੇ ਰਾਹ ਪਵੇਗਾ। ਆਮ ਕਰਕੇ ਔਰਤਾਂ ਵਲੋਂ ਕਿਹਾ ਜਾਂਦਾ ਹੈ ਕਿ ਥੋੜ੍ਹੀ ਜਿਹੀ ਪੀਤੀ ਸੀ। ਇਹ ਥੋੜ੍ਹੀ ਥੋੜ੍ਹੀ ਆਦਤ ਜੇ ਮਰਦ ਨੂੰ ਨਸ਼ਈ ਬਣਾ ਦਿੰਦੀ ਹੈ ਤਾਂ ਔਰਤ ਨੂੰ ਤਾਂ ਉਸ ਤੋਂ ਕਿਤੇ ਵੱਧ ਰਫ਼ਤਾਰ ਨਾਲ ਕਿਤੇ ਵੱਧ ਭਿਅੰਕਰ ਸਥਿਤੀ 'ਤੇ ਲਿਆ ਸੁੱਟਦੀ ਹੈ। ਕਈ ਵਾਰ ਨੌਬਤ ਏਥੋਂ ਤਕ ਆ ਜਾਂਦੀ ਹੈ ਕਿ ਔਰਤ ਨਸ਼ੇ ਦੀ ਪੂਰਤੀ ਲਈ ਜਿਸਮ ਵੇਚਣ ਲਈ ਮਜਬੂਰ ਹੋ ਜਾਂਦੀ ਹੈ। ਮੈਂ ਸੋਹਣੀਆਂ ਸੁਨੱਖੀਆਂ, ਸਿਰਾਂ 'ਤੇ ਚੁੰਨੀ ਲੈਣ ਵਾਲੀਆਂ ਔਰਤਾਂ ਨੂੰ ਕੁਰਾਹੇ ਪਈਆਂ ਤੱਕਿਆ ਹੈ।

ਅੰਤ ਵਿਚ ਸਵਾਲ ਉੱਠਦਾ ਹੈ ਕਿ ਔਰਤ ਨੂੰ ਨਸ਼ਿਆਂ ਤੋਂ ਕਿਵੇਂ ਬਚਾਇਆ ਜਾਵੇ। ਇਸ ਸਵਾਲ ਦੇ ਜਵਾਬ ਵਿਚ ਜੋ ਪਹਿਲਾ ਕਦਮ ਹੈ, ਉਹ ਸਾਡੇ ਆਪਣੇ ਵੱਲ ਜਾਂਦਾ ਹੈ। ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਵੱਧ ਤੋਂ ਵੱਧ ਸਮਾਂ ਬੱਚਿਆਂ ਨੂੰ ਦਿੱਤਾ ਜਾਵੇ। ਕੁੜੀਆਂ ਨੂੰ ਤਾਅਨੇ ਮਿਹਣੇ ਨਾ ਮਾਰੇ ਜਾਣ, ਸਗੋਂ ਉਨ੍ਹਾਂ ਨੂੰ ਗਲ ਨਾਲ ਲਾਵੋ। ਉਨ੍ਹਾਂ ਦੇ ਨੈਣਾਂ ਵਿਚ ਪਲਦੇ ਸੁਪਨਿਆਂ ਦੀ ਕਦਰ ਕਰੋ ਤੇ ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਮਦਦ ਕਰੋ। ਮਾਂ ਪਿਉ ਦੇ ਨਾਲ-ਨਾਲ ਆਪਣੀ ਧੀ ਦੇ ਦੋਸਤ ਵੀ ਬਣੋ ਤਾਂ ਜੋ ਉਹ ਆਪਣੇ ਮਨ ਦੀ ਗੱਲ ਕਿਸੇ ਹੋਰ ਨੂੰ ਦੱਸਣ ਤੋਂ ਪਹਿਲਾਂ ਤੁਹਾਡੇ ਨਾਲ ਸਾਂਝੀ ਕਰੇ। ਉਸ ਦੇ ਕੰਮਾਂ ਕਾਰਾਂ 'ਤੇ ਨਿਗਾਹ ਰੱਖਣ ਦੇ ਨਾਲ ਨਾਲ ਉਸ ਨੂੰ ਵਧਣ-ਫੁੱਲਣ ਦਾ ਵੀ ਮੌਕਾ ਦੇਣਾ ਚਾਹੀਦਾ ਹੈ। ਉਸ ਨੂੰ ਪੈਸੇ ਕਮਾਉਣ ਵਾਲੀ ਮਸ਼ੀਨ ਬਣਨ ਦੇ ਤਰੀਕੇ ਨਾ ਸਮਝਾਵੋ। ਉਸਨੂੰ ਮਹਿੰਗੀਆਂ ਕਾਰਾਂ, ਕੋਠੀਆਂ ਜਾਂ ਸੋਨੇ ਚਾਂਦੀ ਤੇ ਹੀਰੇ ਦੇ ਗਹਿਣਿਆਂ ਦੀਆਂ ਬਾਤਾਂ ਨਾ ਸੁਣਾਵੋ, ਸਗੋਂ ਮਹਾਨ ਔਰਤਾਂ ਦੀਆਂ ਕਹਾਣੀਆਂ ਸੁਣਾਓ ਕਿ ਉਨ੍ਹਾਂ ਨੇ ਕਿਹੜੀਆਂ ਮੁਸ਼ਕਿਲਾਂ ਸਰ ਕਰ ਕੇ ਜਿੱਤ ਦਾ ਝੰਡਾ ਲਹਿਰਾਇਆ ਹੈ। ਬਚਪਨ ਵਿਚ ਹੀ ਆਪਣੀ ਧੀ ਨੂੰ ਆਪਣੇ ਰਾਹ ਆਪ ਬਣਾਉਣੇ ਸਿਖਾਉ। ਕੇਵਲ ਹੱਕਾਂ ਦੀ ਗੱਲ ਨਾ ਕਰੋ, ਫਰਜ਼ਾਂ ਦਾ ਪਾਠ ਵੀ ਪੜ੍ਹਾਓ। ਉਨ੍ਹਾਂ ਦਾ ਚੌਗਿਰਦਾ ਰੌਸ਼ਨ ਕਰੋ। ਸ਼ਰਾਬ ਪੀਣ ਦਾ ਫੈਸ਼ਨ ਛੱਡ ਕੇ ਉਨ੍ਹਾਂ ਨੂੰ ਰੌਸ਼ਨ ਜੀਵਨ ਜਾਚ ਦਾ ਫੈਸ਼ਨ ਕਰਨਾ ਸਿਖਾਓ ਅਤੇ ਆਪ ਵੀ ਰੌਸ਼ਨ ਰੌਸ਼ਨ ਹੋ ਜਾਓ। ਸਾਡੀਆਂ ਧੀਆਂ ਕਦੇ ਵੀ ਨਸ਼ਿਆਂ ਵੱਲ ਮੂੰਹ ਨਹੀਂ ਕਰਨਗੀਆਂ।

ਸਾਡੀਆਂ ਧੀਆਂ ਜ਼ਰੂਰ ਪ੍ਰਧਾਨ ਮੰਤਰੀ, ਡੀ.ਸੀ.,ਏਅਰ ਮਾਰਸ਼ਲ, ਕੋਈ ਕਲਪਨਾ ਤੇ ਕੋਈ ਮਦਰ ਟੈਰੇਸਾ ਬਣ ਕੇ ਸਮਾਜ, ਸਭਿਆਚਾਰ, ਦੇਸ਼ ਅਤੇ ਸਮੁੱਚੀ ਮਨੁੱਖਤਾ ਦਾ ਸੁੱਖ ਬਣਨਗੀਆਂ। ਔਰਤ ਮਨੁੱਖਤਾ ਦਾ ਸੁੱਖ ਹੈ।

# ਅਬਰਾਹਮ ਲਿੰਕਨ ਦੀ ਸਮਕਾਲਣ ਸੋਜ਼ੋਰਨਰ ਟਰੁੱਥ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਅੱਜ ਦੀ ਗੱਲ ਮੈਂ ਅਖੰਡ ਪੰਜਾਬ ਦੀ ਪ੍ਰਥਮ ਪੰਜਾਬੀ ਸਾਹਿਤ ਸਭਾ ਨਾਲ ਸ਼ੁਰੂ ਕਰਦਾ ਹਾਂ। ਇਸ ਦੀ ਸਥਾਪਨਾ ਕਰਨ ਵਾਲਾ ਪੰਜਾਬ ਦੇ ਮਾਹਿਲਪੁਰ ਥਾਣੇ ਵਿਚ ਪੈਂਦੇ ਪਿੰਡ ਬਹਿਲਪੁਰ ਦਾ ਹਰੀ ਸਿੰਘ ਸੀ। ਉਸ ਨੇ ਨਵੀਂ ਦਿੱਲੀ ਵਿਚ ਭਾਰਤ ਸਰਕਾਰ ਦੀ ਨੌਕਰੀ ਕਰਦਿਆਂ ਆਪਣੇ ਘਰ ਵਿਚ ਹੀ ਲੋੜਵੰਦਾਂ ਨੂੰ ਗਿਆਨੀ ਦੀ ਵਿਦਿਆ ਦੇਣ ਦਾ ਉਪਰਾਲਾ ਕੀਤਾ ਤਾਂ ਸਾਹਿਤਕ ਰੁਚੀ ਵਾਲੇ ਵਿਦਿਆਰਥੀਆਂ ਦੀ ਆਪੋ ਵਿਚ ਸਾਂਝ ਏਨੀ ਗੂੜ੍ਹੀ ਹੋ ਗਈ ਕਿ ਉਨ੍ਹਾਂ ਨੇ ਇਸ ਨੂੰ ਜਾਰੀ ਰੱਖਣ ਲਈ ਪੰਜਾਬੀ ਸਾਹਿਤ ਸਭਾ ਦੀ ਸਥਾਪਨਾ ਕਰ ਲਈ। ਉਹ ਆਪਣੀ ਲਿਖੀ ਕਵਿਤਾ, ਕਹਾਣੀ ਜਾਂ ਲੇਖ ਨੂੰ ਪੰਜਾਬੀ ਦੇ ਸਾਹਿਤਕ ਰਸਾਲਿਆਂ ਵਿਚ ਛਪਵਾਉਣ ਤੋਂ ਪਹਿਲਾਂ ਇਸ ਨੂੰ ਹਰੀ ਸਿੰਘ ਹੁਰਾਂ ਦੇ ਘਰ ਜੁੜਦੀ ਬੈਠਕ ਵਿਚ ਪੜ੍ਹਦੇ ਤੇ ਇਨ੍ਹਾਂ ਬਾਰੇ ਮਿਲੇ ਉਸਾਰੂ ਸੁਝਾਵਾਂ ਨੂੰ ਮੁੱਖ ਰੱਖ ਕੇ ਲੇਖਕ ਆਪਣੀ ਰਚਨਾ ਨੂੰ ਪਰਪੱਕ ਕਰ ਲੈਂਦੇ ਤੇ ਬਹੁਤੀ ਵਾਰੀ ਇਹ ਛਪਣ ਦੇ ਯੋਗ ਹੋ ਜਾਂਦੀ ਤੇ ਛਪਦੀ। 1943 ਵਿਚ ਰਜਿਸਟਰ ਕਰਵਾਉਂਦੇ ਸਮੇਂ ਹਰੀ ਸਿੰਘ ਨੂੰ ਇਸ ਸਾਹਿਤ ਸਭਾ ਦਾ ਪ੍ਰਧਾਨ ਤੇ ਉਦਮੀ ਵਿਦਿਆਰਥੀ ਕੁਲਦੀਪ ਸਿੰਘ ਨੂੰ ਸਕੱਤਰ ਥਾਪਿਆ ਗਿਆ ਸੀ। ਅੱਜ ਦੇ ਦਿਨ ਸਭਾ ਦੀ ਆਪਣੀ ਇਮਾਰਤ ਹੈ ਜਿਹੜੀ ਨਵੀਂ ਦਿੱਲੀ ਦੇ ਰਾਊਜ਼ ਐਵੇਨਿਊ ਇਲਾਕੇ ਵਿਚ ਪੰਜਾਬੀ ਭਵਨ ਵਜੋਂ ਜਾਣੀ ਜਾਂਦੀ ਹੈ। ਏਥੇ ਪਹਿਲਾਂ ਵਾਂਗ ਹੀ ਬੈਠਕਾਂ ਹੁੰਦੀਆਂ ਹਨ ਤੇ ਉਸ ਨੂੰ ਸੁਝਾਅ ਦਿੱਤੇ ਜਾਂਦੇ ਹਨ।

ਇਸ ਪੰਜਾਬੀ ਭਵਨ ਦਾ ਨੀਂਹ ਪੱਥਰ ਉਸ ਸਮੇਂ ਦੇ ਵਿਦੇਸ਼ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਪੰਜ ਮਈ 1990 ਨੂੰ ਰੱਖਿਆ ਸੀ, ਜਿੱਥੋਂ ਸਾਹਿਤਕ ਬੈਠਕਾਂ ਦੇ ਨਾਲ ਨਾਲ 'ਸਮਕਾਲੀ ਸਾਹਿਤ' ਨਾਂ ਦਾ ਤ੍ਰੈਮਾਸਕ ਰਸਾਲਾ ਵੀ ਕੱਢਿਆ ਜਾਂਦਾ ਹੈ। ਇਸ ਰਸਾਲੇ ਦਾ ਅਪ੍ਰੈਲ-ਜੂਨ 2022 ਦਾ ਅੰਕ ਇਨ੍ਹਾਂ ਸਤਰਾਂ ਦਾ ਕਾਰਨ ਬਣਿਆ ਹੈ। ਇਸ ਵਿਚ ਸੰਨ ਸੰਤਾਲੀ ਦੀ ਦੇਸ਼ ਵੰਡ ਬਾਰੇ ਤੇ ਹੋਰ ਰਚਨਾਵਾਂ ਵੀ ਹਨ ਪਰ ਇਸ ਦੀ ਪ੍ਰਥਮ ਰਚਨਾ 'ਔਰਤ ਰੋਂਦੀ ਹੈ ਤਾਂ ਸਿਰਫ ਰੱਬ ਸੁਣਦਾ ਹੈ' ਅੰਤਰਰਾਸ਼ਟਰੀ ਮਹਿਲਾ ਦਿਵਸ ਉਤੇ ਹੀ ਸਹੀ ਨਹੀਂ ਪਾਉਂਦੀ ਅਮਰੀਕਾ ਵਿਚ ਅਠਾਰਵੀਂ ਸਦੀ ਦੇ ਨਸਲਵਾਦ ਦੀ ਬਾਤ ਵੀ ਪਾਉਂਦੀ ਹੈ। ਇਸ ਵਿਚ 86 ਵਰ੍ਹਿਆਂ ਦੀ ਉਮਰ ਭੋਗਣ ਵਾਲੀ ਸੋਜ਼ੋਰਨਰ ਟਰੁੱਥ ਨਾਮੀ ਉਸ ਸਿਆਹਫਾਮ (ਕਾਲੀ) ਮਹਿਲਾ ਦੀ ਸਵੈ-ਜੀਵਨੀ ਦਾ ਸਾਰ ਹੈ, ਜਿਹੜੀ ਬਿਲਕੁਲ ਅਨਪੜ੍ਹ ਹੋਣ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਅਬਰਾਹਮ ਲਿੰਕਨ ਤੇ ਉਸ ਤੋਂ ਅਗਲੇ ਦੋ ਰਾਸ਼ਟਰਪਤੀਆਂ ਨਾਲ ਵਿਚਰਦੀ ਰਹੀ ਸੀ। ਜਦੋਂ ਲਿੰਕਨ ਨੂੰ ਮਿਲਣ ਸਮੇਂ ਉਸ ਨੇ 'ਮਿਸਟਰ ਪ੍ਰੈਜ਼ੀਡੈਂਟ ਤੁਹਾਡੇ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਮੈਂ ਤੁਹਾਡਾ ਨਾਂ ਤਕ ਨਹੀਂ ਸੀ ਸੁਣਿਆ' ਕਿਹਾ ਤਾਂ ਅਬਰਾਹਮ ਲਿੰਕਨ ਨੇ ਮੁਸਕਰਾਉਂਦਿਆਂ ਉਤਰ ਦਿੱਤਾ ਸੀ, 'ਪਰ ਮੈਂ ਤਾਂ ਤੇਰਾ ਨਾਂ ਸੁਣਿਆ ਹੋਇਆ ਸੀ।'



1797 ਵਿਚ ਜਨਮੀ ਇਸ ਅਨਪੜ੍ਹ ਪਰ ਉੱਚ ਕੋਟੀ ਦੀ ਮਹਿਲਾ ਨੇ ਅੱਧੀ ਜ਼ਿੰਦਗੀ ਆਪਣੇ ਜਨਮ ਦੇ ਨਾਮ ਇਜ਼ਾਬੈਲਾ ਬੋਮਫੀ ਵਜੋਂ ਜੀਵੀ ਤੇ ਅੱਧੀ ਸੋਜ਼ੋਰਨਰ ਟਰੁੱਥ ਵਜੋਂ। ਜਦੋਂ ਉਸ ਦਾ ਥਾਮਸ ਨਾਂ ਦੇ ਇਕ ਗੁਲਾਮ ਨਾਲ ਸਬੰਧ ਬਣਿਆ ਤਾਂ ਉਸ ਨੇ ਪੰਜ ਬੱਚਿਆਂ ਨੂੰ ਜਨਮ ਦਿੱਤਾ। ਇਹ ਗੱਲ ਵੱਖਰੀ ਹੈ ਕਿ ਉਹ ਸਦਾ ਆਪਣੇ ਤੇਰਾਂ ਬੱਚਿਆਂ ਦੀ ਗੱਲ ਕਰਦੀ। ਸ਼ਾਇਦ ਇਸ ਲਈ ਕਿ ਦੂਜੇ ਬੱਚੇ ਬਲਾਤਕਾਰਾਂ ਦੇ ਸਨ ਜਾਂ ਹੋਰ ਬਾਹਰੀ ਸਬੰਧਾਂ ਦੀ ਦੇਣ। ਉਹ ਆਪਣੇ ਭੈਣ-ਭਰਾਵਾਂ ਦੀ ਗੱਲ ਕਰਦੇ ਸਮੇਂ ਵੀ ਦਸ ਜਾਂ ਬਾਰਾਂ ਨਹੀਂ ਕਹਿੰਦੀ ਦਸ-ਬਾਰਾਂ ਕਹਿੰਦੀ ਸੀ। ਬਹੁਤਾ ਏਸ ਲਈ ਕਿ ਇਨ੍ਹਾਂ ਸਿਆਹਫਾਮ ਗੁਲਾਮਾਂ ਦਾ ਆਪਣੇ ਬੱਚਿਆਂ ਉੱਤੇ ਕੋਈ ਹੱਕ ਨਹੀਂ ਸੀ। ਇਹ ਤਾਂ ਵੇਚ ਕੇ ਪੈਸਾ ਕਮਾਉਣ ਲਈ ਪੈਦਾ ਕੀਤੇ ਜਾਂਦੇ ਸਨ ਤੇ ਵਿਕਦੇ ਸਨ।

ਜਿੱਥੋਂ ਤਕ ਸੋਜ਼ੋਰਨਰ ਟਰੁੱਥ ਦਾ ਸਬੰਧ ਹੈ ਉਸ ਦਾ ਕੱਦ ਛੇ ਫੁੱਟ ਸੀ ਤੇ ਰੰਗ ਕਾਲਾ। ਉਹ ਨੌਂ ਸਾਲ ਦੀ ਸੀ ਕਿ ਉਸ ਨੂੰ ਕੇਵਲ ਸੌ ਡਾਲਰਾਂ ਵਿਚ ਨੀਲੀ ਪਰਿਵਾਰ ਨੂੰ ਵੇਚ ਦਿੱਤਾ ਗਿਆ, ਜਿਸ ਨੇ ਇਕ ਸਾਲ ਪਿੱਛੋਂ ਉਸ ਨੂੰ 105 ਡਾਲਰਾਂ ਵਿਚ ਇਕ ਮਛੇਰੇ ਮਿਸਟਰ ਸਕਰਾਈਵਰ ਨੂੰ ਵੇਚ ਦਿੱਤਾ। ਮਛੇਰੇ ਨੇ ਆਪਣੇ ਫਾਰਮ 'ਤੇ ਜਾਣਾ ਹੁੰਦਾ ਤਾਂ ਆਪ ਘੋੜੇ ਉੱਤੇ ਸਵਾਰ ਹੁੰਦਾ ਤੇ ਉਸਨੂੰ ਉਹਦੇ ਨਾਲ-ਨਾਲ ਨੰਗੇ ਪੈਰੀਂ ਦੌੜ ਕੇ ਜਾਣਾ ਹੁੰਦਾ। ਹੋਰ ਇਕ ਸਾਲ ਪਿੱਛੋਂ ਮਛੇਰੇ ਨੇ ਉਸਨੂੰ ਜਾਨ ਡੂਮਾ ਕੋਲ ਵੇਚ ਕੇ 70 ਪਾਊਂਡ ਕਮਾ ਲਏ। ਉਥੇ ਵੀ 12 ਸਾਲਾਂ ਵਿਚ ਉਸ ਨੇ ਆਪਣੇ ਮਾਲਕ ਲਈ ਪੰਜ ਬੱਚੇ ਪੈਦਾ ਕੀਤੇ ਤੇ ਸਾਰੀ ਸਾਰੀ ਰਾਤ ਜਾਗ ਕੇ ਵਾਹੀ ਖੇਤੀ ਦਾ ਕੰਮ ਵੀ ਕੀਤਾ। ਉਹਦੇ ਬੱਚਿਆਂ ਨੂੰ ਵੀ ਨਿਲਾਮ ਕੀਤਾ ਜਾਣਾ ਸੀ, ਐਨ ਉਸੇ ਤਰ੍ਹਾਂ ਜਿਵੇਂ ਉਸਨੂੰ ਤੇ ਉਸਦੇ ਮਾਪਿਆਂ ਨੂੰ ਕੀਤਾ ਗਿਆ ਸੀ।

ਇਨ੍ਹਾਂ ਗੁਲਾਮਾਂ ਤੋਂ ਡੰਗਰਾਂ ਵਾਂਗ ਕੰਮ ਲਿਆ ਜਾਂਦਾ ਸੀ ਤੇ ਮਾਲਕ ਉਨ੍ਹਾਂ ਲਈ ਰੱਬ ਦਾ ਰੂਪ ਹੁੰਦੇ ਸਨ। ਬਹੁਤੇ ਗੁਲਾਮ ਇਸ ਪ੍ਰਥਾ ਨੂੰ ਉਚਿਤ ਅਤੇ ਕੁਦਰਤ ਦੀ ਦੇਣ ਮੰਨਦੇ ਸਨ। ਟਰੁੱਥ ਦੇ ਬੇਟੇ ਪੀਟਰ ਤੇ ਬੇਟੀ ਫਿਲਿਸ ਨੂੰ ਮਿਸਟਰ ਫਾਊਲਰ ਕੋਲ ਵੇਚਿਆ ਗਿਆ ਸੀ। ਇਕ ਵਾਰੀ ਜਦੋਂ ਮਾਂ ਨੇ ਜਾ ਕੇ ਉਨ੍ਹਾਂ ਨੂੰ ਵੇਖਿਆ ਤਾਂ ਪੀਟਰ ਦੀ ਚਮੜੀ ਉਧੜੀ ਹੋਈ ਮਿਲੀ ਤੇ ਫਿਲਿਸ ਦਹਿਸ਼ਤਜ਼ਦਾ। ਪੀਟਰ ਨੇ ਮਾਂ ਨੂੰ ਦੱਸਿਆ ਕਿ ਫਾਊਲਰ ਨੇ ਫਿਲਿਸ ਦੀਆਂ ਛਾਤੀਆਂ ਨੂੰ ਏਦਾਂ ਚੂੰਢਿਆ ਸੀ ਕਿ ਉਨ੍ਹਾਂ ਵਿਚੋਂ ਲਹੂ ਵਹਿ ਤੁਰਿਆ ਸੀ।

ਫੇਰ ਜਦੋਂ ਟਰੁੱਥ ਇਕ ਮੈਥੀਆਸ ਨਾਂ ਦੇ ਪਾਦਰੀ ਦੇ ਸਮੁਦਾਏ ਵਿਚ ਰਹੀ ਤਾਂ ਉਥੇ ਵੀ ਜੋ ਕੁਝ ਵਾਪਰਿਆ ਉਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਖੀਰ ਉਸਨੇ ਗੁਲਾਮੀ ਖ਼ਿਲਾਫ ਮੁਹਿੰਮ ਵਿੱਢੀ ਤੇ ਆਪਣਾ ਤਨ-ਮਨ ਇਸ ਵਿਚ ਲਾ ਦਿੱਤਾ। ਏਨਾ ਜ਼ਿਆਦਾ ਕਿ ਅਬਰਾਹਮ ਲਿੰਕਨ ਵਰਗੇ ਰਾਸ਼ਟਰਪਤੀਆਂ ਨਾਲ ਵਿਚਰਨ ਲੱਗੀ। 1850 ਵਿਚ ਉਹਨੇ ਔਰਤਾਂ ਦੇ ਅਧਿਕਾਰਾਂ ਨੂੰ ਆਪਣਾ ਮਿਸ਼ਨ ਬਣਾ ਲਿਆ ਅਤੇ ਉਸ ਦੇ ਕੰਮ ਤੋਂ ਖੁਸ਼ ਹੋ ਕੇ ਲਿੰਕਨ ਨੇ 1864 ਵਿਚ ਉਸ ਨੂੰ ਵ੍ਹਾਈਟ ਹਾਊਸ ਬੁਲਾ ਕੇ ਉਸ ਦਾ ਸਨਮਾਨ ਕੀਤਾ। ਇਹ ਜਾਂਬਾਜ਼ ਵੀਰਾਂਗਣਾ ਨਵੰਬਰ 1883 ਵਿਚ ਆਪਣੀ ਮਰਜ਼ੀ ਦਾ ਭਾਈਚਾਰਾ ਸਿਰਜ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ। ਉਹ ਬਿਲਕੁਲ ਅਨਪੜ੍ਹ ਸੀ ਤੇ ਉਸਨੇ ਆਪਣੇ ਜੀਵਨ ਦੀ 1840 ਤਕ ਦੀ ਕਥਾ ਆਲਿਵ ਗਿਲਬਰਟ ਨੂੰ ਬੋਲ ਬੋਲ ਕੇ ਲਿਖਵਾਈ ਸੀ ਜਿਹੜੀ ਸਾਡੇ ਤਕ ਪਹੁੰਚੀ ਹੈ।

ਸਮਕਾਲੀ ਸਾਹਿਤ ਦੇ ਜਿਸ ਅੰਕ ਵਿਚ ਟਰੁੱਥ ਦੇ ਜੀਵਨ ਦਾ ਸਾਰ ਦਿੱਤਾ ਗਿਆ ਹੈ, ਇਸ ਵਿਚ ਦੇਸ਼ ਵੰਡ ਦੀ ਕਹਾਣੀ ਵੀ ਹੈ। ਅਜੀਤ ਕੌਰ ਦੀ ਜ਼ੁਬਾਨੀ ਤੇ ਕੁਲਵੰਤ ਸਿੰਘ ਵਿਰਕ ਦੀਆਂ ਦੋ ਕਹਾਣੀਆਂ (1) ਖੱਬਲ ਤੇ (2) ਧਰਤੀ ਹੇਠਲਾ ਬੌਲਦ ਵੀ। ਪਰਚੇ ਦਾ ਸੰਪਾਦਕ ਬਲਬੀਰ ਮਾਧੋਪੁਰੀ ਹੈ ਤੇ ਸਾਹਿਤ ਸਭਾ ਨਵੀਂ ਦਿੱਲੀ ਦੀ ਦੇਖ ਰੇਖ ਇਸ ਦੀ ਚੇਅਰਪਰਸਨ ਡਾ. ਰੇਣੁਕਾ ਸਿੰਘ ਕਰਦੀ ਹੈ। ਮੈਂ ਇਸ ਸਭਾ ਨਾਲ 1953 ਤੋਂ ਜੁੜਿਆ ਹੋਇਆ ਹਾਂ। ਹਰੀ ਸਿੰਘ ਦੇ ਸਮੇਂ ਤੋਂ ਜਿਸ ਨੂੰ ਗਿਆਨੀ ਦਾ ਅਧਿਆਪਕ ਰਿਹਾ ਹੋਣ ਕਾਰਨ ਸਾਰੇ ਗਿਆਨੀ ਜੀ ਕਹਿੰਦੇ ਸਨ।

1943 ਵਿਚ ਦੇਸ਼ ਦੀ ਰਾਜਧਾਨੀ ਵਿਖੇ ਸਥਾਪਤ ਹੋਈ ਪੰਜਾਬੀ ਸਾਹਿਤ ਸਭਾ ਵਲੋਂ ਕੱਢੇ ਜਾ ਰਹੇ 'ਸਮਕਾਲੀ ਸਾਹਿਤ' ਦੇ ਸੱਜਰੇ ਅੰਕ ਦੀ ਇਸ ਗਾਥਾ ਨੂੰ ਦੇਸ਼ ਵੰਡ ਬਾਰੇ ਲਿਖੀ ਸੁਰਜੀਤ ਪਾਤਰ ਦੀ ਕਵਿਤਾ ਦੇ ਮੁਢਲੇ ਬੋਲਾਂ ਨਾਲ ਸਮੇਟਦਾ ਹਾਂ ਜਿਹੜੇ ਅੰਤਿਕਾ ਵਿਚ ਪੇਸ਼ ਹਨ।

ਅੰਤਿਕਾ
ਸੁਰਜੀਤ ਪਾਤਰ
ਪਹਿਲੀ ਵਾਰੀ ਲਾਲ ਕਿਲੇ 'ਤੇ
ਝੁੱਲਿਆ ਜਦੋਂ ਤਿਰੰਗਾ
ਰੁਮਕੀ ਪੌਣ, ਉਛਲੀਆਂ ਨਦੀਆਂ,
ਕੀ ਯਮਨਾ ਕੀ ਗੰਗਾ।
ਏਨੇ ਚਿਰ ਨੂੰ ਉਡਦੇ ਆਏ
ਪੌਣਾਂ ਵਿਚ ਜੈਕਾਰੇ
ਅੱਲ੍ਹਾ ਹੂ ਅਕਬਰ ਤੇ
ਹਰ ਹਰ ਮਹਾਂਦੇਵ ਦੇ ਨਾਅਰੇ
ਬੋਲੇ ਸੋ ਨਿਹਾਲ ਦਾ ਬੋਲਾ
ਵੀ ਸਭਨਾਂ ਵਿਚ ਰਲਿਆ
ਧਰਮ ਦਇਆ ਨੂੰ ਭੁੱਲ ਕੇ ਹਰ ਕੋਈ
ਕਾਮ ਕ੍ਰੋਧ ਵਿਚ ਜਲਿਆ।
ਰੁਦਨ ਹਜ਼ਾਰਾਂ ਨਾਰਾਂ ਦੇ ਤੇ
ਮਰਦਾਂ ਦੇ ਲਲਕਾਰੇ
ਮੁੱਖਾਂ ਵਿਚ ਡੁਬੋ ਕੇ ਜਿਨ੍ਹਾਂ
**ਤਪਦੇ ਖੰਜਰ ਠਾਰੇ।**

# ਪੰਜਾਬ ਦੇ ਮਾਣ ਡਾ. ਸਰਦਾਰਾ ਸਿੰਘ ਜੌਹਲ ਨੂੰ ਮੁਬਾਰਕਾਂ

ਪ੍ਰਿੰ. ਸਰਵਣ ਸਿੰਘ

ਡਾ. ਸਰਦਾਰਾ ਸਿੰਘ ਜੌਹਲ ਖੇਤੀ ਅਰਥਚਾਰੇ ਦਾ ਧਰੂ ਤਾਰਾ ਹੈ, ਜਿਸ ਨੇ ਤੇਤੀ ਮੁਲਕਾਂ ਵਿਚ ਮਾਹਿਰਾਨਾ ਸੇਵਾਵਾਂ ਦਿੱਤੀਆਂ ਹਨ। ਉਸ ਨੂੰ ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡੀ ਲਿਟ ਤੇ ਡੀਐੱਸ ਦੀਆਂ ਆਨਰੇਰੀ ਡਿਗਰੀਆਂ ਨਾਲ ਨਿਵਾਜਿਆ ਹੈ। ਭਾਰਤ ਸਰਕਾਰ ਨੇ ਉਸ ਨੂੰ ਪਦਮ ਭੂਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਉਸਾਰੂ ਰੁਝੇਵਿਆਂ ਵਾਲਾ ਜੀਵਨ ਜਿਉਂਦਿਆਂ ਬੇਸ਼ੱਕ ਚਾਰ ਵਾਰ ਦਿਲ ਦੇ ਦੌਰੇ ਪਏ ਪਰ ਸਦਾ ਚੜ੍ਹਦੀਕਲਾ 'ਚ ਰਹਿਣ ਵਾਲਾ ਖੇਤਾਂ ਦਾ ਪੁੱਤ ਸੌ ਸਾਲਾਂ ਨੇੜੇ ਢੁਕ ਕੇ ਵੀ ਪ੍ਰੋਫੈਸ਼ਨਲ ਸੇਵਾਵਾਂ ਦੇਣ ਵਿਚ ਸਰਗਰਮ ਹੈ। ਉਸ ਦਾ ਜਨਮ ਦੋ ਅਗਸਤ, 1928 ਨੂੰ ਜੜ੍ਹਾਂਵਾਲਾ ਨੇੜੇ ਚੱਕ 104 ਸਮਰਾ-ਜੰਡਿਆਲਾ ਦੇ ਨਿਮਨ ਕਿਸਾਨੀ ਪਰਿਵਾਰ ਵਿਚ ਹੋਇਆ ਸੀ। ਨਿੱਕੇ ਹੁੰਦੇ ਦੀ ਮਾਂ ਗੁਜ਼ਰ ਗਈ ਸੀ ਅਤੇ ਉਹ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸੀ। ਬਚਪਨ ਤੇ ਜੁਆਨੀ 'ਚ ਉਸ ਨੂੰ ਕਿਰਸਾਨੀ ਦੇ ਸਾਰੇ ਕਰੜੇ ਕੰਮ ਆਪਣੇ ਹੱਥੀਂ ਕਰਨੇ ਪਏ।

ਮੈਂ ਉਸ ਦੀ ਜੀਵਨੀ ਦਾ ਨਾਂ ਪਹਿਲਾਂ 'ਖੇਤੀ ਅਰਥਚਾਰੇ ਦਾ ਧਰੂਤਾਰਾ' ਰੱਖਿਆ ਸੀ ਪਰ ਅਗਲੀ ਐਡੀਸ਼ਨ ਛਾਪਣ ਵੇਲੇ 'ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ' ਰੱਖ ਦਿੱਤਾ। ਉਸਦੀ ਸਵੈ-ਜੀਵਨੀ ਦਾ ਨਾਂ 'ਰੰਗਾਂ ਦੀ ਗਾਗਰ' ਹੈ, ਜਿਸ ਦੀਆਂ ਦਰਜਨ ਦੇ ਕਰੀਬ ਐਡੀਸ਼ਨਾਂ ਛਪ ਚੁੱਕੀਆਂ ਹਨ। ਉਸ ਨੂੰ ਮਿਲੇ ਮਾਣਾਂ-ਸਨਮਾਨਾਂ ਤੇ ਪੁਰਸਕਾਰਾਂ ਦਾ ਕੋਈ ਅੰਤ ਨਹੀਂ। ਹੁਣ ਲੋਕ ਮੰਚ ਪੰਜਾਬ ਵਲੋਂ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਪੰਜਾਬੀ ਭਵਨ ਲੁਧਿਆਣਾ ਵਿਖੇ ਉਸ ਨੂੰ 'ਪੰਜਾਬ ਦਾ ਮਾਣ' ਪੁਰਸਕਾਰ ਦਿੱਤਾ ਗਿਐ, ਜਿਸ ਦੀਆਂ ਲੱਖ-ਲੱਖ ਮੁਬਾਰਕਾਂ!

ਡਾ. ਜੌਹਲ ਵਿਦਵਤਾ ਦਾ ਭਰ ਵਗਦਾ ਦਰਿਆ ਹੈ। ਗਿਆਨ ਦਾ ਲਟ-ਲਟ ਬਲਦਾ ਚਿਰਾਗ ਜਿਸ ਨਾਲ ਨਿੱਤ ਨਵੇਂ ਦੀਵੇ ਜਗਦੇ ਹਨ। ਕੁਝ ਸਾਲ ਪਹਿਲਾਂ 'ਅਜੀਤ' ਵਿਚ ਛਪਦਾ ਉਸ ਦਾ ਕਾਲਮ 'ਮੇਰਾ ਭਾਰਤ ਮਹਾਨ' ਬੇਹੱਦ ਮਕਬੂਲ ਹੋਇਆ ਸੀ। ਮੇਰਾ ਸੁਭਾਗ ਹੈ, ਮੈਨੂੰ ਬਤੌਰ ਪ੍ਰਿੰਸੀਪਲ ਡਾ. ਜੌਹਲ ਦੀ ਸਰਪ੍ਰਸਤੀ ਮਿਲੀ, ਨੇਕ ਸਲਾਹਾਂ ਮਿਲੀਆਂ, ਉਤਸ਼ਾਹ ਮਿਲਿਆ, ਸੇਧ ਮਿਲੀ ਤੇ ਨੇੜਿਓਂ ਵੇਖਣ ਜਾਣਨ ਦੇ ਮੌਕੇ ਮਿਲੇ ਜੋ ਹੁਣ ਤਕ ਮਿਲਦੇ ਆ ਰਹੇ ਹਨ। ਜਦੋਂ ਵੀ ਮਿਲੀਏ ਅਪਣੱਤ ਦਾ ਨਿੱਘ ਮਿਲਦੈ, ਜਿਸ ਨਾਲ ਮਨ ਖੁਸ਼ ਹੁੰਦੈ। ਉਸ ਨੂੰ ਵਡੇਰੀ ਉਮਰ ਵਿਚ ਵੀ ਆਹਰੇ ਲੱਗੇ ਵੇਖ ਕੇ ਹਰ ਕਿਸੇ ਨੂੰ ਪ੍ਰੇਰਨਾ ਮਿਲਦੀ ਹੈ ਕਿ ਆਪਾਂ ਵੀ ਕੁਝ ਕਰੀਏ।

ਉਹ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਚਾਰ ਸਾਲ ਵੱਡਾ ਹੈ। ਦੋਵੇਂ ਸਰਦਾਰ ਧਨੰਤਰ ਅਰਥ ਸ਼ਾਸਤਰੀ ਹਨ, ਜੋ ਪੱਛਮੀ ਪੰਜਾਬ ਦੇ ਪਿੰਡਾਂ ਵਿਚ ਜੰਮੇ ਪਲੇ। ਡਾ. ਮਨਮੋਹਨ ਸਿੰਘ ਦਾ ਪਿੰਡ 'ਗਾਹ' ਪੋਠੋਹਾਰ ਵਿਚ ਹੈ ਤੇ ਡਾ. ਜੌਹਲ ਦਾ ਬਾਰ ਵਿਚ ਚੱਕ 104 ਸਮਰਾ-ਜੰਡਿਆਲਾ। ਦੇਸ਼ ਦੀ ਵੰਡ ਸਮੇਂ ਇਹ ਪਿੰਡ ਪਾਕਿਸਤਾਨ ਵਿਚ ਰਹਿ ਗਏ। ਪਾਕਿਸਤਾਨ 'ਚੋਂ ਉੱਜੜੇ ਇਹ ਦੋਵੇਂ ਪੇਂਡੂ ਨੌਜੁਆਨ ਚੜ੍ਹਦੇ ਪੰਜਾਬ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹ ਕੇ ਭਾਰਤੀ ਯੂਨੀਵਰਸਿਟੀਆਂ ਦੇ ਮਾਣਯੋਗ ਪ੍ਰੋਫ਼ੈਸਰ ਬਣੇ। ਦੋਹਾਂ ਨੇ ਯੂਐੱਨਓ ਵਿਚ ਸੇਵਾ ਕੀਤੀ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਡਾਇਰੈਕਟਰ ਬਣੇ ਤੇ ਭਾਰਤ ਦੇ ਪ੍ਰਧਾਨ ਮੰਤਰੀਆਂ ਦੀਆਂ ਆਰਥਿਕ ਸਲਾਹਕਾਰ ਕੌਂਸਲਾਂ ਦੇ ਮੈਂਬਰ ਰਹੇ। ਡਾ. ਮਨਮੋਹਨ ਸਿੰਘ ਵਰਲਡ ਬੈਂਕ ਵਿਚ ਸੇਵਾ ਕਰਨ ਅਤੇ ਭਾਰਤ ਦੇ ਖ਼ਜ਼ਾਨਾ ਮੰਤਰੀ ਬਣਨ ਪਿੱਛੋਂ ਦੋ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਪਰ ਡਾ. ਜੌਹਲ ਰਾਜਸੱਤਾ ਮਗਰ ਨਾ ਗਏ। ਚਲੇ ਜਾਂਦੇ ਤਾਂ ਸੰਭਵ ਸੀ ਰਾਜ ਭਵਨਾਂ ਦੀਆਂ ਉੱਚੀਆਂ ਤੋਂ ਉੱਚੀਆਂ ਪੌੜੀਆਂ ਚੜ੍ਹਦੇ!

ਉਹ ਦੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ, ਡਾਇਰੈਕਟਰ ਰਿਸਰਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਅਮਰੀਕਾ ਦੀ ਓਹਾਇਓ ਸਟੇਟ ਯੂਨੀਵਰਸਿਟੀ ਦੇ ਵਿਜ਼ਟਿੰਗ ਪ੍ਰੋਫ਼ੈਸਰ, ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ ਦੇ ਨੈਸ਼ਨਲ ਪ੍ਰੋਫ਼ੈਸਰ ਆਫ਼ ਐਮੀਨੈਂਸ ਇਨ ਇਕਨੌਮਿਕਸ, ਖੇਤੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਦੇ ਚੇਅਰਮੈਨ, ਭਾਰਤ ਦੇ ਚਾਰ ਪ੍ਰਧਾਨ ਮੰਤਰੀਆਂ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮਾਣਯੋਗ ਮੈਂਬਰ, ਡਾਇਰੈਕਟਰ ਸੈਂਟਰਲ ਗਵਰਨਿੰਗ ਬੋਰਡ ਆਫ਼ ਰਿਜ਼ਰਵ ਬੈਂਕ, ਕਨਸਲਟੈਂਟ ਵਰਲਡ ਬੈਂਕ, ਐਡੀਟਰ ਇਨ ਚੀਫ਼ ਮੈਨ ਐਂਡ ਡਿਵੈਲਪਮੈਂਟ ਮੈਗਜ਼ੀਨ ਅਤੇ ਯੋਜਨਾ ਬੋਰਡ ਪੰਜਾਬ ਦੇ ਉਪ-ਚੇਅਰਮੈਨ ਰਹਿਣ ਪਿੱਛੋਂ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਦੇ ਪਹਿਲੇ ਗ਼ੈਰਸਰਕਾਰੀ ਚਾਂਸਲਰ ਬਣੇ।



ਬਣੇ ਤਾਂ ਉਹ ਹੋਰ ਵੀ ਬਹੁਤ ਕੁਝ ਪਰ ਸੱਤਾ ਦੀਆਂ ਪੌੜੀਆਂ ਨਹੀਂ ਚੜ੍ਹੇ। ਇਸੇ ਕਰਕੇ ਉਨ੍ਹਾਂ ਦੀ ਚਰਚਾ ਡਾ. ਮਨਮੋਹਨ ਸਿੰਘ ਜਿੰਨੀ ਨਹੀਂ ਹੋਈ। ਉਨ੍ਹਾਂ ਦਾ ਬਿੰਬ ਇਕ ਸਾਊ, ਸਾਦੇ, ਮਿਹਨਤੀ, ਮਿਲਾਪੜੇ ਤੇ ਖੁੱਲ੍ਹ-ਦਿਲੇ ਵਿਦਵਾਨ ਦਾ ਬਣਿਆ ਹੋਇਆ ਹੈ। ਵੱਡੇ ਹੋ ਕੇ ਵੀ ਉਹ ਕਿਸੇ ਨੂੰ ਆਪਣੀ ਵਡੱਤਣ ਦਾ ਅਹਿਸਾਸ ਨਹੀਂ ਹੋਣ ਦਿੰਦੇ। ਹਰੇਕ ਨੂੰ ਇੰਜ ਲੱਗਦੈ ਜਿਵੇਂ ਆਪਣਾ ਪਰਿਵਾਰਕ ਵਡੇਰਾ ਹੋਵੇ। ਕਿਸੇ ਦਾ ਚਾਚਾ ਕਿਸੇ ਦਾ ਤਾਇਆ। ਮੁਕੰਦਪੁਰੀਆਂ ਦੇ ਤਾਂ ਉਹ ਫੁੱਫੜ ਹਨ ਹੀ!

ਡਾ. ਜੌਹਲ ਤੇ ਡਾ. ਮਨਮੋਹਨ ਸਿੰਘ ਕੱਚੇ ਕੋਠਿਆਂ ਵਾਲੇ ਪਿੰਡਾਂ ਵਿਚ ਜੰਮੇ ਪਲੇ ਤੇ ਤੱਪੜਾਂ ਵਾਲੇ ਸਕੂਲਾਂ ਵਿਚ ਅਨਟ੍ਰੇਂਡ ਅਧਿਆਪਕਾਂ ਤੋਂ ਪੜ੍ਹੇ ਸਨ। ਦੋਹਾਂ ਦੇ ਮਾਪੇ ਸਾਧਾਰਨ ਕਿਰਤੀ ਸਨ। ਦੋਹਾਂ ਨੇ ਮੁੱਢਲੇ ਅੱਖਰ ਅਲਫ਼ ਬੇ ਤੇ ਏਕਾ ਦੂਆ ਉਂਗਲਾਂ ਨਾਲ ਜ਼ਮੀਨ ਉਤੇ ਲਿਖਣੇ ਸਿੱਖੇ। ਉਨ੍ਹਾਂ ਦਾ ਆਲਾ-ਦੁਆਲਾ ਅਨਪੜ੍ਹ ਲੋਕਾਂ ਦਾ ਸੀ ਜਿੱਥੇ ਮੈਟ੍ਰਿਕ ਪਾਸ ਵੀ ਕੋਈ ਘੱਟ ਹੀ ਮਿਲਦਾ ਸੀ। ਸਕੂਲਾਂ ਦੇ ਉਸਤਾਦ ਵੀ ਅੱਠ ਦਸ ਜਮਾਤਾਂ ਹੀ ਪੜ੍ਹੇ ਹੁੰਦੇ ਸਨ ਪਰ ਉਨ੍ਹਾਂ ਅੰਦਰ ਪੜ੍ਹਾਈ ਕਰਾਉਣ ਦਾ ਮਿਸ਼ਨਰੀ ਜਜ਼ਬਾ ਹੁੰਦਾ ਸੀ।

ਉਦੋਂ ਪਿੰਡਾਂ ਵਿਚ ਸ਼ਹਿਰੀ ਵਿਦਿਆ ਦਾ ਚਾਨਣ ਨਹੀਂ ਸੀ ਅੱਪੜਿਆ। ਵਿਦਿਆਥੀਆਂ ਦੇ ਪੜ੍ਹਨ-ਲਿਖਣ ਲਈ ਕਾਇਦੇ ਤੇ ਫੱਟੀਆਂ ਸਨ। ਕਾਨਿਆਂ ਦੀਆਂ ਕਲਮਾਂ, ਸੂਡ ਦੀ ਸਿਆਹੀ ਤੇ ਫੱਟੀਆਂ ਪੋਚਣ ਲਈ ਗਾਚਣੀ। ਬਸਤੇ ਵਿਚ ਇਕ ਫੱਟੀ ਹੋਣੀ, ਇਕ ਕਾਇਦਾ ਤੇ ਕਲਮ-ਦਵਾਤ। ਬਹੁਤੇ ਵਿਦਿਆਰਥੀਆਂ ਦੇ ਤੇੜ ਕੇਵਲ ਝੱਗਾ ਤੇ ਸਿਰ 'ਤੇ ਸਾਫਾ ਹੁੰਦਾ ਸੀ। ਪੇਂਡੂ ਲੋਕਾਂ ਦਾ ਕੰਮ ਧੰਦਾ ਖੇਤੀਬਾੜੀ ਕਰਨੀ ਅਤੇ ਡੰਗਰ ਪਾਲਣਾ ਸੀ। ਚਰਾਗਾਹਾਂ ਖੁੱਲ੍ਹੀਆਂ ਸਨ, ਜਿੱਥੇ ਸਕੂਲੋਂ ਪੜ੍ਹ ਕੇ ਮੁੜੇ ਪਾੜ੍ਹੇ ਡੰਗਰ ਚਾਰਦੇ, ਖੇਡਾਂ ਖੇਡਦੇ ਤੇ ਆਪੋ ਆਪਣੇ ਘਰਦਿਆਂ ਦੇ ਕੰਮ ਵਿਚ ਹੱਥ ਵਟਾਉਂਦੇ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਉਸ ਮਾਹੌਲ ਵਿਚ ਮੁੱਢਲੀ ਵਿੱਦਿਆ ਹਾਸਲ ਕਰਨ ਵਾਲੇ ਸਰਦਾਰਾ ਸਿੰਘ ਤੇ ਮਨਮੋਹਨ ਸਿੰਘ ਵਿਸ਼ਵ ਦੇ ਉੱਘੇ ਅਰਥ-ਸ਼ਾਸਤਰੀ ਬਣੇ!

ਸੁਆਲ ਪੈਦਾ ਹੁੰਦਾ ਹੈ ਕਿ ਅੱਜ-ਕੱਲ੍ਹ ਮਹਿੰਗੀਆਂ ਫੀਸਾਂ ਲੈਣ ਵਾਲੇ, ਟਿਊਸ਼ਨਾਂ ਕਰਨ ਕਰਾਉਣ ਵਾਲੇ, ਬੱਚਿਆਂ ਤੋਂ ਬਚਪਨ ਦੀ ਬਾਦਸ਼ਾਹੀ ਖੋਹਣ ਵਾਲੇ, ਕਿਤਾਬਾਂ ਕਾਪੀਆਂ ਦੇ ਭਾਰ ਹੇਠਾਂ ਬੱਚਿਆਂ ਨੂੰ ਦਬਾਉਣ ਵਾਲੇ, ਸਿਹਤਾਂ ਗੁਆਉਣ ਵਾਲੇ, ਨਜ਼ਰ ਦੀਆਂ ਐਨਕਾਂ ਲੁਆਉਣ ਵਾਲੇ ਤੇ ਇਮਤਿਹਾਨਾਂ ਦੀਆਂ ਚਿੰਤਾਵਾਂ ਵਿਚ ਡੁਬੋਈ ਰੱਖਣ ਵਾਲੇ ਮਾਡਰਨ ਸਕੂਲ ਕਾਹਦੇ ਲਈ ਵਧੀ ਫੁੱਲੀ ਜਾਂਦੇ ਹਨ? ਵਿਦਿਆਰਥੀਆਂ ਨੂੰ ਉਹ ਜੋ ਬਣਾਉਂਦੇ ਹਨ ਉਹ ਕਿਸੇ ਤੋਂ ਗੁੱਝੇ ਨਹੀਂ। ਲੋਕ ਭਲਾਈ ਕਰਨ ਵਾਲੇ ਈਮਾਨਦਾਰ ਇਨਸਾਨ ਬਣਾਉਣ ਦੀ ਥਾਂ ਜ਼ਿਆਦਾਤਰ ਪੈਸੇ ਕਮਾਉਣ ਦੀਆਂ ਮਸ਼ੀਨਾਂ ਤਿਆਰ ਕਰ ਰਹੇ ਹਨ। ਕੈਰੀਅਰ ਬਣਾਉਣ ਦੇ ਨਾਂ ਉਤੇ ਬੱਚਿਆਂ ਤੋਂ ਬਚਪਨ ਖੋਹ ਲੈਣਾ, ਜੁਆਨਾਂ ਤੋਂ ਜੁਆਨੀ ਤੇ ਬਜ਼ੁਰਗਾਂ ਤੋਂ ਬਜ਼ੁਰਗੀ, ਇਹ ਕਿਧਰਲੀ ਪੜ੍ਹਾਈ ਤੇ ਤਰੱਕੀ ਹੈ? ਸੋਚਣਾ ਚਾਹੀਦੈ ਕਿ ਸਾਡੀ ਸਿੱਖਿਆ ਨੀਤੀ ਸਾਡੇ ਬੱਚਿਆਂ ਨੂੰ ਕਿਧਰ ਨੂੰ ਲਿਜਾ ਰਹੀ ਹੈ? ਜੇ ਪੁਰਾਣੇ ਸਾਧਾਰਨ ਸਕੂਲ ਸੁਹਿਰਦ ਇਨਸਾਨ ਤੇ ਵਿਦਵਾਨ ਪੈਦਾ ਕਰਦੇ ਰਹੇ ਸਨ ਤਾਂ ਹੁਣ ਦੇ ਆਧੁਨਿਕ ਸਕੂਲਾਂ ਨੂੰ ਕੀ ਬਿਮਾਰੀ ਪਈ ਹੈ?

ਡਾ. ਨਿਰਮਲ ਸਿੰਘ ਲਾਂਬੜਾ ਨੇ ਸਹੀ ਲਿਖਿਆ ਹੈ, 'ਡਾ. ਜੌਹਲ ਸਵੈ-ਮਾਨੀ, ਅਣਖੀਲਾ, ਸੰਵੇਦਨਸ਼ੀਲ, ਸੋਚਵਾਨ, ਅਗੇਵਧੂ, ਧੀਰਜਵਾਨ ਤੇ ਕਿਰਤੀ ਮਨੁੱਖ ਹੈ। ਉਸ ਨੂੰ ਆਪਣੀ ਮਿੱਟੀ ਨਾਲ ਹਕੀਕੀ ਮੋਹ ਹੈ। ਉਹ ਹਮੇਸ਼ਾਂ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਦਾ ਹੈ। ਉਜੱਡਵਾਦ ਦੀ ਹਉਮੈ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੈ। ਪੇਂਡੂ ਪਿਛੋਕੜ, ਪੰਜਾਬੀ ਮਾਂ ਬੋਲੀ, ਹੱਥੀਂ ਕੰਮ ਕਰਨ, ਸਦਾ ਸੱਚ ਉਤੇ ਪਹਿਰਾ ਦੇਣ ਤੇ ਖਰੀ-ਖਰੀ ਕਹਿਣ ਉਤੇ ਸਾਡੇ ਵੱਡੇ ਵੀਰ ਜੌਹਲ ਨੂੰ ਜਿਹੜਾ ਮਾਣ ਹੈ, ਉਹ ਉੱਚੇ ਤੋਂ ਉੱਚੇ ਅਹੁਦੇ ਹਾਸਲ ਕਰਨ ਵਿਚ ਕਦੀ ਰੋੜਾ ਨਹੀਂ ਬਣਦਾ।'


ਉਹ ਅਜੇ ਵੀ 17 ਅਦਾਰਿਆਂ ਤੇ ਸਭਾਵਾਂ ਦੇ ਚੇਅਰਮੈਨ ਹਨ। ਦੁਆ ਕਰਦੇ ਹਾਂ ਨਰੋਈ ਸਿਹਤ ਨਾਲ ਸੈਂਚੁਰੀ ਮਾਰਨ ਤੇ ਸਦਾ ਵਿਦਵਤਾ ਦਾ ਚਾਨਣ ਵੰਡਦੇ ਰਹਿਣ!

# ਵਰਤੋਂ ਕੰਪਿਊਟਰ ਦੀ

## ਟੇਬਲ 3

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

**ਸਿਲੈੱਕਟ ਕਰਨਾ:** ਕਿਸੇ ਨਾ ਕਿਸੇ ਲੋੜ ਲਈ ਪੂਰੇ ਟੇਬਲ ਜਾਂ ਇਸਦੇ ਕੁੱਝ ਭਾਗ ਨੂੰ ਸਿਲੈੱਕਟ ਕਰਨਾ ਪੈਂਦਾ ਹੈ। ਉਸ ਲਈ ਕਮਾਂਡ ਪਾਥ ਹੈ; ਕਰਸਰ ਨੂੰ ਲੋੜੀਂਦੇ ਮੂਲ ਤੱਤ ਵਿਚ ਲੈ ਜਾਓ। 'ਟੇਬਲ ਟੂਲਜ਼' ਦੀ ਲੇਅਆਊਟ ਕਮਾਂਡ ਟੈਬ → ਪਹਿਲੇ ਕਮਾਂਡ ਸੈੱਟ 'ਟੇਬਲ' ਵਿਚ 'ਸਿਲੈੱਕਟ' ਹੇਠਾਂ ਵਾਲ਼ੀ ਵਿੰਡੋ ਖੁੱਲ੍ਹ ਜਾਇਗੀ। ਉਸ ਵਿਚ ਸਿਲੈੱਕਟ ਸੈੱਲ, ਕੌਲਮ, ਰੋਅ ਅਤੇ





ਟੇਬਲ ਦੀਆਂ ਚਾਰ ਕਮਾਂਡਾਂ ਹਨ। ਜਿਸ ਵੀ ਕਮਾਂਡ ਨੂੰ ਕਲਿੱਕ ਕੀਤਾ ਜਾਏਗਾ ਟੇਬਲ ਦਾ ਓਹੋ ਮੂਲ ਤੱਤ ਸਿਲੈੱਕਟ ਹੋ ਜਾਏਗਾ। ਸਿਲੈੱਕਟ ਕੀਤੇ ਏਰੀਏ ਨੂੰ ਡੀਸਿਲੈੱਕਟ ਕਰਨ ਲਈ ਮਾਊਸ ਨੂੰ ਕਿਤੇ ਵੀ ਕਲਿੱਕ ਕਰੋ।

ਸਿਲੈੱਕਟ ਵਿੰਡੋ ਵਿਚ ਜੇ 'ਵਿਊ ਗ੍ਰਿੱਡ ਲਾਈਨਜ਼' ਨੂੰ ਕਲਿੱਕ ਕੀਤਾ ਜਾਵੇਗਾ ਤਾਂ ਟੇਬਲ ਦੇ ਬਾਰਡਰਾਂ 'ਤੇ ਗ੍ਰਿੱਡ ਲਾਈਨਾਂ ਦਿਖਾਈ ਦੇਣਗੀਆਂ। ਦੋਬਾਰਾ ਕਲਿੱਕ ਕਰਨ ਨਾ਼ਲ ਉਹ ਹਟ ਜਾਣਗੀਆਂ। ਯਾਦ ਰਹੇ ਕਿ ਇਹ ਕਾਰਵਾਈ ਕਰਨ ਵੇ਼ਲੇ ਟੇਬਲ ਦੀਆਂ ਬਾਰਡਰ ਲਾਈਨਾਂ ਨਹੀਂ ਹੋਣੀਆਂ ਚਾਹੀਦੀਆਂ। ਨਹੀਂ ਤਾਂ ਗ੍ਰਿੱਡ ਲਾਈਨਾਂ ਉਨ੍ਹਾਂ ਥੱਲੇ ਛੁਪ ਕੇ ਰਹਿ ਜਾਣਗੀਆਂ।


ਜੇ ਪਰਾਪਰਟੀਜ਼ ਕਮਾਂਡ ਨੂੰ ਕਲਿੱਕ ਕੀਤਾ ਜਾਏਗਾ ਤਾਂ ਸੱਜੇ ਪਾਸੇ ਵਾ਼ਲੀ ਵੱਡੀ ਵਿੰਡੋ ਖੁੱਲ੍ਹ ਜਾਵੇਗੀ। ਇਸ ਵਿਚ ਚਾਰੇ ਮੂਲ ਤੱਤਾਂ ਵਿਚੋਂ ਜਿਸ ਤੱਤ ਦੀ ਟੈਬ ਨੂੰ ਵੀ ਕਲਿੱਕ ਕੀਤਾ ਜਾਏਗਾ ਉਸ ਦੀਆਂ ਹੀ ਪਰਾਪਰਟੀਜ਼ ਖੁੱਲ੍ਹ ਜਾਣਗੀਆਂ। ਜਿਨ੍ਹਾਂ ਵਿਚੋਂ ਆਪਣੀ ਲੋੜ ਅਨੁਸਾਰ ਕਲਿੱਕ ਕਰ ਕੇ, ਓਕੇ ਕੀਤਾ ਜਾ ਸਕਦਾ ਹੈ।

**ਅਲਾਈਨਮੈਂਟ:** ਲੇਅਆਊਟ ਕਮਾਂਡ ਟੈਬ ਵਿਚ ਅਗਲਾ ਮਹੱਤਵਪੂਰਨ ਕਮਾਂਡ ਸੈੱਟ ਹੈ ਛੇਵਾਂ, ਅਲਾਈਨਮੈਂਟ। ਇਸ ਵਿਚ ਸੈੱਲ ਅੰਦਰ ਟੈੱਕਸਟ ਦੀ ਅਲਾਈਨਮੈਂਟ ਦਾ ਪ੍ਰਬੰਧ ਹੈ। ਇੱਕ ਸੈੱਲ ਵਿਚ 3 ਗੁਣਾ 3, ਕੁੱਲ 9 ਤਰ੍ਹਾਂ ਨਾ਼ਲ ਟੈੱਕਸਟ ਨੂੰ ਪਾ ਸਕਦੇ ਹਾਂ। ਖੱਬਿਓਂ ਸੱਜੇ ਨੂੰ;





ਖੱਬੇ, ਸੈਂਟਰ ਅਤੇ ਸੱਜੇ, ਉੱਪਰੋਂ ਥੱਲੇ ਨੂੰ; ਉੱਪਰ, ਸੈਂਟਰ ਅਤੇ ਥੱਲੇ। ਇਸ ਸੈੱਟ ਵਿਚ ਸੈੱਲ ਦੇ ਚਾਰੇ ਮਾਰਜਨ ਵੀ ਸੈੱਟ ਕੀਤੇ ਜਾ ਸਕਦੇ ਹਨ।

ਇਸ ਵਿਚ ਜ਼ਰੂਰੀ ਕਮਾਂਡ ਹੈ ਟੈੱਕਸਟ ਡਾਇਰੈਕਸ਼ਨ ਦੀ। ਜਿਸ ਨੂੰ ਵਾਰ-ਵਾਰ ਕਲਿੱਕ ਕਰ ਕੇ ਟੈੱਕਸਟ ਨੂੰ ਖੱਬੇ ਤੋਂ ਸੱਜੇ, ਉੱਪਰੋਂ ਥੱਲੇ ਅਤੇ ਥੱਲਿਓਂ ਉੱਪਰ ਨੂੰ ਲਿਖਿਆ ਜਾ ਸਕਦਾ ਹੈ।




ਇਹ ਪ੍ਰਬੰਧ ਖਾਸ ਕਰਕੇ ਲੰਮੇ ਹੈਡਿੰਗਾਂ ਵਿਚ ਕੰਮ ਆਉਂਦਾ ਹੈ।

**ਕਮਾਂਡ ਸੈੱਟ ਡੈਟਾ:** ਅਗਲਾ ਜ਼ਰੂਰੀ ਕਮਾਂਡ ਸੈੱਟ ਹੈ ਡੈਟਾ ਦਾ। ਇਸ ਵਿਚ ਪਹਿਲੀ ਕਮਾਂਡ ਹੈ 'ਸੌਰਟ'। ਇਹ ਏ ਤੋਂ ਜ਼ੈੱਡ ਅਤੇ ਜ਼ੈੱਡ ਤੋਂ ਏ ਦੀ ਤਰਤੀਬ ਵਿਚ ਡੈਟੇ ਦੀ ਤਰਤੀਬ ਦੇਣ



ਦੇ ਕੰਮ ਆਉਂਦੀ ਹੈ। ਦੂਜੀ ਉੱਪਰਲੀ ਕਮਾਂਡ 'ਰਿਪੀਟ ਹੈੱਡਰ ਰੋਅਜ਼' ਹੈ। ਬਹੁਤੇ ਪੰਨਿਆਂ ਦੇ ਡੈਟੇ ਵਿਚ ਉੱਪਰਲੀ ਹੈੱਡਰ ਰੋਅ ਨੂੰ ਹਰ ਪੇਜ ਉੱਤੇ ਦਰਸਾਉਣ ਦੇ ਕੰਮ ਆਉਂਦੀ ਹੈ। ਉਸ ਤੋਂ ਹੇਠਲੀ ਭਾਵ ਵਿਚਕਾਰਲੀ ਕਮਾਂਡ 'ਕਨਵਰਟ ਟੂ ਟੈੱਕਸਟ' ਟੇਬਲ ਨੂੰ ਟੈੱਕਸਟ ਵਿਚ ਬਦਲਣ ਦੇ ਕੰਮ ਆਉਂਦੀ ਹੈ। ਸਭ ਤੋਂ ਹੇਠਲੀ ਕਮਾਂਡ 'ਫਾਰਮੂਲਾ' ਹਿਸਾਬ ਕਿਤਾਬ ਕਰਨ ਦੇ ਕੰਮ ਆਉਂਦੀ ਹੈ। ਡੈਟਾ ਕਮਾਂਡ ਸੈੱਟ ਦੇ ਪ੍ਰਬੰਧਾਂ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ:

**ਸੌਰਟ:** ਕੋਈ ਵੀ ਸੂਚੀ ਜੇ ਡਿਕਸ਼ਨਰੀ ਅਨੁਸਾਰ ਨਾ ਹੋਵੇ ਤਾਂ ਉਸ ਵਿਚੋਂ ਵਿਸ਼ੇਸ਼ ਨਾਂ ਲੱਭਣਾ ਘਾਹ ਦੇ ਢੇਰ ਵਿਚੋਂ ਸੂਈ ਲੱਭਣ ਦੇ ਬਰਾਬਰ ਹੁੰਦਾ ਹੈ। ਟੇਬਲ ਵਿਚ ਸੌਰਟਿੰਗ ਦਾ ਖਾਸ ਪ੍ਰਬੰਧ ਹੈ। ਜਿਸ ਟੈੱਕਸਟ ਨੂੰ ਸੌਰਟ ਕਰਨਾ ਹੈ, ਉਸ ਦੀਆਂ ਪੂਰੀਆਂ ਰੋਅਜ਼ ਨੂੰ ਸਿਲੈੱਕਟ ਕਰ ਲਵੋ। ਜਿਸ ਕੌਲਮ ਨੂੰ ਮੁੱਖ ਰੱਖਣਾ ਹੈ ਉਸਨੂੰ ਕਲਿੱਕ ਕਰ ਲਵੋ। ਦੂਜੇ ਅਤੇ ਤੀਜੇ ਨੰਬਰ ਉੱਤੇ ਚੋਣ ਵਿਚ ਆਉਣ ਵਾਲ਼ਿਆਂ ਕੌਲਮਾਂ ਨੂੰ ਵੀ ਕਲਿੱਕ ਕਰ ਲਵੋ। ਨਾ਼ਲ-ਨਾ਼ਲ ਘਟਦੇ-ਵਧਦੇ ਕ੍ਰਮ ਨੂੰ ਵੀ ਕਲਿੱਕ ਕਰ ਲਵੋ। ਲਿਸਟ ਵਿਚ ਹੈੱਡਰ ਹੈ ਕਿ ਨਹੀਂ ਕਲਿੱਕ ਕਰ ਲਵੋ। ਓਕੇ ਕਰਨ ਨਾ਼ਲ ਸਾਰੀ ਲਿਸਟ ਇੱਛਾ ਅਨੁਸਾਰ ਸੌਰਟ ਹੋ ਜਾਇਗੀ।

**ਕਨਵਰਟ ਟੇਬਲ ਟੂ ਟੈੱਕਸਟ:** ਟੇਬਲ ਨੂੰ ਟੈੱਕਸਟ ਵਿਚ ਬਦਲਣ ਲਈ ਸੈਪਰੇਟਰ ਵਾਸਤੇ ਸਭ ਤੋਂ ਵੱਧ ਢੁਕਵੀਂ ਕਮਾਂਡ 'ਟੈਬ ' ਹੀ ਹੈ। ਲੋੜ ਅਨੁਸਾਰ ਕਿਸੇ ਕਮਾਂਡ ਦੀ ਵੀ ਚੋਣ ਕੀਤੀ ਜਾ ਸਕਦੀ ਹੈ। ਅਦਰ ਕਮਾਂਡ ਵਿਚ ਹਾਈਫਨ, ਸਟਾਰ, ਪਰਸੈਂਟ ਆਦਿ ਵਿਚੋਂ ਕੋਈ ਵੀ ਚੁਣ ਸਕਦੇ ਹੋ।

**ਫਾਰਮੂਲਾ:** ਇਸ ਵਿਚ ਜੋੜ ਘਟਾਓ ਦੇ ਨਾ਼ਲ-ਨਾ਼ਲ ਐਵਰੇਜ ਆਦਿ ਕਈ ਫਾਰਮੂਲਿਆਂ ਦਾ ਪ੍ਰਬੰਧ ਹੈ। ਅਗਾਂਹਵਧੂ ਇਨਸਾਨ ਵਿਚ ਫਰੋਲਾ-ਫਰਾਲੀ ਦੀ ਰੁਚੀ ਹੋਣੀ ਚਾਹੀਦੀ ਹੈ। ਉਹ ਥੋੜ੍ਹੀ ਜਿਹੀ ਸੇਧ ਮਿ਼ਲ ਜਾਣ ਪਿੱਛੋਂ ਬਾਕੀ ਦੀ ਫਰੋਲਾ ਫਰਾਲੀ ਆਪ ਕਰ ਕੇ ਹਰ ਚੀਜ਼ ਦੀ ਤਹਿ ਤੀਕਰ ਪਹੁੰਚ ਜਾਂਦਾ ਹੈ। ਕੰਪਿਊਟਰ ਵਿਚ ਤਾਂ ਹਰ ਪਾਸੇ ਹੀ ਬਦਲਵੇਂ ਪ੍ਰਬੰਧ ਅਤੇ ਅੱਗੇ ਹੋਰ ਅੱਗੇ ਬੇਅੰਤ ਹੈ। (ਚਲਦਾ ...)

# ਮਹਿਕ ਚਿੱਠੀਆਂ ਦੀ

ਅਮਰਬੀਰ ਸਿੰਘ ਚੀਮਾ
ਫੋਨ: 98889-40211

ਕਹਿੰਦੇ ਨੇ ਕਿ ਬਦਲਾਓ ਕੁਦਰਤ ਦਾ ਨਿਯਮ ਹੈ। ਇਹ ਹੋਣਾ ਵੀ ਲਾਜ਼ਮੀ ਚਾਹੀਦਾ ਹੈ, ਨਹੀਂ ਤਾਂ ਜ਼ਿੰਦਗੀ ਨੀਰਸ ਜਿਹੀ ਬਣ ਜਾਵੇਗੀ। ਰਵਾਇਤ ਅਨੁਸਾਰ ਜਦੋਂ ਕਿਸੇ ਨਵੀਂ ਚੀਜ਼ ਦੇ ਆਉਣ ਨਾ਼ਲ ਸਬੰਧਿਤ ਪੁਰਾਣੀ ਚੀਜ਼ ਦਾ ਖ਼ਾਤਮਾ ਹੁੰਦਾ ਹੈ ਤਾਂ ਦੁੱਖ ਵੀ ਹੁੰਦਾ ਹੈ। ਫ਼ੋਨ, ਮੋਬਾਈਲ, ਇੰਟਰਨੈੱਟ, ਐਸ.ਐਮ.ਐਸ, ਵ੍ਹਟਸਐਪ ਆਦਿ ਦੀ ਆਮਦ ਤੋਂ ਪਹਿਲਾਂ ਕੋਈ ਵੀ ਸੁਨੇਹਾ ਪਹੁੰਚਾਉਣ ਲਈ ਚਿੱਠੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਬੇਸ਼ੱਕ ਹੁਣ ਕੋਈ ਵੀ ਸੁਨੇਹਾ ਦੇਸ਼-ਵਿਦੇਸ਼ ਤੱਕ ਮਿੰਟਾਂ-ਸਕਿੰਟਾਂ ਵਿਚ ਪਹੁੰਚ ਜਾਂਦਾ ਹੈ ਪਰ ਜੋ ਕਿਸੇ ਆਪਣੇ ਦੀ ਹੱਥ-ਲਿਖਤ ਚਿੱਠੀ ਪੜ੍ਹ ਕੇ ਆਪਣੇਪਣ ਦਾ ਅਹਿਸਾਸ ਹੁੰਦਾ ਸੀ ਉਹ ਨਹੀਂ ਮਿਲਦਾ। ਪੁਰਾਣੀਆਂ ਫ਼ਿਲਮਾਂ ਵਿਚ ਆਪਾਂ ਅਕਸਰ ਦੇਖਦੇ ਹਾਂ ਕਈ ਵਾਰੀ ਕੋਈ ਆਦਮੀ ਕਿਸੇ ਔਰਤ ਵੱਲੋਂ ਲਿਖੀ ਚਿੱਠੀ ਪੜ੍ਹਦਾ ਸੀ ਤਾਂ ਚਿੱਠੀ ਵਾਲੇ ਕਾਗ਼ਜ਼ ਉੱਪਰ ਉਸ ਔਰਤ ਦੀ ਫ਼ੋਟੋ ਦਿਖਾਈ ਜਾਂਦੀ ਸੀ ਕਿਉਂਕਿ ਚਿੱਠੀ ਪੜ੍ਹਦੇ-ਪੜ੍ਹਦੇ ਲਿਖਣ ਵਾਲੇ ਦੀ ਤਸਵੀਰ ਮਨ ਵਿਚ ਛਪ ਜਾਂਦੀ ਸੀ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਚਿੱਠੀ ਲਿਖਣ ਵਾਲਾ ਸਾਹਮਣੇ ਹੀ ਬੈਠਾ ਹੈ। ਚਿੱਠੀ ਪੜ੍ਹਨ ਸਮੇਂ ਲਿਖਣ ਵਾਲੇ ਦੇ ਹੱਥਾਂ ਦੀ ਛੋਹ ਮਹਿਸੂਸ ਹੁੰਦੀ ਸੀ।

ਪਹਿਲਾਂ ਸੁੱਖ-ਦੁੱਖ ਦੱਸਣ ਦਾ ਇੱਕ ਮਾਤਰ ਸਾਧਨ ਚਿੱਠੀਆਂ ਹੀ ਸਨ। ਚਿੱਠੀ-ਪੱਤਰੀ ਦਾ ਅਹਿਸਾਸ ਘਰੋਂ ਬਾਹਰ ਰਹਿੰਦੇ ਜਾਂ ਵਿਦੇਸ਼ ਵੱਸੇ ਲੋਕਾਂ ਨੂੰ ਜ਼ਿਆਦਾ ਹੁੰਦਾ। ਹਰ ਰੋਜ਼ ਚਿੱਠੀ ਦੀ ਉਡੀਕ ਅਤੇ ਚਿੱਠੀ ਮਿਲ ਜਾਣ 'ਤੇ ਉਸ ਨੂੰ ਪੜ੍ਹਨ ਦਾ ਸਵਾਦ ਉਸ ਤੋਂ ਵੀ ਜ਼ਿਆਦਾ ਹੁੰਦਾ। ਇੱਕੋ ਚਿੱਠੀ ਨੂੰ ਵਾਰ-ਵਾਰ ਪੜ੍ਹਨ ਦਾ ਵੀ ਆਪਣਾ ਲੁਤਫ਼। ਫੇਰ ਚਿੱਠੀ ਲਿਖਣ ਦੀ ਵਾਰੀ, ਜੋ ਆਪਣੇ ਆਪ ਵਿਚ ਇੱਕ ਕਲਾ ਹੀ ਹੈ।

ਵਿਦੇਸ਼ ਜਾਣਾ ਨੌਜਵਾਨਾਂ ਦੀ ਮਜਬੂਰੀ ਹੈ। ਵਿਆਹ ਤੋਂ ਬਾਅਦ ਭਰੀ ਜਵਾਨੀ ਵਿਚ ਆਪਣੇ ਬਜ਼ੁਰਗ ਮਾਪਿਆਂ ਤੇ ਸੱਜ ਵਿਆਹੀ ਨਾਰ ਨੂੰ ਛੱਡ ਕੇ ਵਿਦੇਸ਼ ਜਾਣ ਤੋਂ ਵੱਡਾ ਦਰਦ ਕੀ ਹੋ ਸਕਦਾ ਹੈ, ਜਦੋਂ ਆਪਣੇ ਵਿਦੇਸ਼ੀ ਪੁੱਤ ਦੀ ਚਿੱਠੀ ਪੜ੍ਹ-ਪੜ੍ਹ ਕੇ ਬੁੱਢੇ ਮਾਂ-ਬਾਪ ਦੀਆਂ ਅੱਖਾਂ ਵਿਚਲੇ ਹੰਝੂ ਸੁੱਕ ਜਾਂ ਮੁੱਕ ਗਏ ਹੋਣ। ਇਸ ਤਰ੍ਹਾਂ ਦੇ ਵਿਛੋੜੇ ਦੇ ਦਰਦ ਨੂੰ ਉਹੀ ਬਿਆਨ ਕਰ ਸਕਦੇ ਹਨ ਜਿਨ੍ਹਾਂ ਨੇ ਇਸ ਨੂੰ ਭੋਗਿਆ ਹੈ। ਹਰ ਦਿਨ ਢਲਣ 'ਤੇ ਸੱਜ-ਵਿਆਹੀ ਦੀ ਜਵਾਨੀ ਵੀ ਢਲਦੀ ਜਾਂਦੀ ਹੈ। ਉਹ ਉਡੀਕਵਾਨ ਹੋਈ ਕਦੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖ ਕੇ ਝੂਰਦੀ ਰਹਿੰਦੀ ਹੈ, ਕਦੇ ਕੋਠੇ 'ਤੇ ਚੜ੍ਹ ਕੇ ਆਪਣੇ ਖ਼ਾਵੰਦ ਦੇ ਪਰਤਣ ਦੇ ਕਿਆਸ ਲਾਉਂਦੀ ਹੈ ਤੇ ਕਦੇ ਕਮਰੇ 'ਚ ਵੜ ਕੇ ਝੱਲਿਆਂ ਵਾਂਗ ਰੋਂਦੀ ਹੈ। ਅਜਿਹੇ ਵਿਚ ਸਿਰਫ਼ ਚਿੱਠੀਆਂ ਹੀ ਹੁੰਦੀਆਂ ਸਨ, ਜਿਨ੍ਹਾਂ ਨੂੰ ਪੜ੍ਹ ਕੇ ਜਾਂ ਲਿਖ ਕੇ ਸਕੂਨ ਮਿਲਦਾ ਸੀ। ਵਿਦੇਸ਼ ਵੱਸਦੇ ਮਾਹੀ ਦੀ ਸੁੱਖ-ਸਾਂਦ ਦੀ ਚਿੱਠੀ ਲੈ ਕੇ ਆਉਣ ਵਾਲਾ ਡਾਕੀਆ ਕਿਸੇ ਮਸੀਹੇ ਤੋਂ ਘੱਟ ਨਹੀਂ ਸੀ ਲੱਗਦਾ। ਸੁਆਣੀ ਮਾਹੀ ਦੀਆਂ ਲਿਖੀਆਂ ਚਿੱਠੀਆਂ ਸਾਂਭ-ਸਾਂਭ ਰੱਖਦੀ ਤੇ ਉਨ੍ਹਾਂ ਨੂੰ ਵਾਰ-ਵਾਰ ਪੜ੍ਹਦੀ ਕਿ ਸ਼ਾਇਦ ਕਿਸੇ ਚਿੱਠੀ ਵਿਚ ਆਉਣ ਦੀ ਤਰੀਕ ਲਖੀ ਹੋਵੇ। ਚਿੱਠੀਆਂ ਨਾ਼ਲ ਇੱਕ ਅਲੱਗ ਜਿਹਾ ਰਿਸ਼ਤਾ ਬਣਿਆ ਹੁੰਦਾ, ਜੋ ਅਜੋਕੇ ਈ-ਮੇਲਜ਼ ਜਾਂ ਵ੍ਹਟਸਐਪ ਨਾ਼ਲ ਨਹੀਂ ਬਣ ਸਕਦਾ। ਸਮੇਂ-ਸਮੇਂ ਕਿੰਨੇ ਹੀ ਗੀਤਕਾਰਾਂ ਨੇ ਬਿਰਹਾ ਦੇ ਦਰਦ ਨੂੰ ਆਪਣੀ ਕਲਮ ਨਾ਼ਲ ਨਿਵਾਜਿਆ ਹੈ ਤੇ ਕਿੰਨੇ ਹੀ ਗਾਇਕਾਂ ਨੇ ਉਸ ਲਿਖੇ ਦਰਦ ਨੂੰ ਆਪਣੀ ਆਵਾਜ਼ ਰਾਹੀਂ ਬਿਆਨ ਕੀਤਾ ਹੈ।

ਸਾਡੇ ਫ਼ੌਜੀ ਜਵਾਨ ਵੀ ਇਹ ਦਰਦ ਆਪਣੇ ਸੀਨੇ 'ਤੇ ਹੰਢਾਉਂਦੇ ਹਨ। ਉਹ ਦੂਰ ਬਾਰਡਰਾਂ 'ਤੇ ਦੇਸ਼ ਦੀ ਰਾਖੀ ਲਈ-ਕਈ ਮਹੀਨੇ-ਸਾਲ ਆਪਣੇ ਘਰੋਂ ਬਾਹਰ ਰਹਿੰਦੇ ਹਨ। ਫ਼ੌਜੀ ਵੱਲੋਂ ਲਿਖੀ ਹਰ ਚਿੱਠੀ ਉਸਦੀ ਸਲਾਮਤੀ ਦੀ ਗਵਾਹੀ ਭਰਦੀ ਸੀ ਤੇ ਚਿੱਠੀ ਮਿਲ ਜਾਣ 'ਤੇ ਉਸਦੀ ਘਰਵਾਲੀ ਰੱਬ ਦਾ ਲੱਖ-ਲੱਖ ਸ਼ੁਕਰ ਕਰਦੀ ਸੀ। ਬਾਰਡਰ ਉੱਤੇ ਮਾਹੌਲ ਖ਼ਰਾਬ ਹੋਣ ਸਮੇਂ ਚਿੱਠੀ ਲਿਖਣ ਵਿਚ ਦੇਰ ਹੋ ਜਾਣ 'ਤੇ ਕਿਸੇ ਵੀ ਫ਼ੌਜੀ ਦੇ ਘਰਦਿਆਂ ਤੇ ਘਰਵਾਲੀ ਦੀ ਹਾਲਤ ਬਿਨਾ ਪਾਣੀਓਂ



ਮੱਛੀ ਵਰਗੀ ਹੋ ਜਾਂਦੀ। ਜਿੱਥੇ ਅਗਲੇ ਪਲ ਦਾ ਹੀ ਪਤਾ ਨਹੀਂ, ਉੱਥੇ ਮਹੀਨਾ-ਮਹੀਨਾ ਬਿਨਾ ਸੁੱਖ-ਸਾਂਦ ਜਾਣਿਆਂ ਕਿਵੇਂ ਲੰਘਦਾ ਹੋਵੇਗਾ। ਚਿੱਠੀ ਆਉਣ ਦਾ ਮਤਲਬ ਫ਼ੌਜੀ ਮਾਹੀ ਦੇ ਸਾਹ ਚੱਲਣ ਦੀ ਗਾਰੰਟੀ ਮੰਨਿਆ ਜਾਂਦਾ ਸੀ। ਬਾਰਡਰ 'ਤੇ ਬੈਠਾ ਕੋਈ ਫ਼ੌਜੀ ਆਪਣੀ ਫੌਜਣ ਦੇ ਖ਼ਿਆਲਾਂ ਵਿਚ ਖੋਇਆ ਹੋਇਆ ਜਿਵੇਂ ਕਹਿ ਰਿਹਾ ਹੋਵੇ

ਕਦੇ ਨੈਣ ਸੀ ਤੇਰੇ ਨਾ਼ਲ ਲੜੇ ਫੌਜਣੇ,
ਅੱਜ ਬਾਰਡਰਾਂ 'ਤੇ ਫ਼ੌਜੀ ਤੇਰਾ ਲੜੇ ਫੌਜਣੇ।

ਮੇਰੇ ਬਿਦਰ ਪੜ੍ਹਦਿਆਂ ਸਾਡੇ ਕਾਲਜ ਦੇ ਹੋਸਟਲ ਵਿਚ ਕਰੀਬ ਚਾਰ-ਪੰਜ ਸੌ ਮੁੰਡੇ ਰਹਿੰਦੇ ਸਨ। ਉਦੋਂ ਉੱਥੇ ਡਾਕ ਦਾ ਸਮਾਂ ਦੁਪਹਿਰੇ ਇੱਕ-ਡੇਢ ਵਜੇ ਦਾ ਹੁੰਦਾ ਸੀ। ਮੈਨੂੰ ਯਾਦ ਹੈ ਕਿ ਡਾਕ ਵੰਡਣ ਵਾਲੇ ਡਾਕੀਏ ਦਾ ਨਾਂ ਮਿਸ਼ਰਾ ਸੀ ਤੇ ਦੁਪਹਿਰੇ ਜਦੋਂ ਉਹ ਡਾਕ ਲੈ ਕੇ ਆਉਂਦਾ ਤਾਂ ਉਹ ਦੇ ਕੋਲ ਮੁੰਡਿਆਂ ਦੀਆਂ ਢੇਰਾਂ ਚਿੱਠੀਆਂ ਹੁੰਦੀਆਂ। ਸਾਰੇ ਮੁੰਡੇ ਝੁੰਡ ਬਣਾ ਕੇ ਉਸ ਨੂੰ ਘੇਰ ਲੈਂਦੇ। ਆਪਣੀ ਚਿੱਠੀ ਪਹਿਲਾਂ ਲੈਣ ਲਈ ਉਹਦੀਆਂ ਮਿੰਨਤਾਂ ਵੀ ਕਰਦੇ। ਉਹ ਵੀ ਕਮਰਾ ਨੰਬਰ ਬੋਲ-ਬੋਲ ਕੇ ਸਾਰੀਆਂ ਚਿੱਠੀਆਂ ਮਿੰਟਾਂ ਵਿਚ ਹੀ ਵੰਡ ਦਿੰਦਾ। ਕਈ ਵਾਰੀ ਕਿਸੇ ਮੁੰਡੇ ਦੀ ਚਿੱਠੀ ਉਹਦੇ ਦੋਸਤਾਂ ਦੇ ਹੱਥ ਲੱਗ ਜਾਂਦੀ ਤਾਂ ਉਹ ਸ਼ਾਮ ਤੱਕ ਉਹਦੀਆਂ ਮਿੰਨਤਾਂ ਕਰਾਉਂਦੇ ਤੇ ਪਾਰਟੀ ਲੈਣ ਦੇ ਭਰੋਸੇ ਮਗਰੋਂ ਹੀ ਉਸ ਨੂੰ ਚਿੱਠੀ ਦਿੰਦੇ। ਏਦਾਂ ਕਿਸੇ ਨਾ ਕਿਸੇ ਦੀ ਪਾਰਟੀ ਰੋਜ਼ ਹੀ ਚੱਲਦੀ ਰਹਿੰਦੀ। ਕਈ ਵਾਰੀ ਤਾਂ ਕੁਝ ਸ਼ਰਾਰਤੀ ਮੁੰਡੇ ਪਾਰਟੀ ਲੈਣ ਦੇ ਮਾਰੇ ਝੂਠੀ ਚਿੱਠੀ ਆਉਣ ਦਾ ਨਾਟਕ ਵੀ ਕਰਦੇ। ਦੁਪਹਿਰ ਸਮੇਂ ਸਾਰੇ ਪੱਬਾਂ ਭਾਰ ਡਾਕੀਏ ਨੂੰ ਉਡੀਕਦੇ ਤੇ ਜਦੋਂ ਕਦੇ ਕਿਸੇ ਨੂੰ ਚਿੱਠੀ ਆਉਣ ਦੀ ਉਮੀਦ ਦੇ ਉਲਟ ਚਿੱਠੀ ਨਾ ਮਿਲਣੀ ਤਾਂ ਉਹ ਬਹੁਤ ਉਦਾਸ ਹੋ ਜਾਂਦਾ। ਜੇ ਡਾਕੀਏ ਨੇ ਨਾ ਆਉਣਾ, ਡਾਕਖ਼ਾਨੇ ਤੱਕ ਉਸ ਨੂੰ ਦੇਖ ਕੇ ਆਉਂਦੇ।

ਉਸ ਸਮੇਂ ਬੈਂਕਾਂ ਦੇ ਏ.ਟੀ.ਐਮ. ਵਗੈਰਾ ਵੀ ਨਹੀਂ ਹੁੰਦੇ ਸੀ। ਇਸ ਲਈ ਸੁੱਖ-ਸਾਂਦ ਤੋਂ ਇਲਾਵਾ ਘਰੋਂ ਪੈਸੇ ਮੰਗਵਾਉਣ ਦਾ ਵੀ ਇੱਕੋ-ਇੱਕ ਸਾਧਨ ਚਿੱਠੀ ਹੀ ਸੀ। ਚਿੱਠੀ ਵਾਲੇ ਹਲਕੇ ਪੀਲੇ ਰੰਗ ਦੇ ਲਿਫ਼ਾਫ਼ੇ ਵਿਚ ਹੀ ਲੋੜੀਂਦੇ ਪੈਸਿਆਂ ਦਾ ਬੈਂਕ-ਡਰਾਫ਼ਟ ਹੁੰਦਾ। ਕਈਆਂ ਨੂੰ ਪੈਸਿਆਂ ਕਰ ਕੇ ਵੀ ਚਿੱਠੀ ਦੀ ਜ਼ਿਆਦਾ ਉਡੀਕ ਰਹਿੰਦੀ। ਜਦੋਂ ਕਿਸੇ ਕੋਲ ਪੈਸੇ ਬਿਲਕੁਲ ਖ਼ਤਮ ਹੋ ਜਾਣ ਵਾਲੇ ਹੋ ਜਾਣੇ ਤਾਂ ਐਮਰਜੈਂਸੀ ਵਰਗੇ ਹਾਲਾਤ ਹੋ ਜਾਂਦੇ। ਇਕਦਮ ਚਿੱਠੀ ਪਾਉਣ ਦਾ ਮਤਲਬ ਪਹਿਲਾਂ ਦਸ-ਬਾਰਾਂ ਦਿਨਾਂ ਵਿਚ ਚਿੱਠੀ ਘਰ ਪਹੁੰਚਣੀ ਤੇ ਫੇਰ ਇੰਨੇ ਹੀ ਦਿਨਾਂ ਵਿਚ ਜਵਾਬ ਆਉਣਾ। ਅਜਿਹੇ ਮੌਕੇ ਟੈਲੀਗਰਾਮ ਦੀ ਸੇਵਾ ਲਈ ਜਾਂਦੀ। ਕਿਉਂਕਿ ਟੈਲੀਗਰਾਮ ਕਰਨ ਲਈ ਪੈਸੇ ਪ੍ਰਤੀ ਸ਼ਬਦ ਦੇ ਹਿਸਾਬ ਨਾਲ ਲੱਗਦੇ ਸਨ ਇਸ ਲਈ ਜ਼ਿਆਦਾ ਮੁੰਡੇ ਟੈਲੀਗਰਾਮ ਵਿਚ ਸਿਰਫ਼ 'ਐਂਡ ਮਨੀ ਸੈਂਡ ਮਨੀ' ਹੀ ਲਿਖਦੇ।

ਚਿੱਠੀਆਂ ਦੀ ਹੋਂਦ ਨੂੰ ਖ਼ਤਰਾ ਤਾਂ ਟੈਲੀਫ਼ੋਨ ਸੇਵਾ ਦੀ ਆਮਦ ਨਾ਼ਲ ਹੀ ਹੋ ਗਿਆ ਸੀ ਪਰ ਫੇਰ ਵੀ ਲੋਕ ਕਿਸੇ ਨਾ ਕਿਸੇ ਤਰ੍ਹਾਂ ਚਿੱਠੀਆਂ ਨਾਲ ਜੁੜੇ ਰਹੇ। ਮੋਬਾਈਲ ਫ਼ੋਨ ਆਉਣ ਨਾਲ ਚਿੱਠੀਆਂ ਦਾ ਰੁਝਾਨ ਹੋਰ ਵੀ ਘਟ ਗਿਆ। ਹੰਸ ਰਾਜ ਹੰਸ ਨੇ ਤਾਂ ਓਦੋਂ ਹੀ ਗੀਤ ਗਾ ਦਿੱਤਾ ਸੀ:

'ਤੁਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ ਜਦੋਂ ਦਾ ਟੈਲੀਫ਼ੋਨ ਲੱਗਿਆ'

ਅੱਜ ਭਾਵੇਂ ਕੋਈ ਵੀ ਸੁਨੇਹਾ ਦੇਸ਼-ਵਿਦੇਸ਼ ਨਾਲ ਦੀ ਨਾਲ ਪਹੁੰਚ ਜਾਂਦਾ ਹੈ ਪਰ ਉਸ ਵਿਚ ਉਹ ਅਪਣੱਤ ਤੇ ਨਿੱਘ ਨਹੀਂ। ਚਿੱਠੀਆਂ ਦੀ ਜਗ੍ਹਾ ਈ-ਮੇਲਜ਼ ਨੇ ਲੈ ਲਈ ਅਤੇ ਹੁਣ ਤਾਂ ਹੋਰ ਵੀ ਬਹੁਤ ਸਾਰੀਆਂ ਐਪਸ ਤੇ ਸੋਸ਼ਲ-ਨੈੱਟਵਰਕਿੰਗ ਸਾਈਟਸ ਆ ਚੁੱਕੀਆਂ ਹਨ। ਚਿੱਠੀਆਂ ਤਾਂ ਹੁਣ ਜ਼ਿਆਦਾਤਰ ਸਰਕਾਰੀ ਦਫ਼ਤਰਾਂ ਤੋਂ ਹੀ ਆਉਂਦੀਆਂ ਹਨ। ਸਰਕਾਰੀ ਵਿਭਾਗ ਵੀ ਹੌਲੀ-ਹੌਲੀ ਆਨ-ਲਾਈਨ ਹੋ ਰਹੇ ਹਨ ਜਾਂ ਹੋ ਚੁੱਕੇ ਹਨ। ਲੱਗਦਾ ਹੈ ਕਿ ਟੈਲੀਗਰਾਮ ਸੇਵਾ ਵਾਂਗ ਚਿੱਠੀਆਂ ਵੀ ਇੱਕ ਦਿਨ ਬੀਤੇ ਸਮੇਂ ਦੀ ਕਹਾਣੀ ਬਣ ਜਾਣਗੀਆਂ ਪਰ ਜਿਹੜੇ ਲੋਕ ਚਿੱਠੀਆਂ ਪੜ੍ਹਦੇ-ਲਿਖਦੇ ਰਹੇ ਹਨ, ਉਨ੍ਹਾਂ ਦੇ ਮਨਾਂ ਵਿਚ ਚਿੱਠੀਆਂ ਦੀਆਂ ਕੌੜੀਆਂ-ਮਿੱਠੀਆਂ ਯਾਦਾਂ ਹਮੇਸ਼ਾ ਬਣੀਆਂ ਰਹਿਣਗੀਆਂ। ਉਨ੍ਹਾਂ ਨੂੰ ਅੱਜ ਵੀ ਕਿਸੇ ਸੱਜਣ-ਮਿੱਤਰ ਦੀ ਮਹਿਕਾਂ ਬਿਖੇਰਦੀ ਹੋਈ ਚਿੱਠੀ ਦੀ ਉਡੀਕ ਹੋਵੇਗੀ।

# ਸਦੀਆਂ ਤੋਂ ਸਦੀਆਂ ਤੱਕ ਕਬੱਡੀ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

'ਸਦੀਆਂ ਤੋਂ ਸਦੀਆਂ ਤੱਕ ਕਬੱਡੀ' ਰਣਜੀਤ ਝੁਨੇਰ ਦੀ ਖੇਡ ਪੁਸਤਕ ਹੈ, ਜੋ 2011 ਵਿਚ ਛਪੀ। ਇਸ ਤੋਂ ਪਹਿਲਾਂ ਉਸ ਦੀਆਂ ਨੌਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਸਨ, 'ਜੀਵ ਜੰਤੂਆਂ ਦੀ ਅਦਭੁਤ ਦੁਨੀਆਂ', 'ਪਿੰਡ ਦੀ ਸੱਥ', 'ਤਰਕਵਾਰਤਾ', 'ਸੜਕ ਹਾਦਸਿਆਂ ਤੋਂ ਕਿਵੇਂ ਬਚਾਅ ਕਰੀਏ?', 'ਨਸ਼ੇ ਕਿਵੇਂ ਛੱਡੀਏ?', 'ਹਨ੍ਹੇਰੇ 'ਚ ਚਾਨਣ ਦੀ ਲੋਅ: ਡਾ. ਰਮੇਸ਼ ਐਮ ਡੀ', 'ਧਰਮ ਦੇ ਅੰਗ ਸੰਗ', 'ਸਮੁੰਦਰਾਂ ਦੇ ਉਹਲੇ' ਅਤੇ 'ਸੰਘਰਸ਼ ਦਾ ਯੁੱਗ: ਸ. ਕਿਰਪਾਲ ਸਿੰਘ ਮਾਂਗਟ।' ਇਹ ਖੇਡ ਪੁਸਤਕ ਉਸ ਨੇ ਸੱਤ ਸਮੁੰਦਰੋਂ ਪਾਰ ਮਾਂ ਖੇਡ ਕਬੱਡੀ ਦੀ ਸਲਾਮਤੀ ਲਈ ਜੂਝਦੇ ਲੋਕਾਂ ਨੂੰ ਸਮਰਪਿਤ ਕੀਤੀ ਹੈ।

ਰਣਜੀਤ ਸਿੰਘ ਦਾ ਜਨਮ ਪਹਿਲੀ ਸਤੰਬਰ 1968 ਨੂੰ ਮਲੇਰਕੋਟਲੇ ਲਾਗੇ ਪਿੰਡ ਝੁਨੇਰ ਵਿਚ ਸ. ਕਰਤਾਰ ਸਿੰਘ ਦੇ ਘਰ ਮਾਤਾ ਨਸੀਬ ਕੌਰ ਦੀ ਕੁੱਖੋਂ ਹੋਇਆ। ਉਸ ਨੇ ਮੁੱਢਲੀ ਸਿੱਖਿਆ ਪ੍ਰਾਇਮਰੀ ਸਕੂਲ ਝੁਨੇਰ ਤੇ ਮੈਟ੍ਰਿਕ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਸੰਦੌੜ ਤੋਂ ਕੀਤੀ। ਕਬੱਡੀ ਖੇਡਣ ਤੇ ਅਖ਼ਬਾਰਾਂ/ਰਸਾਲੇ ਪੜ੍ਹਨ ਦੀ ਚੇਟਕ ਉਸ ਨੂੰ ਸਕੂਲ ਪੜ੍ਹਦਿਆਂ ਹੀ ਲੱਗ ਗਈ। ਨੌਕਰੀ 'ਤੇ ਲੱਗਦਿਆਂ ਉਸ ਨੇ ਅਖ਼ਬਾਰਾਂ, ਰਸਾਲਿਆਂ ਲਈ ਲਿਖਣਾ ਸ਼ੁਰੂ ਕਰ ਲਿਆ। 2005 ਵਿਚ ਉਹਦੀ ਪਹਿਲੀ ਪੁਸਤਕ 'ਜੀਵ ਜੰਤੂਆਂ ਦੀ ਅਦਭੁਤ ਦੁਨੀਆਂ' ਛਪੀ ਜੋ ਚੰਗੀ ਚਰਚਿਤ ਹੋਈ। ਅੱਜ-ਕੱਲ੍ਹ ਉਹ ਭਾਰਤੀ ਜੀਵਨ ਬੀਮਾ ਨਿਗਮ 'ਚ ਸੇਵਾ ਕਰ ਰਿਹੈ।

2010 ਵਿਚ ਉਹ ਵਿਜ਼ਟਰ ਵਜੋਂ ਕੈਨੇਡਾ ਪਹੁੰਚਿਆ ਤੇ ਮੈਨੂੰ ਇਕ ਗੁਰਦੁਆਰੇ 'ਚ ਮਿਲਿਆ। ਕਬੱਡੀ ਬਾਰੇ ਗੱਲਾਂ ਹੋਈਆਂ ਤਾਂ ਉਸ ਨੇ ਮੈਨੂੰ ਆਪਣੀ ਪੁਸਤਕ 'ਸਦੀਆਂ ਤੋਂ ਸਦੀਆਂ ਤੱਕ ਕਬੱਡੀ' ਦੀ ਭੂਮਿਕਾ ਲਿਖਣ ਲਈ ਕਿਹਾ, ਜਿਸ ਦੀ ਮੈਂ ਹਾਮੀ ਭਰ ਦਿੱਤੀ। ਮੈਂ ਉਹਦੇ ਅਤੇ ਉਹਦੇ ਪਰਿਵਾਰ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ 2006 'ਚ ਉਹਦੇ ਵੱਡੇ ਭਰਾ ਮੁਖਤਿਆਰ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਤਰਕਸ਼ੀਲ ਹੋਣ ਕਰਕੇ ਉਸ ਨੇ ਆਪਣੇ ਭਰਾ ਦੀਆਂ ਦੋਵੇਂ ਅੱਖਾਂ ਦਾਨ ਦੇਣ ਦਾ ਫੈਸਲਾ ਕਰ ਲਿਆ। ਅਸੀਂ ਉਹਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਸੁਸਾਇਟੀ ਲੁਧਿਆਣਾ ਦੇ ਡਾਇਰੈਕਟਰ ਡਾ. ਰਾਮੇਸ਼ ਐਮ ਡੀ ਨੂੰ ਦਾਨ ਦੇ ਦਿੱਤੀਆਂ। ਇਲਾਕੇ 'ਚ ਇਸ ਕਾਰਜ ਦੀ ਕਾਫੀ ਚਰਚਾ ਤੇ ਸਲਾਹੁਤਾ ਹੋਈ। ਬਾਅਦ ਵਿਚ ਪਰਿਵਾਰ ਨੇ ਫੈਸਲਾ ਹੀ ਕਰ ਲਿਆ ਕਿ ਜਿਹੜੇ ਜੀਅ ਦੀ ਵੀ ਕਦੇ ਮੌਤ ਹੋਵੇਗੀ ਉਹਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜ ਲਈ ਪੀਜੀਆਈ ਚੰਡੀਗੜ੍ਹ ਨੂੰ ਦਾਨ ਕਰ ਦਿੱਤੀ ਜਾਵੇਗੀ। ਉਹ ਆਪਣੇ ਮਾਤਾ ਅਤੇ ਪਿਤਾ ਦੀਆਂ ਦੋਵੇਂ ਅੱਖਾਂ ਦਾਨ ਕਰ ਕੇ, ਦੇਹਾਂ ਵੀ ਮੈਡੀਕਲ ਖੋਜ ਕਾਰਜ ਲਈ ਪੀਜੀਆਈ ਚੰਡੀਗੜ੍ਹ ਨੂੰ ਦਾਨ ਕਰ ਚੁੱਕਾ ਹੈ। ਉਸ ਦੇ ਦੱਸਣ ਮੁਜਬ ਉਹ ਪੰਜਾਬ ਦਾ ਪਹਿਲਾ ਵਿਅਕਤੀ ਹੈ, ਜਿਸ ਨੇ ਆਪਣੇ ਪਰਿਵਾਰ 'ਚੋਂ ਅੱਠ ਅੱਖਾਂ ਅਤੇ ਦੋ ਦੇਹਾਂ ਦਾਨ ਕੀਤੀਆਂ ਹਨ। ਉਹਦੇ ਪਰਿਵਾਰ ਦੇ ਸਾਰੇ ਮੈਂਬਰ ਮੌਤ ਉਪਰੰਤ ਆਪਣੀਆਂ ਅੱਖਾਂ ਅਤੇ ਸਰੀਰ ਦਾਨ ਦੇਣ ਦੇ ਪ੍ਰਣ ਪੱਤਰ ਭਰ ਚੁੱਕੇ ਹਨ।

**ਪੁਸਤਕ ਦੀ ਭੂਮਿਕਾ**

ਕਬੱਡੀ ਪੰਜਾਬੀਆਂ ਦੀ ਮਾਂ ਖੇਡ ਵੀ ਹੈ ਤੇ ਮਹਿਬੂਬ ਖੇਡ ਵੀ। ਜੇ ਇਕ ਬੰਨੇ ਓਲੰਪਿਕ ਖੇਡਾਂ ਹੋ ਰਹੀਆਂ ਹੋਣ ਤੇ ਦੂਜੇ ਬੰਨੇ ਕਬੱਡੀ ਤਾਂ ਆਮ ਪੰਜਾਬੀ ਕਬੱਡੀ ਵੇਖਣ ਨੂੰ ਪਹਿਲ ਦਿੰਦੇ ਹਨ। ਜਿੰਨਾ ਹੁੰਗਾਰਾ ਪੰਜਾਬ ਵਿਚ ਹੋਏ ਕਬੱਡੀ ਵਰਲਡ ਕੱਪਾਂ ਨੂੰ ਮਿਲਿਆ ਓਨਾ ਹਾਲੇ ਤਕ ਕਿਸੇ ਹੋਰ ਖੇਡ ਨੂੰ ਨਹੀਂ ਮਿਲਿਆ। ਉਦੋਂ ਕੁਲ ਦੁਨੀਆ ਵਿਚ ਵਸਦੇ ਪੰਜਾਬੀ ਕਬੱਡੀ ਦੇ ਰੰਗ ਵਿਚ ਰੰਗੇ ਗਏ ਸਨ। ਕਬੱਡੀ ਦੇ ਧਾਵਿਆਂ ਤੇ ਜੱਫਿਆਂ ਨੇ ਉਨ੍ਹਾਂ ਦੇ ਰੋਮ ਰੋਮ ਵਿਚ ਝਰਨਾਟਾਂ ਛੇੜ ਦਿੱਤੀਆਂ ਸਨ। ਮੈਂ ਆਪਣੀ ਕਿਤਾਬ 'ਕਬੱਡੀ ਕਬੱਡੀ ਕਬੱਡੀ' 'ਚ ਲਿਖਿਆ ਸੀ ਕਿ ਝੱਖੜ ਝੁਲਦਾ ਹੋਵੇ, ਬਿਜਲੀ ਕੜਕਦੀ ਹੋਵੇ, ਨਦੀ ਚੜ੍ਹੀ ਹੋਵੇ ਤੇ ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ-ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ। ਫਿਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ ਵਿਚ ਪੈਂਦੇ ਸੱਪਾਂ ਸ਼ੀਹਾਂ ਦੀ ਵੀ ਪ੍ਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਪਿੜ ਦੁਆਲੇ ਜਾ ਖੜ੍ਹੇਗਾ।

ਕਬੱਡੀ ਪੰਜਾਬੀਆਂ ਲਈ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਧਾਵਿਆਂ ਤੇ ਪਕੜਾਂ ਦੀ ਨਿਆਰੀ ਲੀਲ੍ਹਾ। ਨਰੋਏ ਜੁੱਸਿਆਂ ਦਾ ਕੌਤਕੀ ਨਜ਼ਾਰਾ। ਪੰਜਾਬੀ ਇਹਦੇ ਵਿਚ ਦੀ ਆਪਣਾ ਇਤਿਹਾਸ ਵੇਖਦੇ ਹਨ। ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਇਸ ਦੀ ਧਰਤੀ ਸਦੀਆਂ ਬੱਧੀ ਹਮਲਿਆਂ ਤੇ ਠੱਲ੍ਹਾਂ ਦਾ ਮੈਦਾਨ ਬਣੀ ਰਹੀ। ਪੰਜਾਬੀ ਹਮਲਾਵਰਾਂ ਨੂੰ ਡੱਕਦੇ, ਮਰਦੇ-ਮਾਰਦੇ ਤੇ ਜਿੱਤਦੇ ਹਾਰਦੇ। ਹਮਲਾਵਰ ਤਕੜਾ ਹੁੰਦਾ ਤਾਂ ਮਾਰ ਧਾੜ ਕਰ ਕੇ ਸੁੱਖੀ ਸਾਂਦੀਂ ਆਪਣੇ ਘਰ ਪਰਤ ਜਾਂਦਾ। ਰਾਖੇ ਤਕੜੇ ਹੁੰਦੇ ਤਾਂ ਹਮਲਾਵਰ ਮਾਰਿਆ ਜਾਂਦਾ। ਇਸੇ ਕਰਮ ਨੂੰ ਕਬੱਡੀ ਦੀ ਖੇਡ ਵਿਚ ਵਾਰ ਵਾਰ ਦੁਹਰਾਇਆ ਜਾਂਦਾ ਹੈ ਤੇ ਇਸੇ ਕਾਰਨ ਇਹ ਖੇਡ ਪੰਜਾਬੀਆਂ ਦੇ ਮਨਾਂ ਨੂੰ ਟੁੰਬਦੀ ਤੇ ਆਪਣੇ ਵੱਲ ਖਿੱਚਦੀ ਹੈ।



ਲੇਖਕ ਰਣਜੀਤ ਝੁਨੇਰ

ਜਿਵੇਂ ਢੋਲ ਦਾ ਡੱਗਾ ਪੰਜਾਬੀਆਂ ਦੇ ਪੱਬ ਚੁੱਕ ਦਿੰਦਾ ਹੈ ਤਿਵੇਂ ਕੌਡੀ-ਕੌਡੀ ਦੇ ਅਲਾਪ ਨਾਲ ਜੁਆਨਾਂ ਦੇ ਡੌਲੇ ਫਰਕਣ ਲੱਗ ਪੈਂਦੇ ਹਨ। ਕਬੱਡੀ ਪੰਜਾਬੀਆਂ ਦੇ ਲਹੂ ਵਿਚ ਸਮਾਈ ਹੋਈ ਹੈ। ਕਬੱਡੀ ਦਾ ਸਾਹ ਪੰਜਾਬੀਆਂ ਲਈ ਜੀਵਨ ਸੁਆਸ ਹੈ ਜੀਹਨੂੰ ਲਏ ਬਿਨਾਂ ਉਨ੍ਹਾਂ ਦਾ ਸਰਦਾ ਨਹੀਂ ਭਾਵੇਂ ਉਹ ਪੰਜਾਬ ਦੀ ਧਰਤੀ 'ਤੇ ਰਹਿਣ ਭਾਵੇਂ ਵਲੈਤੀਂ ਜਾ ਵਸਣ। ਇਸ ਖੇਡ ਨੇ ਪੰਜਾਬ ਦੇ ਗਭਰੂਆਂ ਨੂੰ ਤਕੜੇ ਵੀ ਬਣਾਈ ਰੱਖਿਆ ਹੈ, ਹਿੰਮਤੀ ਵੀ ਤੇ ਜੀਵਨ ਦੀਆਂ ਰਗੜਾਂ ਸਹਿਣ ਜੋਗੇ ਵੀ। ਇਸ ਖੇਡ ਨਾਲ ਪੰਜਾਬੀਆਂ ਦਾ ਲਹੂ ਤੇ ਸਾਹ ਦਾ ਰਿਸ਼ਤਾ ਹੈ। ਇਕੋ ਸਾਹ ਕੌਡੀ-ਕੌਡੀ ਦਾ ਅਲਾਪ, ਫੇਫੜਿਆਂ ਦੀ ਗੰਦੀ ਹਵਾ ਨਿਚੋੜ ਕੇ ਉਨ੍ਹਾਂ 'ਚ ਤਾਜ਼ੀ ਨਰੋਈ ਹਵਾ ਦੀ ਆਵਾਜਾਈ ਦਾ ਦਰ ਖੋਲ੍ਹਦਾ ਹੈ। ਸਾਹ ਨਾ ਟੁੱਟਣ ਦੇਣ ਦਾ ਸਿਰੜ ਬੰਦੇ ਨੂੰ ਔਖੀਆਂ ਘੜੀਆਂ ਵਿਚ ਵੀ ਜਿਊਣ ਦਾ ਵੱਲ ਸਿਖਾਉਂਦਾ ਹੈ।

ਕਬੱਡੀ ਦੀਆਂ ਅਨੇਕ ਕਿਸਮਾਂ ਪ੍ਰਚੱਲਿਤ ਰਹੀਆਂ ਹਨ। ਇਸ ਦਾ ਮੁੱਢਲਾ ਰੂਪ ਸੌਂਚੀ ਸੀ। ਇਹ ਇਕ ਕਿਸਮ ਦੀ ਗੁੰਗੀ ਕੌਡੀ ਸੀ, ਜਿਸ ਨੂੰ ਅੰਬਰਸਰੀ ਕਬੱਡੀ ਵੀ ਕਿਹਾ ਜਾਂਦਾ ਸੀ। ਢੇਰੀ ਵਾਲੀ ਕੌਡੀ ਵਿਚ ਚਾਟਾਂ ਬਹੁਤ ਪੈਂਦੀਆਂ ਸਨ। ਅੰਬਾਲਵੀ ਕਬੱਡੀ ਦਾ ਦਾਇਰਾ ਬੜਾ ਤੰਗ ਹੁੰਦਾ ਸੀ। ਲਾਹੌਰੀ ਕਬੱਡੀ ਵਿਚ ਦਾਇਰਾ ਨਹੀਂ ਸੀ ਹੁੰਦਾ। ਜਾਫੀ ਤੇ ਧਾਵੀ ਦੋ ਢੇਰੀਆਂ ਉਤੇ ਖੜ੍ਹ ਜਾਂਦੇ ਤੇ ਧਾਵੀ ਨੇ ਵਿਰੋਧੀ ਧਿਰ ਦੀ ਢੇਰੀ ਨੂੰ ਹੱਥ ਲਾ ਕੇ ਜਾਂ ਉਪਰ ਦੀ ਗੇੜਾ ਕੱਢ ਕੇ ਘਰ ਪਰਤਣਾ ਹੁੰਦਾ ਸੀ। ਲਾਇਲਪੁਰੀ ਕਬੱਡੀ ਵਿਚ ਖੇਡ ਦੌਰਾਨ ਪਾਣੀ ਦੀ ਘੁੱਟ ਵੀ ਨਹੀਂ ਸੀ ਭਰਨ ਦਿੱਤੀ ਜਾਂਦੀ। ਫਿਰੋਜ਼ਪੁਰੀ ਕਬੱਡੀ ਵਿਚ ਖਿਡਾਰੀ ਢੇਰੀਆਂ ਉਤੇ ਖੜ੍ਹਨ ਦੀ ਥਾਂ ਪਾਲੇ ਉਤੇ ਖੜੋਂਦੇ ਸਨ। ਇਕ ਛੇ ਹੰਧੀ ਕਬੱਡੀ ਸੀ ਤੇ ਇਕ ਸ਼ਾਮਲਿਆਂ ਵਾਲੀ। ਪੀਰ ਕੌਡੀ ਧਨ ਪੋਠੋਹਾਰ ਦੇ ਇਲਾਕੇ ਵਿਚ ਖੇਡੀ ਜਾਂਦੀ ਸੀ। ਬੈਠਵੀਂ ਕੌਡੀ, ਘੋੜ ਕਬੱਡੀ, ਚੀਰਵੀਂ ਕੌਡੀ, ਲੰਮੀ ਕਬੱਡੀ, ਦੋਧੇ ਤੇ ਬੁਰਜੀਆਂ ਵਾਲੀ ਕੌਡੀ ਆਦਿ ਕਈ ਹੋਰ ਸਥਾਨਕ ਵੰਨਗੀਆਂ ਸਨ। ਪਰ ਹੁਣ ਸਾਰੀਆਂ ਕਬੱਡੀਆਂ ਨੇ ਅਜੋਕੀ ਦਾਇਰੇ ਵਾਲੀ ਕਬੱਡੀ ਦਾ ਰੂਪ ਧਾਰਨ ਕਰ ਲਿਆ ਹੈ। ਕਬੱਡੀ ਨੈਸ਼ਨਲ ਸਟਾਈਲ ਵੱਖਰੀ ਹੈ।


ਭਾਰਤ ਵਿਚ ਕਬੱਡੀ ਦੇ ਕਈ ਨਾਂ ਹਨ। ਦੱਖਣ ਵਿਚ 'ਚੇਡੂ-ਗੁਡੂ' ਬੰਗਾਲ ਵਿਚ 'ਡੋ-ਡੋ' ਤੇ ਮਹਾਰਾਸ਼ਟਰ ਵਿਚ 'ਹੂ-ਟੂ-ਟੂ' ਹਨ। ਉਹ ਕਬੱਡੀ ਪਾਉਂਦੇ ਇਹੋ ਸ਼ਬਦ ਉਚਾਰਦੇ ਹਨ। ਕੁਝ ਇਲਾਕਿਆਂ ਵਿਚ 'ਸੂ-ਸੂ' ਜਾਂ 'ਸਰ-ਸਰ' ਅਤੇ 'ਰਾਮ ਲਕਸ਼ਮਨ ਜਾਨਕੀ ਜੈ ਬੋਲੋ ਹਨੂਮਾਨ ਕੀ' ਕਹਿੰਦਿਆਂ ਕਬੱਡੀ ਪਾਈ ਜਾਂਦੀ ਹੈ। ਇਨ੍ਹਾਂ ਕਬੱਡੀਆਂ ਦੀਆਂ ਵੀ ਅੱਗੋਂ ਤਿੰਨ ਕਿਸਮਾਂ ਹਨ- ਸੰਜੀਵਨੀ, ਜੈਮਨੀ ਤੇ ਅਮਰ। ਭਾਰਤ ਦੇ ਵੱਖ ਵੱਖ ਇਲਾਕਿਆਂ ਦੀਆਂ ਕਬੱਡੀਆਂ ਕਬੱਡੀ ਨੈਸ਼ਨਲ ਸਟਾਈਲ ਵਿਚ ਢਲ ਗਈਆਂ ਹਨ। ਕਬੱਡੀ ਨੈਸ਼ਨਲ ਸਟਾਈਲ ਦੇ ਮੁਕਾਬਲੇ ਏਸ਼ਿਆਈ ਖੇਡਾਂ ਵਿਚ ਵੀ ਹੁੰਦੇ ਹਨ। ਕਬੱਡੀ ਸਰਕਲ ਸਟਾਈਲ ਅਜੇ ਤਕ ਭਾਰਤ ਦੀਆਂ ਨੈਸ਼ਨਲ ਖੇਡਾਂ ਤਕ ਨਹੀਂ ਪੁੱਜੀ ਪਰ ਵਿਦੇਸ਼ਾਂ ਵਿਚ ਉਥੇ ਵੀ ਪੁੱਜ ਗਈ ਹੈ ਜਿਥੇ ਕਿਤੇ ਪੰਜਾਬੀ ਪੁੱਜੇ ਹਨ। ਜੇ ਕਦੇ ਪੰਜਾਬੀ ਚੰਦ ਉਤੇ ਚਲੇ ਗਏ ਤਾਂ ਲੱਗਦੈ ਉਹ ਉਥੇ ਵੀ ਕਬੱਡੀ ਖੇਡਣਗੇ!

ਪੰਜਾਬੀ ਵਿਚ ਕਬੱਡੀ ਬਾਰੇ ਦਰਜਨ ਤੋਂ ਵੱਧ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਰਸਾਲਿਆਂ ਦੇ ਕਬੱਡੀ ਅੰਕ ਨਿਕਲੇ ਹਨ। ਕਬੱਡੀ ਦੇ ਦਰਜਨਾਂ ਗੀਤ ਰਿਕਾਰਡ ਹੋ ਚੁੱਕੇ ਹਨ ਤੇ ਕਬੱਡੀ ਦੀਆਂ ਫਿਲਮਾਂ ਚੱਲ ਪਈਆਂ ਹਨ। ਕਬੱਡੀ ਕੱਪਾਂ ਦੀ ਕੁਮੈਂਟਰੀ ਦੀਆਂ ਸੈਂਕੜੇ ਕੈਸਿਟਾਂ ਮਿਲਦੀਆਂ ਹਨ। ਹਰ ਸਾਲ ਪੰਜਾਬ ਦੇ ਪੰਜ ਸੌ ਤੋਂ ਵੱਧ ਕਬੱਡੀ ਖਿਡਾਰੀ ਪੱਛਮੀ ਦੇਸ਼ਾਂ ਦਾ ਕਬੱਡੀ ਸੀਜ਼ਨ ਖੇਡਣ ਜਾਂਦੇ ਹਨ। ਦਰਜਨ ਦੇ ਕਰੀਬ ਕਬੱਡੀ ਕੁਮੈਂਟੇਟਰ ਪੁੱਜਦੇ ਹਨ। ਵਿਦੇਸ਼ਾਂ ਵਿਚ ਸੌ ਤੋਂ ਵੱਧ ਤੇ ਦੇਸ਼ ਵਿਚ ਹਜ਼ਾਰ ਤੋਂ ਵੱਧ ਕਬੱਡੀ ਮੇਲੇ ਲੱਗਦੇ ਹਨ। ਹਰ ਸਾਲ ਸੌ ਕਰੋੜ ਰੁਪਏ ਦੀ ਕਬੱਡੀ ਖੇਡੀ ਜਾਂਦੀ ਹੈ। ਪੰਜਾਬ ਵਿਚ ਹੋਏ ਪਹਿਲੇ ਕਬੱਡੀ ਵਰਲਡ ਕੱਪ ਦਾ ਪਹਿਲਾ ਇਨਾਮ ਇਕ ਕਰੋੜ ਸੀ ਤੇ ਦੂਜੇ ਕੱਪ ਦਾ ਦੋ ਕਰੋੜ। ਟੋਰਾਂਟੋ ਵਿਚ ਦੋ ਜੱਫੇ ਲਾਉਣ ਦਾ ਇਨਾਮ ਇਕ ਖਿਡਾਰੀ ਨੂੰ ਦੋ ਲੱਖ ਰੁਪਏ ਮਿਲਿਆ ਹੈ। ਹੁਣ ਤਾਂ ਇਕ ਇਕ ਜੱਫੇ ਉਤੇ ਟ੍ਰੈਕਟਰਾਂ, ਜੀਪਾਂ ਦੇ ਇਨਾਮ ਵੀ ਲੱਗਣ ਲੱਗ ਪਏ ਹਨ। ਪੰਜਾਬ ਵਿਚ ਲੱਖਾਂ ਦੇ ਇਨਾਮਾਂ ਵਾਲੇ ਕਬੱਡੀ ਦੇ ਸੌ ਤੋਂ ਵੱਧ ਕੱਪ ਹੋਣ ਲੱਗ ਪਏ ਹਨ। ਪੰਜਾਬ ਦੀਆਂ ਕਬੱਡੀ ਅਕੈਡਮੀਆਂ ਤੇ ਪੇਂਡੂ ਟੀਮਾਂ ਵਿਚ ਦਸ ਹਜ਼ਾਰ ਤੋਂ ਵੱਧ ਖਿਡਾਰੀ ਕਬੱਡੀ ਖੇਡਦੇ ਹਨ।

ਮੈਨੂੰ ਖੁਸ਼ੀ ਹੈ ਕਿ ਰਣਜੀਤ ਝੁਨੇਰ ਨੇ ਇਸ ਪੁਸਤਕ ਵਿਚ ਕਬੱਡੀ ਦੇ ਚਾਲੀ ਕੁ ਖਿਡਾਰੀਆਂ ਤੇ ਪ੍ਰਮੋਟਰਾਂ ਦੀ ਜਾਣ-ਪਛਾਣ ਕਰਵਾਈ ਹੈ। ਉਹ ਕਬੱਡੀ ਦਾ ਆਸ਼ਕ ਹੈ ਤੇ ਖਿਡਾਰੀਆਂ ਬਾਰੇ ਚਾਅ ਤੇ ਉਤਸ਼ਾਹ ਨਾਲ ਲਿਖ ਰਿਹੈ। ਹਾਲੀਂ ਉਸ ਨੇ ਘੁੰਡ ਹੀ ਚੁੱਕਿਆ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਉਹਦੀ ਸੀਮਾ ਕਿਥੇ ਤਕ ਹੈ? ਮੈਂ ਉਸ ਨੂੰ ਖੇਡ ਲੇਖਕਾਂ ਦੀ ਢਾਣੀ ਵਿਚ ਰਲਣ ਲਈ ਖੁਸ਼ ਆਮਦੀਦ ਕਹਿੰਦਾ ਹਾਂ ਤੇ ਉੱਚ ਪਾਏ ਦਾ ਲੇਖਕ ਬਣਨ ਦੀ ਕਾਮਨਾ ਕਰਦਾ ਹਾਂ। ਪੇਸ਼ ਹਨ ਉਹਦੀ ਪੁਸਤਕ 'ਚੋਂ ਦੋ ਖਿਡਾਰੀਆਂ ਦੇ ਰੇਖਾ ਚਿੱਤਰ:

**ਵਿਸ਼ਵ ਕੱਪ ਦਾ ਧਾਵੀ ਗੁਲਜ਼ਾਰੀ ਮੂਨਕ**

ਮਾਂ ਖੇਡ ਕਬੱਡੀ ਦੇ ਚੁਸਤ ਚਲਾਕ ਧਾਵੀਆਂ 'ਚ ਵਿਸ਼ੇਸ਼ ਨਾਂ ਹੈ ਗੁਲਜ਼ਾਰੀ ਮੂਨਕ, ਜੋ ਵਿਸ਼ਵ ਕਬੱਡੀ ਕੱਪ 'ਚ ਖੁਸ਼ਗਵਾਰ ਹਾਜ਼ਰੀ ਲਵਾ ਕੇ ਲੱਖਾਂ ਖੇਡ ਪ੍ਰੇਮੀਆਂ ਦਾ ਚਹੇਤਾ ਖਿਡਾਰੀ ਬਣਿਆ। ਉਹਦਾ ਅਸਲੀ ਨਾਂ ਗੁਲਜ਼ਾਰ ਸਿੰਘ ਹੈ। ਉਹਦਾ ਜਨਮ ਸ. ਨੱਥਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਚਰਨਜੀਤ ਕੌਰ ਦੀ ਕੁੱਖੋਂ 7 ਸਤੰਬਰ 1980 ਨੂੰ ਏਸ਼ੀਆ 'ਚ ਵੱਧ ਕਣਕ ਤੇ ਝੋਨਾ ਪੈਦਾ ਕਰਨ ਵਾਲੇ ਜ਼ਿਲ੍ਹਾ ਸੰਗਰੂਰ ਦੇ ਕਸਬੇ ਮੂਨਕ 'ਚ ਹੋਇਆ। ਗੁਲਜ਼ਾਰੀ ਦੇ ਪਿਤਾ ਪੰਜਾਬ ਰਾਜ ਬਿਜਲੀ ਬੋਰਡ 'ਚ ਲਾਈਨਮੈਨ ਸਨ। ਉਸ ਨੇ ਪਹਿਲੀ ਕਲਾਸ ਤੋਂ ਬਾਰ੍ਹਵੀਂ ਤੱਕ ਦੀ ਵਿੱਦਿਆ ਮੂਨਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ ਤੇ ਬੀਏ ਦੀ ਪੜ੍ਹਾਈ ਡੀਏਵੀ ਕਾਲਜ ਬਠਿੰਡਾ ਤੋਂ ਹਾਸਲ ਕੀਤੀ। ਕਬੱਡੀ ਦੀ ਸ਼ੁਰੂਆਤ ਕੋਚ ਮਦਨ ਲਾਲ ਦੀ ਸਰਪ੍ਰਸਤੀ ਹੇਠ ਨੈਸ਼ਨਲ ਸਟਾਈਲ ਅਤੇ ਸਰਕਲ ਸਟਾਈਲ ਕਾਲਜ ਪੱਧਰ ਤੋਂ ਹੀ ਕੀਤੀ।




ਕਿਤਾਬ 'ਸਦੀਆਂ ਤੋਂ ਸਦੀਆਂ ਤੱਕ ਕਬੱਡੀ' ਦਾ ਸਰਵਰਕ

ਸਕੂਲ ਵਿਚ ਉਹ ਫੁੱਟਬਾਲ ਤੇ ਵਾਲੀਬਾਲ ਦਾ ਬਹੁਤ ਵਧੀਆ ਖਿਡਾਰੀ ਰਿਹਾ। ਉਸ ਨੇ ਡੀਪੀਐਡ ਨੈਸ਼ਨਲ ਕਾਲਜ ਚੁਪਕੀ ਤੋਂ ਕੀਤੀ। 30 ਕਿਲੋਗ੍ਰਾਮ ਭਾਰ ਵਰਗ ਤੋਂ ਆਲ ਓਪਨ ਤੱਕ ਦੇ ਮੁਕਾਬਲਿਆਂ 'ਚ ਧੁੰਮਾਂ ਮਚਾਉਣ ਵਾਲੇ ਗੁਲਜ਼ਾਰੀ ਨੇ ਹੰਸ ਰਾਜ ਲਾਸੀ ਦੀ ਸਰਪ੍ਰਸਤੀ ਹੇਠ ਕਬੱਡੀ ਦੇ ਗੁੱਝੇ ਭੇਤ ਗ੍ਰਹਿਣ ਕੀਤੇ। ਡੀਏਵੀ ਕਾਲਜ ਬਠਿੰਡਾ 'ਚ ਗੁਲਜ਼ਾਰੀ ਨਾਲ ਗੁਰਲਾਲ ਘਨੌਰ, ਜਾਦੂ, ਵਿੱਕੀ ਘਨੌਰ, ਚੰਨਾ, ਜੀਤੀ, ਦਰਸ਼ਨ ਘਰਾਚੋਂ, ਫੰਤ ਮਟੋਰੜਾਂ, ਬਿੱਟੂ ਦੁਗਾਲ, ਜੱਸੀ ਘਨੌਰ ਅਤੇ ਅਸ਼ਵਨੀ ਨੇ ਜਿੱਥੇ ਕਾਲਜ ਦੀ ਸ਼ਾਨ ਨੂੰ ਚਾਰ ਚੰਨ ਲਾਏ ਉਥੇ ਖੇਡ ਖੇਤਰ 'ਚ ਸਫਲ ਪੁਲਾਂਘਾਂ ਪੁੱਟਣ ਦਾ ਵੀ ਆਗਾਜ਼ ਕੀਤਾ। ਕਲਾਤਮਕ ਖੇਡ ਖੇਡਣ ਕਰਕੇ ਗੁਲਜ਼ਾਰੀ ਜਲਦੀ ਹੀ ਖੇਡ ਪ੍ਰੇਮੀਆਂ ਦਾ ਚਹੇਤਾ ਖਿਡਾਰੀ ਬਣ ਗਿਆ। 2005 ਦਾ ਵਰ੍ਹਾ ਉਸ ਲਈ ਬੇਹੱਦ ਖੁਸ਼ਨਸੀਬੀ ਵਾਲਾ ਰਿਹਾ ਜਦ ਉਸ ਨੇ ਪੰਜਾਬ ਦੇ ਖੇਡ ਮੈਦਾਨਾਂ 'ਚੋਂ ਉੱਠ ਕੇ ਨਿਊਜ਼ੀਲੈਂਡ ਵਰਗੇ ਮੁਲਕ 'ਚ ਕਲਾਤਮਿਕ ਖੇਡ ਦਾ ਪ੍ਰਦਰਸ਼ਨ ਕੀਤਾ। ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਦੇ ਖੇਡ ਮੈਦਾਨਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਗੁਲਜ਼ਾਰੀ ਅੰਤਰਰਾਸ਼ਟਰੀ ਖੇਡ ਮੈਦਾਨਾਂ ਦਾ ਚਰਚਿਤ ਖਿਡਾਰੀ ਬਣ ਗਿਆ।

2005-06 'ਚ ਇੰਗਲੈਂਡ ਦੇ ਸ਼ਹਿਰਾਂ ਡਰਬੀ, ਸਲੋਹ, ਸਾਊਥਾਲ ਤੇ ਬਰਮਿੰਘਮ 'ਚ ਗੁਲਜ਼ਾਰੀ ਦੀਆਂ ਕਬੱਡੀਆਂ ਦੀ ਗਾਥਾ ਉਥੋਂ ਦੀਆਂ ਅਖ਼ਬਾਰਾਂ ਦੇ ਮੁੱਖ ਪੰਨਿਆਂ ਦਾ ਸ਼ਿੰਗਾਰ ਬਣੀ। ਉਹਦੀ ਖੇਡ ਕਲਾ ਦਾ ਜਾਦੂ ਠਾਠਾਂ ਮਾਰਦਾ ਨਜ਼ਰ ਆਇਆ। 2008 'ਚ ਕੈਨੇਡਾ ਦੇ ਸ਼ਹਿਰਾਂ ਵੈਨਕੂਵਰ ਤੇ ਟੋਰਾਂਟੋ 'ਚ ਯੰਗ ਸਪੋਰਟਸ ਕਲੱਬ ਅਤੇ ਮੈਟਰੋ ਸਪੋਰਟਸ ਕਬੱਡੀ ਕਲੱਬ 'ਚ ਗੁਲਜ਼ਾਰੀ ਨੇ ਆਪਣੀ ਖੇਡ ਕਲਾ ਨੂੰ ਚਾਰ ਚੰਨ ਲਾ ਦਿੱਤੇ। ਸੰਸਾਰ ਭਰ ਦੇ ਖੇਡ ਮੈਦਾਨਾਂ 'ਚ ਗੁਲਜ਼ਾਰੀ ਦੀ ਆਮਦ 'ਤੇ ਦਰਸ਼ਕਾਂ ਵੱਲੋਂ ਤਾੜੀਆਂ ਦਾ ਮੀਂਹ ਵਰ੍ਹਾ ਦਿੱਤਾ ਜਾਂਦਾ ਰਿਹਾ। 2009 'ਚ ਗੁਲਜ਼ਾਰੀ ਟੋਰਾਂਟੋ ਦੇ ਮੈਟਰੋ ਸਪੋਰਟਸ ਕਲੱਬ ਤੇ ਵੈਨਕੂਵਰ ਦੇ ਅਜ਼ਾਦ ਕਬੱਡੀ ਕਲੱਬ ਵੱਲੋਂ ਖੇਡਿਆ ਤੇ ਖੇਡ ਮੈਦਾਨਾਂ 'ਚ ਨਵੇਂ ਰਿਕਾਰਡ ਸਥਾਪਿਤ ਕੀਤੇ। 2009 'ਚ ਹੀ ਅਮਰੀਕਾ ਦੀ ਧਰਤੀ 'ਤੇ ਗੁਲਜ਼ਾਰੀ ਆਪਣੇ ਮੁਲਕ ਇੰਡੀਆਂ ਵੱਲੋਂ ਤਕੜੀ ਕਬੱਡੀ ਖੇਡਿਆ। 2010 'ਚ ਵੀ ਕੈਨੇਡਾ ਦੀ ਧਰਤੀ 'ਤੇ ਯੰਗ ਸਪੋਰਟਸ ਕਲੱਬ ਅਤੇ ਪ੍ਰਿੰਸ ਜਾਰਜ ਕਬੱਡੀ ਕਲੱਬ ਵੱਲੋਂ ਉਸ ਨੇ ਸ਼ਾਨਦਾਰ ਕਬੱਡੀ ਖੇਡੀ।

2010 'ਚ ਪੰਜਾਬ ਦੀ ਧਰਤੀ 'ਤੇ ਹੋਏ ਪਲੇਠੇ ਵਰਲਡ ਕਬੱਡੀ ਕੱਪ ਦੌਰਾਨ ਗੁਲਜ਼ਾਰੀ ਨੂੰ ਵੀ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ। ਪਾਕਿਸਤਾਨ ਨਾਲ ਹੋਏ ਫਾਨੀਨਲ ਮੈਚ ਦੌਰਾਨ ਹਰ ਪੁਆਇੰਟ 'ਤੇ ਪੰਜ ਹਜ਼ਾਰ ਰੁਪਏ ਦੇ ਨਕਦ ਇਨਾਮ ਸਨ। ਗੁਲਜ਼ਾਰੀ ਨੇ ਇਸ ਮੈਚ 'ਚ ਗਿਆਰਾਂ ਕਬੱਡੀਆਂ ਪਾ ਕੇ 55000 ਰੁਪਏ ਜਿੱਤੇ। ਵਿਸ਼ਵ ਜੇਤੂ ਬਣ ਕੇ ਜਦ ਉਹ ਪਿੰਡ ਪਹੁੰਚਿਆਂ ਤਾਂ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਰੱਖੇ ਸਵਾਗਤੀ ਸਮਾਗਮ ਦੌਰਾਨ ਖੁਸ਼ੀ 'ਚ 20 ਕੁਇੰਟਲ ਲੱਡੂ ਵੰਡੇ ਗਏ ਅਤੇ ਮੂਨਕ 'ਚ ਦੋ ਕਨਾਲਾਂ ਦਾ ਪਲਾਟ ਤੋਹਫੇ ਵਜੋਂ ਦਿੱਤਾ ਗਿਆ। ਉਸ ਦਿਨ ਸਮੁੱਚੇ ਮੂਨਕ ਵਿਚ ਵਿਆਹ ਵਰਗਾ ਮਾਹੌਲ ਸੀ। ਦਿੜਬਾ ਦੇ ਖੇਡ ਮੇਲੇ ਤੇ ਸੋਨੇ ਦੀ ਮੁੰਦੀ, 2008 'ਚ ਮੂਨਕ ਦੇ ਖੇਡ ਮੇਲੇ 'ਤੇ ਬੁਲਟ ਮੋਟਰਸਾਈਕਲ ਅਤੇ 2009 ਵਿਚ ਹਮੀਰਗੜ੍ਹ 'ਚ ਫਿਰ ਬੁਲਟ ਮੋਟਰਸਾਈਕਲ ਨਾਲ ਉਹਦਾ ਸਨਮਾਨ ਹੋਇਆ। ਮਾਣ ਸਨਮਾਨ ਤੋਂ ਸੰਤੁਸ਼ਟ ਗੁਲਜ਼ਾਰੀ ਹੱਸਦਿਆਂ ਕਹਿੰਦਾ ਹੈ, 'ਅਸੀਂ ਵੀ ਲੋਕਾਂ ਤੋਂ ਮਿਲਦੇ ਪਿਆਰ ਦੇ ਰਿਣੀ ਹਾਂ।' ਅੰਤਰਰਾਸ਼ਟਰੀ ਕਬੱਡੀ ਖਿਡਾਰੀ ਜਵਾਹਰ ਸਿੰਘ ਤੇ ਗੁਰਪਾਲ ਸਿੰਘ ਪਾਲੀ ਦਾ ਉਹ ਉਚੇਚਾ ਜ਼ਿਕਰ ਕਰਦਾ ਹੈ। ਵੀਰ ਗੁਲਜ਼ਾਰੀ ਖੇਡ ਮੈਦਾਨਾਂ ਦਾ ਸਟਾਰ ਹੀ ਨਹੀਂ ਸਗੋਂ ਯਾਰਾਂ ਦਾ ਯਾਰ, ਮਸਤ ਮੌਲਾ ਫੱਕਰ ਇਨਸਾਨ, ਮਿੱਠ ਬੋਲੜਾ ਅਤੇ ਮਿਲਣਸਾਰ ਇਨਸਾਨ ਹੈ।

ਕੁਲਵੰਤ ਭਲਵਾਨ, ਸੰਤੀ ਫਤਿਹਗੜ੍ਹ ਸਾਹਿਬ ਤੇ ਹੰਸ ਰਾਜ ਲਾਸੀ ਦਾ ਗੁਲਜ਼ਾਰੀ ਦੀ ਖੇਡ ਕਲਾ ਨੂੰ ਤਰਾਸ਼ਣ 'ਚ ਵਿਸ਼ੇਸ਼ ਯੋਗਦਾਨ ਹੈ। ਖੇਡ ਮੇਲਿਆਂ 'ਤੇ ਗੁਲਜ਼ਾਰੀ ਦੀ ਆਮਦ ਖੇਡ ਪ੍ਰੇਮੀਆਂ 'ਚ ਹੌਸਲੇ ਦਾ ਨਵਾਂ ਜੋਸ਼ ਪੈਦਾ ਕਰ ਦਿੰਦੀ ਹੈ। ਲੁਧਿਆਣੇ, ਪਾਕਿਸਤਾਨ ਵਿਰੁੱਧ ਖੇਡੇ ਫਾਈਨਲ ਮੈਚ ਸਮੇਂ ਪਾਕਿਸਤਾਨੀ ਜਾਫੀਆਂ ਨੂੰ ਬਿਪਤਾ ਛੇੜਨ ਵਾਲਾ ਗੁਲਜ਼ਾਰੀ ਨਵੀਂ ਪਨੀਰੀ ਲਈ ਪ੍ਰੇਰਨਾ ਸਰੋਤ ਹੈ। ਬਿੱਟੂ ਦੁਗਾਲ ਨਾਲ ਯਾਰੀ ਦਾ ਨਿੱਘ ਮਾਨਣ ਵਾਲਾ ਗੁਲਜ਼ਾਰੀ ਹਰ ਕਿਸੇ ਦੇ ਦੁੱਖ ਸੁੱਖ 'ਚ ਸ਼ਰੀਕ ਹੋਣਾ ਆਪਣਾ ਫਰਜ਼ ਸਮਝਦਾ ਹੈ ਅਤੇ ਸਖ਼ਤ ਮਿਹਨਤ ਕਰਨ ਨੂੰ ਆਪਣਾ ਧਰਮ ਮੰਨਦਾ ਹੈ। ਮੂਨਕ ਦੀ ਗਊਸ਼ਾਲਾ 'ਚ ਗੁਲਜ਼ਾਰੀ ਪਰਿਵਾਰ ਸਮੇਤ ਸੇਵਾ ਦਾ ਕੋਈ ਮੌਕਾ ਨਹੀਂ ਖੁੰਝਾਉਂਦਾ। ਲੋੜਵੰਦਾਂ ਦੀ ਮਦਦ ਕਰਨੀ ਤੇ ਬੜੇ ਫਖ਼ਰ ਨਾਲ ਕਹਿਣਾ, "ਭਰਾ ਜੀ, ਇਥੋਂ ਅਸਾਂ ਕੀ ਲੈ ਜਾਣਾ? ਸਗੋਂ ਸਾਰਾ ਕੁੱਝ ਇੱਥੇ ਹੀ ਰਹਿਣਾ, ਫਿਰ ਕਿਉਂ ਨਾ ਰਲ ਮਿਲ ਕੇ ਜ਼ਿੰਦਗੀ ਦੇ ਸਫਰ ਨੂੰ ਸੁਹਾਵਣਾ ਬਣਾਇਆ ਜਾਵੇ!"

**ਸ਼ਾਨਾਮੱਤਾ ਧਾਵੀ ਲੱਖਾ ਗਾਜ਼ੀਪੁਰੀਆ**

ਕਬੱਡੀ ਦਾ ਗੀਤ 'ਮਾਰ ਸੋਹਣਿਆ ਕੈਂਚੀ ਰੇਡਰ ਸੁੱਕਾ ਜਾਵੇ ਨਾ' ਆਪਣੀ ਸਾਰਥਿਕਤਾ ਗੁਆ ਬਹਿੰਦਾ ਜਦ ਲੱਖਾ ਗਾਜ਼ੀਪੁਰੀਆ ਸ਼ੇਰ ਵਰਗੀ ਦਹਾੜ ਮਾਰਦਾ। ਮਾਂ ਖੇਡ ਕਬੱਡੀ ਦਾ ਅਜਿਹਾ ਮਾਣਮੱਤਾ ਧਾਵੀ ਹੈ ਲੱਖਾ ਗਾਜ਼ੀਪੁਰੀਆ! ਲੱਖੇ ਦਾ ਨਾਂ ਸੁਣਦਿਆਂ ਹੀ ਖੇਡ ਪ੍ਰੇਮੀਆਂ 'ਚ ਨਵਾਂ ਜੋਸ਼ ਪੈਦਾ ਹੋ ਜਾਂਦਾ। ਜਤਿੰਦਰ ਸਿੰਘ ਲੱਖੇ ਦਾ ਜਨਮ ਪਿਤਾ ਬਲਦੇਵ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਰਬਜੀਤ ਕੌਰ ਦੀ ਕੁੱਖੋਂ 23 ਨਵੰਬਰ 1974 ਨੂੰ ਜ਼ਿਲ੍ਹਾ ਜਲੰਧਰ ਦੇ ਪਿੰਡ ਗਾਜ਼ੀਪੁਰ 'ਚ ਹੋਇਆ। ਉਸ ਨੇ ਮੁੱਢਲੀ ਵਿੱਦਿਆ ਸਰਕਾਰੀ ਪ੍ਰਾਇਮਰੀ ਸਕੂਲ ਮੰਡ ਤੋਂ ਪ੍ਰਾਪਤ ਕੀਤੀ ਅਤੇ ਅੱਠਵੀਂ ਤੱਕ ਖਹਿਰਾ ਮਾਝਾ ਦੇ ਸਰਕਾਰੀ ਮਿਡਲ ਸਕੂਲ ਵਿਚ ਪੜ੍ਹਿਆ। ਲੱਖੇ ਦੇ ਬਾਪ ਦੀ ਜੁਆਨੀ ਵਿਚ ਹੀ ਮੌਤ ਹੋ ਗਈ ਸੀ ਅਤੇ ਦਾਦਾ ਸ. ਗੁਰਦੀਪ ਸਿੰਘ ਆਪਣੇ ਸਮੇਂ ਦੇ ਮਸ਼ਹੂਰ ਕਬੱਡੀ ਖਿਡਾਰੀ ਸਨ।

ਲੱਖੇ ਦੇ ਮਾਮਾ ਜੀ ਸ. ਚਰਨਜੀਤ ਸਿੰਘ ਚੰਦੂ ਆਪਣੇ ਸਮੇਂ ਦੇ ਤਕੜੇ ਜਾਫੀ ਅਤੇ ਮਸ਼ਹੂਰ ਬਾਕਸਰ ਸਨ। ਦੇਵੀ ਦਿਆਲ ਦੇ ਸਮੇਂ ਉਨ੍ਹਾਂ ਨੇ ਚੋਟੀ ਦੀ ਕਬੱਡੀ ਖੇਡੀ ਸੀ। ਘਰ 'ਚ ਖੇਡ ਭਰਪੂਰ ਮਾਹੌਲ ਹੋਣ ਕਰਕੇ ਲੱਖਾ ਬਚਪਨ ਤੋਂ ਹੀ ਆਪਣੇ

(ਬਾਕੀ ਅਗਲੇ ਸਫੇ 'ਤੇ)

# ਸਿਹਤਮੰਦ ਖ਼ੁਰਾਕ ਕਿਹੜੀ ਹੁੰਦੀ ਹੈ?

**ਡਾ. ਹਰਸ਼ਿੰਦਰ ਕੌਰ, ਐੱਮ.ਡੀ.**
**ਫੋਨ: 0175-2216783**

ਅੱਜ ਕੱਲ੍ਹ ਇਸ਼ਤਿਹਾਰਬਾਜ਼ੀ ਦਾ ਜ਼ਮਾਨਾ ਹੈ। ਕੋਈ ਆਰਗੈਨਿਕ ਅਤੇ ਕੋਈ ਪ੍ਰੋਟੀਨ ਜਾਂ ਵਿਟਾਮਿਨ ਦਾ ਹਵਾਲਾ ਦੇ ਕੇ ਬਾਜ਼ਾਰ ਵਿਚ ਆਪਣੀਆਂ ਚੀਜ਼ਾਂ ਵੇਚਣ ਲਈ ਉਤਾਵਲਾ ਹੋਇਆ ਦਿਸਦਾ ਹੈ ਕਿਉਂਕਿ ਇਸ ਤਰੀਕੇ ਭਰਮਾ ਕੇ ਆਮ ਚੀਜ਼ਾਂ ਵੀ ਤਿੰਨ ਗੁਣਾ ਰੇਟ ਵਧਾ ਕੇ ਵੇਚੀਆਂ ਜਾ ਸਕਦੀਆਂ ਹਨ।

35 ਤੋਂ 50 ਸਾਲਾਂ ਦੀ ਉਮਰ ਵਿਚ ਖ਼ੁਰਾਕ ਦੀ ਬਹੁਤ ਮਹੱਤਤਾ ਹੁੰਦੀ ਹੈ ਕਿਉਂਕਿ ਇਸ ਉਮਰ ਵਿਚ ਖਾਧੀ ਸੰਤੁਲਿਤ ਅਤੇ ਸਿਹਤਮੰਦ ਖ਼ੁਰਾਕ ਅੱਗੋਂ ਬਿਮਾਰੀਆਂ ਤੋਂ ਬਚਾ ਕੇ ਲੰਮੀ ਉਮਰ ਦਾ ਰਾਜ਼ ਬਣ ਸਕਦੀ ਹੈ। ਰੋਜ਼ ਦੀ ਖਾਧੀ ਜਾ ਰਹੀ ਖ਼ੁਰਾਕ ਵਿਚ ਕਾਰਬੋਹਾਈਡ੍ਰੇਟ, ਥਿੰਦਾ, ਪ੍ਰੋਟੀਨ, ਪਾਣੀ, ਮਿਨਰਲ ਤੱਤ, ਵਿਟਾਮਿਨ ਆਦਿ ਦੀ ਸਹੀ ਮਾਤਰਾ ਹੋਣੀ ਜ਼ਰੂਰੀ ਹੈ।

ਅੱਜ ਦੇ ਦਿਨ ਜੇ ਝਾਤ ਮਾਰੀਏ ਤਾਂ ਕੁਝ ਤੱਥ ਪ੍ਰੇਸ਼ਾਨ ਕਰਨ ਵਾਲੇ ਹਨ। ਪਹਿਲਾ, ਦੁਨੀਆ ਭਰ ਦੇ ਲੋਕਾਂ ਦੇ ਅੰਕੜਿਆਂ ਅਨੁਸਾਰ ਹਰ ਦਸਾਂ ਵਿਚੋਂ ਸਿਰਫ਼ ਇੱਕ ਬੰਦਾ ਸਹੀ ਮਾਤਰਾ ਵਿਚ ਲੋੜੀਂਦੇ ਫਲ ਅਤੇ ਸਬਜ਼ੀਆਂ ਖਾ ਰਿਹਾ ਹੈ। ਦੂਜਾ, ਤਾਜ਼ੇ ਫਲ ਸਬਜ਼ੀਆਂ ਵੇਚਣ ਨਾਲੋਂ ਪ੍ਰੋਸੈੱਸਡ ਖਾਣੇ ਵੱਧ ਬਾਜ਼ਾਰ ਵਿਚ ਵੇਚੇ ਜਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਵੇਚਣ ਵਿਚ ਕੰਪਨੀਆਂ ਨੂੰ ਵੱਧ ਫ਼ਾਇਦਾ ਮਿਲਦਾ ਹੈ। ਹੱਦ ਤਾਂ ਇਹ ਹੈ ਕਿ ਕਣਕ, ਛੋਲੇ, ਛੱਲੀਆਂ, ਸੋਇਆਬੀਨ ਵਗੈਰਾ ਦੇ ਏਨੇ ਵੱਖੋ-ਵੱਖ ਤਰ੍ਹਾਂ ਦੇ ਖਾਣੇ ਬਣਾ ਕੇ ਵੇਚੇ ਜਾ ਰਹੇ ਹਨ ਜਿਨ੍ਹਾਂ ਵਿਚਲਾ ਵਾਧੂ ਲੂਣ ਅਤੇ ਪ੍ਰੋਸੈੱਸਿੰਗ ਲਈ ਵਰਤਿਆ ਜਾ ਰਿਹਾ ਸਾਮਾਨ ਸਿਹਤ ਦਾ ਨਾਸ ਮਾਰਨ ਲੱਗ ਪਿਆ ਹੈ। ਇਨ੍ਹਾਂ ਦੀ ਵਰਤੋਂ 'ਜੰਕ ਫੂਡਜ਼' ਵਿਚ ਵੀ ਕੀਤੀ ਜਾਣ ਲੱਗ ਪਈ ਹੈ।

ਡੱਬਾ ਬੰਦ ਚੀਜ਼ਾਂ ਦੇ ਬਾਹਰ ਲੱਗੇ ਲੇਬਲ ਵੀ ਬਹੁਤ ਭਰਮਾਉਣ ਵਾਲੇ ਬਣਾ ਕੇ ਵੇਚੇ ਜਾ ਰਹੇ ਹਨ।

ਡਾ. ਨੀਲਸਨ ਵੱਲੋਂ ਪੇਸ਼ ਕੀਤੀ ਰਿਪੋਰਟ ਅਨੁਸਾਰ ਬਾਜ਼ਾਰ ਵਿਚ ਖਾਣ ਲਈ ਮਿਲ ਰਹੀਆਂ ਚੀਜ਼ਾਂ ਵਿਚੋਂ 60 ਫੀਸਦੀ ਦੇ ਲੇਬਲ ਸਹੀ ਢੰਗ ਨਾਲ ਨੁਕਸਾਨਾਂ ਬਾਰੇ ਚੇਤੰਨ ਨਹੀਂ ਕਰ ਰਹੇ। ਇਨ੍ਹਾਂ ਲੇਬਲਾਂ ਉੱਤੇ ਵਧੀਆ ਕਸਰਤ ਕਰਦੇ ਸਰੀਰ ਦੀ ਦਿਖ, 'ਕੇਵਲ ਨੈਚੁਰਲ', 'ਕੁਦਰਤੀ ਤੱਤਾਂ ਨਾਲ ਭਰਪੂਰ', 'ਨਿਰੀ ਕਣਕ', ਪੂਰੀ ਕਣਕ (ਹੋਲ ਵ੍ਹੀਟ), ਛਾਣਬੂਰੇ ਨਾਲ ਲਬਾਲਬ, ਆਦਿ ਲਿਖ ਕੇ ਕੀਮਤ ਚਾਰ ਗੁਣਾ ਰੱਖ ਦਿੱਤੀ ਜਾਂਦੀ ਹੈ। ਕਿਤੇ ਵੀ ਇਹ ਨਹੀਂ ਲਿਖਿਆ ਮਿਲਦਾ ਕਿ ਪ੍ਰੋਸੈੱਸਿੰਗ ਦੌਰਾਨ ਇਸ ਵਿਚਲੇ 80 ਫੀਸਦੀ ਤੱਤ ਖ਼ਤਮ ਹੋ ਚੁੱਕੇ ਹਨ।

ਇਸੇ ਲਈ ਜਦੋਂ ਵੀ ਕੋਈ ਡੱਬਾਬੰਦ ਚੀਜ਼ ਖਰੀਦਣੀ ਹੋਵੇ ਤਾਂ ਹੇਠ ਲਿਖੇ ਤੱਥਾਂ ਬਾਰੇ ਜਾਣਕਾਰੀ ਜ਼ਰੂਰੀ ਹੈ:

1. ਖੰਡ: ਬਹੁਤ ਸਾਰੇ ਡੱਬਾ ਬੰਦ ਖਾਣਿਆਂ ਵਿਚ ਉਨ੍ਹਾਂ ਨੂੰ ਲੰਮੇ ਸਮੇਂ ਤਕ ਠੀਕ ਰੱਖਣ ਲਈ ਵਾਧੂ ਖੰਡ ਪਾ ਦਿੱਤੀ ਜਾਂਦੀ ਹੈ। ਇੰਜ ਹੀ ਨਮਕੀਨ ਚੀਜ਼ਾਂ ਵਿਚ ਵੀ ਹਲਕੀ ਖੰਡ ਜ਼ਰੂਰ ਪਾਈ ਜਾਂਦੀ ਹੈ। ਰੋਜ਼ਾਨਾ ਦੀ ਖੰਡ ਦੀ ਮਾਤਰਾ ਸਿਰਫ਼ 25 ਗ੍ਰਾਮ ਯਾਨੀ ਪੰਜ ਕੁ ਚੱਮਚ ਹੀ ਬਥੇਰੇ ਹੁੰਦੇ ਹਨ। ਇਸੇ ਲਈ ਡੱਬਾ ਬੰਦ ਸਾਮਾਨ ਦੇ ਬਾਹਰ ਲਿਖੇ ਲੇਬਲ ਨੂੰ ਧਿਆਨ ਨਾਲ ਪੜ੍ਹ ਕੇ ਹੀ ਖਾਣਾ ਚਾਹੀਦਾ ਹੈ।

2. ਥਿੰਦਾ: ਸਿਰਫ਼ 50 ਗ੍ਰਾਮ ਪ੍ਰਤੀਦਿਨ ਤੋਂ ਵੱਧ ਥਿੰਦਾ ਨਹੀਂ ਖਾਣਾ ਚਾਹੀਦਾ। ਇਸੇ ਲਈ ਤਲੀਆਂ ਚੀਜ਼ਾਂ ਤੋਂ ਪਰਹੇਜ਼ ਜ਼ਰੂਰੀ ਹੈ।

3. ਸੋਡੀਅਮ: ਔਰਤਾਂ ਨੂੰ 1500 ਮਿਲੀਗ੍ਰਾਮ ਤੋਂ ਵੱਧ ਰੋਜ਼ ਲੂਣ ਨਹੀਂ ਖਾਣਾ ਚਾਹੀਦਾ। ਯਾਨੀ ਪੌਣਾ ਚਮਚ ਲੂਣ ਤਕ ਹੀ ਸੀਮਤ ਹੋਣਾ ਚਾਹੀਦਾ ਹੈ। ਕਿਸੇ ਵੀ ਹਾਲ ਵਿਚ 3.8 ਗ੍ਰਾਮ ਤੋਂ ਵੱਧ ਲੂਣ ਨਹੀਂ ਵਰਤਣਾ ਹੁੰਦਾ। ਇਸੇ ਲਈ ਡੱਬਾ ਬੰਦ ਚੀਜ਼ਾਂ ਜੇ ਵਰਤਣੀਆਂ ਹੋਣ ਤਾਂ ਉਸ ਵਿਚ ਲੂਣ ਦੀ ਮਾਤਰਾ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ। 4. ਪ੍ਰੋਟੀਨ: ਜਿਹੜੀਆਂ ਔਰਤਾਂ ਰੋਜ਼ 30 ਮਿੰਟ ਤੋਂ ਘੱਟ ਕਸਰਤ ਕਰਦੀਆਂ ਹੋਣ ਉਨ੍ਹਾਂ ਨੂੰ ਰੋਜ਼ 46 ਗ੍ਰਾਮ ਪ੍ਰੋਟੀਨ ਜ਼ਰੂਰ ਖਾਣੀ ਚਾਹੀਦੀ ਹੈ।

5. ਵਿਟਾਮਿਨ: ਕੁਦਰਤੀ ਤੌਰ ਉੱਤੇ ਭਰੇ ਵਿਟਾਮਿਨ ਤਾਂ ਅਨਮੋਲ ਕੁਦਰਤੀ ਸੁਗ਼ਾਤਾਂ ਵਿਚੋਂ ਲੱਭ ਜਾਂਦੇ ਹਨ। ਇਸੇ ਲਈ ਗੋਲੀਆਂ ਖਾਣ ਨਾਲੋਂ ਕੁਦਰਤੀ ਤੌਰ ਉੱਤੇ ਖ਼ੁਰਾਕ ਵਿਚੋਂ ਹੀ ਵਿਟਾਮਿਨ ਲੈਣੇ ਬਿਹਤਰ ਹੁੰਦੇ ਹਨ।

6. ਕੈਲਰੀਜ਼: ਔਰਤਾਂ ਨੂੰ ਮੋਟਾਪੇ ਤੋਂ ਬਚਣ ਲਈ 1500 ਕੈਲਰੀਜ਼ ਪ੍ਰਤੀ ਦਿਨ ਤਕ ਹੀ ਲੈਣੀਆਂ ਚਾਹੀਦੀਆਂ ਹਨ। ਜੇ ਸਰੀਰ ਪਤਲਾ ਹੋਵੇ ਅਤੇ ਹਿਲਜੁਲ ਵੀ ਚੰਗੀ ਹੋ ਰਹੀ ਹੋਵੇ ਤਾਂ 2000 ਕੈਲਰੀਜ਼ ਪ੍ਰਤੀ ਦਿਨ ਖਾਧੀਆਂ ਜਾ ਸਕਦੀਆਂ ਹਨ।

7. ਕੈਲਸ਼ੀਅਮ, ਲੋਹ ਕਣ ਅਤੇ ਓਮੇਗਾ ਤਿੰਨ ਫੈਟੀ ਏਸਿਡ ਜ਼ਰੂਰ ਖਾਣੇ ਚਾਹੀਦੇ ਹਨ।

ਸਿਹਤਮੰਦ ਰਹਿਣ ਲਈ ਔਰਤਾਂ ਕਿਹੜੀ ਖ਼ੁਰਾਕ ਲੈਣ?

1. ਸਬਜ਼ੀਆਂ, ਖ਼ਾਸ ਕਰ ਹਰੀਆਂ ਪੱਤੇਦਾਰ ਸਬਜ਼ੀਆਂ, ਮਟਰ, ਫਲੀਆਂ ਆਦਿ।

2. ਫਲ

3. ਛਾਣਬੂਰੇ ਵਾਲਾ ਆਟਾ, ਕਿਨੋਆ, ਮੱਕੀ, ਰਾਗੀ ਦਾ ਆਟਾ, ਕੋਧਰੇ ਦਾ ਆਟਾ, ਭੂਰੇ ਚੌਲ

4. ਘੱਟ ਥਿੰਦੇ ਵਾਲਾ ਦੁੱਧ, ਦਹੀਂ

5. ਅੰਡਾ, ਮੀਟ, ਪੇਠੇ ਦੇ ਬੀਜ, ਸੋਇਆਬੀਨ, ਸੁੱਕੇ ਮੇਵੇ

6. ਐਵੋਕੈਡੋ, ਆਲਿਵ

ਹੈਰਾਨੀਜਨਕ ਤੱਥ ਇਹ ਹੈ ਕਿ ਦੁਨੀਆ ਦੇ



ਸਿਰਫ਼ ਇੱਕ ਚੌਥਾਈ ਲੋਕ ਹੀ ਸਹੀ ਮਾਤਰਾ ਵਿਚ ਫਲ, ਸਬਜ਼ੀਆਂ, ਦੁੱਧ ਆਦਿ ਲੈ ਰਹੇ ਹਨ। ਕੁੱਝ ਲੋੜੋਂ ਵੱਧ ਤੇ ਕੁੱਝ ਵਿਚਾਰੇ ਖ਼ੁਰਾਕ ਦੀ ਕਮੀ ਨਾਲ ਜੂਝ ਰਹੇ ਹਨ।

ਕਿਹੜੇ ਸਿਹਤਮੰਦ ਕਹੇ ਜਾਣ ਵਾਲੇ ਖਾਣੇ ਨਹੀਂ ਖਾਣੇ ਚਾਹੀਦੇ:

1. ਮਾਈਕਰੋਵੇਵ ਵਿਚ ਬਣਾਏ ਜਾਣ ਵਾਲੇ ਪੌਪਕੌਰਨ: ਪੈਕ ਕੀਤੇ ਕੱਚੇ ਪੌਪਕੌਰਨ ਵਿਚ ਵਾਧੂ ਲੂਣ ਅਤੇ ਡਾਈਐਸੀਟਾਈਲ ਕੈਮੀਕਲ ਪਾਇਆ ਹੁੰਦਾ ਹੈ। ਇਸੇ ਲਈ ਕੁਕਰ ਵਿਚ ਜਾਂ ਤਵੇ ਉੱਤੇ ਬਣਾਉਣ ਵਾਲੇ ਦਾਣੇ ਹੀ ਠੀਕ ਹਨ।

2. ਹਲਕੀ ਸਲਾਦ ਡਰੈਸਿੰਗ (ਲਾਈਟ ਡਰੈਸਿੰਗ): ਬਾਜ਼ਾਰ ਵਿਚ ਆਮ ਹੀ ਲਾਈਟ ਸਲਾਦ ਡਰੈਸਿੰਗ ਮਿਲ ਜਾਂਦੀ ਹੈ ਜਿਸ ਨੂੰ ਸਲਾਦ ਉੱਤੇ ਪਾ ਕੇ ਖਾਧਾ ਜਾਂਦਾ ਹੈ। ਇਸ ਵਿਚ ਢੇਰ ਸਾਰੇ ਪ੍ਰੀਜ਼ਰਵੇਟਿਵ ਪਏ ਹੋਣ ਸਦਕਾ ਇਹ ਓਨੀ ਹਲਕੀ ਨਹੀਂ ਹੁੰਦੀ ਜਿੰਨਾ ਇਸ ਦਾ ਨਾਂ ਦੇ ਦਿੱਤਾ ਗਿਆ ਹੈ। ਇਸ ਵਿਚ ਲੂਣ ਅਤੇ ਖੰਡ ਵੀ ਵਾਧੂ ਪਾਏ ਹੁੰਦੇ ਹਨ। ਇਨ੍ਹਾਂ ਦੀ ਥਾਂ ਸਿਰਕਾ ਜਾਂ ਕੁੱਝ ਬੂੰਦਾਂ ਵਰਜਿਨ ਆਲਿਵ ਤੇਲ ਵਰਤੇ ਜਾ ਸਕਦੇ ਹਨ।

3. ਚਾਕਲੇਟ ਨਾਲ ਸੁੱਕੇ ਮੇਵਿਆਂ ਦੀ ਟਰੇਲ ਮਿਕਸ: ਬਾਜ਼ਾਰ ਵਿਚ ਇਸ ਤਰ੍ਹਾਂ ਦੇ ਰਲੇ ਮਿਲੇ ਸਿਹਤਮੰਦ ਕਹੇ ਜਾਂਦੇ ਨਿੱਕੇ ਪੈਕਟ ਮਿਲ ਜਾਂਦੇ ਹਨ। ਚੇਤੇ ਰਹੇ ਕਿ ਇਨ੍ਹਾਂ ਨਿੱਕੇ ਪੈਕਟਾਂ ਵਿਚ ਵੀ 300 ਕੈਲਰੀਜ਼ ਤਕ ਹੋ ਸਕਦੀਆਂ ਹਨ ਜੋ ਕਿਸੇ ਵੀ ਪਾਸਿਓਂ ਸਿਹਤਮੰਦ ਨਹੀਂ ਹੁੰਦੀਆਂ। ਇਸੇ ਲਈ ਭੁੱਜੇ ਹੋਏ ਛੋਲੇ ਜਾਂ ਛੱਲੀ ਖਾਣੀ ਹੀ ਠੀਕ ਰਹਿੰਦੀ ਹੈ।

4. ਥਿੰਦਾ ਰਹਿਤ ਖੁਸ਼ਬੂਦਾਰ ਦਹੀਂ: 'ਫੈਟ-ਫਰੀ ਫਲੇਵਰਡ ਯੋਗਰਟ' ਨਾਂ ਹੇਠ ਇਸ ਵੇਲੇ ਬਾਜ਼ਾਰ ਵਿਚ ਅਣਗਿਣਤ ਕੰਪਨੀਆਂ ਧੜੱਲੇ ਨਾਲ ਆਪਣਾ ਕਾਰੋਬਾਰ ਚਲਾ ਰਹੀਆਂ ਹਨ। ਵੇਖਣ, ਸੁਣਨ ਨੂੰ ਸਿਹਤਮੰਦ ਜਾਪਦਾ ਇਹ ਦਹੀਂ ਭਾਵੇਂ ਸਿਰਫ਼ 6 ਔਂਸ ਹੀ ਹੁੰਦਾ ਹੈ, ਪਰ ਇਸ ਵਿਚ 15 ਗ੍ਰਾਮ ਖੰਡ ਪਾਈ ਹੁੰਦੀ ਹੈ। ਇਸੇ ਲਈ ਦਹੀਂ ਵਿਚ ਤਾਜ਼ੇ ਫਲ ਜਾਂ ਪੁਦੀਨੇ ਦੀਆਂ ਪੱਤੀਆਂ ਪਾ ਕੇ ਖਾਧਾ ਜਾ ਸਕਦਾ ਹੈ। 'ਗਰੀਕ ਯੋਗਰਟ' ਦੀ ਇਕ ਕਿਸਮ ਦੀ ਵੇਚੀ ਜਾ ਰਹੀ ਦਹੀਂ ਵਿਚ ਖੰਡ ਦੀ ਥਾਂ ਥੋੜੀ ਮਾਤਰਾ ਵਿਚ ਸ਼ਹਿਦ ਪਾਇਆ ਮਿਲਦਾ ਹੈ।

5. ਪਾਲਕ-ਪਾਸਤਾ: 'ਸਪਿਨਚ-ਪਾਸਤਾ' ਅੱਜ ਕੱਲ੍ਹ ਖਾਣ ਦਾ ਫੈਸ਼ਨ ਬਣ ਚੁੱਕਿਆ ਹੋਇਆ ਹੈ। ਪਾਲਕ ਨਾਂ ਹੀ ਬਦੋਬਦੀ ਇਸ ਨੂੰ ਖਾਣ ਲਈ ਉਕਸਾਉਂਦਾ ਹੈ। ਦਰਅਸਲ ਇਸ ਵਿਚ ਪਾਲਕ ਏਨੀ ਮਧੋਲ ਦਿੱਤੀ ਹੁੰਦੀ ਹੈ ਕਿ ਬਸ ਨਾਂ ਹੀ ਬਚਦਾ ਹੈ। ਬਿਨਾਂ ਪਾਲਕ ਦੇ ਇੱਕ ਵੀ ਫ਼ਾਇਦੇਮੰਦ ਅੰਸ਼ ਸਦਕਾ ਇਹ ਪਾਸਤਾ ਨਾ ਖਾਣਾ ਹੀ ਬਿਹਤਰ ਹੈ।

6. ਥਿੰਦਾ ਰਹਿਤ ਜਾਂ ਘੱਟ ਥਿੰਦੇ ਵਾਲੇ ਖਾਣੇ: ਥਿੰਦਾ ਕੱਢਣ ਦੇ ਨਾਲ ਹੀ ਖਾਣੇ ਨੂੰ ਸੁਆਦੀ ਬਣਾਉਣ ਲਈ ਉਸ ਤਰ੍ਹਾਂ ਦੇ ਖਾਣੇ ਵਿਚ ਵੱਧ ਲੂਣ ਜਾਂ ਖੰਡ ਪਾਉਣੀ ਪੈਂਦੀ ਹੈ। ਇਸੇ ਲਈ ਡੱਬੇ ਬਾਹਰ ਅੰਸ਼ ਜ਼ਰੂਰ ਪੜ੍ਹ ਲੈਣੇ ਚਾਹੀਦੇ ਹਨ।

7. ਹੋਲ-ਵ੍ਹੀਟ ਬਰੈੱਡ: ਸਾਬਤ ਕਣਕ ਦੇ ਨਾਂ ਹੇਠ ਕਈ ਕੰਪਨੀਆਂ ਬਰੈੱਡ ਵਿਚ ਖੰਡ ਪਾ ਕੇ ਉਸ ਦਾ ਰੰਗ ਭੂਰਾ ਬਣਾ ਦਿੰਦੀਆਂ ਹਨ। ਇਸੇ ਲਈ ਬਾਹਰ ਲਿਖੇ ਅੰਸ਼ ਵੇਖ ਕੇ ਹੀ ਬਰੈੱਡ ਖਰੀਦਣੀ ਚਾਹੀਦੀ ਹੈ।

8. ਗਲੂਟਨ-ਫਰੀ ਖਾਣੇ: ਕਈ ਗਲੂਟਨ-ਫਰੀ ਖਾਣਿਆਂ ਨੂੰ ਵੀ ਸਵਾਦੀ ਬਣਾਉਣ ਲਈ ਵਾਧੂ ਲੂਣ ਅਤੇ ਖੰਡ ਜਾਂ ਘਿਓ ਪਾ ਦਿੱਤਾ ਜਾਂਦਾ ਹੈ। ਇਸੇ ਲਈ ਤਾਜ਼ੇ ਫਲ, ਸਬਜ਼ੀਆਂ ਖਾਣੇ ਬਿਹਤਰ ਰਹਿੰਦੇ ਹਨ।

9. ਫਰੋਜ਼ਨ ਚੀਜ਼ਾਂ: ਬਣੀਆਂ ਬਣਾਈਆਂ ਫਰੀਜ਼ਰ ਵਿਚ ਰੱਖਣ ਵਾਲੀਆਂ ਚੀਜ਼ਾਂ ਭਾਵੇਂ ਮੀਟ ਹੋਣ ਜਾਂ ਸਬਜ਼ੀਆਂ, ਪ੍ਰੀਜ਼ਰਵੇਟਿਵ ਅਤੇ ਲੂਣ ਨਾਲ ਲਬਾਲਬ ਹੁੰਦੀਆਂ ਹਨ।

10. ਪਰੈਟਜ਼ੈਲ, ਕੁਰਕੁਰੇ ਆਦਿ ਥਿੰਦੇ ਅਤੇ ਲੂਣ ਤੋਂ ਇਲਾਵਾ ਹੋਰ ਕੁੱਝ ਵੀ ਸਰੀਰ ਅੰਦਰ ਨਹੀਂ ਭੇਜਦੇ। ਇਨ੍ਹਾਂ ਨਾਲ ਲਹੂ ਅੰਦਰ ਸ਼ੱਕਰ ਦੀ ਮਾਤਰਾ ਵੀ ਵਧ ਜਾਂਦੀ ਹੈ।

11. ਵੈੱਜ-ਚਿਪਸ: ਇਨ੍ਹਾਂ ਵਿਚ ਸਬਜ਼ੀ ਦਾ ਇਕ ਵੀ ਵਧੀਆ ਤੱਤ ਨਹੀਂ ਬਚਿਆ ਹੁੰਦਾ। ਨਿਰਾ ਫੋਕ ਅਤੇ ਕੈਲਰੀਆਂ ਹੀ ਹੁੰਦੀਆਂ ਹਨ।

12. ਪ੍ਰੋਟੀਨ-ਬਾਰ: ਇਹ ਨਾਂ ਹੀ ਏਨੀ ਖਿੱਚ ਪਾਉਂਦਾ ਹੈ ਕਿ ਕੋਈ ਵਿਰਲਾ ਹੀ ਇਨ੍ਹਾਂ ਨੂੰ ਖਾਧੇ ਬਗ਼ੈਰ ਰਹਿ ਸਕਿਆ ਹੋਵੇਗਾ। ਇਨ੍ਹਾਂ ਵਿਚ ਕੈਲਰੀਜ਼ ਅਤੇ ਮਿੱਠਾ ਜ਼ਰੂਰ ਵੱਧ ਹੁੰਦਾ ਹੈ ਪਰ ਬਹੁਤੀਆਂ ਪ੍ਰੋਟੀਨ-ਬਾਰ ਵਿਚ ਪ੍ਰੋਟੀਨ ਨਾ ਬਰਾਬਰ ਹੀ ਹੁੰਦੀ ਹੈ।

13. ਆਰਗੈਨਿਕ-ਖਾਣੇ: ਭਾਵੇਂ ਹਾਨੀਕਾਰਕ ਸਪਰੇਅ ਰਹਿਤ ਹੋਣ ਪਰ ਅਜਿਹੇ ਖਾਣੇ ਵੀ ਖਾਣ ਤੋਂ ਪਹਿਲਾਂ ਡੱਬੇ ਬਾਹਰ ਲਿਖੀਆਂ ਕੈਲਰੀਜ਼ ਵੱਲ ਧਿਆਨ ਦੇਣਾ ਜ਼ਰੂਰੀ ਹੈ।

14. ਸਮੂਦੀ: ਘਰ ਅੰਦਰ ਤਾਜ਼ੇ ਫਲ, ਸਬਜ਼ੀਆਂ, ਫਲੈਕਸ ਬੀਜ, ਪੇਠੇ ਦੇ ਬੀਜ ਆਦਿ ਰਲਾ ਕੇ ਵਧੀਆ ਸਮੂਦੀ ਬਣਾ ਕੇ ਪੀਤੀ ਜਾ ਸਕਦੀ ਹੈ। ਬਾਜ਼ਾਰੀ ਸਮੂਦੀ ਵਿਚ ਕਈ ਪਾਊਡਰ ਅਤੇ ਵਾਧੂ ਖੰਡ ਦੇ ਨਾਲ ਆਈਸਕ੍ਰੀਮ ਵੀ ਪਾ ਦਿੱਤੀ ਜਾਂਦੀ ਹੈ ਜੋ ਸਿਹਤਮੰਦ ਨਹੀਂ ਗਿਣੀ ਜਾ ਸਕਦੀ।

15. ਸੋਇਆ ਦੁੱਧ: ਖੁਸ਼ਬੂਦਾਰ ਅਤੇ ਮਿੱਠੇ ਸੋਇਆ ਦੁੱਧ ਦੇ ਪੈਕਟ ਬਾਜ਼ਾਰ ਵਿਚ ਪਏ ਮਿਲਦੇ ਹਨ ਜਿਨ੍ਹਾਂ ਵਿਚ ਪੋਟਾਸ਼ੀਅਮ, ਪ੍ਰੋਟੀਨ ਅਤੇ ਘੱਟ ਕੋਲੈਸਟਰੋਲ ਹੁੰਦਾ ਹੈ। ਜਿਹੜੇ ਚਾਕਲੇਟ, ਅੰਬ ਜਾਂ ਹੋਰ ਖੁਸ਼ਬੂ ਨਾਲ ਭਰਪੂਰ ਹੋਣ, ਉਨ੍ਹਾਂ ਵਿਚ ਵਾਧੂ ਖੰਡ ਅਤੇ ਕੈਲਰੀਜ਼ ਹੁੰਦੀਆਂ ਹਨ।

16. ਕੌਫ਼ੀ: ਗਰਮ ਬਾਜ਼ਾਰੀ ਕੌਫੀ, ਜਿਸ ਵਿਚ ਖੰਡ ਨਾ ਹੋਵੇ ਅਤੇ ਦੁੱਧ ਵੀ ਘੱਟ ਥਿੰਦੇ ਵਾਲਾ ਹੋਵੇ, ਤਾਂ ਠੀਕ ਰਹਿੰਦੀ ਹੈ। ਠੰਡੀ ਕੌਫ਼ੀ ਸਿਰਫ਼ ਕੈਲਰੀਜ਼ ਤੇ ਖੰਡ ਨਾਲ ਭਰੀ ਹੁੰਦੀ ਹੈ।

**ਸਾਰ:** ਪ੍ਰੋਸੈੱਸਡ ਖਾਣੇ, ਕੈਲਰੀਜ਼ ਅਤੇ ਖੰਡ ਸਰੀਰ ਦਾ ਨਾਸ ਤਾਂ ਮਾਰਦੇ ਹੀ ਹਨ, ਨਾਲੋ-ਨਾਲ ਉਮਰ ਛੋਟੀ ਕਰ ਦਿੰਦੇ ਹਨ। ਜੇ ਬਿਮਾਰੀਆਂ ਤੋਂ ਬਚਣਾ ਹੈ ਤਾਂ ਤਾਜ਼ੇ ਫਲ ਅਤੇ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਰੈਗੂਲਰ ਕਸਰਤ ਕਰਨ ਦੇ ਨਾਲ-ਨਾਲ ਤਣਾਅ ਨੂੰ ਵੀ ਜ਼ਰੂਰ ਛੰਡਣਾ ਚਾਹੀਦਾ ਹੈ।

## ਸਦੀਆਂ ਤੋਂ ਸਦੀਆਂ ਤੱਕ ਕਬੱਡੀ

*(ਪਿਛਲੇ ਸਫੇ ਦਾ ਬਾਕੀ)*

ਅੰਦਰ ਕਬੱਡੀ ਪ੍ਰਤੀ ਮੋਹ ਦਾ ਇਜ਼ਹਾਰ ਕਰਨ ਲੱਗਿਆ। ਉਦੋਂ ਉਹ 13-14 ਸਾਲਾਂ ਦਾ ਹੀ ਸੀ ਜਦ ਉਸ ਦੇ ਮਾਮੇ ਚਰਨਜੀਤ ਸਿੰਘ ਨੇ ਉਸ ਨੂੰ ਆਪਣੀ ਦੇਖ ਰੇਖ ਹੇਠ ਕੈਨੇਡਾ ਸੱਦ ਲਿਆ। ਕੈਨੇਡਾ ਪਹੁੰਚ ਕੇ ਪਰਿਵਾਰਕ ਰੁਝੇਵਿਆਂ ਦੇ ਨਾਲ ਸਮਾਜਿਕ ਰੁਝੇਵੇਂ ਵੀ ਵਧ ਗਏ। 1989 'ਚ ਕੈਨੇਡਾ ਪਹੁੰਚਿਆ ਲੱਖਾ ਜਲਦੀ ਹੀ ਕੈਨੇਡਾ ਦੇ ਹਾਲਾਤ ਭਾਂਪ ਗਿਆ ਅਤੇ ਮਾਂ ਖੇਡ ਕਬੱਡੀ ਦੇ ਗੁੱਝੇ ਭੇਤਾਂ ਦੀ ਗੁੜ੍ਹਤੀ ਗ੍ਰਹਿਣ ਕਰਨ ਲਈ ਜੁਟ ਗਿਆ। ਨਿੱਕੇ ਹੁੰਦਿਆਂ ਉਹ ਆਪਣੇ ਪਿੰਡ ਨਾਲੋਂ ਜ਼ਿਆਦਾ ਤੀਰਥ ਗਾਖਲ ਦੇ ਪਿੰਡ ਗਾਖਲ 'ਚ ਕਸਰਤ ਵਗੈਰਾ ਕਰਦਾ। ਮੁੱਛ-ਫੁੱਟ ਗੱਭਰੂ ਹੁੰਦਿਆਂ ਵੈਨਕੂਵਰ ਦੀ ਧਰਤੀ 'ਤੇ ਲੱਖੇ ਦਾ ਵਾਹ ਸ਼ੇਰੇ-ਪੰਜਾਬ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਨਾਲ ਪਿਆ। ਕਾਲਾ ਸੰਘਿਆਂ ਵਾਲੇ ਜਵਾਹਰੇ ਹੋਰਾਂ ਨੇ ਉਸ ਅੰਦਰ ਛੁਪੀ ਪ੍ਰਤਿਭਾ ਨੂੰ ਭਾਂਪਦਿਆਂ ਕੋਈ ਮੌਕਾ ਨਾ ਖੁੰਝਣ ਦਿੱਤਾ ਤੇ ਲੱਖਾ ਦਿਨ ਰਾਤ ਸ਼ੇਰੇ-ਪੰਜਾਬ ਸਪੋਰਟਸ ਕਲੱਬ ਦੀ ਦੇਖ-ਰੇਖ ਹੇਠ ਮਿਹਨਤ ਕਰਨ ਲੱਗ ਪਿਆ। ਪਹਿਲਾਂ ਉਸ ਨੇ 140 ਪੌਂਡ ਵਜ਼ਨ ਭਾਰ ਵਰਗ 'ਚ ਫਿਰ 155 ਪੌਂਡ ਭਾਰ ਵਰਗ ਅਤੇ ਫਿਰ ਆਲ ਓਪਨ ਵਰਗ 'ਚ ਚੰਗਾ ਨਾਮਣਾ ਖੱਟਿਆ। ਆਲ ਓਪਨ ਟੂਰਨਾਮੈਂਟਾਂ ਦੌਰਾਨ ਲੱਖੇ ਦਾ ਨਾਂ ਮੂਹਰਲੀਆਂ ਸਫਾ 'ਚ ਗੂੰਜਣ ਲੱਗਾ। ਉਸ ਨੇ ਕਲਾਤਮਕ ਖੇਡ ਕਲਾ ਦਾ ਮੁਜ਼ਾਹਰਾ ਕਰਦਿਆਂ ਜਲਦੀ ਹੀ ਮਾਂ ਖੇਡ ਕਬੱਡੀ ਦੇ ਖੇਤਰ 'ਚ ਚੰਗੀਆਂ ਪੁਲਾਂਘਾਂ ਪੁੱਟੀਆਂ। 1994 'ਚ ਲੱਖਾ ਪਹਿਲੀ ਵਾਰੀ ਇੰਗਲੈਂਡ ਦੀ ਧਰਤੀ 'ਤੇ ਵੈਨਕੂਵਰ ਵੱਲੋਂ ਛਿੰਦੇ ਅਮਲੀ ਦੀ ਟੀਮ 'ਚ ਖੇਡਿਆ। ਉਦੋਂ ਪਹਿਲੀ ਵਾਰ ਹਰਜੀਤ ਬਰਾੜ ਹੋਰੀਂ ਇੰਗਲੈਂਡ ਖੇਡਣ ਗਏ ਸਨ। ਇੰਗਲੈਂਡ ਦੇ ਸ਼ਹਿਰਾਂ ਸਲੋਹ, ਡਰਬੀ, ਬਰਮਿੰਘਮ ਅਤੇ ਸਾਊਥਹਾਲ 'ਚ ਖੇਡਦਿਆਂ ਲੱਖੇ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕੈਨੇਡਾ, ਅਮਰੀਕਾ ਅਤੇ ਇੰਗਲੈਂਡ 'ਚ ਹੁੰਦੇ ਲੋਕਲ ਮੈਚਾਂ ਦੌਰਾਨ ਉਹ ਕਈ ਵਾਰ ਬੈਸਟ ਧਾਵੀ ਚੁਣਿਆ ਗਿਆ। 2000 'ਚ ਲੱਖੇ ਨਾਲ ਬੜੀ ਮੰਦਭਾਗੀ ਘਟਨਾ ਵਾਪਰੀ ਜਦ ਵੈਨਕੂਵਰ ਸੀਜ਼ਨ ਦੇ ਪਹਿਲੇ ਟੂਰਨਾਮੈਂਟ ਦਾ ਆਖ਼ਰੀ ਮੈਚ ਅਤੇ ਮੈਚ ਦੀ ਆਖ਼ਰੀ ਕਬੱਡੀ ਪਾਉਂਦਿਆਂ ਅਚਨਚੇਤ ਵੱਡੀ ਸੱਟ ਵੱਜ ਗਈ। ਲੱਖਾ ਇਸ ਸੱਟ ਕਰਕੇ ਕਾਫੀ ਦੇਰ ਕਬੱਡੀ ਨਾ ਖੇਡ ਸਕਿਆ। 1997 'ਚ ਉਸ ਦੀ ਸ਼ਾਦੀ ਬੇਗੋਵਾਲ ਪਿੰਡ ਦੀ ਸੁੰਦਰ ਸੁਸ਼ੀਲ ਲੜਕੀ ਪ੍ਰਨੀਤ ਕੌਰ ਨਾਲ ਹੋਈ। ਲੱਖੇ ਦੇ ਗ੍ਰਹਿ ਵਿਖੇ ਦੋ ਪੁੱਤਰਾਂ ਗਰੇਸਨ ਸਿੰਘ ਅਤੇ ਆਈਵਿੱਖ ਸਿੰਘ ਨੇ ਜਨਮ ਲਿਆ ਜੋ ਕਿ ਹੁਣ ਖੇਡ ਖੇਤਰ 'ਚ ਉੱਭਰਨ ਲਈ ਯਤਨਸ਼ੀਲ ਹਨ।

1997 'ਚ ਲੱਖਾ ਵਰਲਡ ਕੈਨੇਡਾ ਕੱਪ ਦੌਰਾਨ ਬੈਸਟ ਧਾਵੀ ਚੁਣਿਆ ਗਿਆ। 1999 'ਚ ਫਿਰ ਵਰਲਡ ਕੈਨੇਡਾ ਕੈਂਪ ਦਾ ਬੈਸਟ ਧਾਵੀ ਬਣਿਆ। ਉਹ ਦੱਸਦਾ ਹੈ ਕਿ ਅਸੀਂ ਦੋ ਰੇਡਰ ਹੁੰਦਿਆਂ ਹੀ ਲਗਾਤਾਰ ਕਬੱਡੀਆਂ ਪਾਉਂਦੇ ਰਹਿੰਦੇ। ਇੱਕ ਮੈਚ 'ਚ 35-40 ਕਬੱਡੀਆਂ ਪੈ ਜਾਂਦੀਆਂ ਪਰ ਕਦੇ ਪਿੱਛੇ ਮੁੜ ਕੇ ਨਹੀਂ ਸੀ ਦੇਖਿਆ। ਬੱਸ ਇਉਂ ਹੁੰਦਾ ਸੀ ਕਿ ਮੈਚ ਖੇਡਣ ਗਏ ਬੱਸ ਜਿੱਤ ਕੇ ਆਈਏ। ਸਾਫ ਸੁਥਰੀ ਕਬੱਡੀ ਖੇਡਣ ਵਾਲਾ ਲੱਖਾ ਯਾਰਾਂ ਦਾ ਯਾਰ ਹੈ। ਆਤਮ ਵਿਸ਼ਵਾਸ ਦੀ ਲਟ-ਲਟ ਬਲਦੀ ਮਸ਼ਾਲ ਹੈ। ਛੇ ਫੁੱਟ ਕੱਦ ਦਾ ਮਾਲਕ ਅਤੇ ਕੁਇੰਟਲ ਕੁ ਵਜ਼ਨੀ ਲੱਖਾ ਕਹਿੰਦੇ ਕਹਾਉਂਦੇ ਜਾਫੀਆਂ ਨੂੰ ਵਕਤ ਪਾ ਦਿੰਦਾ ਹੈ। ਸੁੰਦਰ ਸਡੌਲ ਸਰੀਰ ਦਾ ਮਾਲਕ ਲੱਖਾ ਦਸਦਾ ਹੈ ਕਿ ਜਦ ਕਦੇ ਇੰਡੀਆ ਜਾਈਦਾ ਹੈ ਤਾਂ ਤੀਰਥ ਗਾਖਲ ਦੇ ਪਿੰਡ ਦੀਆਂ ਗਰਾਊਂਡਾਂ 'ਚ ਹੀ ਮਿਹਨਤ ਵਗੈਰਾ ਕਰ ਲਈਦੀ ਹੈ। ਭਰਾ ਹਰਜੀਤ ਸਿੰਘ ਤੇ ਭੈਣ ਤੇਜਿੰਦਰ ਕੌਰ ਦਾ ਇਹ ਹੋਣਹਾਰ ਵੀਰ ਮਾਂ ਖੇਡ ਕਬੱਡੀ ਦੀ ਚੜ੍ਹਦੀ ਕਲਾ ਲਈ ਭਰਪੂਰ ਆਸਵੰਦ ਹੈ। ਕਬੱਡੀ 'ਚ ਨਸ਼ਿਆਂ ਦੇ ਪਸਾਰੇ ਤੋਂ ਚਿੰਤਤ ਲੱਖਾ ਅਕਸਰ ਕਹਿੰਦਾ ਹੈ, 'ਭਾਅ ਜੀ ਨਸ਼ੇ ਕਬੱਡੀ ਖਿਡਾਰੀਆਂ ਦੀ ਮੱਤ ਮਾਰ ਦੇਣਗੇ। ਇਹ ਠੀਕ ਹੈ ਕਿ ਕਬੱਡੀ 'ਚ ਪੈਸਾ ਬਹੁਤ ਹੈ, ਪਰ ਉਨਾ ਹੀ ਨਸ਼ਾ ਵੀ ਸਿਰ ਚੁੱਕ ਰਿਹਾ ਹੈ। ਸਾਨੂੰ ਸਾਰਿਆਂ ਨੂੰ ਕਬੱਡੀ 'ਚ ਫੈਲਦੇ ਨਸ਼ੇ ਪ੍ਰਤੀ ਗੰਭੀਰਤਾ ਨਾਲ ਇਕੱਠੇ ਹੋਣਾ ਚਾਹੀਦਾ ਹੈ।'

ਬਲਵਿੰਦਰ ਫਿੱਡੂ, ਹਰਜੀਤ ਬਰਾੜ, ਤੀਰਥ ਗਾਖਲ ਤੇ ਹੋਰ ਸੁਪਰ ਸਟਾਰਾਂ ਨਾਲ ਡਟ ਕੇ ਕਬੱਡੀ ਖੇਡਣ ਵਾਲਾ ਲੱਖਾ ਗਰੀਬਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਹਿੰਦਾ ਹੈ, 'ਸਾਨੂੰ ਝੁੱਗੀਆਂ ਝੋਂਪੜੀਆਂ ਵਾਲਿਆਂ ਦੀ ਵੀ ਮਦਦ ਕਰਦੇ ਰਹਿਣਾ ਚਾਹੀਦਾ ਹੈ।' ਸਾਫ ਸੁਥਰੀ ਖੇਡ ਕਰਕੇ ਖੇਡ ਜਗਤ 'ਚ ਚਰਚਿਤ ਲੱਖਾ ਮਾਂ ਖੇਡ ਕਬੱਡੀ ਦੇ ਖੇਤਰ 'ਚ ਅਜੇ ਲੰਮੀ ਪਾਰੀ ਖੇਡਣ ਪ੍ਰਤੀ ਗੰਭੀਰ ਆਸਵੰਦ ਹੈ। ਲੱਖਾ ਕਹਿੰਦਾ ਹੈ ਕਿ ਸਰਕਾਰਾਂ ਵੀ ਕਬੱਡੀ ਦਾ ਖਿਆਲ ਰੱਖਣ ਤਾਂ ਕਿ ਕਬੱਡੀ ਨੂੰ ਸਰਕਾਰੀ ਮਾਨਤਾ ਮਿਲਣ ਦੇ ਰਾਹ 'ਚ ਬਣਦੇ ਅੜਿੱਕੇ ਖ਼ਤਮ ਹੋ ਸਕਣ ਅਤੇ ਮਾਂ ਖੇਡ ਕਬੱਡੀ ਆਪਣਾ ਸ਼ਾਨਦਾਰ ਸਫ਼ਰ ਤੈਅ ਕਰਦੀ ਹੋਈ ਨਵੀਆਂ ਮੰਜ਼ਲਾਂ ਵੱਲ ਵਧ ਸਕੇ।

## ਕੰਡਾਘਾਟ ਉਦਾਸ ਹੈ

ਪਿਛਲੇ ਦਿਨੀਂ ਬਹੁਤ ਦੇਰ ਬਾਅਦ ਜਾਂ ਕਹਿ ਲਵੋ ਦਹਾਕੇ ਤੋਂ ਵੀ ਵੱਧ ਸਮੇਂ ਬਾਅਦ ਕੰਡਾਘਾਟ ਜਾਣ ਦਾ ਮੌਕਾ ਬਣਿਆ। ਪਿੰਕੀ ਹਰਬਲ ਗਾਰਡਨ ਲੁਧਿਆਣਾ ਲਈ ਰਵੀ ਨੇ ਪੌਦੇ ਲੈ ਕੇ ਰੱਖੇ ਸਨ, ਸੇਬ, ਪਲੱਮ ਤੇ ਖੁਰਮਾਨੀ ਦੇ। ਉਹ ਲੈਣ ਗਿਆ ਸੀ। ਮੇਰਾ ਸਾਰਥੀ ਅਸ਼ਵਿੰਦਰ ਸੀ, ਅਸੀਂ ਗਿਆਰਾਂ ਕੁ ਵਜੇ ਵਿਸਪਰਿੰਗ ਵਿੰਡ ਨਾਮ ਦੇ ਘਰ ਪਹੁੰਚ ਗਏ। ਮੇਰਾ ਬਚਪਨ ਇਸ ਥਾਂ ਵੀ ਗੁਜ਼ਰਿਆ ਸੀ। ਯਾਦ ਆ ਗਏ ਫਲਾਂ ਲੱਦੇ ਬਾਗ਼, ਹਰਿਆਲੀ ਤੇ ਉੱਚੇ ਪਹਾੜ 'ਤੇ ਚੜ੍ਹਨ ਦੀ ਕੋਸ਼ਿਸ਼। ਮਨੀ ਅੰਕਲ ਤੇ ਹਰ ਆਂਟੀ ਦਾ ਪਿਆਰ। ਖ਼ੂਬਸੂਰਤ ਘਰ, ਖ਼ੂਬਸੂਰਤ ਦ੍ਰਿਸ਼ ਤੇ ਚਹਿਕਦਾ-ਮਹਿਕਦਾ ਪਰਿਵਾਰ ਨਾਲ ਭਰਿਆ ਘਰ। ਸਭ ਕੁਝ ਇਕ ਫਿਲਮ ਵਾਂਗ ਘੁੰਮ ਗਿਆ। 60 ਸਾਲਾਂ ਵਿਚ ਸਭ ਕੁਝ ਬਦਲ ਗਿਆ। ਪਰਿਵਾਰ ਵਿਸ਼ਵ ਭਰ ਵਿਚ ਫੈਲ ਗਿਆ, ਪਰ ਘਰ ਇਕੱਲਾ ਰਹਿ ਗਿਆ। ਮੈਨੂੰ ਲੱਗਾ ਜਿਵੇਂ ਕੰਧਾਂ ਨੂੰ, ਮੇਰੇ ਜਾਣ ਨਾਲ ਚਾਅ ਚੜ੍ਹ ਗਿਆ ਹੋਵੇ। ਹਵਾ ਨਾਲ ਹਿੱਲਦੀ ਹਰ ਟਾਹਣੀ, ਜਿਵੇਂ ਮੈਨੂੰ ਕਲਾਵੇ ਵਿਚ ਲੈਣਾ ਚਾਹੁੰਦੀ ਹੋਵੇ।



ਭਾਵੇਂ ਕੁਝ ਸਮੇਂ ਬਾਅਦ ਮੈਂ ਵਾਪਸ ਤੁਰ ਪਿਆਂ ਸਾਂ, ਪਰ ਕੰਧਾਂ ਦੀ ਵਾਪਸ ਆਉਣ ਦੀ ਆਵਾਜ਼ ਮੈਨੂੰ ਅੱਜ ਵੀ ਸੁਣ ਰਹੀ ਹੈ। ਮੈਂ ਵਾਪਸ ਜ਼ਰੂਰ ਆਵਾਂਗਾ, ਮੇਰਾ ਇੰਤਜ਼ਾਰ ਕਰਨਾ।

*-ਜਨਮੇਜਾ ਸਿੰਘ ਜੌਹਲ*

ਕਹਾਣੀ

# ਮੋਹ-ਜਾਲ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ ਨੇ ਪਰਵਾਸੀ ਜੀਵਨ ਬਾਰੇ ਯਾਦਗਾਰੀ ਕਹਾਣੀਆਂ ਲਿਖੀਆਂ ਹਨ। ਪਿਛੇ ਜਿਹੇ ਉਸ ਦਾ ਨਾਵਲ 'ਹਨੇਰੇ ਰਾਹ' ਛਪਿਆ ਹੈ ਜਿਸ ਵਿਚ ਟਰੱਕ ਸਨਅਤ ਨਾਲ ਜੁੜੀ ਜੀਵਨ-ਜਾਚ ਦੇ ਵੇਰਵੇ ਦਰਜ ਹਨ। 'ਮੋਹ-ਜਾਲ' ਕਹਾਣੀ ਵਿਚ ਅੱਜ ਕੱਲ੍ਹ ਦੇ ਪਦਾਰਥਕ ਜੀਵਨ ਅਤੇ ਇਸ ਹਿਸਾਬ ਨਾਲ ਜੁੜਦੇ ਰਿਸ਼ਤਿਆਂ ਦੀ ਬਾਤ ਪਾਈ ਗਈ ਹੈ।**



**ਹਰਪ੍ਰੀਤ ਸੇਖਾ**
**ਫੋਨ: +1-778-231-1189**

ਜਦੋਂ ਰਮਣੀਕ ਹਸਪਤਾਲ ਪਹੁੰਚੀ, ਬਾਪੂ ਦੇ ਬੈੱਡ ਦੁਆਲੇ ਪਰਦਾ ਤਾਣਿਆ ਹੋਇਆ ਸੀ। ਦੋ ਸਹਾਇਕ ਨਰਸਾਂ ਬਾਪੂ ਨੂੰ ਸਾਫ ਕਰ ਰਹੀਆਂ ਸਨ। ਉਡੀਕ ਕਰ ਰਹੀ ਰਮਣੀਕ ਨੂੰ ਲੱਗਿਆ ਕਿ ਉਹ ਬਹੁਤ ਦੇਰ ਲਗਾ ਰਹੀਆਂ ਸਨ। ਉਸਦਾ ਮਨ ਬਾਪੂ ਨੂੰ ਮਿਲਣ ਲਈ ਉਤਾਵਲਾ ਸੀ। ਉਸਦਾ ਜੀਅ ਕਰਦਾ ਸੀ ਕਿ ਮਿਲਣ ਸਾਰ ਬਾਪੂ ਨੂੰ ਜੱਫੀ ਪਾ ਲਵੇ। ਇਸੇ ਚਾਹ ਨਾਲ ਉਹ ਆਪਣੀ ਕਾਰ ਤੋਂ ਬਾਪੂ ਦੇ ਕਮਰੇ ਤਕ ਵਗੀ ਆਈ ਸੀ। ਜਿਉਂ ਹੀ ਸਹਾਇਕ ਨਰਸਾਂ ਕਮਰੇ 'ਚੋਂ ਬਾਹਰ ਨਿਕਲੀਆਂ, ਰਮਣੀਕ ਨੇ ਸਿਰਾਹਣਿਆਂ ਸਹਾਰੇ ਟੇਢੇ ਪਾਏ ਬਾਪੂ ਦੁਆਲੇ ਬਾਹਾਂ ਵਲ ਕੇ ਕਿਹਾ, "ਬਾਪੂ, ਮੈਂ ਰਮਣੀਕ ਹਾਂ।ਕੀ ਹਾਲ ਹੈ?" ਇਸ ਤਰ੍ਹਾਂ ਆਖਦੀ ਰਮਣੀਕ ਦੀ ਆਵਾਜ਼ ਰੁੰਦ ਗਈ। ਸਵਾਏ ਇਕ-ਦੋ ਵਾਰ ਤੋਂ, ਉਸ ਨੇ ਬਾਪੂ ਨੂੰ ਦੇਖ ਕੇ ਕਦੇ ਵੀ ਇਸ ਤਰ੍ਹਾਂ ਦਿਲ ਛੋਟਾ ਨਹੀਂ ਸੀ ਕੀਤਾ। ਬਾਪੂ ਨੂੰ ਦੋ ਸਾਲ ਹੋ ਗਏ ਸਨ ਇਸ ਤਰ੍ਹਾਂ ਕੌਮਾ ਵਿਚ ਪਿਆਂ। ਰਮਣੀਕ ਨੇ ਕੁਝ ਦੇਰ ਉਸੇ ਤਰ੍ਹਾਂ ਹੀ ਬਾਪੂ ਦੀ ਬਾਂਹ ਨਾਲ ਆਪਣਾ ਸਿਰ ਲਾਈ ਰੱਖਿਆ, ਫਿਰ ਅੱਖਾਂ ਪੂੰਝ ਕੇ ਕੋਲ ਪਈ ਕੁਰਸੀ 'ਤੇ ਬੈਠ ਗਈ। ਉਸ ਨੇ ਬਾਪੂ ਦੀ ਨੰਗੀ ਹੋਈ ਪਿੱਠ ਵੱਲ ਦੇਖਿਆ। ਮੰਜੇ 'ਤੇ ਪਏ ਰਹਿਣ ਕਾਰਣ ਹੋਏ ਜ਼ਖਮਾਂ ਦੇ ਨਿਸ਼ਾਨ ਕੱਲ੍ਹ ਦੀ ਤਰ੍ਹਾਂ ਹੀ ਸਨ। ਭਾਵੇਂ ਹਰ ਦੋ ਘੰਟੇ ਬਾਅਦ ਸਹਾਇਕ ਨਰਸਾਂ ਉਸਦਾ ਪਾਸਾ ਪਰਤਾਉਂਦੀਆਂ ਸਨ ਪਰ ਇਹ ਜ਼ਖਮ ਫਿਰ ਵੀ ਹੋ ਹੀ ਜਾਂਦੇ ਸਨ। ਰਮਣੀਕ ਨੇ ਬਾਪੂ ਦੀਆਂ ਲੱਤਾਂ ਤੋਂ ਚਾਦਰ ਹਟਾ ਕੇ ਦੇਖਿਆ। ਰਮਣੀਕ ਨੂੰ ਉੱਥੇ ਵੀ ਕੋਈ ਬਹੁਤਾ ਮੋੜਾ ਪਿਆ ਨਾ ਦਿਸਿਆ। ਲਾਗ ਲੱਗਣ ਕਾਰਣ ਪਿੰਡੇ ਦੀ ਚਮੜੀ 'ਤੇ ਥਾਂ ਥਾਂ ਬਣੇ ਲਾਲ ਧੱਫੜ ਉਵੇਂ ਹੀ ਸਨ। ਕੱਲ੍ਹ ਕੇਅਰ ਹੋਮ ਵਾਲਿਆਂ ਨੇ ਬਾਪੂ ਨੂੰ ਪਿਸ਼ਾਬ ਦੀ ਲਾਗ ਦੇ ਇਲਾਜ ਲਈ ਹਸਪਤਾਲ ਲੈ ਕੇ ਜਾਣ ਬਾਰੇ ਰਮਣੀਕ ਨੂੰ ਫੋਨ ਕਰ ਕੇ ਦੱਸਿਆ ਸੀ। ਬਾਪੂ ਬਾਰੇ ਉਹ ਰਮਣੀਕ ਨੂੰ ਹੀ ਫੋਨ ਕਰ ਕੇ ਫੈਸਲੇ ਕਰਦੇ। ਬਾਪੂ ਦੇ ਕੇਅਰ ਹੋਮ ਵਿਚ ਦਾਖਲੇ ਸਮੇਂ ਰਮਣੀਕ ਨੇ ਆਪ ਹੀ ਆਪਣਾ ਨਾਂ ਸਰਪ੍ਰਸਤ ਵਜੋਂ ਪੇਸ਼ ਕਰ ਦਿੱਤਾ ਸੀ। ਉਸਦੇ ਮੰਮੀ-ਡੈਡੀ ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਸੀ। ਉਸਦੀ ਅੰਗਰੇਜ਼ੀ ਵਿਚ ਗੱਲਬਾਤ ਕਰਨ ਦੀ ਮੁਹਾਰਤ ਵੀ ਆਪਣੇ ਮਾਪਿਆਂ ਨਾਲੋਂ ਬਿਹਤਰ ਸੀ। ਵੈਸੇ ਵੀ ਸਾਰੇ ਪਰਿਵਾਰ ਵਿਚੋਂ ਰਮਣੀਕ ਹੀ ਬਾਪੂ ਦੇ ਸਭ ਤੋਂ ਨੇੜੇ ਸੀ ਅਤੇ ਉਹੀ ਸੀ, ਜਿਹੜੀ ਬਿਨਾਂ ਨਾਗਾ ਕੇਅਰ ਹੋਮ ਜਾਂਦੀ ਸੀ।

ਰਮਣੀਕ ਬਾਪੂ ਦੀ ਪਿੱਠ ਵਾਲੇ ਪਾਸਿਉਂ ਉੱਠ ਕੇ ਚਿਹਰੇ ਵਾਲੇ ਪਾਸੇ ਬੈਠ ਗਈ। ਉਸ ਨੇ ਟਿਕਟਿਕੀ ਲਗਾ ਕੇ ਬਾਪੂ ਦੇ ਚਿਹਰੇ ਵੱਲ ਦੇਖਿਆ। ਉਹ ਜਿਵੇਂ ਘੂਕ ਸੁੱਤਾ ਪਿਆ ਹੋਵੇ। ਹੁਣ ਰਮਣੀਕ ਨੂੰ ਇਸ ਤਰ੍ਹਾਂ ਨਹੀਂ ਸੀ ਲਗਦਾ ਕਿ ਬਾਪੂ ਹੁਣੇ ਹੀ ਅੱਖਾਂ ਖੋਲ੍ਹੇਗਾ ਅਤੇ ਪੁੱਛੇਗਾ, "ਮੇਰਾ ਸ਼ੇਰ ਪੁੱਤ ਕਦੋਂ ਆਇਆ ਸੀ?" ਪਹਿਲਾਂ-ਪਹਿਲਾਂ ਉਸ ਨੂੰ ਇਸ ਤਰ੍ਹਾਂ ਲਗਦਾ ਸੀ। ਉਦੋਂ ਡਾਕਟਰਾਂ ਨੇ ਵੀ ਕਿਹਾ ਸੀ ਕਿ ਕੋਈ ਕਰਾਮਾਤ ਵਾਪਰ ਸਕਦੀ ਹੈ ਪਰ ਇਹ ਵਾਪਰੀ ਨਹੀਂ ਸੀ। ਹੁਣ ਤਾਂ ਡਾਕਟਰ ਆਖਦੇ ਸਨ ਕਿ ਇਸਦੀ ਹਾਲਤ ਦਿਨੋ ਦਿਨ ਹੋਰ ਕਮਜ਼ੋਰ ਹੁੰਦੀ ਜਾਵੇਗੀ। ਇਕ ਡਾਕਟਰ ਨੇ ਤਾਂ ਅਸਿੱਧੇ ਤੌਰ 'ਤੇ ਇਹ ਵੀ ਆਖ ਦਿੱਤਾ ਸੀ ਕਿ ਇਹ ਸਭ ਦੇ ਹੀ ਭਲੇ ਵਿਚ ਹੋਵੇਗਾ ਜੇ ਉਸ ਨੂੰ ਲਾਈਫ ਸਪੋਰਟ ਤੋਂ ਲਾਹ ਦਿੱਤਾ ਜਾਵੇ। ਬਾਪੂ ਦੀ ਦਿਨੋ ਦਿਨ ਨਿੱਘਰ ਰਹੀ ਸਿਹਤ ਰਮਣੀਕ ਵੀ ਦੇਖ ਰਹੀ ਸੀ। ਉਸ ਨੂੰ ਮਹੀਨੇ ਖੰਡ ਬਾਅਦ ਕਿਸੇ ਨਾ ਕਿਸੇ ਬਿਮਾਰੀ ਦੇ ਇਲਾਜ ਲਈ ਹਸਪਤਾਲ ਲਿਆਉਣਾ ਪੈਂਦਾ ਸੀ। ਕਦੇ ਕੋਈ ਇਨਫੈਕਸ਼ਨ ਹੋ ਜਾਂਦੀ, ਕਦੇ ਕੋਈ। ਰਮਣੀਕ ਬਾਪੂ ਦੇ ਸਰੀਰ 'ਤੇ ਲੱਗੀਆਂ ਨਾਲੀਆਂ ਵੱਲ ਦੇਖਣ ਲੱਗੀ। ਸਾਹ ਲਈ ਆਕਸੀਜਨ ਦੀ ਨਾਲੀ, ਪਿਸ਼ਾਬ ਲਈ ਬੈਗ, ਖਾਣੇ ਲਈ ਨਾਲੀ ਅਤੇ ਪਿਸ਼ਾਬ ਦੀ ਲਾਗ ਦੇ ਇਲਾਜ ਲਈ ਐਂਟੀ-ਬਾਇਟੈਕ ਵਾਲੀ ਬੋਤਲ। ਨਰਸ ਕਮਰੇ ਵਿਚ ਆ ਕੇ ਬੋਲੀ, "ਬਾਪੂ, ਮੈਂ ਤੇਰੇ ਮੱਲ੍ਹਮ ਲਗਾਉਣੀ ਹੈ। ਇਸ ਨਾਲ ਤੇਰੇ ਖੁਰਕ ਘਟ ਜਾਵੇਗੀ।" ਹਸਪਤਾਲ ਤੇ ਕੇਅਰ ਹੋਮ ਦਾ ਅਮਲਾ ਫੈਲਾ ਰਮਣੀਕ ਦੀ ਰੀਸ ਨਾਲ ਬਾਪੂ ਹੀ ਕਹਿਣ ਲੱਗਾ ਸੀ। ਜਿਵੇਂ ਇਹ ਹੀ ਇਸਦਾ ਨਾਂ ਹੋਵੇ। ਉਨ੍ਹਾਂ ਦਾ ਬਾਪੂ ਨਾਲ ਇਸ ਤਰ੍ਹਾਂ ਜਾਗਦੇ ਬੰਦੇ ਵਾਲਾ ਵਿਹਾਰ ਦੇਖ ਕੇ ਰਮਣੀਕ ਵੀ ਬਾਪੂ ਨਾਲ ਉਨ੍ਹਾਂ ਵਾਂਗ ਹੀ ਗੱਲਾਂ ਕਰਨ ਲੱਗੀ ਸੀ। ਪਹਿਲੇ ਦਿਨਾਂ ਵਿਚ ਉਹ ਬਾਪੂ ਦੇ ਬੀਜੇ ਫੁੱਲਾਂ ਤੇ ਸਬਜ਼ੀਆਂ ਦੇ ਬੂਟਿਆਂ ਨੂੰ ਪਾਣੀ ਦਿੰਦੀ ਰਹੀ ਸੀ ਤੇ ਫਿਰ ਬਾਪੂ ਨੂੰ ਕੇਅਰ ਹੋਮ ਵਿਚ ਜਾ ਕੇ ਦੱਸਦੀ ਕਿ ਉਸਦੀ ਫੁਲਵਾੜੀ ਦਾ ਕੀ ਹਾਲ ਸੀ। ਇਕ ਦਿਨ ਕਹਿੰਦੀ, "ਬਾਪੂ, ਮੱਕੀ ਦੇ ਇਕ ਬੂਟੇ ਨੂੰ ਅੱਜ ਛੱਲੀ ਲੱਗੀ ਐ।" ਉਸ ਦਿਨ ਉਸ ਨੂੰ ਮਹਿਸੂਸ ਹੁੰਦਾ ਸੀ ਕਿ ਇਹ ਸੁਣ ਕੇ ਬਾਪੂ ਅੱਖਾਂ ਖੋਲ੍ਹੇਗਾ ਅਤੇ ਕਹੇਗਾ, "ਜਿਊਂਦਾ ਰਹਿ ਸ਼ੇਰਾ। ਮੇਰੀ ਬਗੀਚੀ ਦਾ ਐਨਾ ਖਿਆਲ ਰੱਖਿਐ।" ਪਰ ਰਮਣੀਕ ਨੂੰ ਇਸ ਗੱਲ ਦਾ ਬਾਪੂ 'ਤੇ ਕੋਈ ਅਸਰ ਨਹੀਂ ਸੀ ਦਿਸਿਆ। ਉਸਦੀਆਂ ਯਾਦਾਂ ਵਿਚ ਬਗੀਚੀ ਵਿਚ ਕੰਮ ਕਰਦੇ ਬਾਪੂ ਦੇ ਮਗਰ ਮਗਰ ਫਿਰਨਾ ਤੇ ਬਾਪੂ ਦੇ ਨਿਰਦੇਸ਼ਾਂ 'ਤੇ ਛੱਤੜੀ ਵਿਚੋਂ ਸੰਦ ਲਿਆ ਕੇ ਦੇਣੇ, ਪਾਣੀ ਵਾਲੀ ਟੂਟੀ ਨੂੰ ਚਲਾਉਣਾ ਤੇ ਹੋਰ ਇਸ ਤਰ੍ਹਾਂ ਦੇ ਨਿੱਕੇ ਨਿੱਕੇ ਕੰਮ ਕਰਨੇ ਘੁੰਮ ਗਏ ਸਨ। ਰਮਣੀਕ ਨੂੰ ਲੱਗਾ ਸੀ ਕਿ ਬਾਪੂ ਕਹੇਗਾ, "ਸ਼ੇਰਾ, ਮੇਰੇ ਟਮਾਟਰਾਂ ਦੇ ਬੂਟੇ ਲਿਫ ਨਾ ਜਾਣ। ਉਨ੍ਹਾਂ ਦੇ ਨਾਲ ਲੱਕੜ ਦੇ ਡੰਡੇ ਗੱਡ ਦੇਵੀਂ।" ਬਾਪੂ ਨੇ ਤਾਂ ਇਸ ਤਰ੍ਹਾਂ ਨਹੀਂ ਸੀ ਕਿਹਾ ਪਰ ਬਾਪੂ ਨੂੰ ਐਨੇ ਸਾਲ ਨੇੜਿਉਂ ਕੰਮ ਕਰਦੇ ਵਾਚਦਿਆਂ ਰਮਣੀਕ ਦੇ ਅਚੇਤ ਵਿਚ ਕਿਤੇ ਥੱਲੇ ਪਿਆ ਇਹ ਖਿਆਲ ਉੱਪਰ ਆ ਗਿਆ ਸੀ। ਉਸ ਨੇ ਘਰ ਜਾ ਕੇ ਪੜਛੱਤੀ ਵਿਚੋਂ ਉਹ ਡੰਡੇ ਕੱਢੇ ਅਤੇ ਟਮਾਟਰਾਂ ਦੇ ਬੂਟਿਆਂ ਦੇ ਨਾਲ ਗੱਡ ਦਿੱਤੇ। ਉਸ ਨੂੰ ਲਗਦਾ ਸੀ ਕਿ ਜਦੋਂ ਠੀਕ ਹੋ ਕੇ ਬਾਪੂ ਘਰ ਆਵੇਗਾ ਤਾਂ ਉਸ ਨੂੰ ਆਪਣੀ ਹਰੀ-ਭਰੀ ਬਗੀਚੀ ਦੇਖ ਕੇ ਖੁਸ਼ੀ ਹੋਵੇਗੀ। ਉਸ ਸਾਲ ਰਮਣੀਕ ਨੇ ਬਾਪੂ ਦੀ ਬੀਜੀ ਬਗੀਚੀ ਸੰਭਾਲ ਲਈ ਸੀ ਪਰ ਅਗਲੇ ਸਾਲ ਨਵੇਂ ਸਿਰਿਉਂ ਬੀਜਣ ਦੀ ਉਸ ਨੂੰ ਜਾਚ ਵੀ ਨਹੀਂ ਸੀ ਤੇ ਯੂਨੀਵਰਸਿਟੀ ਦੀ ਪੜ੍ਹਾਈ ਹੋਣ ਕਰਕੇ ਸਮਾਂ ਵੀ ਨਹੀਂ ਸੀ ਤੇ ਵੱਡੀ ਗੱਲ ਬਾਪੂ ਦੇ ਠੀਕ ਹੋਣ ਦੀ ਆਸ ਵੀ ਜਾਂਦੀ ਲੱਗੀ ਸੀ ਪਰ ਉਹ ਯੂਨੀਵਰਸਿਟੀ ਤੋਂ ਘਰ ਮੁੜਦੀ ਕੇਅਰ ਹੋਮ ਜ਼ਰੂਰ ਜਾਂਦੀ। ਜੇ ਬਾਪੂ ਹਸਪਤਾਲ ਹੁੰਦਾ ਤਾਂ ਉੱਥੇ ਜਾਂਦੀ। ਉਸਦੇ ਡੈਡੀ ਨਹੀਂ ਸੀ ਜਾਂਦੇ। ਉਹ ਕਹਿੰਦੇ, "ਬਾਪੂ ਨੂੰ ਕੋਈ ਸੁਰਤ ਤਾਂ ਹੈਨੀ, ਫਿਰ ਕੀ ਫਾਇਦਾ ਜਾਣ ਦਾ ਸਗੋਂ ਉਸ ਨੂੰ ਇਉਂ ਪਿਆ ਦੇਖਕੇ ਮਨ ਦੁਖੀ ਹੁੰਦਾ ਹੈ।" ਉਸਦੀਆਂ ਦੋਹੇਂ ਭੂਆ ਨੇ ਵੀ ਹੌਲੀ ਹੌਲੀ ਕੇਅਰ ਹੋਮ ਜਾਣਾ ਘਟਾ ਦਿੱਤਾ ਸੀ।

ਨਰਸ ਮੱਲ੍ਹਮ ਲਾ ਕੇ ਵਾਪਸ ਚਲੀ ਗਈ ਸੀ। ਜਦੋਂ ਪਹਿਲੀ ਵਾਰ ਬਾਪੂ ਦੇ ਪਿੰਡੇ 'ਤੇ ਇਸ ਤਰ੍ਹਾਂ ਧੱਫੜ ਬਣੇ ਸਨ, ਉਦੋਂ ਰਮਣੀਕ ਨੇ ਸੋਚਿਆ ਸੀ ਕਿ ਉਸਦੇ ਪਿੰਡੇ 'ਤੇ ਖੁਰਕ ਤਾਂ ਲੜਦੀ ਹੋਵੇਗੀ। ਫਿਰ ਕਿਉਂ ਨਹੀਂ ਉਹ ਖੁਰਕ ਕਰਦਾ ਜਾਂ ਕਿਉਂ ਉਸ ਨੂੰ ਬੇਚੈਨੀ ਨਹੀਂ ਸੀ ਹੁੰਦੀ ਖੁਰਕ ਮਹਿਸੂਸ ਕਰਕੇ। ਫਿਰ ਉਸਦੇ ਦਿਮਾਗ 'ਚ ਆਈ ਕਿ ਹੋ ਸਕਦਾ ਕਿ ਉਸ ਨੂੰ ਖੁਰਕ ਮਹਿਸੂਸ ਹੀ ਨਾ ਹੁੰਦੀ ਹੋਵੇ। ਇਹ ਸੋਚ ਕੇ, ਉਦੋਂ ਰਮਣੀਕ ਦੇ ਮਨ ਵਿਚ ਆਇਆ ਸੀ ਕਿ ਫਿਰ ਕਿਉਂ ਅਸੀਂ ਬਾਪੂ ਨੂੰ ਲਟਕਾਇਆ ਹੋਇਆ ਹੈ, ਕਿਉਂ ਨਹੀਂ ਉਸ ਨੂੰ ਜਾਣ ਦਿੰਦੇ। ਉਸਦੇ ਦਿਮਾਗ ਵਿਚ ਆਇਆ ਸੀ ਕਿ ਉਹ ਆਪਣੇ ਡੈਡੀ ਨਾਲ ਸਲਾਹ ਕਰਕੇ ਬਾਪੂ ਨੂੰ ਲਾਈਫ ਸਪੋਰਟ ਤੋਂ ਲੁਹਾ ਕੇ ਮੁਕਤੀ ਦਿਵਾ ਦੇਵੇਗੀ। ਫਿਰ ਉਸ ਅੱਗੇ ਬੇਸੁਰਤ ਪਏ ਬਾਪੂ ਦੇ ਸਿਰਾਹਣੇ ਬੈਠ ਵਿਰਲਾਪ ਕਰਦੇ ਆਪਣੇ ਡੈਡੀ ਦਾ ਚਿਹਰਾ ਆ ਗਿਆ ਸੀ। ਡੈਡੀ ਦੇ ਹਿਰਦੇਵੇਧਕ ਬੋਲ ਰਮਣੀਕ ਨੂੰ ਉਵੇਂ ਹੀ ਯਾਦ ਸਨ। "ਬਾਪੂ ਯਾਰ ਇਸ ਤਰ੍ਹਾਂ ਨਾ ਰੁੱਸ। ਬੋਲ ਕੁਝ। ਕੁਝ ਤਾਂ ਬੋਲ। ਬੋਲ ਬਾਪੂ", ਆਖਦੇ ਉਸਦੇ ਡੈਡੀ ਦੀਆਂ ਧਾਹਾਂ ਨਿਕਲ ਗਈਆਂ ਸਨ। ਉਹ ਸੀਨ ਯਾਦ ਕਰ ਕੇ ਰਮਣੀਕ ਦੀਆਂ ਅੱਖਾਂ ਤਰ ਹੋਣ ਲੱਗੀਆਂ। ਫਿਰ ਰਮਣੀਕ ਦੇ ਚੇਤਿਆਂ ਵਿਚ ਉਸਦੇ ਡੈਡੀ ਦਾ ਹਰ ਰੋਜ਼ ਕੰਮ ਤੋਂ ਵਾਪਸ ਮੁੜਕੇ ਬਾਪੂ ਕੋਲ ਬੈਠਣਾ ਆ ਗਿਆ ਸੀ, ਜਦੋਂ ਉਹ ਬੈਠੇ ਕਿੰਨੀ ਕਿੰਨੀ ਦੇਰ ਗੱਲਾਂ ਕਰਦੇ ਰਹਿੰਦੇ। ਇਹ ਸਭ ਯਾਦ ਕਰਕੇ ਰਮਣੀਕ ਨੇ ਬਾਪੂ ਨੂੰ ਲਾਈਫ ਸਪੋਰਟ ਤੋਂ ਲਹਾਉਣ ਲਈ ਡੈਡੀ ਨਾਲ ਕੋਈ ਗੱਲ ਕਰਨ ਦਾ ਇਰਾਦਾ ਤਿਆਗ ਦਿੱਤਾ ਸੀ। ਉਸ ਨੇ ਸੋਚਿਆ ਕਿ ਸ਼ਾਇਦ ਡੈਡੀ ਨੂੰ ਹਾਲੇ ਵੀ ਆਸ ਹੋਵੇ ਬਾਪੂ ਦੇ ਸੁਰਤੀ ਫੜਨ ਦੀ। 'ਲਾਈਫ ਸਪੋਰਟ ਤੋਂ ਲਾਹੁਣ ਦੀ ਗੱਲ ਸੁਣ ਕੇ ਡੈਡੀ ਦੀਆਂ ਫੀਲਿੰਗਜ਼ ਹਰਟ ਹੋਣਗੀਆਂ', ਉਸ ਨੇ ਸੋਚਿਆ ਸੀ। ਤੇ ਫਿਰ ਉਸਦਾ ਅੰਦਰ ਲੁਟੇਰੇ ਪ੍ਰਤੀ ਰੰਜ ਨਾਲ ਭਰ ਗਿਆ ਸੀ ਜਿਸਨੇ ਤੁਰੇ ਫਿਰਦੇ ਬਾਪੂ ਨੂੰ ਇਸ ਹਾਲਤ ਵਿਚ ਪਹੁੰਚਾ ਦਿੱਤਾ ਸੀ। ਕਿੰਨੇ ਹੀ ਵਾਰ ਰਮਣੀਕ ਅੰਦਰ ਉਸ ਅਣਦੇਖੇ ਬੰਦੇ ਪ੍ਰਤੀ ਗੁੱਸਾ ਉੱਠਿਆ ਸੀ।

ਪਰ ਅੱਜ ਰਮਣੀਕ ਉਸ ਅਣਦੇਖੇ ਬੰਦੇ ਪ੍ਰਤੀ ਗੁੱਸੇ ਨਾਲ ਨਹੀਂ ਸੀ ਭਰੀ। ਅੱਜ ਤਾਂ ਉਸਦੇ ਅੰਦਰ ਬਾਪੂ ਨਾਲ ਗੁਜ਼ਾਰੇ ਵਕਤ ਦੀ ਰੀਲ ਚੱਲੀ ਸੀ। ਰਾਤ ਤੋਂ ਹੀ ਕਦੇ ਕੋਈ ਘਟਨਾ ਉਸਦੇ ਚੇਤੇ ਵਿਚ ਆ ਜਾਂਦੀ ਕਦੇ ਕੋਈ। ਸਵੇਰੇ ਜਾਗਣ ਸਾਰ ਹੀ ਬਾਪੂ ਦਾ ਚਿਹਰਾ ਉਸਦੀਆਂ ਯਾਦਾਂ ਵਿਚ ਜਾਗ ਪਿਆ। ਉਹ ਉਵੇਂ ਹੀ ਬਿਸਤਰੇ ਵਿਚ ਪਈ ਰਹੀ। ਯੂਨੀਵਰਸਿਟੀ ਵਿਚ ਉਸਦੀ ਅੱਜ ਸਵੇਰ ਦੀ ਕਲਾਸ ਸੀ। ਉਸ ਨੇ ਕਲਾਸ ਲੈਣ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਬਰਨਬੀ ਵਾਲੇ ਕੈਂਪਸ 'ਚ ਜਾਣਾ ਸੀ। ਉਸ ਨੂੰ ਆਪਣੇ ਡੈਡੀ ਦੇ ਕਮਰੇ ਵਿਚਲੇ ਗੁਸਲਖਾਨੇ ਵਿਚ ਚਲਦੇ ਪਾਣੀ ਦੀ ਆਵਾਜ਼ ਸੁਣੀ। ਇਸ ਨੂੰ ਸੁਣ ਕੇ ਹੀ ਰਮਣੀਕ ਦੀ ਜਾਗ ਖੁੱਲ੍ਹਦੀ ਸੀ। ਇਸ ਖੜਕੇ ਨੂੰ ਸੁਣਨ ਸਾਰ ਹੀ ਉਸ ਨੇ ਬਿਸਤਰੇ ਵਿਚੋਂ ਨਿਕਲਣਾ ਸੀ ਤੇ ਯੂਨੀਵਰਸਿਟੀ ਲਈ ਤਿਆਰ ਹੋਣਾ ਸੀ ਪਰ ਉਸਦਾ ਉੱਠਣ ਲਈ ਜੀਅ ਹੀ ਨਾ ਕੀਤਾ। ਉਸ ਨੂੰ ਪਤਾ ਸੀ ਕਿ ਉਸਦੀ ਮੰਮੀ ਮੇਪਲਰਿੱਜ ਵਾਲਾ ਗੈਸ ਸਟੇਸ਼ਨ ਖੋਲ੍ਹਣ ਲਈ ਸਵੇਰੇ ਪੰਜ ਵਜੇ ਹੀ ਘਰੋਂ ਜਾ ਚੁੱਕੀ ਹੋਵੇਗੀ। ਦਸ ਕੁ ਵਜੇ ਜਦੋਂ ਉਹ ਵਾਪਸ ਮੁੜਦੀ, ਰਮਣੀਕ ਯੂਨੀਵਰਸਿਟੀ ਲਈ ਜਾ ਚੁੱਕੀ ਹੁੰਦੀ। ਜਦੋਂ ਤਕ ਰਮਣੀਕ ਨੇ ਯੂਨੀਵਰਸਿਟੀ ਤੇ ਹਸਪਤਾਲ ਤੋਂ ਵਾਪਸ ਮੁੜਨਾ ਸੀ, ਉਦੋਂ ਉਸਦੀ ਮੰਮੀ ਪਿਛਲੇ ਸਾਲ ਖੋਲ੍ਹੇ ਸ਼ਰਾਬ ਦੇ ਠੇਕੇ 'ਤੇ ਹੁੰਦੀ। ਉਸਦੇ ਡੈਡੀ ਨੇ ਫਲੀਟਵੁੱਡ ਵਾਲੇ ਗੈਸ ਸਟੇਸ਼ਨ 'ਤੇ ਜਾਣ ਲਈ ਤਕਰੀਬਨ ਉਦੋਂ ਹੀ ਘਰੋਂ ਨਿਕਲਣਾ ਸੀ, ਜਦੋਂ ਰਮਣੀਕ ਯੂਨੀਵਰਸਿਟੀ ਲਈ ਜਾਂਦੀ। ਉਸਦੇ ਮੰਮੀ-ਡੈਡੀ ਤਾਂ ਸਾਰਾ ਦਿਨ ਕੰਮਾਂ ਵਿਚ ਹੀ ਰੁੱਝੇ ਰਹਿੰਦੇ। ਹਾਲੇ ਉਹ ਇਕ ਹੋਰ ਸ਼ਰਾਬ ਦਾ ਠੇਕਾ ਖੋਲ੍ਹਣ ਦੀ ਤਿਆਰੀ ਕਰ ਰਹੇ ਸਨ। ਪਰਿਵਾਰ ਵਿਚ ਬਾਪੂ ਹੀ ਸੀ ਜਿਸ ਨਾਲ ਰਮਣੀਕ ਸਭ ਤੋਂ ਵੱਧ ਸਮਾਂ ਬਿਤਾਉਂਦੀ। ਇਸੇ ਤਰ੍ਹਾਂ ਹੀ ਚਲਦਾ ਆ ਰਿਹਾ ਸੀ। ਪਹਿਲਾਂ ਜਦੋਂ ਬਾਪੂ ਤੰਦਰੁਸਤ ਸੀ ਅਤੇ ਰਮਣੀਕ ਹਾਲੇ ਸਕੂਲ ਜਾਂਦੀ ਸੀ, ਉਦੋਂ ਉਹ ਆਖਦੀ, "ਬਾਪੂ, ਮੰਮੀ-ਡੈਡੀ ਬਿਜ਼ਨਸ ਵਿਚ ਬਿਜ਼ੀ ਰਹਿੰਦੇ ਆ, ਜਦੋਂ ਮੈਂ ਕਾਰ ਲੈ ਲਈ, ਤੈਨੂੰ ਮੈਂ ਲੈ ਕੇ ਜਾਇਆ ਕਰਾਂਗੀ।" ਤੇ ਜਦੋਂ ਰਮਣੀਕ ਨੇ ਕਾਰ ਲਈ, ਬਾਪੂ ਇਸ ਹਾਲਤ ਵਿਚ ਪਹੁੰਚ ਗਿਆ ਸੀ। ਬਾਪੂ ਨਾਲ ਕੀਤੇ ਵਾਅਦਿਆਂ ਨੂੰ ਯਾਦ ਕਰਦੀ ਰਮਣੀਕ ਨੇ ਗੈਰਾਜ ਦੇ ਖੁੱਲ੍ਹਣ ਦੀ ਆਵਾਜ਼ ਸੁਣੀ। ਉਸਦੇ ਡੈਡੀ ਘਰੋਂ ਚਲੇ ਗਏ ਸਨ। ਉਹ ਬਿਸਤਰੇ ਵਿਚੋਂ ਨਿਕਲੀ ਅਤੇ ਬਾਪੂ ਦੇ ਕਮਰੇ ਵਿਚ ਚਲੀ ਗਈ। ਬੰਨ੍ਹ ਕੇ ਰੱਖੀਆਂ ਬਾਪੂ ਦੀਆਂ ਪੱਗਾਂ ਡ੍ਰੈਸਰ 'ਤੇ ਉਵੇਂ ਹੀ ਚਿਣੀਆਂ ਪਈਆਂ ਸਨ, ਜਿਵੇਂ ਬਾਪੂ ਰੱਖ ਗਿਆ ਸੀ। ਉਹ ਧੋਤੀ ਹੋਈ ਪੱਗ ਬੰਨ੍ਹ ਕੇ ਢਾਹੁੰਦਾ ਨਹੀਂ ਸੀ, ਸਿਰ ਤੋਂ ਲਾਹ ਕੇ ਉਵੇਂ ਹੀ ਰੱਖ ਦਿੰਦਾ। ਬਾਹਰ ਜਾਣ ਲੱਗਾ ਉਵੇਂ ਹੀ ਬੰਨ੍ਹੀ ਬੰਨ੍ਹਾਈ ਸਿਰ 'ਤੇ ਰੱਖ ਲੈਂਦਾ। ਰਮਣੀਕ ਪੱਗਾਂ ਵੱਲ ਦੇਖਦੀ ਰਹੀ। ਫਿਰ ਉਹ ਬਾਪੂ ਦੇ ਬੈੱਡ 'ਤੇ ਬੈਠ ਗਈ। ਉਸ ਨੂੰ ਲੱਗਾ ਜਿਵੇਂ ਬਾਪੂ ਦੀ ਆਵਾਜ਼ ਆਵੇਗੀ, "ਰਮਣੀਕ ਸ਼ੇਰਾ, ਸਕੂਲੋਂ ਲੇਟ ਹੋ ਜਾਵੇਂਗੀ। ਆ ਜਾ ਹੁਣ।" ਉਦੋਂ ਰਮਣੀਕ ਨੂੰ ਬਾਪੂ ਦਾ ਇਸ ਤਰ੍ਹਾਂ ਸਵੇਰੇ-ਸਵੇਰੇ ਸਕੂਲ ਲਈ ਕਾਹਲ਼ੀ ਮਚਾਉਣਾ ਬੁਰਾ ਲਗਦਾ ਹੁੰਦਾ। ਅੱਜ ਉਹ ਉਸ ਆਵਾਜ਼ ਲਈ ਤਰਸ ਰਹੀ ਸੀ। ਰਮਣੀਕ ਨੂੰ ਬਿਸਤਰੇ ਵਿਚੋਂ ਬਾਪੂ ਵਰਗੀ ਗੰਧ ਮਹਿਸੂਸ ਹੋਈ। ਭਾਵੇਂ ਇਸ ਬਿਸਤਰੇ ਵਿਚ ਬਾਪੂ ਦੇ ਕੌਮਾ ਵਿਚ ਜਾਣ ਤੋਂ ਬਾਅਦ ਪਹਿਲਾਂ ਵੱਡੇ ਭੂਆ ਫੁੱਫੜ ਇੰਡੀਆ ਤੋਂ ਆ ਕੇ ਸੌਂਦੇ ਰਹੇ ਸਨ ਤੇ ਫਿਰ ਛੋਟੇ।

ਰਮਣੀਕ ਨੇ ਬਾਪੂ ਦਾ ਇੰਡੀਆ ਤੋਂ ਪਤਾ ਲੈਣ ਆਈ ਵੱਡੀ ਭੂਆ ਨੂੰ ਕਿਹਾ ਸੀ, "ਭੂਜੀ, ਪਲੀਜ਼ ਬਾਪੂ ਦੀਆਂ ਪੱਗਾਂ ਤੇ ਬਾਪੂ ਦੇ ਹੋਰ ਸਟੱਫ ਨੂੰ ਮੂਵ ਨਾ ਕਰਿਓ। ਜਿੱਥੇ ਪਿਆ, ਉੱਥੇ ਈ ਪਿਆ ਰਹਿਣ ਦਿਓ।"

"ਲੈ ਤੇਰਾ ਕੁਛ ਜ਼ਿਆਦਾ ਬਾਪੂ ਐ, ਮੇਰਾ ਨੀ ਕੁਛ ਲਗਦਾ ਉਹ?" ਉਸਦੀ ਭੂਆ ਨੇ ਕਿਹਾ ਸੀ ਤੇ ਫਿਰ ਉਹ ਰਮਣੀਕ ਨੂੰ ਬੁੱਕਲ਼ ਵਿਚ ਲੈ ਕੇ ਬੋਲੀ ਸੀ, "ਮੇਰਾ ਪਿਉ ਐ।" ਤੇ ਉਨ੍ਹਾਂ ਨੇ ਬਾਪੂ ਦੀਆਂ ਪੱਗਾਂ ਨੂੰ ਉਵੇਂ ਹੀ ਪਏ ਰਹਿਣ ਦਿੱਤਾ ਸੀ। ਉਨ੍ਹਾਂ ਨੇ ਰਮਣੀਕ ਦੇ ਆਖੇ ਲੱਗ ਕੇ ਬਾਪੂ ਦੀ ਕੱਪੜਿਆਂ ਵਾਲੀ ਅਲਮਾਰੀ ਵਿਚ ਟੰਗੇ ਕੱਪੜਿਆਂ ਨੂੰ ਵੀ ਨਹੀਂ ਸੀ ਛੇੜਿਆ। ਉਹ ਦੂਜੀ ਅਲਮਾਰੀ ਵਰਤਦੇ ਰਹੇ ਸਨ। ਛੇ ਮਹੀਨਿਆਂ ਬਾਅਦ ਛੋਟੀ ਭੂਆ-ਫੁੱਫੜ ਦੇ ਇੰਡੀਆ ਤੋਂ ਆਉਣ ਪਿੱਛੋਂ ਵੱਡੀ ਭੂਆ-ਫੁੱਫੜ ਆਪਣੀ ਬੇਸਮੈਂਟ ਲੈ ਕੇ ਰਹਿਣ ਲੱਗੇ ਸਨ ਤੇ ਛੋਟੇ ਭੂਆ ਫੁੱਫੜ ਇਸ ਕਮਰੇ ਵਿਚ ਰਹਿਣ ਲੱਗੇ ਸਨ। ਉਨ੍ਹਾਂ ਨੇ ਵੀ ਇਸ ਕਮਰੇ ਵਿਚ ਪਈਆਂ ਬਾਪੂ ਦੀਆਂ ਚੀਜ਼ਾਂ ਨਾਲ ਛੇੜ ਛਾੜ ਨਹੀਂ ਸੀ ਕੀਤੀ। ਮਹੀਨਾ ਕੁ ਪਹਿਲਾਂ ਉਹ ਵੀ ਫਲੀਟਵੁੱਡ ਵਾਲੇ ਗੈਸ ਸਟੇਸ਼ਨ ਦੇ ਉੱਪਰ ਬਣੇ ਅਪਾਰਟਮੈਂਟ ਵਿਚ ਰਹਿਣ ਲੱਗੇ ਸਨ। ਬਾਪੂ ਤੋਂ ਬਾਅਦ ਐਨੇ ਜਣਿਆਂ ਦੇ ਇਸ ਬੈੱਡ ਵਿਚ ਪੈਣ ਤੋਂ ਬਾਅਦ ਵੀ ਰਮਣੀਕ ਨੂੰ ਉਸ ਵਿਚੋਂ ਬਾਪੂ ਦੀ ਗੰਧ ਮਹਿਸੂਸ ਹੋ ਰਹੀ ਸੀ। ਬੈੱਡ ਦੇ ਨਾਲ ਵਾਲੇ ਮੇਜ਼ 'ਤੇ ਬਾਪੂ ਦੀ ਫੋਟੋ ਪਈ ਸੀ ਜਿਸ ਵਿਚ ਉਹ ਬਾਪੂ ਦੀ ਉਂਗਲ ਫੜੀ ਖੜ੍ਹੀ ਸੀ। ਇਹ ਉਦੋਂ ਦੀ ਹੀ ਫੋਟੋ ਸੀ, ਜਦੋਂ ਬਾਪੂ ਵੈਨਕੂਵਰ ਆਇਆ ਸੀ। 'ਬਾਰਾਂ-ਤੇਰਾਂ ਸਾਲ ਦਾ ਸਾਥ ਸੀ ਬਾਪੂ ਨਾਲ', ਰਮਣੀਕ ਨੇ ਫੋਟੋ ਵੱਲ ਦੇਖਦਿਆਂ ਸੋਚਿਆ। 'ਬਾਪੂ, ਮੇਰੇ ਕਰਕੇ ਹੀ ਇੱਥੇ ਆਇਆ ਸੀ', ਉਸਦੇ ਦਿਮਾਗ ਵਿਚ ਫਿਰ ਆਇਆ।

ਬਾਪੂ ਨੇ ਇਵੇਂ ਹੀ ਕਿਹਾ ਸੀ ਰਮਣੀਕ ਨੂੰ, "ਸ਼ੇਰਾ, ਮੈਂ ਤਾਂ ਤੇਰੇ ਕਰਕੇ ਮੁੜ ਕੇ ਆਇਐਂ ਇੱਥੇ। ਪਹਿਲਾਂ ਤਾਂ ਮੈਂ ਆ ਕੇ ਵਾਪਸ ਮੁੜ ਗਿਆ ਸੀ। ਮੇਰਾ ਜੀਅ ਨੀ ਸੀ ਲੱਗਾ ਇੱਥੇ।" ਤੇ ਫਿਰ ਉਹ ਬੋਲਿਆ ਸੀ, "ਸ਼ੇਰਾ, ਤੈਨੂੰ ਡਰ ਨੀ ਲੱਗਾ ਉਨ੍ਹਾਂ ਕੋਲੋਂ?"

"ਡਰ ਤਾਂ ਲਗਦਾ ਸੀ।" ਰਮਣੀਕ ਬੋਲੀ ਸੀ।

"ਉਹ ਲੁਟੇਰੇ ਚੰਗੇ ਸੀ, ਜੇ ਖੂੰਖਾਰ ਕਿਸਮ ਦੇ ਹੁੰਦੇ ਤਾਂ ਪਤਾ ਨੀ ਕੀ ਬਣਨਾ ਸੀ। ਇਸੇ ਡਰ ਕਰਕੇ ਮੈਂ ਆ ਗਿਆ।" ਬਾਪੂ ਬੋਲਿਆ ਸੀ। ਉਸ ਘਟਨਾ ਤੋਂ ਬਾਅਦ ਹੀ ਉਹ ਰਮਣੀਕ ਨੂੰ 'ਸ਼ੇਰ' ਕਹਿਣ ਲੱਗਾ ਸੀ।

ਰਮਣੀਕ ਆਪਣੇ ਕਮਰੇ ਵਿਚ ਸੀ, ਜਦੋਂ ਦੋ ਨਕਾਬਪੋਸ਼ ਲੁਟੇਰੇ ਉਨ੍ਹਾਂ ਦੇ ਘਰ ਵਿਚ ਘੁਸ ਗਏ ਸਨ। ਉਦੋਂ ਉਹ ਤੀਜੀ ਵਿਚ ਪੜ੍ਹਦੀ ਸੀ। ਕੁਝ ਮਿੰਟ ਪਹਿਲਾਂ ਹੀ ਉਸਦੀ ਮੰਮੀ ਉਸ ਨੂੰ ਸਕੂਲੋਂ ਲੈ ਕੇ ਆਈ ਸੀ। ਰਮਣੀਕ ਆਪਣੇ ਕਮਰੇ ਵਿਚ ਸਕੂਲ ਵਾਲੇ ਕੱਪੜੇ ਬਦਲ ਰਹੀ ਸੀ, ਜਦੋਂ ਉਸ ਨੇ ਆਪਣੀ ਮੰਮੀ ਦੀ ਚੀਕ ਸੁਣੀ ਸੀ। ਉਹ ਭੱਜ ਕੇ ਆਪਣੇ ਕਮਰੇ ਤੋਂ ਬਾਹਰ ਜਾਣ ਲੱਗੀ ਤੇ ਥਾਏਂ ਰੁਕ ਗਈ, ਜਦੋਂ ਉਸ ਨੇ ਦੇਖਿਆ ਕਿ ਦੋ ਨਕਾਬਪੋਸ਼ ਉਸਦੀ ਮੰਮੀ ਨੂੰ ਕੁਰਸੀ ਨਾਲ ਬੰਨ੍ਹ ਰਹੇ ਸਨ। ਤੇ ਫਿਰ ਇਕ ਬੋਲਿਆ, "ਦੱਸ ਕੈਸ਼ ਕਿੱਥੇ ਰੱਖਿਆ?"

"ਅਸੀਂ ਕੈਸ਼ ਘਰ ਨਹੀਂ ਲੈ ਕੇ ਆਉਂਦੇ, ਗੈਸ ਸਟੇਸ਼ਨ ਤੋਂ ਸਿੱਧਾ ਬੈਂਕ ਜਮ੍ਹਾਂ ਕਰਾ ਆਉਨੇ ਆਂ।" ਰਮਣੀਕ ਨੂੰ ਆਪਣੀ ਮੰਮੀ ਦੀ ਇਹ ਆਵਾਜ਼ ਸੁਣੀ। ਫਿਰ ਲੁਟੇਰੇ ਦੀ। ਉਹ ਬੋਲਿਆ, "ਜੇ ਜਾਨ ਪਿਆਰੀ ਹੈ ਤਾਂ ਛੇਤੀ ਦੱਸ। ਨਹੀਂ ਤਾਂ—।" ਤੇ ਰਮਣੀਕ ਨੇ ਆਪਣੇ ਪਿੱਗੀਬੈਂਕ ਨੂੰ ਚੁੱਕਿਆ ਅਤੇ ਸਹਿਮੀ ਸਹਿਮੀ ਲੁਟੇਰਿਆਂ ਕੋਲ਼ ਜਾ ਕੇ ਬੋਲੀ, "ਆਹ ਹੀ ਹੈ ਮੇਰੇ ਕੋਲ। ਸਾਰੇ ਲੈ ਲਵੋ ਪਰ ਮੇਰੀ ਮੰਮੀ ਨੂੰ ਕੁਝ ਨਾ ਕਹੋ। ਪਲੀਜ਼।"

ਲੁਟੇਰਿਆਂ ਨੇ ਇਕ-ਦੂਜੇ ਵੱਲ ਦੇਖਿਆ ਤੇ ਬਿਨਾਂ ਕੁਝ ਲਿਆਂ ਘਰੋਂ ਨਿਕਲ ਗਏ। ਉਨ੍ਹਾਂ ਨੂੰ ਤਾਂ ਰਮਣੀਕ ਕਦੋਂ ਦੀ ਭੁੱਲ ਭਲਾ ਗਈ ਸੀ। ਉਸਦੇ ਦਿਮਾਗ ਵਿਚ ਤਾਂ ਬਾਪੂ ਨੂੰ ਇਸ ਹਾਲਤ ਵਿਚ ਪਹੁੰਚਾਉਣ ਵਾਲਾ ਲੁਟੇਰਾ ਆ ਕੇ ਖਲਬਲੀ ਮਚਾਉਂਦਾ ਸੀ।

ਫੋਟੋ ਵੱਲ ਦੇਖਦੀ ਦੇਖਦੀ ਰਮਣੀਕ ਦੇ ਦਿਮਾਗ਼ ਵਿਚ ਉਹ ਫਿਰ ਆ ਗਿਆ ਸੀ। ਉਸ ਨੇ ਸੋਚਿਆ ਕਿ ਜੇ ਲੁਟੇਰਾ ਬਾਪੂ ਦਾ ਸੋਨੇ ਦਾ ਕੜਾ ਖੋਹਣਾ ਚਾਹੁੰਦਾ ਸੀ ਤਾਂ ਖੋਹ ਲੈਂਦਾ। ਇਸ ਤਰ੍ਹਾਂ ਮਾਰਨਾ ਕਿਉਂ ਸੀ। ਫਿਰ ਉਹੀ ਗੱਲ ਉਸਦੇ ਦਿਮਾਗ ਵਿਚ ਆਈ ਜਿਹੜੀ ਪਹਿਲਾਂ ਵੀ ਕਈ ਵਾਰ ਉਸਦੇ ਦਿਮਾਗ ਵਿਚ ਆਈ ਸੀ ਕਿ ਬਾਪੂ ਚੁੱਪ ਕਰ ਕੇ ਕੜਾ ਫੜਾ ਦਿੰਦਾ ਉਸ ਨੂੰ। ਕਿਉਂ ਉਲਝਿਆ ਉਸ ਨਾਲ।

ਸੈਰ ਕਰਨ ਗਏ ਬਾਪੂ ਵੱਲ ਇਕ ਲੁਟੇਰਾ ਝਪਟਿਆ ਸੀ। ਬਾਪੂ ਨੇ ਆਪਣੀ ਛਤਰੀ ਨਾਲ ਉਸ 'ਤੇ ਵਾਰ ਕਰ ਦਿੱਤਾ ਸੀ ਪਰ ਲੁਟੇਰੇ ਦੇ ਹੱਥ ਵਿਚ ਫੜੀ ਚੇਨ ਦਾ ਛਤਰੀ ਮੁਕਾਬਲਾ ਨਹੀਂ ਸੀ ਕਰ ਸਕੀ। ਬਾਪੂ ਸੜਕ 'ਤੇ ਡਿੱਗ ਪਿਆ ਸੀ। ਉਸਦੀ ਪੱਗ ਪਰ੍ਹਾਂ ਜਾ ਡਿੱਗੀ ਸੀ। ਕਿਸੇ ਰਾਹ ਜਾਂਦੇ ਦੀ ਲਲਕਾਰ ਸੁਣ ਕੇ ਲੁਟੇਰਾ ਭੱਜ ਗਿਆ ਸੀ ਪਰ ਉਹ ਜਾਂਦਾ ਜਾਂਦਾ ਬਾਪੂ ਦੇ ਸਿਰ 'ਤੇ ਚੇਨ ਨਾਲ ਵਾਰ ਕਰ ਗਿਆ ਸੀ।

ਰਮਣੀਕ ਕੁਝ ਦੇਰ ਉਸੇ ਤਰ੍ਹਾਂ ਹੀ ਬਾਪੂ ਦੀਆਂ ਯਾਦਾਂ ਵਿਚ ਗਵਾਚੀ ਉਸਦੇ ਕਮਰੇ ਵਿਚ ਬੈਠੀ ਰਹੀ। ਫਿਰ ਮਨ ਹੀ ਮਨ ਕੀਤੇ ਫੈਸਲੇ ਬਾਰੇ ਸੋਚਿਆ। ਉਸਦਾ ਬਾਪੂ ਨੂੰ ਮਿਲਣ ਲਈ ਮਨ ਉਤਾਵਲਾ ਹੋਣ ਲੱਗਾ। ਉਹ ਉੱਠ ਕੇ ਹਸਪਤਾਲ ਵੱਲ ਚੱਲ ਪਈ।

ਬਾਪੂ ਦੇ ਸਾਹਮਣੇ ਬੈਠੀ ਰਮਣੀਕ ਕੁਝ ਦੇਰ ਟਿਕਟਿਕੀ ਲਾ ਕੇ ਉਸ ਵੱਲ ਦੇਖਦੀ ਰਹੀ। ਬਾਪੂ ਨੂੰ ਲਾਈਫ ਸਪੋਰਟ ਤੋਂ ਲਹਾਉਣ ਦੇ ਆਪਣੇ ਫੈਸਲੇ ਬਾਰੇ ਸੋਚਕੇ ਉਸਦੇ ਮਨ ਨੂੰ ਹੌਲ ਪਿਆ। ਉਸ ਨੇ ਉੱਠ ਕੇ ਬਾਪੂ ਨੂੰ ਜੱਫੀ ਪਾ ਲਈ। ਮੁੜ ਕੁਰਸੀ 'ਤੇ ਬੈਠ ਕੇ ਉਸ ਨੇ ਨਜ਼ਰ ਭਰ ਕੇ ਬਾਪੂ ਵੱਲ ਦੇਖਿਆ। ਉਸਦੇ ਮਨ ਵਿਚ ਰਾਤ ਵਾਲੀ ਗੱਲ ਆ ਗਈ। ਉਹ ਗੱਲ ਚੇਤੇ ਕਰਕੇ ਰਮਣੀਕ ਦੀਆਂ ਅੱਖਾਂ ਫਿਰ ਤਰ ਹੋ ਗਈਆਂ।

ਸਿਰ ਵਿਚ ਦਰਦ ਹੋਣ ਕਰਕੇ ਜਲਦੀ ਹੀ ਆਪਣੇ ਕਮਰੇ ਦੀ ਬੱਤੀ ਬੰਦ ਕਰਕੇ ਰਮਣੀਕ ਸੌਣ ਦੀ ਕੋਸ਼ਿਸ਼ ਕਰਨ ਲੱਗੀ ਸੀ ਪਰ ਨੀਂਦ ਨਹੀਂ ਸੀ ਆਈ। ਉਸਦੇ ਮੰਮੀ-ਡੈਡੀ ਨੇ ਸ਼ਾਇਦ ਉਸ ਨੂੰ ਸੁੱਤੀ ਸਮਝ ਲਿਆ ਸੀ। ਉਨ੍ਹਾਂ ਦੀ ਗੱਲਬਾਤ ਰਮਣੀਕ ਦੇ ਕੰਨੀਂ ਪੈ ਗਈ। ਉਸਦੀ ਮੰਮੀ ਆਖ ਰਹੀ ਸੀ, "ਬਾਪੂ ਨੂੰ ਫਿਰ ਹਸਪਤਾਲ ਲੈ ਗਏ। ਹੁਣ ਕੁਝ ਛੇਤੀ ਹੀ ਹੋਣ ਲੱਗੀ ਐ ਇਨਫੈਕਸ਼ਨ।"

"ਹਾਂ, ਹੋਣ ਤਾਂ ਲੱਗੀ ਐ। ਛੇ ਕੁ ਮਹੀਨੇ ਹੋਰ ਕਢਵਾ ਜਾਵੇ ਬਾਪੂ ਤਾਂ ਚੰਗੈ।" ਇਹ ਰਮਣੀਕ ਦੇ ਡੈਡੀ ਦੀ ਆਵਾਜ਼ ਸੀ।

"ਪਰ ਬਾਪੂ ਦੀ ਹਾਲਤ ਦੇਖ ਕੇ ਹੁਣ ਤਾਂ ਤਰਸ ਆਉਂਦੈ। ਕਈ ਵਾਰ ਤਾਂ ਜੀਅ ਕਰਦੈ ਕਿ ਲਾਈਫ ਸਪੋਰਟ ਤੋਂ ਲੁਹਾ ਹੀ ਦੇਈਏ। ਕੀ ਫਾਇਦਾ, ਹੁਣ ਕਿਹੜਾ ਬਾਪੂ ਨੇ ਵਾਪਸ ਆਉਣੈ।"

"ਫਾਇਦੇ ਦਾ ਤੈਨੂੰ ਪਤਾ ਹੀ ਹੈ। ਇਸ ਬਹਾਨੇ ਦੋਹੇਂ ਭੈਣਾਂ ਇੱਥੇ ਬੁਲਾ ਕੇ ਸੈੱਟ ਕਰ'ਤੀਆਂ। ਆਪਣੇ ਭਾਣੇ ਤਾਂ ਬਾਪੂ ਚਲਾ ਹੀ ਗਿਐ। ਆਹ ਹੁਣ ਭੂਆ ਦੇ ਪੁੱਤ ਨੂੰ ਮੰਗਵਾ ਲਈਏ। ਆਪਣੇ ਨਵੇਂ ਲੀਕੁਰ ਸਟੋਰ ਲਈ ਵੀ ਬੰਦਾ ਚਾਹੀਦਾ ਹੋਵੇਗਾ...।"

ਇਸ ਤੋਂ ਅੱਗੇ ਰਮਣੀਕ ਨੂੰ ਕੁਝ ਨਹੀਂ ਸੁਣਿਆ। ਉਸ ਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਾ ਹੋਇਆ। ਉਸਦੇ ਅੰਦਰ ਲਾਟ ਉੱਠੀ। ਉਸ ਨੇ ਆਪਣੇ ਉੱਪਰ ਲਏ ਕੰਬਲ ਨੂੰ ਵਗਾਹ ਮਾਰਿਆ ਅਤੇ ਆਪਣੇ ਮਾਂ-ਬਾਪ ਮੂਹਰੇ ਜਾ ਖੜ੍ਹੀ ਤੇ ਬੋਲੀ, "ਤਾਂ ਏਸੇ ਕਰਕੇ ਤੁਸੀਂ ਬਾਪੂ ਨੂੰ ਰੱਖਿਆ ਹੋਇਐ?" ਉਸ ਨੇ ਆਪਣੇ ਡੈਡੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ। ਉਹ ਅਵਾਕ ਰਮਣੀਕ ਵੱਲ ਦੇਖਦਾ ਰਿਹਾ ਜਿਵੇਂ ਸੰਨ੍ਹ ਵਿਚ ਫੜਿਆ ਗਿਆ ਹੋਵੇ। ਫਿਰ ਉਸ ਦੀਆਂ ਅੱਖਾਂ ਝੁਕ ਗਈਆਂ ਸਨ।

# ਔਰਤ ਦੀ ਮਰਜ਼ੀ ਦਾ ਸਮਾਜਿਕ ਪ੍ਰਸੰਗ

ਗੌਰਵੀ ਸ਼ਰਮਾ



ਇਤਿਹਾਸ ਵਿਚ ਅਜਿਹੇ ਪਲ ਨਾਂ-ਮਾਤਰ ਹੀ ਮਿਲਦੇ ਹਨ, ਜਦੋਂ ਔਰਤ ਦੇ ਵਜੂਦ ਦੀ ਲੜਾਈ ਕਿਸੇ ਨੇਸ਼ਨ ਦਾ ਏਜੰਡਾ ਰਿਹਾ ਹੋਵੇ। ਫਿਰ ਵੀ ਇਤਿਹਾਸ ਅਜਿਹੀਆਂ ਔਰਤਾਂ ਦੀ ਗਵਾਹੀ ਭਰਦਾ ਹੈ ਜਿਨ੍ਹਾਂ ਦੇ ਰੂਹ ਦੀ ਭਟਕਣ ਅਤੇ ਜ਼ਿੰਦਗੀ ਜਿਉਣ ਦੀ ਸ਼ਿੱਦਤ ਲਈ ਕੀਤੀ 'ਚੋਣ' ਨੇ ਨਾ ਸਿਰਫ ਔਰਤ ਸਗੋਂ ਮਨੁੱਖੀ ਹੋਂਦ ਦੀ ਵੀ ਨਵੀਂ ਕਹਾਣੀ ਲਿਖੀ। ਇਨ੍ਹਾਂ ਔਰਤਾਂ ਦੀ ਖੂਬਸੂਰਤੀ ਦੇ ਹਰ ਪੱਖ ਨੂੰ ਸਮਝਣ ਲਈ ਸਾਡੇ ਸਮਾਜ ਨੂੰ ਲੰਬਾ ਪੈਂਡਾ ਤੈਅ ਕਰਨਾ ਪੈਣਾ ਹੈ। ਫਰੈਡਰਿਕ ਨਿਤਸ਼ੇ ਅਨੁਸਾਰ ਮਨੁੱਖ ਆਪਣੀਆਂ ਚੋਣਾਂ ਦਾ ਨਤੀਜਾ ਹੈ। ਪ੍ਰਸਿੱਧ ਨਾਰੀਵਾਦੀ ਚਿੰਤਕ ਸਿਮੋ ਦਿ ਬੂਆ ਨੇ ਵੀ ਆਖਿਆ ਹੈ- "ਔਰਤ ਲਈ ਸਵਾਲ ਮਹਿਜ਼ ਔਰਤ ਹੋਣ ਦਾ ਦਾਅਵਾ ਕਰਨਾ ਨਹੀਂ ਸਗੋਂ ਸੰਪੂਰਨ ਮਨੁੱਖ ਹੋਣ ਦਾ ਹੈ।" ਪਰ ਕੋਈ ਵੀ ਚੋਣ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦੀ ਸਗੋਂ ਸਮਾਜਕ, ਆਰਥਕ, ਸਿੱਖਿਆ, ਸਭਿਆਚਾਰਕ ਅਤੇ ਧਾਰਮਿਕ ਪ੍ਰਸੰਗ ਹੀ ਚੋਣ ਅਤੇ ਹਾਲਾਤ ਨੂੰ ਪ੍ਰਭਾਵਿਤ/ਨਿਰਧਾਰਿਤ ਕਰਦੇ ਹਨ। ਇਨ੍ਹਾਂ ਪੱਖਾਂ ਦੀਆਂ ਸੀਮਾਵਾਂ ਦੇ ਬਾਵਜੂਦ ਚੋਣ ਦਾ ਸੁਆਲ ਬਹੁਤ ਅਹਿਮ ਹੈ ਜਿਸ ਵਿਚ ਕੋਈ ਵੀ ਕੀਤੀ ਚੋਣ, ਚੋਣ ਵਜੋਂ ਉਭਰਦੀ ਹੈ।

ਸਿਮਰਨ ਕੌਰ ਢਾਡਲੀ ਦੇ ਗੀਤ 'ਲਹੂ ਦੀ ਅਵਾਜ਼' ਵਿਚ ਔਰਤ ਦੀ ਪੇਸ਼ਕਾਰੀ ਬਹੁਤ ਹੀ ਗੈਰ-ਮਨੁੱਖੀ ਅਤੇ ਸੀਮਿਤ ਢੰਗ ਨਾਲ ਦਿਖਾਈ ਗਈ ਹੈ। ਇਸ ਗੀਤ ਵਿਚ ਔਰਤਾਂ ਨੂੰ ਸਿੱਧੇ ਰੂਪ ਵਿਚ ਦੋ ਸ਼੍ਰੇਣੀਆਂ ਵਿਚ ਵੰਡਿਆ ਦਿਖਾਇਆ ਗਿਆ ਹੈ। ਇਸ ਅਨੁਸਾਰ ਆਦਰਸ਼ ਔਰਤ ਉਹ ਹੈ ਜੋ ਪਿਉ ਅਤੇ ਭਰਾ ਸਾਹਮਣੇ ਨੀਵੀਂ ਪਾਈ ਚੁੱਪ ਵੱਟੀ ਖੜ੍ਹੀ ਹੈ। ਕੁੱਖੋਂ ਯੋਧੇ ਜੰਮਣਾ ਅਤੇ ਮਰਦਾਂ ਦੀ ਸੇਵਾ ਜਿਸ ਦਾ ਮੁੱਢਲਾ ਧਰਮ ਹੈ। ਦੂਜੀ ਧਿਰ ਵਿਚ ਉਹ ਔਰਤਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਸੋਸ਼ਲ ਮੀਡੀਆ ਉਤੇ ਦੇਹ ਦੀ ਨੁਮਾਇਸ਼ ਤੋਂ ਇਤਰਾਜ਼ ਨਹੀਂ। ਗੀਤ ਦੇ ਬੋਲਾਂ ਅਨੁਸਾਰ ਅਜਿਹੀਆਂ ਔਰਤਾਂ ਪ੍ਰੰਪਰਾਗਤ ਅਣਖ ਅਤੇ ਇੱਜ਼ਤ ਨੂੰ ਰੋਲਦੀਆਂ ਹਨ। ਇਹ ਔਰਤਾਂ ਫੈਮਿਨਿਸਟ (ਨਾਰੀਵਾਦੀ) ਕਹਾਉਂਦੀਆਂ ਹਨ ਜਿਨ੍ਹਾਂ ਨੂੰ ਦੇਹ ਦੀ ਪੇਸ਼ਕਾਰੀ ਤੋਂ ਗੁਰੇਜ ਨਹੀਂ। ਔਰਤਾਂ ਦੀ ਕੱਪੜਿਆਂ, ਸ਼ਰਾਬ ਦਾ ਸੇਵਨ, ਆਪਣੀ ਦੇਹ ਆਦਿ ਲਈ ਕੀਤੀਆਂ ਨਿੱਜੀ ਚੋਣਾਂ ਨੂੰ 'ਚੋਣਵੇਂ ਨਾਰੀਵਾਦ' ਦਾ ਠੱਪਾ ਲਗਾ ਕੇ ਉਦਾਰਵਾਦੀ ਖੇਮੇ ਵੱਲੋਂ ਵੀ ਨਕਾਰ ਦਿੱਤਾ ਜਾਂਦਾ ਹੈ। ਵਿਚਾਰਨਯੋਗ ਗੱਲ ਇਹ ਹੈ ਕਿ ਅਜੋਕੇ ਸਮੇਂ ਵਿਚ ਔਰਤ ਦੇ ਸਰੋਕਾਰਾਂ ਜਾਂ ਨਾਰੀਵਾਦ ਦੇ ਸੰਕਲਪ ਨੂੰ ਇੱਥੇ ਦਰਸਾਈਆਂ ਦੋਹਾਂ ਕਿਸਮਾਂ ਦੀਆਂ ਚੋਣਾਂ (ਮੱਧਯੁਗੀ ਆਦਰਸ਼ ਔਰਤ ਅਤੇ ਔਰਤਾਂ ਦੀ ਉਹ ਸ਼੍ਰੇਣੀ ਜੋ ਮਹਿਜ਼ ਜੀਵਨ-ਸ਼ੈਲੀ ਦੇ ਬਦਲਾਅ ਚਾਹੁੰਦੀ ਹੈ) ਤੱਕ ਸੀਮਤ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਹ ਸਿਰਫ ਨਵ-ਉਦਾਰਵਾਦੀ ਨੀਤੀਆਂ ਤਹਿਤ ਚੋਣ ਸ਼ਬਦ ਦੀ ਸਿਆਸਤ ਹੇਠ ਔਰਤਾਂ ਦੀ ਕਿਰਤ ਅਤੇ ਕਿਰਦਾਰ ਨੂੰ ਵਰਤਣ ਦਾ ਸਾਧਨ ਮਾਤਰ ਹਨ ਜੋ ਸਿੱਧੇ ਅਸਿੱਧੇ ਰੂਪ 'ਚ ਸਿਸਟਮ ਦੀਆਂ ਊਣਤਾਈਆਂ ਦੀ ਹਮਾਇਤ ਕਰਦੀਆਂ ਹਨ।



ਇਸ ਦੇ ਨਾਲ ਹੀ ਇਹ ਵੀ ਦੇਖਣਾ ਲਾਜ਼ਮੀ ਹੈ ਕਿ ਕੀ ਸਾਡੇ ਸਮਾਜ ਵਿਚ ਵਾਕਈ ਕਿਸੇ ਵੀ ਵਰਗ ਦੀ ਔਰਤ ਕੋਈ ਚੋਣ ਕਰਨ ਲਈ ਸੁਤੰਤਰ ਹੈ? ਜੇਕਰ ਔਰਤ ਕੁਝ ਕੁ ਨਿੱਜੀ ਚੋਣਾਂ ਨੂੰ ਹੀ ਆਜ਼ਾਦੀ ਦਾ ਭਰਮ ਸਮਝਦੀ ਹੋਵੇ, ਕੀ ਚੋਣ ਅਤੇ ਆਜ਼ਾਦੀ ਵਰਗੇ ਸ਼ਬਦ ਇਸ ਸੰਦਰਭ ਵਿਚ ਵਰਤੇ ਜਾ ਸਕਦੇ ਹਨ? 21ਵੀਂ ਸਦੀ ਦੀ ਔਰਤ ਚੋਣਵੇਂ ਨਾਰੀਵਾਦ ਅਤੇ ਮੱਧਯੁਗੀ ਔਰਤ ਦੇ ਅਕਸ ਵਿਚਕਾਰ ਖੜ੍ਹੀ ਹੈ ਜੋ ਕਿ ਹਰੇਕ ਪੱਧਰ 'ਤੇ ਆਪਣੇ ਕਿਰਦਾਰ ਦੀ ਹੋਂਦ ਅਤੇ ਕੀਤੇ ਫੈਸਲਿਆਂ ਲਈ ਲੜ ਰਹੀ ਹੈ। ਔਰਤ ਦੀ ਜ਼ਿੰਦਗੀ ਨੂੰ ਮਰਦ ਦੀ ਹੋਂਦ ਤੋਂ ਬਿਨਾ ਸਮਾਜਕ ਪ੍ਰਵਾਨਗੀ ਨਹੀਂ ਹੈ। ਔਰਤ ਭਾਵੇਂ ਯੂਨੀਵਰਸਿਟੀ ਤੱਕ ਪਹੁੰਚ ਗਈ ਹੈ ਪਰ ਉਸ ਦੀ ਪੜ੍ਹਾਈ ਮੈਟਰੀਮੋਨੀਅਲ ਪ੍ਰੋਫਾਈਲ ਪੁਖਤਾ ਕਰਨ ਤੱਕ ਸੀਮਤ ਹੈ। ਕੁੜੀਆਂ ਦੀ ਪੜ੍ਹਾਈ-ਲਿਖਾਈ ਤਾਂ ਹੀ ਸਫਲ ਮੰਨੀ ਜਾਂਦੀ ਹੈ ਜੇ ਉਸ ਨੂੰ ਵਿਆਹ ਲਈ ਚੰਗਾ ਘਰ, ਪਰਿਵਾਰ (ਜ਼ਮੀਨ-ਜਾਇਦਾਦ ਆਦਿ) ਨਿਰਧਾਰਿਤ ਸਮੇਂ ਤੱਕ ਮਿਲ ਜਾਵੇ। ਕੁਝ ਸਾਲ ਪਹਿਲਾਂ ਆਈ 'ਕੁਈਨ' ਫਿਲਮ ਕਾਫੀ ਚਰਚਿਤ ਰਹੀ। ਇਹ ਫਿਲਮ ਇਸ ਲਈ ਵੀ ਅਗਾਂਹਵਧੂ ਮੰਨੀ ਗਈ ਕਿਉਂਕਿ ਇਹ ਫਿਲਮ ਉਨ੍ਹਾਂ 5 ਫੀਸਦੀ ਫਿਲਮਾਂ ਵਿਚੋਂ ਹੈ ਜੋ ਔਰਤ ਕਿਰਦਾਰ 'ਤੇ ਕੇਂਦਰਿਤ ਹਨ ਜਦੋਂਕਿ 95 ਫੀਸਦੀ ਸਿਨਮਾ ਜਾਂ ਤਾਂ ਮਰਦ ਕੇਂਦਰਿਤ ਹੈ ਜਾਂ ਮਰਦਾਵੇਂ ਨਜ਼ਰੀਏ ਤੋਂ ਦੇਖਿਆ ਜਾਂ ਬਣਾਇਆ ਜਾਂਦਾ ਹੈ। ਇਹ ਫਿਲਮ ਔਰਤਾਂ ਦੇ ਕਿਸੇ ਖਾਸ ਜਾਂ ਮੁੱਢਲੇ ਮੁੱਦਿਆਂ ਨੂੰ ਮੁਖਾਤਬ ਨਹੀਂ ਹੁੰਦੀ ਸਗੋਂ ਮੱਧਵਰਗੀ ਪਰਿਵਾਰ ਦੀ ਭੋਲੀ ਜਿਹੀ ਕੁੜੀ ਦੇ ਉਸ ਸਫਰ ਦੁਆਲੇ ਘੁੰਮਦੀ ਹੈ ਜਦੋਂ ਵਿਆਹ ਟੁੱਟਣ ਤੋਂ ਬਾਅਦ ਉਹ ਆਪਣੇ ਪਤੀ ਤੋਂ ਬਗੈਰ ਇਕੱਲਿਆਂ ਹੀ ਹਨੀਮੂਨ 'ਤੇ ਜਾਣ ਦਾ ਫੈਸਲਾ ਕਰ ਲੈਂਦੀ ਹੈ। ਇਸ ਕਿਰਦਾਰ ਦੀ ਚੋਣ ਭਾਵੇਂ ਕੋਈ ਅਸਾਧਾਰਨ ਚੋਣ ਨਹੀਂ ਪਰ ਉਹ ਇਸ ਅਧੂਰੇ ਸਫਰ ਵਿਚ ਵੀ ਆਪਣੇ ਸਵੈ, ਵਜੂਦ ਅਤੇ ਸ਼ਖਸੀਅਤ (ਪਛਾਣ) ਨਾਲ ਦੋ-ਚਾਰ ਹੁੰਦਿਆਂ ਦੁਨੀਆ 'ਚ ਵਿਚਰਦੀ ਹੈ। ਉਸ ਦੇ ਨਿੱਕੇ-ਨਿੱਕੇ ਫੈਸਲੇ ਉਸ ਦੇ ਜ਼ਿਹਨ ਵਿਚ ਸਥਾਪਤ ਸਮਾਜਕ-ਮਨੋਵਿਗਿਆਨਕ ਰੁਕਾਵਟਾਂ ਨੂੰ ਤੋੜਦੇ ਹਨ, ਫਿਰ ਭਾਵੇਂ ਆਪਣੇ ਲਈ ਕੱਪੜਿਆਂ ਦੀ ਚੋਣ ਹੋਵੇ, ਤਿੰਨ ਮੁੰਡਿਆਂ ਨਾਲ ਹੋਸਟਲ 'ਚ ਰਹਿਣਾ ਹੋਵੇ, ਇਕੱਲੇ ਇੱਕ ਦੇਸ਼ ਜਾਂ ਸ਼ਹਿਰ ਤੋਂ ਸਫਰ ਕਰਨਾ ਹੋਵੇ ਆਦਿ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਵੀ ਸਮੇਂ ਜਾਂ ਹਾਲਾਤ ਵਿਚ ਕੀਤੀ ਚੋਣ ਨੂੰ ਨਤੀਜਿਆਂ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਔਰਤਾਂ ਨਾਲ ਘਰਾਂ ਵਿਚ ਨਿੱਤ ਹੁੰਦੀ ਹਿੰਸਾ ਦੇ ਬਾਵਜੂਦ ਮਹਿਜ਼ ਕੁਝ ਗਿਣਤੀ ਔਰਤਾਂ ਹੀ ਤਲਾਕ ਦੀ ਚੋਣ ਕਰ ਸਕਦੀਆਂ ਹਨ। 'ਥੱਪੜ' ਫਿਲਮ ਦੀ ਮੁੱਖ ਕਿਰਦਾਰ ਆਦਰਸ਼ ਪਤਨੀ ਅਤੇ ਨੂੰਹ ਹੈ। ਸਿਰਫ ਇੱਕ ਥੱਪੜ ਉਸ ਦੇ ਸਾਰੇ ਵਜੂਦ ਨੂੰ ਝੰਜੋੜ ਕੇ ਰੱਖ ਦਿੰਦਾ ਹੈ ਅਤੇ ਸਮਾਜ ਵਿਚ ਸਥਾਪਤ ਰੂੜੀਵਾਦੀ ਪਤੀ ਦੀ ਭੂਮਿਕਾ ਦੇ ਹਰੇਕ ਪੱਖ ਨੂੰ ਨੰਗਾ ਕਰ ਦਿੰਦਾ ਹੈ ਜਿਸ ਦੇ ਤਹਿਤ ਪਤੀ ਨੂੰ ਪਤਨੀ 'ਤੇ ਹੱਥ ਚੁੱਕਣ ਦਾ ਹੱਕ ਸਹਿਜੇ ਹੀ ਪ੍ਰਾਪਤ ਹੈ, ਫਿਰ ਭਾਵੇਂ ਸ਼ੁਰੂਆਤ ਵਿਚ ਇੱਕ ਥੱਪੜ ਹੀ ਕਿਉਂ ਨਾ ਹੋਵੇ। ਜਿੱਥੇ ਔਰਤ ਦਾ ਤਲਾਕ ਲੈਣਾ ਵਿਸਫੋਟਕ ਚੋਣ ਬਣ ਜਾਂਦਾ ਹੈ, ਉਥੇ ਮਰਦ ਦੇ ਔਰਤ ਉਤੇ ਹੱਥ ਚੁੱਕਣ ਦੇ ਰੁਝਾਨ 'ਤੇ ਸਾਡਾ ਸਮਾਜ ਚੁੱਪ ਕਿਉਂ ਧਾਰ ਲੈਂਦਾ ਹੈ?

ਪਿੱਤਰਸੱਤਾ ਵਾਲੇ ਢਾਂਚੇ ਵਿਚ ਪਰਿਵਾਰ ਨੂੰ ਜੋੜ ਕੇ ਰੱਖਣਾ (ਭਾਵਨਾਤਮਕ ਲੇਬਰ) ਹੀ ਨਹੀਂ ਸਗੋਂ ਰਸੋਈ ਅਤੇ ਪਾਲਣ-ਪੋਸ਼ਣ ਦੀ ਮੁੱਢਲੀ ਜ਼ਿੰਮੇਵਾਰੀ ਵੀ ਔਰਤ ਦੇ ਹਿੱਸੇ ਆਉਂਦੀ ਹੈ ਜੋ ਉਸ ਤੋਂ ਅਸਾਧਾਰਨ ਸਹਿਣਸ਼ੀਲਤਾ ਦੀ ਮੰਗ ਕਰਦੀ ਹੈ। ਮਲਿਆਲਮ ਫਿਲਮ 'ਦਿ ਗਰੇਟ ਇੰਡੀਅਨ ਕਿਚਨ' ਵਿਚ ਰਸੋਈ, ਔਰਤ ਅਤੇ ਘਰਾਂ ਵਿਚ ਰੋਜ਼ਮੱਰਾ ਦੇ ਜੀਵਨ ਵਿਚ ਘੁਟਣ ਦੇ ਅੰਸ਼ਾਂ ਨੂੰ ਖੂਬਸੂਰਤ ਢੰਗ ਨਾਲ ਬਿਆਨ ਕੀਤਾ ਗਿਆ ਹੈ। ਇਸ ਫਿਲਮ ਦੇ ਪਹਿਲੇ ਦ੍ਰਿਸ਼ ਵਿਚ ਮੁੱਖ ਕਿਰਦਾਰ ਦੇ ਡਾਂਸ ਕਰਨ ਦੀ ਝਲਕ ਦੇ ਨਾਲ-ਨਾਲ ਉਸ ਦੇ ਵਿਆਹ ਲਈ ਰਿਸ਼ਤੇ ਦੀ ਹੁੰਦੀ ਗੱਲਬਾਤ ਦੀ ਝਲਕ ਦਿਖਾਈ ਦਿੰਦੀ ਹੈ। ਵਿਆਹ ਤੋਂ ਬਾਅਦ ਮਹਿਜ਼ ਪਤਨੀ ਦੀ ਭੂਮਿਕਾ ਵਿਚ ਉਸ ਦੀ ਜ਼ਿੰਦਗੀ ਰਸੋਈ ਤੱਕ ਸਿਮਟੀ ਨਜ਼ਰ ਆਉਂਦੀ ਹੈ। ਪਤੀ ਅਤੇ ਸਹੁਰੇ ਦਾ ਰਵਾਇਤੀ ਵਿਹਾਰ ਸਮਾਜ ਵਿਚ ਪ੍ਰਚਲਿਤ ਡੂੰਘੀਆਂ ਸੱਚਾਈਆਂ ਨੂੰ ਬਿਆਨ ਕਰਦਾ ਹੈ। ਇਸ ਸਭ ਦੌਰਾਨ ਮੁੱਖ ਕਿਰਦਾਰ ਦੀ ਵਿਆਹ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਤੇ ਬਚਾਉਣ ਲਈ ਕੀਤੀ ਭਾਵਨਾਤਮਕ ਅਤੇ ਸਰੀਰਕ ਜਦੋ-ਜਹਿਦ ਬਾਖੂਬੀ ਨਜ਼ਰ ਆਉਂਦੀ ਹੈ। ਸਹੁਰੇ ਪਰਿਵਾਰ ਵੱਲੋਂ ਡਾਂਸ ਜਾਂ ਨੌਕਰੀ ਕਰਨ ਦੀ ਇੱਛਾ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ। ਅੰਤ ਵਿਚ ਉਹ ਵਿਆਹ ਦੀ ਸੰਸਥਾ ਵਿਚ ਹਾਲਾਤ ਨਾਲ ਸਮਝੌਤਾ ਨਹੀਂ ਕਰਦੀ ਸਗੋਂ ਆਪਣੇ ਵਜੂਦ ਦੀ ਚੋਣ ਕਰਦਿਆਂ ਡਾਂਸ (ਕਲਾ) ਵੱਲ ਕਦਮ ਵਧਾਉਂਦੀ ਹੈ। ਔਕਸਫੈਮ (ਇੰਡੀਆ) ਦੀ ਰਿਪੋਰਟ ਵਿਚ ਸਾਫ ਦੱਸਿਆ ਗਿਆ ਹੈ ਕਿ ਔਰਤਾਂ ਘਰਾਂ ਵਿਚ ਮਰਦਾਂ ਦੇ ਮੁਕਾਬਲਤਨ 238 ਮਿੰਟ ਜ਼ਿਆਦਾ ਕੰਮ ਕਰਦੀਆਂ ਹਨ ਜਿਸ ਦੀ ਕੋਈ ਤੈਅਸ਼ੁਦਾ ਅਦਾਇਗੀ ਨਹੀਂ ਮਿਲਦੀ। ਇਹ ਪਰਿਵਾਰ ਵਿਚ ਸਥਾਪਿਤ ਭੈਣ, ਪਤਨੀ, ਮਾਂ ਆਦਿ ਦੀਆਂ ਰੂੜੀਬੱਧ ਭੂਮਿਕਾਵਾਂ ਨੂੰ ਹੋਰ ਮਜ਼ਬੂਤੀ ਦਿੰਦਾ ਹੈ। ਔਕਸਫੈਮ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ ਕੋਵਿਡ-19 ਮਹਾਮਾਰੀ ਦੌਰਾਨ 6.4 ਕਰੋੜ ਔਰਤਾਂ ਨੂੰ ਨੌਕਰੀਆਂ ਗੁਆਉਣੀਆਂ ਪਈਆਂ ਜੋ ਮਰਦਾਂ ਦੇ ਮੁਕਾਬਲੇ 39 ਫੀਸਦੀ ਜ਼ਿਆਦਾ ਸਨ।

ਕਿਸੇ ਵੀ ਸਮਾਜ ਵਿਚ ਔਰਤ ਜਾਂ ਲਿੰਗ ਕੋਈ ਸਥਾਪਿਤ ਇਕਾਈ ਨਹੀਂ ਹੈ। ਔਰਤਾਂ ਦੀ ਪਛਾਣ ਜਾਤ, ਜਮਾਤ, ਨਸਲ, ਕਿੱਤੇ, ਖਿੱਤੇ ਆਦਿ ਵਿਚ ਵੰਡੀ ਹੋਈ ਹੈ। ਸੁਭਾਵਿਕ ਹੈ ਕਿ ਔਰਤ ਵੱਲੋਂ ਕੀਤੀ ਕੋਈ ਵੀ ਚੋਣ ਇਨ੍ਹਾਂ ਦਾਇਰਿਆਂ ਤੋਂ ਬਾਹਰ ਨਹੀਂ ਹੋ ਸਕਦੀ। ਅਮਰਤਿਆ ਸੇਨ ਅਨੁਸਾਰ, "ਇਸ ਤੱਥ ਤੋਂ ਮੁੱਢਲਾ ਅਤੇ ਸਰਵ-ਵਿਆਪੀ ਹੋਰ ਕੁਝ ਨਹੀਂ ਹੋ ਸਕਦਾ ਕਿ ਹਰ ਖੇਤਰ ਵਿਚ ਹਰ ਕਿਸਮ ਦੀਆਂ ਚੋਣਾਂ ਇੱਕ ਵਿਸ਼ੇਸ਼ ਸੀਮਾ ਦੇ ਅੰਦਰ ਹੀ ਕੀਤੀਆਂ ਜਾਂਦੀਆਂ ਹਨ।" ਇਹ ਦਾਇਰੇ ਆਰਥਕਤਾ, ਜਾਤ, ਜਮਾਤ ਅਤੇ ਮੰਡੀ ਵੀ ਨਿਰਧਾਰਿਤ ਕਰਦੀ ਹੈ। ਇੱਕ ਮਜ਼ਦੂਰ ਦਾ ਬੱਚਾ ਸਿੱਧ ਪੱਧਰੀ ਡਾਕਟਰ ਜਾਂ ਇੰਜਨੀਅਰ ਬਣਨ ਦੀ 'ਚੋਣ' ਨਹੀਂ ਕਰ ਸਕਦਾ। ਔਰਤਾਂ ਲਈ ਇਹ ਚੋਣ ਕਰਨੀ ਹੋਰ ਵੀ ਮੁਸ਼ਕਿਲ ਹੈ ਕਿਉਂਕਿ ਉਸ ਤੋਂ ਰਵਾਇਤੀ ਸਥਾਪਿਤ ਭੂਮਿਕਾਵਾਂ ਦੀ ਪੂਰਤੀ ਦੀ ਵੀ ਤਵੱਕੋ ਕੀਤੀ ਜਾਂਦੀ ਹੈ ਜੋ ਬਹੁਤੀ ਵਾਰ ਗੈਰ-ਮਨੁੱਖੀ ਹੋ ਨਿਬੜਦੀਆਂ ਹਨ। ਇਸ ਤੋਂ ਇਲਾਵਾ ਨਿਮਨ ਵਰਗ ਦੀ ਔਰਤ ਹਾਲੇ ਵੀ ਆਪਣੀਆਂ ਮੁੱਢਲੀਆਂ ਲੋੜਾਂ, ਸਮੇਂ ਸਿਰ ਮਿਹਨਤਾਨਾ ਨਾ ਮਿਲਣ, ਕਿਰਤ ਦੀ ਬਰਾਬਰੀ ਆਦਿ ਲਈ ਸੰਘਰਸ਼ ਕਰ ਰਹੀ ਹੈ। ਹਾਲ ਹੀ ਵਿਚ ਹੋਏ ਕਿਸਾਨ ਅੰਦੋਲਨ ਵਿਚ ਔਰਤਾਂ ਨੂੰ ਸ਼ੁਰੂਆਤੀ ਦੌਰ ਤੋਂ ਲੈ ਕੇ ਅੰਤ ਤੱਕ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਇੱਥੋਂ ਤੱਕ ਕਿ ਔਰਤਾਂ ਨੂੰ ਘਰ ਵਾਪਸੀ ਲਈ ਕਹਿ ਦਿੱਤਾ ਗਿਆ ਸੀ ਪਰ ਘਰ ਮੁੜਨ ਦੀ ਬਜਾਏ ਉਨ੍ਹਾਂ ਨੇ ਆਪਣੀ ਭਾਗੀਦਾਰੀ ਦੀ ਚੋਣ ਨੂੰ ਤਰਜੀਹ ਦਿੱਤੀ। ਅੰਦੋਲਨ ਵਿਚ ਸ਼ਮੂਲੀਅਤ ਦੀ ਚੋਣ ਨਾਲ ਇੱਕ ਪਲੇਟਫਾਰਮ ਹਾਸਿਲ ਕੀਤਾ ਜਿਸ ਦੇ ਤਹਿਤ ਔਰਤਾਂ ਨੇ ਆਪਣੇ ਸਵੈ ਨੂੰ ਮੁੜ ਪਰਿਭਾਸ਼ਿਤ ਕਰਨ ਦਾ ਹੌਸਲਾ ਜਤਾਇਆ ਪਰ ਇਹ ਤਾਂ ਹੀ ਹੋ ਸਕਿਆ ਜੇ ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਅਤੇ ਸਮਾਜਕ ਥਾਵਾਂ ਉਪਰ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਵੀ ਮੁੜ ਪਛਾਣਿਆ।

ਉਨ੍ਹਾਂ ਦੇਸ਼ਾਂ ਵਿਚ ਜਿੱਥੇ ਕੱਪੜੇ, ਨੰਗੇਜ਼, ਸਿਗਰਟ, ਸ਼ਰਾਬ ਆਦਿ ਵਸਤਾਂ ਦੀ ਚੋਣ ਨਾਲ ਔਰਤਾਂ 'ਤੇ ਨੈਤਿਕ ਅਤੇ ਮੌਲਿਕ ਫਰਮਾਨ ਜਾਰੀ ਨਹੀਂ ਹੁੰਦਾ, ਉਥੇ ਵੀ ਔਰਤਾਂ ਸੰਘਰਸ਼ ਕਰ ਰਹੀਆਂ ਹਨ। 2018 ਵਿਚ ਸਪੇਨ ਵਿਚ 50 ਲੱਖ ਔਰਤਾਂ, ਜਿਨਸੀ ਸ਼ੋਸ਼ਣ ਅਤੇ ਹਿੰਸਾ ਖਿਲਾਫ ਸੜਕਾਂ 'ਤੇ ਉਤਰੀਆਂ। ਦੱਖਣੀ ਅਰਬ ਮੁਲਕਾਂ ਵਿਚ ਔਰਤਾਂ ਨੇ ਡਰਾਈਵਿੰਗ ਦਾ ਅਧਿਕਾਰ ਲੜ ਕੇ ਲਿਆ। ਵਿਅਕਤੀਗਤ ਤੌਰ 'ਤੇ ਪਾਸਪੋਰਟ ਅਪਲਾਈ ਕਰਨਾ ਵੀ ਇਕੱਲੀ ਔਰਤ ਲਈ ਸੰਭਵ ਨਹੀਂ ਸੀ। ਅਜਿਹੇ ਸਮਿਆਂ ਵਿਚ ਔਰਤ ਵੱਲੋਂ ਕੀਤੀ ਚੋਣ ਛੋਟੀ ਹੈ ਜਾਂ ਵੱਡੀ, ਸੱਚੀ ਹੈ ਜਾਂ ਝੂਠੀ, ਇਸ ਦਾ ਫੈਸਲਾ ਕੌਣ ਕਰੇਗਾ? ਕੀ ਆਪਣੇ ਆਪੇ, ਸਵੈ, ਵਜੂਦ ਨਾਲ ਰੂ-ਬ-ਰੂ ਹੋਏ ਬਿਨਾ ਕਿਸੇ ਵੀ ਵੱਡੇ ਜਾਂ ਛੋਟੇ ਸੰਘਰਸ਼ ਲਈ ਜੋਸ਼ ਤੇ ਜਜ਼ਬੇ ਉਧਾਰੇ ਲਏ ਜਾ ਸਕਦੇ ਹਨ? ਔਰਤ ਦੀ ਕੀਤੀ ਸਾਧਾਰਨ ਤੋਂ ਸਾਧਾਰਨ ਚੋਣ ਉਸ ਦਾ ਖੁਦ ਨਾਲ ਰਿਸ਼ਤਾ ਨਿਰਧਾਰਿਤ ਕਰਦੀ ਹੈ ਜੋ ਉਹ ਸਦੀਆਂ ਤੋਂ ਦੂਜਿਆਂ ਵਿਚੋਂ ਤਲਾਸ਼ਦੀ ਨਜ਼ਰ ਆਉਂਦੀ ਹੈ। ਅਜਿਹੇ ਸਮੇਂ ਘਰ ਤੋਂ ਬਾਹਰ ਪੜ੍ਹਾਈ ਕਰਨ, ਨੌਕਰੀ ਕਰਨ, ਜਨਤਕ ਥਾਵਾਂ 'ਤੇ ਭਾਗੀਦਾਰੀ, ਵਿਆਹ ਕਰਵਾਉਣ ਜਾਂ ਨਾ ਕਰਵਾਉਣ, ਮਾਂ ਬਣਨ ਜਾਂ ਨਾ ਬਣਨ, ਤਲਾਕ ਲੈਣ ਦੀ ਚੋਣ ਆਦਿ ਦੇ ਪੈਮਾਨੇ ਸਹੀ ਜਾਂ ਗ਼ਲਤ ਹੋਣ ਦਾ ਨਿਬੇੜਾ ਕੌਣ ਕਰੇਗਾ? ਸਾਡੇ ਸਮਾਜ ਵਿਚ ਹਰ ਵਰਗ, ਜਾਤ, ਜਮਾਤ ਅਤੇ ਖਿੱਤੇ ਦੀ ਔਰਤ ਆਪਣੇ-ਆਪਣੇ ਪੱਧਰ 'ਤੇ ਸੰਘਰਸ਼ ਕਰ ਰਹੀ ਹੈ। ਕੀ ਉਚ-ਵਰਗ, ਮੱਧ-ਵਰਗ ਅਤੇ ਨਿਮਨ-ਵਰਗ ਦੀ ਔਰਤ ਦੇ ਸੰਘਰਸ਼ 'ਚ ਸਾਂਝ ਸੰਭਵ ਹੈ? ਇਨ੍ਹਾਂ ਸੰਘਰਸ਼ਾਂ ਨੂੰ ਕਿਵੇਂ ਲੜਿਆ ਜਾ ਸਕਦਾ ਹੈ? ਅੱਜ ਦੀ ਔਰਤ ਅਤੀਤ ਅਤੇ ਇੱਕ ਸੰਭਾਵੀ ਪਰ ਮੁਸ਼ਕਿਲ ਅਤੇ ਅਜੇ ਵੀ ਅਣਜਾਣ ਭਵਿੱਖ ਵਿਚਕਾਰ ਖੜ੍ਹੀ ਹੈ। ਚੋਣ ਦਾ ਸਵਾਲ ਕਿਸੇ ਖਲਾਅ ਵਿਚੋਂ ਪੈਦਾ ਨਹੀਂ ਹੁੰਦਾ, ਸਮਾਜਕ ਵਰਤਾਰਿਆਂ ਦੇ ਸੰਦਰਭ ਵਿਚ ਹੀ ਇਸ ਸਵਾਲ ਨੂੰ ਮੁਖਾਤਿਬ ਹੋਇਆ ਜਾ ਸਕਦਾ ਹੈ।

---

# ਉਹ ਸਵੇਰ

ਅਵਨੀਤ ਕੌਰ

ਮਾਸੀ ਨੂੰ ਸਵੇਰੇ ਪੰਜ ਵਜੇ ਚੋਣ ਡਿਊਟੀ ਤੇ ਤੋਰ ਕੇ ਦਿਨ ਭਰ ਫਿਕਰ ਸਤਾਉਂਦਾ ਰਿਹਾ। ਪੜ੍ਹਾਈ ਵਿਚ ਮਨ ਨਾ ਲੱਗਾ। ਧਿਆਨ ਟੀ.ਵੀ. ਦੀਆਂ ਖਬਰਾਂ ਵੱਲ ਰਿਹਾ। ਸ਼ਾਮ ਨੂੰ ਵੋਟਾਂ ਦਾ ਕਾਰਜ ਅਮਨ-ਅਮਾਨ ਨਾਲ ਨੇਪਰੇ ਚੜ੍ਹਨ ਦੀ ਖਬਰ ਸੁਣ ਕੇ ਸੁੱਖ ਦਾ ਸਾਹ ਆਇਆ। ਉਡੀਕ ਦਾ ਵਕਤ ਮੁੱਕਣ ਵਿਚ ਹੀ ਨਹੀਂ ਸੀ ਆ ਰਿਹਾ। ਆਖਰ ਰਾਤ ਦੇ ਦੋ ਵਜੇ ਮਾਸੀ ਦੀ ਚੋਣ ਡਿਊਟੀ ਤੋਂ ਵਾਪਸੀ ਹੋਈ। ਨਾਲ ਗੁਆਂਢ ਰਹਿੰਦੇ ਅੰਕਲ ਦੀ ਅਧਿਆਪਕ ਪਤਨੀ ਅਜੇ ਤੱਕ ਵੀ ਘਰ ਨਹੀਂ ਸੀ ਪਹੁੰਚੀ। ਸਵੇਰੇ ਵੱਡਾ ਦਿਨ ਚੜ੍ਹੇ ਤੋਂ ਕੰਮ ਵਾਲੀ ਬੀਬੀ ਨੇ ਆ ਜਗਾਇਆ।

ਚਾਹ ਪੀਂਦਿਆਂ ਬੀਬੀ ਗੱਲੀਂ ਪੈ ਗਈ- "ਅੱਜ ਕਿਸੇ ਵੀ ਟੀਚਰ ਮੈਡਮ ਦਾ ਬੂਹਾ ਨਹੀਂ ਖੁੱਲ੍ਹਿਆ। ਮੈਂ ਘਰਾਂ ਦੀਆਂ ਘੰਟੀਆਂ ਮਾਰ ਮਾਰ ਥੱਕ ਗਈ। ਅਖੀਰ ਥੋੜੇ ਘਰ ਆਈ ਹਾਂ। ਲਗਦਾ ਵੋਟਾਂ ਵਾਲੀ ਡਿਊਟੀ ਤੋਂ ਲੇਟ ਆਈਆਂ ਹੋਣਗੀਆਂ।"

... ਚਲੋ ਡਿਊਟੀ ਤਾਂ ਕਰਨੀ ਹੋਈ; ਬਿਲਕੁਲ ਠੀਕ ਹੈ ਬੀਬੀ ਤੇਰੀ ਗੱਲ, ਡਿਊਟੀ ਕਰਨੀ ਤਾਂ ਇਨਸਾਨ ਦਾ ਫਰਜ਼ ਹੁੰਦਾ ਪਰ ਡਿਊਟੀ ਲੈਣ ਵਾਲਿਆਂ ਨੂੰ ਵੀ ਆਪਣੇ ਫਰਜ਼ਾਂ ਦਾ ਪਾਲਣ ਕਰਨਾ ਚਾਹੀਦੈ।

ਦੇਰ ਰਾਤ ਚੋਣ ਡਿਊਟੀ ਤੋਂ ਪਰਤੀ ਮਾਸੀ ਕਹਿਣ ਲੱਗੀ।

... ਚੋਣ ਰਿਹਰਸਲਾਂ ਵਿਚ ਔਰਤ ਅਧਿਆਪਕਾਵਾਂ ਦਾ ਚੋਣ ਡਿਊਟੀ ਵਿਚ ਪੂਰਾ ਖਿਆਲ ਰੱਖਣ ਦੀ ਗੱਲਾਂ ਕਰਦੇ ਰਹੇ ਪਰ ਵਾਹ ਪਏ ਤੋਂ ਪਤਾ ਲੱਗਾ ਕਿ ਅਫਸਰ ਦਾ ਵੀ ਸਰਕਾਰਾਂ ਚਲਾਉਣ ਵਾਲਿਆਂ ਵਾਂਗ ਹਾਥੀ ਦੇ ਦੰਦਾਂ ਵਾਲਾ ਹਿਸਾਬ ਹੈ। ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ। ਗੱਲ-ਗੱਲ 'ਤੇ ਚੋਣ ਕਮਿਸ਼ਨ ਦਾ ਡਰ ਦੇਣ ਵਾਲੇ ਅਫਸਰ ਸਵੇਰੇ ਪੰਜ ਵਜੇ ਪੋਲਿੰਗ ਬੂਥਾਂ ਤੇ ਪਹੁੰਚਣ ਦੇ ਫਰਮਾਨ ਸੁਣਾ ਆਉਣ ਜਾਣ ਦੇ ਪ੍ਰਬੰਧ ਬਾਰੇ ਚੁੱਪ ਵੱਟ ਗਏ। ਘਰੋਂ ਸੱਠ ਸੱਤਰ ਕਿਲੋਮੀਟਰ ਦੂਰ ਪੋਲਿੰਗ ਬੂਥ ਤੇ ਆਪਣੇ ਦਮ ਤੇ ਜਾਣਾ ਪਿਆ। ਟੁੱਟੀਆਂ ਸੜਕਾਂ, ਪਸਰਿਆ ਹਨੇਰਾ ਤੇ ਟ੍ਰੈਫਿਕ ਹਊਆ ਬਣਿਆ ਰਿਹਾ। ਡਰਦੇ, ਕਲਪਦੇ ਮੂੰਹ ਹਨੇਰੇ ਆਪਣੇ ਬੂਥ ਤੇ ਹਾਜ਼ਰ ਹੋਏ।

... ਜਾਂਦਿਆਂ ਹੀ ਆਪਣੇ ਕੰਮ ਤੇ ਜਾ ਲੱਗੇ। ਵੋਟਿੰਗ ਮਸ਼ੀਨਾਂ ਦੀ ਤਿਆਰੀ ਸ਼ੁਰੂ ਹੋਈ। ਮਸ਼ੀਨਾਂ ਨੂੰ ਸੀਲਾਂ ਲਾ ਕੇ ਬੂਥ ਦੀ ਸੈਟਿੰਗ ਮੁਕੰਮਲ ਕੀਤੀ। ਚਾਹ ਪਾਣੀ ਫੜਾਉਂਦਿਆਂ ਮਿੱਡ ਡੇ ਮੀਲ ਵਾਲੀਆਂ ਬੀਬੀਆਂ ਦਾ ਅਪਣੱਤ ਭਰਿਆ ਵਿਹਾਰ ਠੰਢੀ ਹਵਾ ਦੇ ਬੁੱਲੇ ਜਿਹਾ ਜਾਪਿਆ। ਚੋਣ ਡਿਊਟੀ ਦੀ ਇਹ ਪਹਿਲੀ ਸੁਖਦ ਝਲਕ ਸੀ।...

ਮਾਸੀ ਦੀਆਂ ਗੱਲਾਂ ਸੁਣ ਕੇ ਮੁਲਾਜ਼ਮਾਂ ਬਾਰੇ ਇੱਕ ਨੌਕਰਸ਼ਾਹ ਦੀ ਵਾਇਰਲ ਹੋਈ ਵੀਡੀਓ ਯਾਦ ਆਈ। ਕਹਿੰਦਾ, ਮੈਂ ਚੋਣ ਡਿਊਟੀ ਤੋਂ ਛੋਟ ਦੀ ਮੰਗ ਵਾਲੇ ਮੁਲਾਜ਼ਮਾਂ ਨੂੰ ਸੇਵਾ-ਮੁਕਤ ਕਰਨ ਦੀ ਸਿਫਾਰਸ਼ ਕਰਾਂਗਾ। ਆਪਣੇ ਸੱਸ ਸਹੁਰੇ ਦੀ ਸੇਵਾ ਬਹਾਨੇ ਚੋਣ ਡਿਊਟੀ ਤੋਂ ਛੋਟ ਮੰਗਦੀਆਂ ਅਧਿਆਪਕਾਵਾਂ ਬਾਰੇ ਵੀ ਇਹੋ ਕੰਮ ਕਰਾਂਗਾ; ਇਸ ਲਈ ਕਿ ਉਹ ਘਰ ਬੈਠ ਕੇ ਇਹ ਸੇਵਾ ਚੰਗੀ ਤਰ੍ਹਾਂ ਕਰ ਸਕਣ। ਅਜਿਹੇ ਅਫਸਰਾਂ ਦੇ ਅਮਲ ਦਾ ਸ਼ੀਸ਼ਾ ਜਥੇਬੰਦੀ ਵਿਚ ਸਰਗਰਮ ਗੁਆਂਢੀ ਅਧਿਆਪਕ ਦਿਖਾਉਂਦਾ ਹੈ। ਕਹਿਣ ਨੂੰ ਨੌਕਰਸ਼ਾਹ, ਵਰਤ ਵਰਤਾਓ ਵਿਚ ਵੱਡੇ ਸਾਹਿਬ। ਰੋਅਬ-ਦਾਬ ਤੇ ਅਫਸਰੀ ਠਾਠ ਬਾਠ। ਚੋਣ ਡਿਊਟੀਆਂ ਵਿਚ ਸਿੱਖਿਆ ਵਿਭਾਗ ਲਈ ਡਿਊਟੀ ਜ਼ਰੂਰੀ ਪਰ 'ਖਾਂਦੇ ਪੀਂਦੇ' ਮਹਿਕਮਿਆਂ ਨੂੰ ਅੰਦਰ ਖਾਤੇ ਛੋਟ। ਸੁਹਾਗ ਚੂੜੇ ਤੇ ਨਿੱਕੇ ਬਾਲਾਂ ਵਾਲੀਆਂ ਅਧਿਆਪਕ ਨੂੰਹਾਂ, ਧੀਆਂ ਡਿਊਟੀ ਕਰਨ; ਸਰਦੇ ਪੁੱਜਦੇ, ਸਰਕਾਰੇ ਦਰਬਾਰੇ ਪਹੁੰਚ ਰੱਖਦੇ ਮੁਲਾਜ਼ਮ ਘਰਾਂ ਵਾਲੇ ਆਰਾਮ ਫਰਮਾਉਣ। ਦੇਖਣ ਵਾਲੀ ਅੱਖ ਹੋਵੇ ਤਾਂ ਇਹ ਵਰਤਾਰਾ ਹਰ ਥਾਂ ਦੇਖਿਆ ਜਾ ਸਕਦਾ।

ਡਿਊਟੀ ਤੋਂ ਸਵੇਰੇ ਪੰਜ ਵਜੇ ਮੁੜੀ ਅਧਿਆਪਕਾ ਦੀ ਗੱਲ ਧਿਆਨ ਖਿੱਚਦੀ ਹੈ। ਅੱਖਾਂ ਵਿਚ ਰਾਤ ਦਾ ਉਨੀਂਦਰਾ, ਚਿਹਰੇ ਤੇ ਨਜ਼ਰ ਆ ਰਹੀ ਥਕਾਵਟ, ਹੱਥਾਂ ਤੇ ਲੱਗੀ ਹੋਈ ਨਾ ਮਿਟਣ ਯੋਗ ਸਿਆਹੀ, ਉਸ ਦੀ ਨਿਭਾਈ ਡਿਊਟੀ ਦੀ ਸ਼ਾਹਦੀ ਸਨ। ਉਹ ਕਹਿਣ ਲੱਗੀ- ਸਾਡਾ ਪ੍ਰੀਜ਼ਾਈਡਿੰਗ ਅਫਸਰ ਸਨਕੀ ਜਿਹਾ ਸੀ, ਲਕੀਰ ਦਾ ਫਕੀਰ। ਪੋਲਿੰਗ ਪਾਰਟੀ ਦਾ ਸਮਾਨ ਲੈ ਕੇ ਬੂਥ ਦਿਖਾਉਣ ਲੈ ਗਿਆ। ਫਿਰ ਕਹਿੰਦਾ, ਕੰਮ ਬਹੁਤ ਹੈ, ਕਰਵਾ ਕੇ ਮੁੜਿਓ। ਰਾਤ ਨੂੰ ਘਰ ਪਰਤੀਆਂ। ਚੋਣ ਵਾਲੇ ਦਿਨ ਕਾਗਜ਼ਾਂ ਪੱਤਰਾਂ ਕਰਕੇ ਕੰਮ ਕਰਦਿਆਂ ਰਾਤ ਪੈ ਗਈ। ਉਸ ਨਾਲ ਸਮਾਨ ਜਮ੍ਹਾਂ ਕਰਵਾਉਣ ਜਾਣਾ ਪਿਆ। ਅਗਾਂਹ ਗਏ ਤਾਂ ਨੌਕਰਸ਼ਾਹ ਤਾਂ ਕਿਤੇ ਨਹੀਂ ਦਿਸੇ ਪਰ ਉਨ੍ਹਾਂ ਦੇ ਕਲ ਪੁਰਜ਼ੇ ਹਾਜ਼ਰ ਸਨ। ਪੋਲਿੰਗ ਪਾਰਟੀਆਂ ਦੀ ਭੀੜ। ਆਪਾ-ਧਾਪੀ ਵਾਲਾ ਮਾਹੌਲ। ਸਮਾਨ ਜਮ੍ਹਾਂ ਕਰਵਾਉਣ ਲਈ ਲੰਮੀਆਂ ਕਤਾਰਾਂ। ਪੋਲਿੰਗ ਪਾਰਟੀਆਂ ਤੋਂ ਸਮਾਨ ਲੈਣ ਵਾਲੇ ਆਦਤਨ ਮੀਨ ਮੇਖ ਕੱਢਦੇ ਨਜ਼ਰ ਆਏ। ਉਨ੍ਹਾਂ ਦੇ ਸਹਿਯੋਗ ਸਦਕਾ ਪੋਲਿੰਗ ਪਾਰਟੀਆਂ ਆਪਣੇ ਲਿਫਾਫੇ ਖੋਲ੍ਹੀ ਬੈਠੀਆਂ, ਲਾਖ ਲਗਾਉਂਦੀਆਂ ਨਜ਼ਰ ਆਈਆਂ। ਦੋ ਘੰਟਿਆਂ ਦੀ ਉਡੀਕ ਮਗਰੋਂ ਸਮਾਨ ਜਮ੍ਹਾਂ ਹੋਇਆ। ਸਰਕਾਰੀ ਡਿਊਟੀ ਤੋਂ ਪਰਤੇ ਥੱਕੇ, ਟੁੱਟੇ ਸੈਂਕੜੇ ਸਰਕਾਰੀ ਮੁਲਾਜ਼ਮਾਂ ਲਈ ਚਾਹ, ਪਾਣੀ, ਖਾਣੇ ਦਾ ਕੋਈ ਪ੍ਰਬੰਧ ਨਹੀਂ ਸੀ। ਡਿਊਟੀ ਭੁਗਤਾ ਕੇ ਆਪਣੇ ਵਹੀਕਲਾਂ ਵਾਲੇ ਮੁੜ ਆਏ। ਬਥੇਰੇ ਮੁਲਾਜ਼ਮ ਠੰਢੀ ਰਾਤ ਵਿਚ ਦੂਰ ਦੁਰਾਡੇ ਘਰਾਂ ਨੂੰ ਪਰਤਣ ਲਈ ਅਗਲਾ ਦਿਨ ਚੜ੍ਹਨ ਦੀ ਉਡੀਕ ਵਿਚ ਬੇਵੱਸ ਬੈਠੇ ਸਨ।

ਮੈਂ ਸੋਚ ਰਹੀ ਸਾਂ ਕਿ ਲੋਕਤੰਤਰ ਦੇ ਦੀਵੇ ਵਿਚ ਡਿਊਟੀ ਰੂਪੀ ਤੇਲ ਪਾਉਣ ਵਾਲੇ ਇਨ੍ਹਾਂ ਮੁਲਾਜ਼ਮਾਂ ਲਈ ਉਹ ਸਵੇਰ ਕਦੋਂ ਆਵੇਗੀ? ... ਜਦ ਡਿਊਟੀ ਨੌਕਰਸ਼ਾਹਾਂ ਦੇ ਅਫਸਰੀ ਦਾਬੇ ਹੇਠੋਂ ਨਿਕਲ ਸਾਵੀਂ ਸੁਖਾਵੀਂ, ਬਰਾਬਰੀ ਤੇ ਸੁਖਦ ਅਹਿਸਾਸ ਵਾਲੀ ਹੋਵੇਗੀ...।

# ਪੰਜਾਬ ਦੀ ਵੰਡ ਦਾ ਦਲਿਤ ਤਬਕੇ 'ਤੇ ਅਸਰ

***1947 ਵਿਚ ਅੰਗਰੇਜ਼ਾਂ ਨੇ ਹਿੰਦੋਸਤਾਨ ਨੂੰ ਆਜ਼ਾਦੀ ਦੇ ਨਾਂ 'ਤੇ ਦੋ ਟੁਕੜਿਆਂ ਵਿਚ ਵੰਡ ਦਿੱਤਾ। ਇਸ ਵੰਡ ਦਾ ਸਭ ਤੋਂ ਵੱਧ ਸੰਤਾਪ ਪੰਜਾਬੀਆਂ ਨੇ ਭੋਗਿਆ। ਲੱਖਾਂ ਪੰਜਾਬੀ ਮਾਰੇ ਗਏ ਅਤੇ ਬੇਘਰ ਹੋਏ। ਦਲਿਤਾਂ ਕੋਲ ਬਹੁਤ ਘੱਟ ਜਾਇਦਾਦ ਅਤੇ ਆਰਥਿਕ ਵਸੀਲੇ ਸਨ; ਉਨ੍ਹਾਂ ਦੇ ਉਜਾੜੇ ਦੀ ਕਹਾਣੀ ਅਣਕਹੀ ਹੀ ਰਹੀ ਹੈ। ਉਘੇ ਇਤਿਹਾਸਕਾਰ ਹਰੀਸ਼ ਪੁਰੀ ਦਾ ਇਹ ਲੇਖ ਦਲਿਤ ਭਾਈਚਾਰੇ ਦੇ ਉਜਾੜੇ ਅਤੇ ਵੰਡ ਵੇਲੇ ਦਲਿਤ ਸਿਆਸੀ ਆਗੂਆਂ ਦੀ ਦੁਚਿੱਤੀ ਨੂੰ ਬਿਆਨ ਕਰਦਾ ਹੈ। ਇਹ ਲੇਖ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਲਿਖਿਆ ਗਿਆ ਸੀ ਅਤੇ ਚਾਰ ਸਾਲ ਪਹਿਲਾਂ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਚ ਹੋਈ ਪੰਜਾਬ ਇਤਿਹਾਸ ਕਾਨਫਰੰਸ ਵਿਚ ਪੇਸ਼ ਕੀਤਾ ਗਿਆ ਸੀ। ਇਸ ਦਾ ਤਰਜਮਾ ਖੁਦ ਹਰੀਸ਼ ਪੁਰੀ ਅਤੇ ਅਮਰਜੀਤ ਚੰਦਨ ਨੇ ਕੀਤਾ ਹੈ।***

ਇਹ ਵਿਚਾਰਨਾ ਬਣਦਾ ਹੈ ਕਿ 1947 ਵਿਚ ਭਾਰਤ ਤੇ ਪੰਜਾਬ ਦੀ ਵੰਡ ਦਾ ਦਲਿਤ ਤਬਕੇ ਲਈ ਕੀ ਮਤਲਬ ਸੀ। ਇਸ ਵੰਡ ਦੀ ਸਿਆਸਤ ਵੱਲ ਦਲਿਤ ਜਮਾਤਾਂ (ਜਥੇਬੰਦੀਆਂ) ਦਾ ਕੀ ਰਵੱਈਆ ਸੀ। ਉਸ ਵੇਲੇ ਦੀ ਕੱਟ-ਵੱਢ, ਉਜਾੜੇ, ਲੁੱਟ, ਤਸੀਹੇ, ਜਬਰ-ਜਨਾਹ ਤੇ ਸ਼ਰਨਾਰਥੀਆਂ ਦੀਆਂ, ਮੁੜ-ਵਸੇਬੇ ਦੀਆਂ ਮੁਸ਼ਕਿਲਾਂ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ। ਇਹ ਵੰਡ ਮਜ਼ਹਬੀ ਇਕਾਈਆਂ (ਹਿੰਦੂ, ਮੁਸਲਿਮ, ਸਿੱਖ) ਦੇ ਹਿਸਾਬ ਨਾਲ ਹੋਈ ਸੀ; ਇਸ ਲਈ ਦਲਿਤਾਂ ਦੀ ਹੋਣੀ ਦੀ ਕਹਾਣੀ ਅਣਗੌਲੀ ਰਹਿ ਗਈ। ਇਹ ਕਿਹੜੇ ਪਾਸੇ ਦੇ ਸਨ, ਉਨ੍ਹਾਂ ਦਾ ਇਸ ਵੱਲ ਕੀ ਨਜ਼ਰੀਆ ਸੀ; ਉਨ੍ਹਾਂ ਦੇ ਹਿਤ ਤੇ ਸ਼ੰਸੇ ਕੀ ਸਨ, ਉਸ



ਕਤਲੋਗਾਰਤ ਤੇ ਉਜਾੜੇ ਵਿਚ ਦਲਿਤਾਂ ਨਾਲ ਕੀ ਵਾਪਰਿਆ; ਉਨ੍ਹਾਂ ਦਾ ਪੱਖ, ਉਸ ਵੰਡ ਦੀ ਤਾਰੀਖ ਤੇ ਇਸ ਬਾਰੇ ਲਿਖੇ ਸਾਹਿਤ ਵਿਚ ਅਣਡਿੱਠ ਹੀ ਰਿਹਾ।

**ਹਰੀਸ਼ ਪੁਰੀ**

ਇਸ ਚੁੱਪ ਦੇ ਪਿੱਛੇ, ਜਾਂ ਉਰਵਸ਼ੀ ਬੁਟਾਲੀਆ ਦੇ ਕਹਿਣ ਵਾਂਗ 'ਚੁੱਪ ਦਾ ਦੂਜਾ ਪਾਸਾ' ਦੇਖਣ ਦੀ ਲੋੜ ਹੈ।

ਉਸ ਭਿਆਨਕ ਕੱਟ-ਵੱਢ ਵਿਚ ਦਲਿਤਾਂ ਦੀ ਹਾਲਤ ਕੀ ਸੀ; ਦੂਜੇ ਗੈਰ ਦਲਿਤਾਂ (ਹਿੰਦੂ, ਮੁਸਲਿਮ, ਸਿੱਖਾਂ) ਦਾ ਉਨ੍ਹਾਂ ਪ੍ਰਤੀ ਕੀ ਨਜ਼ਰੀਆ ਸੀ ਅਤੇ ਉਨ੍ਹਾਂ ਦੀ ਆਪਣੀ ਨਿਗ੍ਹਾ ਵਿਚ ਉਨ੍ਹਾਂ ਦੀ ਕੀ ਔਕਾਤ ਸੀ- ਇਸ ਬਾਰੇ ਉਰਵਸ਼ੀ ਬੁਟਾਲੀਆ ਦੀ ਕਿਸੇ ਦਲਿਤ ਔਰਤ ਮਾਯਾ ਰਾਣੀ ਨਾਲ ਕੀਤੀ ਇੰਟਰਵਿਊ ਦੀ ਗੱਲ ਕਰਨੀ ਮੁਨਾਸਿਬ ਹੈ।

ਮਾਯਾ ਗੁਰਦਾਸਪੁਰ ਜ਼ਿਲ੍ਹੇ ਦੇ ਦੀਨਾਨਗਰ ਸ਼ਹਿਰ ਵਿਚ ਹੋਈ ਫਿਰਕੂ ਮਾਰ-ਧਾੜ ਤੇ ਕਤਲੋਗਾਰਤ ਦੀ ਬਾਲੜੀ ਗਵਾਹ ਸੀ। ਪਹਿਲਾਂ ਜਦੋਂ ਅਫਵਾਹ ਫੈਲੀ ਕਿ ਗੁਰਦਾਸਪੁਰ ਜ਼ਿਲ੍ਹਾ ਪਾਕਿਸਤਾਨ ਵਿਚ ਚਲਾ ਗਿਆ ਹੈ ਤਾਂ ਉਹਨੇ ਦੇਖਿਆ ਕਿ ਮਾਰ-ਧਾੜ ਦਾ ਸ਼ਿਕਾਰ ਹਿੰਦੂ-ਸਿੱਖ ਹੋ ਰਹੇ ਸਨ ਪਰ ਦੋ-ਤਿੰਨ ਦਿਨਾਂ ਬਾਅਦ ਐਲਾਨ ਹੋਇਆ ਕਿ ਗੁਰਦਾਸਪੁਰ-ਦੀਨਾਨਗਰ ਵਗੈਰਾ ਤਾਂ ਭਾਰਤ ਵਿਚ ਹੀ ਰਹਿਣਗੇ; ਤਦ ਮੁਸਲਮਾਨਾਂ ਉੱਤੇ ਸਿਰੇ ਦਾ ਕਹਿਰ ਬਰਸਿਆ, ਕਤਲ ਹੋਏ, ਘਰਾਂ ਨੂੰ ਅੱਗਾਂ ਲੱਗੀਆਂ। ਮਾਯਾ ਨੇ ਇਹ ਸਭ ਕੁਝ ਅੱਖੀਂ ਦੇਖਿਆ ਸੀ। ਮਾਯਾ ਦੀਆਂ ਹਮਉਮਰ ਕੋਈ ਗਿਆਰਾਂ ਕੁੜੀਆਂ ਭਾਣੇ ਇਸ ਹਫੜਾ-ਦਫੜੀ ਤੇ ਉੱਜੜੇ - ਸੜ ਰਹੇ ਖਾਲੀ ਘਰਾਂ ਵਿਚ, ਲੁੱਟ-ਮਾਰ ਕਰਨ ਦੀ ਮੌਜ ਲੱਗ ਗਈ ਸੀ। ਉਹ ਕੋਠੇ ਟੱਪ ਕੇ ਘਰੀਂ ਜਾ ਵੜਦੀਆਂ ਤੇ ਜੋ ਕੁਝ ਹੱਥ ਲੱਗਦਾ, ਚੁੱਕ-ਚੁੱਕ ਆਪਣੇ ਘਰਾਂ ਨੂੰ ਲਿਜਾਂਦੀਆਂ ਰਹੀਆਂ। ਉਹਨੇ ਬੁਟਾਲੀਆ ਨੂੰ ਦੱਸਿਆ ਕਿ ਘਰੇਲੂ ਸਾਜ਼ੋ-ਸਾਮਾਨ, ਛੋਟੇ-ਵੱਡੇ ਭਾਂਡੇ, ਕੱਪੜਿਆਂ ਦੇ ਥਾਨ, ਰਜਾਈਆਂ, ਆਟਾ, ਦੇਸੀ ਘਿਉ, ਬਾਦਾਮ ਆਦਿ ਸਭ ਕੁਝ ਉਨ੍ਹਾਂ ਨੇ ਲੁੱਟਿਆ। "ਅਸੀਂ ਗਿਆਰਾਂ ਕੁੜੀਆਂ ਸਾਂ, ਅਸੀਂ ਸਾਰੀਆਂ ਨੇ ਲੁੱਟੇ ਮਾਲ ਨਾਲ ਆਪੋ-ਆਪਣਾ ਦਾਜ ਬਣਾ ਲਿਆ।" ਚਾਲ੍ਹੀ ਕੁ ਵਰ੍ਹੇ ਪਹਿਲਾਂ ਦੀ ਘਟਨਾ ਦਾ ਬਿਆਨ ਕਰਦਿਆਂ ਸਫਾਈ ਕਰਨ ਵਾਲੀ ਇਹ ਦਲਿਤ ਔਰਤ ਹੱਸ-ਹੱਸ ਗੱਲਾਂ ਦੱਸ ਰਹੀ ਸੀ।

ਬੁਟਾਲੀਆ ਨੇ ਪੁੱਛਿਆ, "ਤੁਹਾਨੂੰ ਡਰ ਨਹੀਂ ਸੀ ਲੱਗਿਆ?"

"ਨਾ, ਸਾਨੂੰ ਕੋਈ ਡਰ ਨਹੀਂ ਲੱਗਾ", ਮਾਯਾ ਨੇ ਸਹਿਜ ਸੁਭਾਅ ਜਵਾਬ ਦਿੱਤਾ, "ਹਰ ਕੋਈ ਸਾਨੂੰ ਡਰਾਉਂਦਾ ਸੀ। ਸਾਡੇ ਮਾਪਿਆਂ ਨੇ ਵੀ ਕਿਹਾ, ਤੁਹਾਨੂੰ ਕੋਈ ਜਾਨੋਂ ਮਾਰ ਦੇਵੇਗਾ ਪਰ ਸਾਡੇ ਮਨ ਵਿਚ ਸੀ ਕਿ ਸਾਨੂੰ ਕੀਹਨੇ ਮਾਰਨਾ? ਅਸੀਂ ਤਾਂ ਦਲਿਤ ਅਖਵਾਉਂਦੇ ਹਾਂ... ਸਾਨੂੰ ਕੋਈ ਨਹੀਂ ਲਿਜਾ ਸਕਦਾ... ਸਾਨੂੰ ਕੋਈ ਖਤਰਾ ਨਹੀਂ ਸੀ। ਅਸੀਂ ਤਾਂ ਦਲਿਤ ਸਾਂ। ਕਿਤੇ ਭਾਵੇਂ ਪਾਕਿਸਤਾਨ ਬਣੇ ਜਾਂ ਹਿੰਦੋਸਤਾਨ, ਸਾਨੂੰ ਕੋਈ ਫਰਕ ਨਹੀਂ ਸੀ ਪੈਂਦਾ।"

ਬੁਟਾਲੀਆ ਦੇ ਵਿਚਾਰ ਵਿਚ "ਮਾਯਾ ਤੇ ਉਹਦੇ ਮਾਪਿਆਂ ਨੂੰ ਇਹ ਬਿਲਕੁਲ ਸਹੀ ਜਾਪਦਾ ਸੀ ਕਿ ਉਹ ਦਲਿਤ ਸਨ, ਤੇ ਦਲਿਤ ਆਪਣੇ ਆਪ ਨੂੰ ਹਿੰਦੂ, ਇਸਾਈ ਜਾਂ ਇਹੋ-ਜਿਹਾ ਕੁਝ ਹੋਰ ਨਹੀਂ ਸੀ ਸਮਝਦੇ ਬਲਕਿ ਉਨ੍ਹਾਂ ਦੀ ਆਪਣੀ ਵੱਖਰੀ ਪਛਾਣ ਸੀ; ਕਿ ਸਮਾਜ ਦੀ ਮੁੱਖਧਾਰਾ ਵਿਚ ਉਨ੍ਹਾਂ ਦਾ ਨਜ਼ਰ ਨਾ ਆਉਣਾ ਇਸੇ ਗੱਲ 'ਤੇ ਟਿਕਿਆ ਸੀ ਕਿ ਉਹ ਹਿੰਦੂ ਸਮਾਜ ਦੀ ਜਾਤ-ਪਾਤ ਵਾਲੀ ਵਲਗਣ ਤੋਂ ਬਾਹਰ ਸਨ। ਵੰਡ ਵੇਲੇ ਦੇ ਤਸ਼ੱਦਦ ਵਿਚ ਦਲਿਤ ਲੋਕ ਲੋਪ ਸਨ।" ਬੁਟਾਲੀਆ ਮੁਤਾਬਿਕ ਇਹ ਹਾਲਤ ਤਾਂ "ਤਾਰੀਖ ਦਾ ਓਹਲਾ" ਬਣ ਗਈ ਸੀ, "ਕਿਉਂ ਜੋ ਤਾਰੀਖ ਦੇ ਲਿਖਣ ਵਿਚ ਵੀ ਇਹ ਲੋਕ ਤਕਰੀਬਨ ਓਹਲੇ (ਅਛੂਤ) ਹੀ ਰਹੇ।"

2013 ਵਿਚ ਛਪੀ ਇਸ਼ਤਿਆਕ ਅਹਿਮਦ ਦੀ ਪੰਜਾਬ ਦੀ ਵੰਡ ਬਾਰੇ ਕਿਤਾਬ ਵਿਚ ਵੀ ਇਹ ਵਾਜ਼ਿਆ ਕੀਤਾ ਗਿਆ ਕਿ ਉਸ ਵੱਡੇ ਪੈਮਾਨੇ ਦੇ ਘੱਲੂਘਾਰੇ, ਕਤਲੇਆਮ ਤੇ ਗੈਰ-ਮੁਸਲਮਾਨਾਂ ਨੂੰ ਬਾਹਰ ਕੱਢੇ ਜਾਣ ਵੇਲੇ "ਸਿਰਫ ਹਿੰਦੂ ਦਲਿਤ ਹੀ ਬਚ ਸਕੇ ਸਨ।"

ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ ਕਿ ਵੰਡ ਵੇਲੇ ਦੇ ਕਤਲੇਆਮ ਵਿਚ ਦਲਿਤ ਉਸ ਤਰ੍ਹਾਂ ਦੇ ਤਸ਼ੱਦਦ ਦਾ ਸ਼ਿਕਾਰ ਨਹੀਂ ਹੋਏ; ਜਿਵੇਂ ਹਿੰਦੂ, ਮੁਸਲਮਾਨ, ਸਿੱਖ ਸ਼ਿਕਾਰ ਹੋਏ ਸਨ। ਜਲੰਧਰ ਸ਼ਹਿਰ ਦੇ ਪਤਵੰਤੇ ਅੰਬੇਡਕਰੀ ਦਲਿਤ ਵਿਦਵਾਨ ਲਾਹੌਰੀ ਰਾਮ ਬਾਲੀ ਨੇ ਦੱਸਿਆ ਕਿ ਉਨ੍ਹਾਂ ਦੇ ਵਾਲਿਦ ਨੇ ਦੱਸਿਆ ਸੀ ਕਿ ਭਾਈਚਾਰੇ ਦੇ ਕੁਝ ਲੋਕਾਂ ਨੇ ਆਪਣੇ ਹੱਥ ਰੰਗ ਕੇ, ਰੰਗ ਵਾਲੀਆਂ ਬਾਲਟੀਆਂ ਚੁੱਕੀ ਰੱਖੀਆਂ ਤਾਂ ਕਿ ਸਭਨਾਂ ਨੂੰ ਪਤਾ ਰਹੇ ਕਿ ਇਹ ਤਾਂ ਚਮੜਾ ਰੰਗਣ ਵਾਲੇ ਭਾਈਚਾਰੇ ਦੇ ਹਨ ਅਤੇ ਉਹ ਕਤਲ ਕਰਦੇ ਫਿਰਦੇ ਟੋਲਿਆਂ ਹੱਥੋਂ ਬਚੇ ਰਹਿਣ।

ਉਸ ਤਸ਼ੱਦਦ ਵਿਚ ਦਲਿਤਾਂ ਦੇ ਕਾਫੀ ਹੱਦ ਤਕ ਬਚੇ ਰਹਿਣ ਵਾਲੀ ਗੱਲ ਦਰੁਸਤ ਹੈ ਪਰ ਇਹ ਉਸ ਵੇਲੇ ਦੀ ਅਸਲੀਅਤ ਦਾ ਸਿਰਫ ਇਕ ਪੱਖ ਹੈ। ਜਿਵੇਂ ਅਸੀਂ ਇਸ ਲੇਖ ਵਿਚ ਅੱਗੇ ਚੱਲ ਕੇ ਦੇਖਾਂਗੇ, ਦਲਿਤਾਂ ਨੂੰ ਜਿਹੜੀ ਤਸ਼ੱਦਦ ਤੋਂ ਬਚੇ ਰਹਿਣ ਵਾਲੀ ਖੁਸ਼ਫਹਿਮੀ ਸੀ; ਉਹ ਸਹੀ ਨਹੀਂ ਸੀ। ਪਾਕਿਸਤਾਨ ਵਿਚੋਂ ਜਬਰੀ ਬਾਹਰ ਧੱਕੇ ਜਾਣ ਦੀ ਬਜਾਇ ਵੱਡੇ ਪੈਮਾਨੇ 'ਤੇ ਉਨ੍ਹਾਂ ਨੂੰ ਜਬਰਨ ਮੁਸਲਮਾਨ ਬਣਾਉਣ ਦੀ ਮੁਹਿੰਮ ਚਲਾਈ ਸੀ; ਤਾਂ ਕਿ ਉਨ੍ਹਾਂ ਤੋਂ ਜਹਾਲਤ, ਜ਼ਿਲਤ ਤੇ ਜਿਸਮਾਨੀ ਕਸ਼ਟ ਸਹਿੰਦਿਆਂ - ਗੰਦਗੀ ਦੀ ਸਫਾਈ ਅਤੇ ਅਜਿਹੇ ਹੋਰ ਕੰਮ ਕਰਵਾਏ ਜਾ ਸਕਣ। ਬਾਅਦ ਵਿਚ ਉਨ੍ਹਾਂ ਦੀ ਵੱਡੀ ਗਿਣਤੀ ਦੇ ਨਿਕਾਸ ਤੋਂ ਬਾਅਦ ਸ਼ਰਨਾਰਥੀ ਕੈਂਪਾਂ ਵਿਚ ਜਾਤ-ਪਾਤ ਦੇ ਵਿਤਕਰੇ ਤੇ ਨਦਾਮਤ ਤੇ ਮੁੜ-ਵਸੇਬੇ ਵਿਚ ਉਨ੍ਹਾਂ ਨੂੰ ਅਛੂਤ ਬਣਾਈ ਰੱਖਣ ਦੀਆਂ ਨੀਤੀਆਂ ਰਾਹੀਂ ਉਨ੍ਹਾਂ ਦੇ ਬਚਾਉ ਵਾਲੀਆਂ ਉਮੀਦਾਂ ਭੈੜਾ ਮਜ਼ਾਕ ਸਾਬਿਤ ਹੋਈਆਂ ਪਰ ਇਹ ਸਭ ਕੁਝ ਉਸ ਵੰਡ ਦੇ ਬਿਆਨ ਅਤੇ ਸਾਹਿਤ ਵਿਚ ਅਣਡਿੱਠ ਹੀ ਰਿਹਾ।

### ਵੰਡ ਦਾ ਸਵਾਲ ਤੇ ਪੰਜਾਬ ਦੇ ਦਲਿਤਾਂ ਦੀਆਂ ਉਮੰਗਾਂ

ਭਾਰਤ ਦੇ ਦਲਿਤਾਂ ਵਿਚ ਕਿਸੇ ਖਾਸ ਧਰਮ ਨਾਲ ਲਗਾਉ ਦਾ ਕਾਫੀ ਦੇਰ ਤੋਂ ਸਾਫ ਪਤਾ ਨਹੀਂ। ਹਿੰਦੂ ਧਰਮ ਤੇ ਸਮਾਜ ਵਿਚ ਇਨ੍ਹਾਂ ਨੂੰ ਚਾਰ ਵਰਣਾਂ ਤੋਂ ਬਾਹਰ ਧੱਕੇ ਹੋਏ (ਆਊਟਕਾਸਟ), ਗੰਦੇ ਤੇ ਹੀਣੇ ਗਿਣਿਆ ਜਾਂਦਾ ਸੀ। ਦਲਿਤਾਂ ਨੂੰ ਭਿੱਟੇ, ਉੱਚ-ਜਾਤਾਂ ਤੋਂ ਬਿਲਕੁਲ ਵੱਖਰੇ ਅਤੇ ਦੂਰ ਰਹਿਣ ਵਾਲੇ ਮੰਨਿਆ ਜਾਂਦਾ ਸੀ। ਪੰਜਾਬ ਵਿਚ ਬ੍ਰਾਹਮਣਵਾਦ ਤੇ ਛੂਤ-ਛਾਤ ਦਾ ਅਸਰ ਦੂਜੇ ਸੂਬਿਆਂ ਦੇ ਮੁਕਾਬਲੇ ਕਾਫੀ ਘੱਟ ਸੀ। ਆਮ ਵਰਤਾਰਾ ਇਸ ਤਰ੍ਹਾਂ ਦਾ ਸੀ ਕਿ ਜਿਨ੍ਹਾਂ ਪਿੰਡਾਂ ਦੀ ਚੌਧਰ ਜ਼ਿਮੀਂਦਾਰ ਮੁਸਲਮਾਨਾਂ ਦੀ ਸੀ, ਉਨ੍ਹਾਂ ਪਿੰਡਾਂ ਵਿਚ ਦਲਿਤ ਕਾਮੇ ਮੁਸਲਮਾਨਾਂ ਵਾਲੇ ਸਭਿਆਚਾਰ ਵਿਚ ਢਲ ਜਾਂਦੇ ਸਨ ਤੇ ਹਿੰਦੂ ਜਾਂ ਸਿੱਖਾਂ ਦੀ ਅਕਸਰੀਅਤ ਤੇ ਚੌਧਰ ਵਾਲੇ ਪਿੰਡਾਂ ਵਿਚ ਉਨ੍ਹਾਂ ਵਰਗੇ ਰਸਮੋ-ਰਿਵਾਜ ਅਪਣਾ ਲੈਂਦੇ ਸਨ। ਆਰੀਆ ਸਮਾਜ ਦੇ ਸੁਧਾਰਵਾਦੀ ਵਲਵਲੇ ਹੇਠ ਛੂਤ-ਛਾਤ ਨੂੰ ਖਤਮ ਕਰਨ ਵਾਲੇ ਪ੍ਰੋਗਰਾਮਾਂ, ਦਲਿਤਾਂ ਲਈ ਤਾਲੀਮ ਤੇ ਸ਼ੁੱਧੀਕਰਨ ਦੇ ਯਤਨਾਂ ਨਾਲ ਇਨ੍ਹਾਂ ਦੀ ਕਾਫੀ ਗਿਣਤੀ ਦਾ ਹਿੰਦੂ ਸ਼ਨਾਖਤ ਵੱਲ ਰੁਝਾਨ ਬਣ ਗਿਆ ਸੀ ਪਰ ਜਦੋਂ ਮਾਨਟੈਗੂ-ਚੈਮਸਫੋਰਡ ਸੁਧਾਰਾਂ ਕਰਕੇ ਸਿਆਸੀ ਨੁਮਾਇੰਦਗੀ ਦੀ ਅਹਿਮੀਅਤ ਨਜ਼ਰ ਆਈ ਤਾਂ ਪੰਜਾਬ ਦੇ ਦਲਿਤਾਂ ਦੇ ਤਰੱਕੀਯਾਫਤਾ ਹਿੱਸੇ ਵਿਚ ਆਪਣੀ ਵੱਖਰੀ ਪਛਾਣ ਤੇ ਸਿਆਸੀ ਨੁਮਾਇੰਦਗੀ ਦੀ ਲਹਿਰ ਸ਼ੁਰੂ ਹੋ ਗਈ। 1926 ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਮੂਗੋਵਾਲ ਪਿੰਡ ਵਿਚ ਵੱਡੀ ਕਾਨਫਰੰਸ ਹੋਈ। ਇੱਥੇ ਇਨਕਲਾਬੀ ਫੈਸਲਾ ਕੀਤਾ ਗਿਆ ਕਿ ਦਲਿਤਾਂ ਦਾ ਵੱਖਰਾ ਧਰਮ 'ਆਦਿ-ਧਰਮ' ਬਣਾਇਆ ਜਾਵੇ। ਇਹ ਦਾਅਵਾ ਪੇਸ਼ ਕੀਤਾ ਗਿਆ ਕਿ ਦਲਿਤ ਵੱਖਰੀ 'ਕੌਮ' ਹਨ; ਉਸੇ ਤਰ੍ਹਾਂ ਜਿਵੇਂ ਹਿੰਦੂ, ਮੁਸਲਮਾਨ, ਸਿੱਖ ਖਾਸ 'ਕੌਮਾਂ' ਹਨ। ਪਾਸ ਕੀਤੇ ਮਤੇ ਵਿਚ ਸਾਫ ਐਲਾਨ ਕੀਤਾ ਗਿਆ:

"ਅਸੀਂ ਹਿੰਦੂ ਨਹੀਂ ਹਾਂ। ਅਸੀਂ ਸਰਕਾਰ ਨੂੰ ਪੁਰਜ਼ੋਰ ਦਰਖਾਸਤ ਕਰਦੇ ਹਾਂ ਕਿ ਸਾਨੂੰ ਹਿੰਦੂ ਨਾ ਸਮਝਿਆ ਜਾਵੇ। ਸਾਡਾ ਧਰਮ ਹਿੰਦੂ ਨਹੀਂ, ਆਦਿ-ਧਰਮ ਹੈ। ਅਸੀਂ ਹਿੰਦੂਆਂ ਦਾ ਹਿੱਸਾ ਨਹੀਂ ਹਾਂ ਤੇ ਹਿੰਦੂ ਸਾਡੇ ਵਿਚੋਂ ਨਹੀਂ ਹਨ। ਅਸੀਂ ਇਸ ਦੇਸ਼ ਦੇ ਆਦਿਵਾਸੀ ਹਾਂ ਤੇ ਸਾਡਾ ਧਰਮ ਆਦਿ-ਧਰਮ ਹੈ।"

ਇਸ ਤਨਜ਼ੀਮ ਦਾ ਲੀਡਰ ਬਾਬਾ ਮੰਗੂ ਰਾਮ ਸੀ। ਉਸ ਵੇਲੇ ਸਿਆਸੀ ਪਾਰਟੀਆਂ ਵਿਚ ਫਿਰਕਾਪ੍ਰਸਤੀ ਅਤੇ ਬਰਤਾਨਵੀ ਸਰਕਾਰ ਖਿਲਾਫ ਜੋਸ਼ ਵਧ ਰਿਹਾ ਸੀ। ਇਸ ਉਭਾਰ ਦੇ ਉਲਟ ਆਦਿ-ਧਰਮ ਮੰਡਲ ਨੇ ਅੰਗਰੇਜ਼ ਸਰਕਾਰ ਨਾਲ ਪੂਰੀ ਵਫਾਦਾਰੀ ਦਾ ਐਲਾਨ ਕੀਤਾ ਕਿ "ਅਸੀਂ ਹਮੇਸ਼ਾ ਹੀ ਵਫਾਦਾਰ ਸੀ, ਹਾਂ, ਤੇ ਅੱਗੇ ਨੂੰ ਵੀ ਰਹਾਂਗੇ।"



*ਵੰਡ ਵੇਲੇ ਫੌਸਟਿਨ ਐਲਮਰ ਚੌਧਰੀ ਦੀ ਖਿੱਚੀ ਤਸਵੀਰ। 'ਚਾਚਾ ਚੌਧਰੀ' ਵਜੋਂ ਜਾਣਿਆ ਜਾਂਦਾ ਫੋਟੋਗਰਾਫਰ ਫੌਸਟਿਨ ਐਲਮਰ ਚੌਧਰੀ ਦਲਿਤ ਸੀ।*

***ਅੰਬੇਡਕਰ ਨੇ ਇਹ ਵਿਚਾਰ ਨਹੀਂ ਸੀ ਕੀਤਾ ਕਿ ਇਸ ਤਰ੍ਹਾਂ ਦੀ ਵੰਡ ਵਿਚ ਦਲਿਤਾਂ ਦਾ ਪੱਖ ਅਤੇ ਹੋਣੀ ਕੀ ਹੋਵੇਗੀ। ਜਦੋਂ ਹਿੰਦੂ-ਮੁਸਲਮਾਨਾਂ ਦਾ ਧਰਮ ਦੇ ਹਿਸਾਬ ਲੋਕਾਂ ਦਾ ਤਬਾਦਲਾ ਹੋਵੇਗਾ ਤਾਂ ਉਨ੍ਹਾਂ ਵਿਚਲੇ ਦਲਿਤ ਲੋਕ ਕਿਹੜੇ ਪਾਸੇ ਦੇ ਹੋਣਗੇ। ਜਦੋਂ ਹਾਲਾਤ ਵਿਗੜ ਗਏ ਤੇ ਧਾਰਮਿਕ ਫਿਰਕਿਆਂ ਦੇ ਹਿਸਾਬ ਨਾਲ ਵੰਡ ਕੀਤੇ ਜਾਣ ਦਾ ਵੇਲਾ ਆ ਗਿਆ ਤਾਂ ਦਲਿਤ ਲੀਡਰਾਂ ਲਈ ਸੋਚਣਾ ਜ਼ਰੂਰੀ ਬਣ ਗਿਆ ਕਿ ਉਨ੍ਹਾਂ ਦਾ ਫੈਸਲਾ ਕੀ ਹੋਵੇ। ਅੰਬੇਡਕਰ ਦੀ ਸਿਆਸੀ ਜੱਦੋਜਹਿਦ ਦਾ ਕੇਂਦਰੀ ਮੁੱਦਾ ਇਹ ਸੀ ਕਿ ਦਲਿਤਾਂ ਨੂੰ ਮੁਸਲਮਾਨਾਂ ਤੇ ਇਸਾਈਆਂ ਵਾਂਗ ਇਕ ਅਕਲੀਅਤ (ਘੱਟਗਿਣਤੀ) ਧਿਰ ਮੰਨਿਆ ਜਾਵੇ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ।***

ਇਸ ਤੋਂ ਇਲਾਵਾ ਆਦਿ-ਧਰਮ ਮੰਡਲ ਦੀ ਰਿਪੋਰਟ 1926-1931 ਵਿਚ ਇਹ ਚਿਤਾਵਨੀ ਦਿੱਤੀ ਗਈ ਕਿ "ਜਦੋਂ ਤਕ ਦਲਿਤ ਦੂਜਿਆਂ ਦੇ ਬਰਾਬਰ ਤੇ ਆਜ਼ਾਦ ਨਹੀਂ ਹੋ ਜਾਂਦੇ, ਓਨਾ ਚਿਰ ਭਾਰਤ ਨੂੰ ਆਜ਼ਾਦੀ ਨਾ ਦਿੱਤੀ ਜਾਵੇ; ਨਹੀਂ ਤਾਂ ਬਰਤਾਨਵੀ ਰਾਜ ਲਈ ਇਹ ਬੇਇੱਜ਼ਤੀ ਵਾਲੀ ਗੱਲ ਹੋਵੇਗੀ।"

1929 ਵਿਚ ਆਦਿ-ਧਰਮ ਮੰਡਲ ਨੇ ਸਰਕਾਰ ਕੋਲੋਂ ਮੰਗ ਕੀਤੀ ਸੀ ਕਿ ਆਦਿ-ਧਰਮ ਨੂੰ ਅਲੱਗ ਧਰਮ ਮੰਨ ਲਿਆ ਜਾਵੇ ਤੇ ਆਉਣ ਵਾਲੀ 1931 ਦੀ ਮਰਦਮਸ਼ੁਮਾਰੀ ਵਿਚ ਦਲਿਤਾਂ ਨੂੰ ਖੁੱਲ੍ਹ ਦਿੱਤੀ ਜਾਵੇ ਕਿ ਆਪਣੇ ਆਪ ਨੂੰ ਆਦਿ-ਧਰਮ ਦੇ ਪੈਰੋਕਾਰ ਦੱਸ ਸਕਣ। ਉਨ੍ਹਾਂ ਦਾ ਸੁਝਾਅ ਮੰਨ ਲਿਆ ਗਿਆ ਤੇ ਇਸ ਮਰਦਮਸ਼ੁਮਾਰੀ ਵਿਚ 4 ਲੱਖ 18 ਹਜ਼ਾਰ 789 ਦਲਿਤ ਲੋਕਾਂ ਨੇ ਆਪਣੇ ਆਪ ਨੂੰ ਆਦਿਧਰਮੀ ਲਿਖਵਾਇਆ; ਹਿੰਦੂ ਜਾਂ ਸਿੱਖ ਨਹੀਂ। ਇਹ ਸਮਾਂ ਆਦਿ-ਧਰਮ ਦੀ ਵੱਖਰੀ ਪਛਾਣ ਤੇ ਹਠਧਰਮੀ ਦੀ ਚੜ੍ਹਤ ਦਾ ਸਿਖਰ ਸੀ। 1937 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਦਿਧਰਮ ਮੰਡਲ ਦੀ ਹਮਾਇਤ ਵਾਲੀਆਂ 8 ਰਾਖਵੀਆਂ ਸੀਟਾਂ ਵਿਚੋਂ 7 ਉਮੀਦਵਾਰ ਕਾਮਯਾਬ ਹੋ ਗਏ ਸਨ। ਪੰਜਾਬ ਦੀ ਯੂਨੀਅਨਿਸਟ ਪਾਰਟੀ ਦੀ ਸਰਕਾਰ ਮੁਸਲਿਮ ਲੀਗ ਦੀ ਪਾਕਿਸਤਾਨ ਵਾਲੀ ਮੰਗ ਦੇ ਖਿਲਾਫ ਸੀ ਤੇ ਮੰਗੂ ਰਾਮ ਇਸ ਪਾਰਟੀ ਦੇ ਨਾਲ ਖਲੋਤਾ ਸੀ।

### ਵੰਡ ਬਾਰੇ ਅੰਬੇਡਕਰ ਦੇ ਵਿਚਾਰ ਤੇ ਦਲਿਤਾਂ ਦੀ ਦੁਚਿੱਤੀ

ਦਲਿਤਾਂ ਦਾ ਸਿਰਕੱਢ ਨੇਤਾ ਬੀ.ਆਰ. ਅੰਬੇਡਕਰ ਉਨ੍ਹਾਂ ਮੁੱਢਲੇ ਨੇਤਾਵਾਂ ਵਿਚੋਂ ਸੀ ਜਿਨ੍ਹਾਂ ਨੇ ਪਾਕਿਸਤਾਨ ਦਾ ਸਵਾਲ ਬਹੁਤ ਸੰਜੀਦਗੀ ਨਾਲ ਵਿਚਾਰਿਆ ਸੀ। ਮੁਸਲਿਮ ਲੀਗ ਨੇ 23 ਮਾਰਚ 1940 ਨੂੰ ਲਾਹੌਰ ਵਿਚ ਪਾਕਿਸਤਾਨ ਦੀ ਮੰਗ ਦਾ ਮਤਾ ਪਾਸ ਕੀਤਾ ਤੇ ਅੰਬੇਡਕਰ ਦੀ ਇੰਡੀਅਨ ਲੇਬਰ ਪਾਰਟੀ ਦੀ ਐਗਜ਼ੈਕਟਿਵ ਨੇ ਇਕਦਮ ਫੈਸਲਾ ਕੀਤਾ ਕਿ ਇਸ ਮਾਮਲੇ ਵਿਚ ਦਲਿਤਾਂ ਦੀ ਧਿਰ ਦਾ ਰਵੱਈਆ ਕੀ ਹੋਵੇ, ਇਸ ਬਾਰੇ ਸੋਚ ਸਮਝ ਕੇ ਫੈਸਲਾ ਕੀਤਾ ਜਾਵੇ। ਅੰਬੇਡਕਰ ਨੇ ਜ਼ਿੰਮੇਵਾਰੀ ਚੁੱਕੀ ਤੇ ਦਸੰਬਰ 1940 ਦੇ ਅਖੀਰ ਵਿਚ 'ਥੌਟਸ ਔਨ ਪਾਕਿਸਤਾਨ' (ਪਾਕਿਸਤਾਨ ਬਾਰੇ ਵਿਚਾਰ) ਨਾਂ ਦੀ 380 ਸਫਿਆਂ ਦੀ ਕਿਤਾਬ ਤਿਆਰ ਕਰ ਦਿੱਤੀ। ਮੁਸਲਿਮ ਲੀਗ ਦੀਆਂ ਦਲੀਲਾਂ ਤੇ ਹਿੰਦੂਆਂ ਦੇ ਇਤਰਾਜ਼ਾਂ ਬਾਰੇ ਗਹਿਰਾਈ ਨਾਲ ਵਿਚਾਰ ਕਰਦਿਆਂ ਤੇ ਸਮੱਸਿਆ ਦੇ ਵੱਖ-ਵੱਖ ਮੁਮਕਿਨ ਹੱਲਾਂ ਦੀ ਨਿਰਪੱਖ ਢੰਗ ਨਾਲ ਘੋਖ ਕਰਦਿਆਂ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦਾ ਬਣਾਇਆ ਜਾਣਾ ਲਾਜ਼ਮੀ ਹੈ। "ਭਾਰਤ ਇਕ ਨੇਸ਼ਨ ਨਹੀਂ ਹੈ। ਇਸ ਵਿਚ ਦੋ ਕੌਮਾਂ ਹਨ, ਤੇ ਦੋਵਾਂ ਵਿਚ ਆਪਸੀ ਸਮਝੌਤੇ ਦੇ ਇਮਕਾਨ ਨਾ ਹੋਣ ਕਾਰਨ ਵੰਡ ਰਾਹੀਂ ਪਾਕਿਸਤਾਨ ਇਕ ਵੱਖਰਾ ਮੁਲਕ ਬਣਾਇਆ ਜਾਣਾ ਦੋਵਾਂ ਕੌਮਾਂ ਦੇ ਹਿਤ ਵਿਚ ਹੋਵੇਗਾ।" ਅੰਬੇਡਕਰ ਨੂੰ ਇਸ ਗੱਲ ਦਾ ਫਖਰ ਸੀ ਕਿ ਉਹ ਅਸਲ ਵਿਚ 'ਪਾਕਿਸਤਾਨ ਦਾ ਫਿਲਾਸਫਰ' ਬਣ ਗਿਆ ਸੀ। ਉਹਦਾ ਵਿਚਾਰ ਸੀ ਕਿ "ਇਹ ਮੇਰੀ ਕਿਤਾਬ ਹੀ ਸੀ ਜਿਹਨੇ ਜਿਨਾਹ ਨੂੰ ਪਾਕਿਸਤਾਨ ਦੀ ਮੰਗ ਬਾਰੇ ਵਿਚਾਰ ਤੇ ਨੁਕਤੇ ਸੁਝਾਏ ਸਨ।"

ਹੈਰਾਨੀ ਵਾਲੀ ਗੱਲ ਇਹ ਹੈ ਕਿ ਅੰਬੇਡਕਰ ਨੇ ਇਹ ਵਿਚਾਰ ਨਹੀਂ ਸੀ ਕੀਤਾ ਕਿ ਇਸ ਤਰ੍ਹਾਂ ਦੀ ਵੰਡ ਵਿਚ ਦਲਿਤਾਂ ਦਾ ਪੱਖ ਅਤੇ ਹੋਣੀ ਕੀ ਹੋਵੇਗੀ। ਉਹ ਕਿੱਧਰ ਦੇ ਸਨ? ਜਦੋਂ ਹਿੰਦੂ-ਮੁਸਲਮਾਨਾਂ ਦਾ ਧਰਮ ਦੇ ਹਿਸਾਬ ਲੋਕਾਂ ਦਾ ਤਬਾਦਲਾ ਹੋਵੇਗਾ ਤਾਂ ਉਨ੍ਹਾਂ ਵਿਚਲੇ ਦਲਿਤ ਲੋਕ ਕਿਹੜੇ ਪਾਸੇ ਦੇ ਹੋਣਗੇ। ਜਦੋਂ ਹਾਲਾਤ ਕਾਫੀ ਵਿਗੜ ਗਏ ਤੇ ਧਾਰਮਿਕ ਫਿਰਕਿਆਂ ਦੇ ਹਿਸਾਬ ਨਾਲ ਵੰਡ ਕੀਤੇ ਜਾਣ ਦਾ ਵੇਲਾ ਆ ਗਿਆ ਤਾਂ ਦਲਿਤ ਲੀਡਰ ਤੇ ਜਥੇਬੰਦੀਆਂ ਲਈ ਸੋਚਣਾ ਜ਼ਰੂਰੀ ਬਣ ਗਿਆ ਕਿ ਉਨ੍ਹਾਂ ਦਾ ਫੈਸਲਾ ਕੀ ਹੋਵੇ। ਅੰਬੇਡਕਰ ਦੀ ਸਿਆਸੀ ਜੱਦੋਜਹਿਦ ਦਾ ਕੇਂਦਰੀ ਮੁੱਦਾ ਇਹ ਸੀ ਕਿ ਦਲਿਤਾਂ ਨੂੰ ਮੁਸਲਮਾਨਾਂ ਤੇ ਇਸਾਈਆਂ ਵਾਂਗ ਇਕ ਅਕਲੀਅਤ (ਘੱਟਗਿਣਤੀ) ਧਿਰ ਮੰਨਿਆ ਜਾਵੇ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਸਿਆਸੀ ਲੇਖਾ-ਜੋਖਾ ਕਰਦਿਆਂ ਉਨ੍ਹਾਂ ਨੂੰ ਮੁਸਲਿਮ ਘੱਟਗਿਣਤੀ ਨਾਲ ਗੱਠਜੋੜ ਕਰਨਾ ਮੁਨਾਸਿਬ ਲੱਗਦਾ ਸੀ। 1931 ਦੀ ਗੋਲ ਮੇਜ਼ ਕਾਨਫਰੰਸ ਵੇਲੇ ਵੀ ਉਨ੍ਹਾਂ ਨੇ ਦੂਜੇ ਘੱਟਗਿਣਤੀ ਭਾਈਚਾਰਿਆਂ ਨਾਲ ਮਿਲ ਕੇ 'ਘੱਟਗਿਣਤੀ ਇਕਰਾਰਨਾਮਾ' ਤਿਆਰ ਕੀਤਾ ਸੀ। ਉਸੇ ਆਧਾਰ 'ਤੇ 1932 ਦਾ 'ਕਮਿਊਨਲ ਐਵਾਰਡ' ਦਿੱਤਾ ਗਿਆ ਸੀ ਜਿਹਦਾ ਮਹਾਤਮਾ ਗਾਂਧੀ ਨੇ ਵਿਰੋਧ ਕੀਤਾ ਸੀ ਤੇ ਅੰਤ ਵਿਚ ਪੂਨਾ ਸਮਝੌਤਾ ਕਰਨਾ ਪਿਆ ਸੀ। ਅੰਬੇਡਕਰ ਦੀ ਪੱਕੀ ਧਾਰਨਾ ਬਣ ਗਈ ਸੀ ਕਿ ਹਿੰਦੂ ਸਮਾਜ ਵਿਚ ਦਲਿਤਾਂ ਨੂੰ ਇਨਸਾਫ ਜਾਂ ਇੱਜ਼ਤ ਮਿਲਣ ਦਾ ਕੋਈ ਇਮਕਾਨ ਨਹੀਂ। ਇਸੇ ਲਈ 1935 ਵਿਚ ਅੰਬੇਡਕਰ ਨੇ ਐਲਾਨ ਕੀਤਾ ਕਿ ਉਹਦਾ ਜਨਮ ਤਾਂ ਹਿੰਦੂ ਸਮਾਜ ਵਿਚ ਹੋਇਆ ਪਰ ਮੌਤ ਤੋਂ ਪਹਿਲਾਂ ਇਸ ਧਰਮ ਤੋਂ ਬਾਹਰ ਹੋ ਜਾਣਗੇ। ਉਨ੍ਹਾਂ ਦਾ ਵੱਡਾ ਤੌਖਲਾ ਇਹ ਸੀ ਕਿ ਸਵਰਾਜ ਜਾਂ ਆਜ਼ਾਦੀ ਤੋਂ ਬਾਅਦ ਬਹੁਮਤ ਦੀ ਧੌਂਸ ਅਤੇ ਦਬਾਉ ਵਾਲੇ ਮਾਹੌਲ ਵਿਚ ਦਲਿਤਾਂ ਦੇ ਭਾਗ ਬਹੁਤ ਮਾੜੇ ਹੋਣਗੇ (ਦਲਿਤ ਅੱਜ ਸੋਚਦੇ ਹੋਣਗੇ ਕਿ ਅੰਬੇਡਕਰ ਦਾ ਡਰ ਅਤੇ ਫਿਕਰ ਕਿੰਨਾ ਸੱਚਾ ਸੀ)। ਇਸ ਡਰ ਕਾਰਨ ਅੰਬੇਡਕਰ ਦਾ ਝੁਕਾਅ ਕੁਝ-ਕੁਝ ਜਿਨਾਹ ਦੀ ਮੁਸਲੀਮ ਲੀਗ ਵੱਲ ਹੋ ਗਿਆ। ਬੰਗਾਲ ਸੂਬੇ ਵਿਚ ਤਾਂ ਅੰਬੇਡਕਰ ਦੀ ਕੁਲ ਹਿੰਦ ਸ਼ੈਡਿਊਲਡ ਕਾਸਟ ਫੈਡਰੇਸ਼ਨ ਨੇ ਮੁਸਲਿਮ ਲੀਗ ਨਾਲ ਸਿੱਧਾ ਸਮਝੌਤਾ ਕਰ ਲਿਆ ਸੀ ਪਰ ਜਦੋਂ ਕੈਬਨਿਟ ਮਿਸ਼ਨ ਪਲੈਨ ਦਾ ਐਲਾਨ ਹੋਇਆ ਤਾਂ ਇਸ ਪਲੈਨ ਦਾ ਜ਼ੋਰਦਾਰ ਵਿਰੋਧ ਕਰਦਿਆਂ ਮਤਾ ਪਾਸ ਕੀਤਾ ਗਿਆ ਸੀ ਕਿ "ਅਨੁਸੂਚਿਤ ਜਾਤੀਆਂ ਨੂੰ ਕੋਈ ਆਈਨ ਮਨਜ਼ੂਰ ਨਹੀਂ ਹੋਏਗਾ, ਜਦੋਂ ਤਕ ਇਹ ਮੰਨ ਨਾ ਲਿਆ ਜਾਵੇ ਕਿ ਅਨੁਸੂਚਿਤ ਜਾਤੀਆਂ, ਹਿੰਦੂ ਸਮਾਜ ਤੋਂ ਵੱਖਰੀ ਖਾਸ ਪਛਾਣ ਵਾਲੀ, ਭਾਰਤ ਦੇ ਕੌਮੀ ਜੀਵਨ ਦੀ ਅਹਿਮ ਧਿਰ ਹੈ।"

1946 ਦੀਆਂ ਚੋਣਾਂ ਤੋਂ ਬਾਅਦ ਏ.ਆਈ.ਐਸ.ਐਫ. ਦੀ ਸਿਆਸੀ ਤਾਕਤ ਘਟ ਗਈ ਸੀ। ਜਿਸ ਵੇਲੇ ਭਾਰਤ ਦੀ ਤਕਸੀਮ ਹੋਣੀ ਤੈਅ ਹੋ ਗਈ, ਤਦ ਅੰਬੇਡਕਰ ਤੇ ਉਹਦੀ ਪਾਰਟੀ ਲਈ ਵੱਡਾ ਮਸਲਾ ਬਣ ਗਿਆ। ਉਹਦੇ ਵਿਚਾਰ ਵਿਚ ਮੁੱਖ ਮੁੱਦਾ ਅਨੁਸੂਚਿਤ ਜਾਤੀਆਂ ਦੀ ਸਿਆਸੀ ਤਾਕਤ ਦਾ ਸੀ - ਜੇ ਤਾਕਤ ਵਿਚ ਹਿੱਸਾ ਹੋਵੇ, ਤਦ ਹੀ ਇਨ੍ਹਾਂ ਦੇ ਸਮਾਜੀ-ਸਕਾਫਤੀ ਰੁਤਬੇ ਦੀ

*(ਬਾਕੀ ਅਗਲੇ ਸਫੇ 'ਤੇ)*

ਉਮੀਦ ਹੋ ਸਕਦੀ ਸੀ। ਅੰਬੇਡਕਰ ਨੂੰ ਹਿੰਦੂ ਲੀਡਰਾਂ ਤੇ ਕਾਂਗਰਸ ਪਾਰਟੀ ਦਾ ਰਤਾ ਯਕੀਨ ਨਹੀਂ ਸੀ। ਜਿਨਾਹ ਨੇ ਐਸੀ ਉਮੀਦ ਦੀ ਕਿਰਨ ਦਿਖਾਈ ਸੀ ਕਿ ਪਾਕਿਸਤਾਨ ਵਿਚ ਦਲਿਤ ਲੋਕਾਂ ਨਾਲ ਬਿਹਤਰ ਸਲੂਕ ਕੀਤਾ ਜਾਵੇਗਾ। ਅੰਬੇਡਕਰ ਨੂੰ ਲੀਗ ਉਤੇ ਵੀ ਯਕੀਨ ਨਹੀਂ ਸੀ ਪਰ ਤਾਂ ਵੀ ਇੰਜ ਜਾਪਦਾ ਸੀ ਕਿ ਸ਼ਾਇਦ ਮੁਸਲਮਾਨਾਂ ਦਾ ਦਲਿਤਾਂ ਵੱਲ ਰਵੱਈਆ ਹਿੰਦੂਆਂ ਨਾਲੋਂ ਚੰਗਾ ਰਹੇ। ਇਸ ਦੁਚਿੱਤੀ ਦੀ ਹਾਲਤ ਵਿਚ ਯੂ.ਪੀ. ਦੀ ਏ.ਆਈ.ਐਸ.ਐਫ ਨੇ ਵੀ ਬੰਗਾਲ ਪਾਰਟੀ ਸ਼ਾਖਾ ਵਾਂਗ ਲੀਗ ਨਾਲ ਗੱਠਜੋੜ ਕਰ ਲਿਆ ਪਰ ਸੰਸੇ ਬਣੇ ਰਹੇ। ਉਹਨੇ 2 ਜੂਨ 1947 ਦੀ ਜੋਗੇਂਦਰਨਾਥ ਮੰਡਲ ਨੂੰ ਲਿਖੀ ਚਿੱਠੀ ਵਿਚ ਆਪਣੇ ਖਦਸ਼ੇ ਦੀ ਗੱਲ ਫੇਰ ਦੁਹਰਾਈ: "ਅਨੁਸੂਚਿਤ ਜਾਤੀਆਂ ਦਰਅਸਲ ਇਸ ਤਕਸੀਮ ਦੇ ਸਵਾਲ ਦਾ ਕੋਈ ਠੋਸ ਹੱਲ ਨਹੀਂ ਕਰ ਸਕਦੀਆਂ। ਨਾ ਤਾਂ ਉਹ ਇਸ ਤਕਸੀਮ ਲਈ ਜ਼ੋਰ ਪਾ ਸਕਦੀਆਂ ਹਨ ਤੇ ਨਾ ਹੀ ਇਹਨੂੰ ਰੋਕ ਸਕਦੀਆਂ ਹਨ...। ਅਨੁਸੂਚਿਤ ਜਾਤੀਆਂ ਲਈ ਇੱਕੋ-ਇਕ ਰਸਤਾ ਇਹ ਹੈ ਕਿ ਉਨ੍ਹਾਂ ਦੇ ਹਿੱਤਾਂ ਲਈ ਜੂਝਿਆ ਜਾਵੇ। ... ਮੇਰਾ ਖਿਆਲ ਇਹ ਹੈ ਕਿ ਮੁਸਲਮਾਨ ਅਨੁਸੂਚਿਤ ਜਾਤੀਆਂ ਦੇ ਹਿੰਦੂਆਂ ਨਾਲੋਂ ਵੱਡੇ ਦੋਸਤ ਨਹੀਂ ਹਨ ਪਰ ਤਾਂ ਵੀ ਉਹ ਅਨੁਸੂਚਿਤ ਜਾਤੀਆਂ ਲਈ ਵੱਖਰੇ ਚੋਣ ਹਲਕੇ ਬਣਾਉਣ ਲਈ ਰਾਜ਼ੀ ਹੋ ਜਾਣਗੇ, ਕਿਉਂ ਜੋ ਉਹ ਆਪ ਵੀ ਆਪਣੀ ਘੱਟਗਿਣਤੀ ਲਈ ਵੱਖਰੇ ਚੋਣ ਹਲਕੇ ਚਾਹੁੰਦੇ ਹਨ।"

ਪਰ ਅਨੁਸੂਚਿਤ ਜਾਤੀਆਂ ਦੀ ਦੂਜੀ ਤਨਜ਼ੀਮ ਜਗਜੀਵਨ ਰਾਮ ਵਾਲੀ ਡੀਪ੍ਰੈੱਸਡ ਕਲਾਸਿਜ਼ ਲੀਗ, ਮੁਸਲਿਮ ਲੀਗ ਦੇ ਖਿਲਾਫ ਕਾਂਗਰਸ ਪਾਰਟੀ ਨਾਲ ਜੁੜੀ ਹੋਈ ਸੀ।

### ਅਛੂਤਸਤਾਨ ਦਾ ਮੋਰਚਾ

ਪੰਜਾਬ ਵਾਲੀ ਅਨੁਸੂਚਿਤ ਜਾਤੀਆਂ ਦੀ ਫੈਡਰੇਸ਼ਨ ਦੀ ਸ਼ਾਖਾ ਨੇ ਵੀ ਪੰਜਾਬ ਦੀ ਵੰਡ ਦੇ ਸਵਾਲ 'ਤੇ ਕਾਂਗਰਸ ਪਾਰਟੀ ਦਾ ਸਾਥ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਇਸੇ ਅਨੁਸੂਚਿਤ ਜਾਤੀਆਂ ਦੀ ਫੈਡਰੇਸ਼ਨ ਦੇ ਸਰਕਰਦਾ ਨੇਤਾ ਐਨ. ਰਾਜਭੋਜ ਨੇ ਦਲਿਤ ਲੋਕਾਂ ਲਈ ਵੱਖਰੇ ਅਛੂਤਸਤਾਨ ਦੀ ਮੰਗ ਪੇਸ਼ ਕਰ ਦਿੱਤੀ। ਉਹਦੀ ਦਲੀਲ ਇਹ ਸੀ:

"ਅਨੁਸੂਚਿਤ ਜਾਤੀਆਂ ਦੀ ਹਿੰਦੂ (ਉੱਚ) ਜਾਤੀਆਂ ਨਾਲ ਕੋਈ ਸਾਂਝ ਨਹੀਂ ਹੈ; ਤੇ ਦੂਜੇ ਪਾਸੇ ਸਿੱਖ ਵੀ ਅਸਲ ਵਿਚ ਹਿੰਦੂਆਂ ਦੇ ਹੀ ਨਹੁੰ-ਮਾਸ ਹਨ। ਅਨੁਸੂਚਿਤ ਜਾਤੀਆਂ ਦੀ ਸੰਖਿਆ, ਮਜ਼ਬੀ ਸਿੱਖਾਂ ਨੂੰ ਮਿਲਾ ਕੇ, ਸਿੱਖਾਂ ਦੀ ਗਿਣਤੀ ਦੇ ਬਰਾਬਰ ਹੈ। ਇਸ ਲਈ ਜੇ ਪੰਜਾਬ ਦੀ ਵੰਡ ਕਰਨੀ ਹੋਵੇ ਤਾਂ ਇਹ ਤਿੰਨ ਹਿੱਸਿਆਂ ਵਿਚ ਹੋਣੀ ਚਾਹੀਦੀ ਹੈ - ਯਾਨੀ ਮੁਸਲਿਮ ਪੰਜਾਬ, ਸਿੱਖ-ਹਿੰਦੂ ਪੰਜਾਬ ਤੇ ਅਨੁਸੂਚਿਤ ਜਾਤੀਆਂ ਦਾ ਪੰਜਾਬ।"

ਨਵੰਬਰ 1946 ਤੱਕ ਅਨੁਸੂਚਿਤ ਜਾਤੀਆਂ ਦੇ ਕੁਝ ਲੋਕਾਂ ਨੇ ਕੁਲ-ਹਿੰਦ ਅਛੂਤਸਤਾਨ ਮੋਰਚਾ ਲਾ ਦਿੱਤਾ। ਪੰਜਾਬ ਦੇ ਬਰਤਾਨਵੀ ਗਵਰਨਰ ਨੂੰ ਲਿਖੀ ਲੰਮੀ ਚਿੱਠੀ ਰਾਹੀਂ ਇਸ ਤਹਿਰੀਕ ਦੇ ਬਾਨੀ ਬੀਆਹ ਲਾਲ ਨੇ ਦਲੀਲ ਪੇਸ਼ ਕੀਤੀ ਕਿ ਕਿਉਂਕਿ ਅਨੁਸੂਚਿਤ ਜਾਤੀਆਂ ਨਾ ਤਾਂ ਹਿੰਦੂ ਹਨ ਤੇ ਨਾ ਹੀ ਮੁਸਲਮਾਨ, ਤੇ ਕਿਉਂ ਜੋ ਉਹ ਪਹਿਲਾਂ ਹੀ ਪੀੜਤ ਹਨ, ਇਸ ਲਈ ਤਕਸੀਮ ਕੀਤੇ ਪੰਜਾਬ ਵਿਚ ਕਿਸੇ ਹੋਰ ਇਕ ਧਰਮ ਦੀ ਨਿਰੋਲ ਬਹੁਗਿਣਤੀ ਦੇ ਰਾਜ ਅਧੀਨ ਹੋਣ ਨਾਲੋਂ ਉਹ ਤਾਂ ਮੌਤ ਨੂੰ ਤਰਜੀਹ ਦੇਣਗੇ। ਇਹ ਵੱਖਰੀ ਗੱਲ ਹੈ ਕਿ ਕਿਸੇ ਵੀ ਧਿਰ ਨੇ ਇਸ ਗੈਰ-ਮੁਨਾਸਿਬ ਦਾਅਵੇ ਵੱਲ ਧਿਆਨ ਨਹੀਂ ਦਿੱਤਾ।

### ਅਨੁਸੂਚਿਤ ਜਾਤੀਆਂ ਦੀ ਤਕਦੀਰ ਬਾਰੇ ਦੂਜੀਆਂ ਧਿਰਾਂ ਦਾ ਰਵੱਈਆ

ਆਰੀਆ ਸਮਾਜ ਤੇ ਹਿੰਦੂ ਮਹਾਸਭਾ ਜਿਹੀਆਂ ਹਿੰਦੂ ਜਥੇਬੰਦੀਆਂ ਨੂੰ ਅਨੁਸੂਚਿਤ ਜਾਤੀਆਂ ਜਾਂ ਦਲਿਤ ਨੇਤਾਵਾਂ ਦੇ ਮੁਸਲਿਮ ਲੀਗ ਵੱਲ ਝੁਕਾਅ ਕਾਰਨ ਤੇ ਉਨ੍ਹਾਂ ਦੀਆਂ ਸਿਆਸੀ ਸਰਗਰਮੀਆਂ ਬਾਰੇ ਤਸ਼ਵੀਸ਼ ਪੈਦਾ ਹੋ ਰਹੀ ਸੀ। ਇਸ ਲਈ ਉਨ੍ਹਾਂ ਨੇ ਦਲਿਤਾਂ ਨੂੰ ਆਪਣੇ ਵੱਲ ਮੋੜਨ ਲਈ ਮੰਦਿਰਾਂ ਅਤੇ ਪਿੰਡਾਂ ਦੇ ਪਾਣੀ ਦੇ ਖੂਹਾਂ ਨੂੰ ਉਨ੍ਹਾਂ ਲਈ ਖੋਲ੍ਹਣਾ ਸ਼ੁਰੂ ਕਰ ਦਿੱਤਾ ਤੇ ਖਾਸ ਮੌਕਿਆਂ ਵਿਚ ਉਨ੍ਹਾਂ ਨੂੰ ਸੱਦਾ ਵੀ ਦੇਣ ਲੱਗ ਪਏ। ਉਨ੍ਹਾਂ ਨੂੰ ਆਪਣੀ ਕੁੱਲ ਗਿਣਤੀ ਵਿਚ ਸ਼ਾਮਿਲ ਕਰਨ ਲਈ ਕਾਂਗਰਸ ਤੇ ਲੀਗ, ਦੋਵਾਂ ਨੇ ਕਈ ਤਰ੍ਹਾਂ ਦੇ ਢੰਗ-ਤਰੀਕੇ ਵਰਤਣੇ ਸ਼ੁਰੂ ਕੀਤੇ। ਧਰਮ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਦਲਿਤ ਲੀਡਰਾਂ ਨੇ ਪੰਜਾਬ ਦੇ ਗਵਰਨਰ ਨੂੰ ਲਿਖਤੀ ਸ਼ਿਕਾਇਤ ਕੀਤੀ ਕਿ ਮੁਸਲਿਮ, ਸਿੱਖ, ਇਸਾਈ ਧਰਮ ਪ੍ਰਚਾਰਕਾਂ ਨੇ ਅਨੁਸੂਚਿਤ ਜਾਤੀਆਂ ਵਿਚ ਧਰਮ-ਬਦਲੀ ਦੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਤਾਂ ਕਿ ਨਿਰੋਲ ਸਿਆਸੀ ਮਕਸਦ ਲਈ ਆਪੋ-ਆਪਣੀ ਗਿਣਤੀ ਵਧਾ ਸਕਣ।

ਇਹ ਜਾਣਨਾ ਦਿਲਚਸਪ ਹੈ ਕਿ ਇਕ ਧਿਰ ਨੇ ਦੂਜੀ ਧਿਰ ਦੀ ਆਬਾਦੀ ਨੂੰ ਘਟਾ ਕੇ ਪੇਸ਼ ਕਰਨ ਲਈ ਉਸ ਵਿਚੋਂ ਦਲਿਤਾਂ ਦੀ ਗਿਣਤੀ ਨੂੰ ਬਾਹਰ ਕੱਢ ਕੇ, ਪਰ ਆਪਣੀ ਗਿਣਤੀ ਵਿਚ ਸ਼ਾਮਿਲ ਕਰਨ ਦੀਆਂ ਹਾਸੋਹੀਣੀਆਂ ਹਰਕਤਾਂ ਕੀਤੀਆਂ। ਇਸ ਹਵਾਲੇ ਨਾਲ ਪਾੱਲ ਬਰਾਸ ਨੇ ਪੰਜਾਬ ਬਾਊਂਡਰੀ ਕਮਿਸ਼ਨ ਸਾਹਮਣੇ ਸਿੱਖਾਂ ਦੇ ਨੁਮਾਇੰਦੇ ਹਰਨਾਮ ਸਿੰਘ ਦੀ ਪੇਸ਼ ਕੀਤੀ ਦਲੀਲ ਵੱਲ ਧਿਆਨ ਦਿਵਾਇਆ। ਸਿੱਖ ਭਾਈਚਾਰੇ ਦਾ ਇਹ ਦਾਅਵਾ ਕਿ ਕੇਂਦਰੀ ਪੰਜਾਬ ਜ਼ਿਲ੍ਹਿਆਂ ਦੀ ਹੱਦਬੰਦੀ ਕਰ ਕੇ ਸਿੱਖ ਹੋਮਲੈਂਡ ਬਣਾਇਆ ਜਾ ਸਕਦਾ ਹੈ, ਹਰਨਾਮ ਸਿੰਘ ਨੇ ਕਿਹਾ ਕਿ ਸਿੱਖ 'ਧਰਤੀ ਦੇ ਅਸਲ ਸਪੂਤ' ਅਰਥਾਤ ਮਾਲਿਕ ਕਿਸਾਨ (ਜੱਟ) ਹਨ। ਦੂਜੇ ਪਾਸੇ, ਮੁਸਲਮਾਨਾਂ ਵਿਚੋਂ ਬਹੁਤੇ ਤਾਂ ਫਕੀਰ, ਮੰਗਤੇ, ਤੇਲੀ, ਗਾ ਕੇ ਮੰਗਣ ਵਾਲੇ, ਨਾਈ, ਲੁਹਾਰ, ਧੋਬੀ, ਮਾਲੀ, ਕਸਾਈ ਤੇ ਮਰਾਸੀ ਹਨ। ਇਹ ਐਸੇ ਲੋਕ ਹਨ ਜਿਨ੍ਹਾਂ ਨੂੰ ਸੈਟਲਮੈਂਟ ਰਿਪੋਰਟਾਂ ਵਿਚ ਬੇਜ਼ਮੀਨੇ ਤੇ ਕੰਮੀ ਕਿਹਾ ਗਿਆ ਹੈ।" ਬਰਾਸ ਨੇ ਇਸ ਗੱਲ ਵੱਲ ਖਾਸ ਧਿਆਨ ਦਿਵਾਇਆ ਕਿ ਜਿੱਥੇ ਸਿੱਖ ਨੁਮਾਇੰਦਾ ਮਜ਼੍ਹਬੀਆਂ (ਤੇ ਨੀਵੀਂ ਸ਼੍ਰੇਣੀ ਦੇ ਸਮਝੇ ਜਾਂਦੇ ਹੋਰ ਸਿੱਖਾਂ) ਨੂੰ ਆਪਣੀ ਵੱਸੋਂ ਦੇ ਕੁੱਲ ਜੋੜ ਵਿਚ ਸ਼ਾਮਿਲ ਕਰਦਾ ਸੀ, ਉੱਥੇ ਉਨ੍ਹਾਂ ਦੀ ਦਲੀਲ ਇਹ ਸੀ ਕਿ ਉਪਰੋਕਤ ਜਾਤੀਆਂ ਦੇ ਲੋਕਾਂ ਨੂੰ ਮੁਸਲਿਮ ਭਾਈਚਾਰੇ ਦੀ ਵੱਸੋਂ ਦੀ ਕੁੱਲ ਗਿਣਤੀ ਵਿਚ ਸ਼ਾਮਿਲ ਨਾ ਕੀਤਾ ਜਾਏ।" ਦੂਸਰੇ ਲਫਜ਼ਾਂ ਵਿਚ ਉਪਰ ਦੱਸੇ ਭਾਈਚਾਰਿਆਂ ਦੇ ਲੋਕ 'ਬੰਦੇ' ਨਹੀਂ ਸਨ। ਇਨ੍ਹਾਂ ਗੈਰ-ਬੰਦਿਆਂ ਨੂੰ ਬਾਹਰ ਰੱਖ ਕੇ ਇਨ੍ਹਾਂ ਜ਼ਿਲ੍ਹਿਆਂ ਵਿਚ ਮੁਸਲਮਾਨਾਂ ਜਿਹੜੇ 1941 ਦੀ ਮਰਦਮਸ਼ੁਮਾਰੀ ਅਨੁਸਾਰ ਬਹੁਗਿਣਤੀ ਵਿਚ ਸਨ, ਨੂੰ ਘੱਟਗਿਣਤੀ ਵਿਚ ਬਦਲਿਆ ਜਾ ਸਕਦਾ ਸੀ। ਇਸੇ ਤਰ੍ਹਾਂ ਇਹ ਵੀ ਪਤਾ ਲੱਗਾ ਸੀ ਕਿ ਜਿਨਾਹ ਨੇ ਇਹ ਤਜਵੀਜ਼ ਦਿੱਤੀ ਸੀ ਕਿ ਕਿਉਂ ਜੋ ਦਲਿਤ ਨਾ ਹਿੰਦੂ ਹਨ ਤੇ ਨਾ ਮੁਸਲਮਾਨ, ਉਨ੍ਹਾਂ ਨੂੰ ਹਿੰਦੋਸਤਾਨ ਤੇ ਪਾਕਿਸਤਾਨ ਵਿਚ ਅੱਧੋ-ਅੱਧ ਵੰਡ ਲਿਆ ਜਾਵੇ, ਜਿਵੇਂ ਇਹ ਕੋਈ ਪਸ਼ੂ-ਡੰਗਰ ਜਾਂ ਜਾਇਦਾਦ ਹੋਵਣ। ਇਸ ਨਾਲ ਮੁਸਲਮਾਨਾਂ ਦੀ ਗਿਣਤੀ ਵਧ ਜਾਂਦੀ ਸੀ ਤੇ ਪਾਕਿਸਤਾਨ ਨੂੰ ਸਫਾਈ ਕਰਨ ਵਾਲੇ, ਮਰੇ ਡੰਗਰਾਂ ਨੂੰ ਸਾਂਭਣ, ਚਮੜੇ ਦਾ ਕੰਮ ਕਰਨ ਵਾਲੇ ਕਾਫੀ ਗਿਣਤੀ ਵਿਚ ਮਿਲ ਸਕਦੇ ਸਨ।

### ਵੰਡ ਦੇ ਉਜਾੜੇ ਵੇਲੇ ਦਲਿਤਾਂ ਦੀ ਹੋਣੀ

ਵੰਡ ਵਾਲੇ ਤਸ਼ੱਦਦ, ਉਜਾੜੇ ਤੇ ਹਿਜਰਤ ਦੇ ਵੇਲੇ ਦੇ ਜ਼ੁਲਮ ਤੇ ਦੁਸ਼ਵਾਰੀਆਂ ਜੋ ਹਿੰਦੂ, ਸਿੱਖ, ਮੁਸਲਿਮ ਲੋਕਾਂ ਨੇ ਹੰਢਾਈਆਂ ਸਨ; ਉਨ੍ਹਾਂ ਬਾਰੇ ਹੁਣ ਤਕ ਕਾਫੀ ਅਦਬੀ ਤੇ ਤਾਰੀਖੀ ਬਿਆਨ ਮਿਲਦਾ ਹੈ। ਹੱਸਾਸ ਇਤਿਹਾਸਕਾਰਾਂ ਉਰਵਸ਼ੀ ਬੁਟਾਲੀਆ, ਰਿਤੂ ਮੈਨਨ, ਕਮਲਾ ਭਸੀਨ, ਕ੍ਰਿਸ਼ਨਾ ਸੋਬਤੀ, ਅਹਿਮਦ ਸਲੀਮ ਜਿਹੇ ਹੋਰਨਾਂ ਨੇ ਜਿਊਂਦੇ ਬਚ ਰਹੇ ਮਜ਼ਲੂਮਾਂ ਦੇ ਆਪਣੇ ਆਪ 'ਤੇ ਬੀਤੀਆਂ ਤੇ ਅੱਖੀਂ ਡਿੱਠੀਆਂ ਘਟਨਾਵਾਂ ਦੇ ਰਿਕਾਰਡ ਕਲਮਬੰਦ ਕੀਤੇ ਪਰ ਇਹ ਤਕਰੀਬਨ ਸਾਰੇ ਬਿਰਤਾਂਤ ਗੈਰ-ਦਲਿਤ (ਉੱਚੀਆਂ ਜਾਤਾਂ ਦੇ) ਲੋਕਾਂ ਦੇ ਪੇਸ਼ ਕੀਤੇ ਹੋਏ ਹਨ। ਦਲਿਤ ਅਤੇ ਹੇਠਲੇ ਤਬਕੇ ਦੇ ਸੰਤਾਪ ਦੀ ਗੱਲ ਦੱਸਣ ਵਾਲਿਆਂ ਦੇ ਬਿਆਨ ਨਹੀਂ ਲੱਭਦੇ।

ਦਲਿਤ ਪੰਜਾਬੀ ਲੇਖਕ ਸਰੂਪ ਸਿਆਲਵੀ ਨੇ ਆਪਣੀ ਸਵੈ-ਜੀਵਨੀ 'ਜ਼ਲਾਲਤ' ਵਿਚ ਪਰਵਾਸ ਦੌਰਾਨ ਆਪਣੀ ਭੂਆ ਦੇ ਉਧਾਲੇ ਜਾਣ ਤੇ ਜਬਰ-ਜਨਾਹ ਅਤੇ ਇਕ ਬੱਚੇ ਦੀ ਮੌਤ ਦਾ ਬਿਆਨ ਕੀਤਾ, ਤੇ ਪੂਰਬੀ ਪੰਜਾਬ ਵਿਚ ਆ ਕੇ ਸ਼ਰਨਾਰਥੀਆਂ ਵਜੋਂ ਭੁਗਤੀ ਨਦਾਮਤ ਤੇ ਜ਼ਲਾਲਤ ਦੀ ਤਸਵੀਰ ਪੇਸ਼ ਕੀਤੀ ਹੈ। ਇਹ ਤਜਰਬਾ ਇੰਨਾ ਦੁਖਦਾਈ ਸੀ ਕਿ ਉਹਦੇ ਦਾਦਾ ਜੀ ਆਪਣੇ ਪੁੱਤਰ ਨੂੰ ਕੋਸਦੇ ਹੋਏ ਕੁੱਟਣ ਨੂੰ ਪੈਂਦੇ ਸਨ ਕਿ ਮੁਸਲਮਾਨ ਅਕਸਰੀਅਤ ਤੇ ਚੌਧਰ ਵਾਲੇ ਲਾਇਲਪੁਰ ਬਾਰ ਦੇ ਪਿੰਡ ਤੋਂ ਹਿੰਦੋਸਤਾਨ ਵਾਲੇ ਪਾਸੇ ਪਰਵਾਸ ਕਰਨ ਦਾ ਫੈਸਲਾ ਕਿਉਂ ਕੀਤਾ। ਉੱਥੋਂ ਦੇ ਮੁਸਲਮਾਨ ਜ਼ਿਮੀਦਾਰ ਮਾਲਿਕ ਦੇ ਕੰਮੀਂ ਬਣ ਕੇ ਆਰਾਮ ਨਾਲ ਰਹੀ ਜਾਂਦੇ: "ਏਥੇ ਆ ਕੇ ਤਾਂ ਸਾਡੀ ਪਛਾਣ ਸਿਰਫ ਚਮਾਰ ਵਾਲੀ ਹੀ ਰਹਿ ਗਈ" ਪਰ ਜਿਸ ਵੇਲੇ ਦਾਦੇ ਨੂੰ ਪੁੱਛਿਆ ਕਿ ਪਾਕਿਸਤਾਨ ਦੇ ਉਸ ਪਿੰਡ ਵਿਚ ਤੁਹਾਡੀ ਪਛਾਣ ਕਿਹੋ ਜਿਹੀ ਸੀ ਤਾਂ ਉਹਨੇ ਬਿਨਾਂ ਝਿਜਕ ਦੱਸਿਆ ਕਿ ਦਲਿਤਾਂ ਦੀ ਹਾਲਤ ਤਾਂ ਤਕਰੀਬਨ ਪਸ਼ੂਆਂ ਵਾਲੀ ਹੁੰਦੀ ਸੀ ਤੇ ਪਛਾਣ ਤਾਂ ਮਾਲਿਕ ਦੇ ਨਾਲ ਜੁੜੇ ਗੁਲਾਮ ਵਾਲੀ ਹੀ ਸੀ।

ਪਾਕਿਸਤਾਨ ਵਿਚ ਦਲਿਤਾਂ, ਖਾਸਕਰ ਅਖੌਤੀ 'ਜਰਾਇਮ ਪੇਸ਼ਾ ਕਬੀਲਿਆਂ' ਦੇ ਬੰਦਿਆਂ ਦੇ ਕਾਫੀ ਵੱਡੀ ਗਿਣਤੀ ਵਿਚ ਕਤਲ ਕੀਤੇ ਗਏ ਸਨ ਪਰ ਜ਼ਿਆਦਾ ਤਸ਼ੱਦਦ ਉਨ੍ਹਾਂ ਦੇ ਧਰਮ ਬਦਲਣ ਲਈ ਕੀਤਾ ਗਿਆ ਸੀ। ਇਸ ਤੋਂ ਇਲਾਵਾ 1948 ਦੇ ਲਾਜ਼ਮੀ ਸੇਵਾਵਾਂ ਆਰਡੀਨੈਂਸ ਰਾਹੀਂ ਦਲਿਤਾਂ 'ਤੇ ਭਾਰਤ ਵੱਲ ਜਾਣ ਤੋਂ ਰੋਕ ਲਾ ਦਿੱਤੀ ਗਈ ਸੀ। ਦਲੀਲ ਇਹ ਸੀ ਕਿ ਜੇ ਇਹ ਸਫਾਈ ਕਰਨ ਵਾਲੇ, ਚਮੜੇ ਦਾ ਕੰਮ ਕਰਨ ਵਾਲੇ ਭਾਰਤ ਚਲੇ ਗਏ ਤਾਂ ਪਾਕਿਸਤਾਨ ਦਾ ਇਨ੍ਹਾਂ ਬਿਨਾਂ ਗੁਜ਼ਾਰਾ ਨਹੀਂ ਹੋਣਾ ਤੇ ਹਰ ਪਾਸੇ ਗੰਦਗੀ ਫੈਲ ਜਾਵੇਗੀ।

ਉਸ ਵੇਲੇ ਭਾਰਤ ਸਰਕਾਰ ਦੇ ਕਾਨੂੰਨ ਵਜ਼ੀਰ ਅੰਬੇਡਕਰ ਨੂੰ ਮਿਲੀ ਇਤਲਾਹ ਨੇ ਬਹੁਤ ਪਰੇਸ਼ਾਨ ਕੀਤਾ ਕਿ ਪਾਕਿਸਤਾਨ ਵਿਚ ਬਹੁਤ ਵੱਡੀ ਗਿਣਤੀ ਦਲਿਤਾਂ ਨੂੰ ਜਬਰਨ ਭਾਰਤ ਵੱਲ ਆਉਣੋਂ ਰੋਕਿਆ ਗਿਆ ਹੈ ਤੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਜਬਰਨ ਮੁਸਲਮਾਨ ਬਣਾਇਆ ਜਾ ਰਿਹਾ ਹੈ। ਉਹਨੇ ਕਿਹਾ ਕਿ "ਬਿਪਤਾ ਵਿਚ ਫਸੇ ਦਲਿਤ ਲੋਕਾਂ ਨੂੰ ਧੀਰਜ ਦੇਣਾ ਮੇਰੇ ਵੱਸ ਤੋਂ ਬਾਹਰ ਹੈ" ਪਰ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਪਾਕਿਸਤਾਨ ਵਿਚ ਅਨੁਸੂਚਿਤ ਜਾਤੀਆਂ ਲਈ ਇਹ ਧਰਮ ਬਦਲ ਕੇ ਮੁਸਲਮਾਨ ਬਣਨਾ ਘਾਤਕ ਹੋਵੇਗਾ। ਇਹ ਵੀ ਗਿਲਾ ਕੀਤਾ ਕਿ ਅਨੁਸੂਚਿਤ ਜਾਤੀਆਂ ਵਿਚ ਇਹ ਆਦਤ ਬਣ ਗਈ ਜਾਪਦੀ ਹੈ ਕਿ ਕਿਉਂਕਿ ਮੁਸਲਮਾਨ ਹਿੰਦੂਆਂ ਨੂੰ ਪਸੰਦ ਨਹੀਂ ਕਰਦੇ, ਇਸ ਲਈ ਉਹ ਦਲਿਤਾਂ ਦੇ ਮਿੱਤਰ ਲੱਗਦੇ ਸਨ। ਇਹ ਭੁਲੇਖਾ ਹੈ।" ਅੰਬੇਡਕਰ ਨੇ ਜਿਨਾਹ ਉਪਰ ਬੇਵਫਾਈ ਦਾ ਇਲਜ਼ਾਮ ਲਾਇਆ ਕਿ ਉਹਨੇ ਦਲਿਤਾਂ ਨੂੰ ਘੱਟਗਿਣਤੀ ਵਜੋਂ ਵੱਖਰੀ ਪਛਾਣ ਦੇਣ ਦੇ ਆਪਣੇ ਵਾਅਦੇ ਤੋਂ ਮੂੰਹ ਮੋੜ ਲਿਆ ਹੈ।

ਅੰਬੇਡਕਰ ਅਤੇ ਜਵਾਹਰ ਲਾਲ ਨਹਿਰੂ ਨੇ ਖੁਦ ਪਾਕਿਸਤਾਨ ਦੀ ਸਰਕਾਰ ਨੂੰ ਸ਼ਿਕਾਇਤ ਕਰ ਕੇ ਦਲਿਤ ਲੋਕਾਂ ਨੂੰ ਉੱਥੋਂ ਕੱਢ ਕੇ ਭਾਰਤ ਲਿਆਉਣ ਲਈ ਖਾਸ ਅਫਸਰ ਤਾਇਨਾਤ ਕੀਤੇ ਤੇ ਮਹਿਫੂਜ਼ ਸਫਰ ਦੇ ਵੱਡੇ ਪ੍ਰਬੰਧ ਕੀਤੇ। ਇਸ ਵਿਸ਼ੇ ਦੀ ਖੋਜ ਕਰ ਰਹੇ ਕਿਸੇ ਇਤਿਹਾਸਕਾਰ ਮੁਤਾਬਿਕ ਪੱਛਮੀ ਪੰਜਾਬ ਵਿਚ ਹਿੰਦੂ ਤੇ ਸਿੱਖ ਭਾਈਚਾਰਿਆਂ ਦੇ ਦਲਿਤਾਂ ਦੀ ਗਿਣਤੀ ਕੋਈ ਤਿੰਨ ਲੱਖ ਸੀ। ਗੈਰ-ਮੁਸਲਿਮ ਵੱਸੋਂ ਦੇ ਪਰਵਾਸ ਕਰਨ ਵਾਲਿਆਂ ਵਿਚ ਇਹ ਉਹ ਲੋਕ ਹਨ ਜਿਨ੍ਹਾਂ ਦਾ ਪੱਖ ਵੰਡ ਦੇ ਬਿਆਨ ਵਿਚੋਂ ਗਾਇਬ ਹੈ। ਦਲਿਤਾਂ ਦੀ ਵੱਡੀ ਗਿਣਤੀ ਨੂੰ ਸਭ ਤੋਂ ਬਾਅਦ ਅਪਰੈਲ-ਮਈ 1948 ਵਿਚ ਪਾਕਿਸਤਾਨ ਤੋਂ ਕਢਵਾਇਆ ਜਾ ਸਕਿਆ, ਭਾਵੇਂ ਇਨ੍ਹਾਂ ਵਿਚੋਂ ਬਹੁਤੇ ਉਸ ਵੇਲੇ ਤਕ ਧਰਮ ਬਦਲ ਕੇ ਮੁਸਲਮਾਨ ਹੋ ਚੁੱਕੇ ਸਨ।

> ***ਮੁੜ-ਵਸੇਬੇ ਵਿਚ ਦਲਿਤ ਪਰਿਵਾਰਾਂ ਨਾਲ ਹੋਏ ਵਿਤਕਰੇ ਵਾਲੇ ਅਣਛੋਹੇ ਮੌਜ਼ੂ 'ਤੇ ਖੋਜ ਕਰ ਰਹੀਆਂ ਵਿਦਵਾਨ ਬੀਬੀਆਂ ਰਵਿੰਦਰ ਕੌਰ ਅਤੇ ਅਕਾਂਕਸ਼ਾ ਕੁਮਾਰ ਨੇ ਪਿਛਲੇ ਕੁਝ ਸਾਲਾਂ ਵਿਚ ਕਾਫੀ ਕੁਝ ਲਿਖਿਆ ਹੈ। ਰਵਿੰਦਰ ਕੌਰ ਨੇ 1947 ਤੋਂ 1965 ਦਰਮਿਆਨ ਮੁੜ-ਵਸੇਬੇ ਦੀਆਂ ਨੀਤੀਆਂ, ਅਸੂਲਾਂ ਤੇ ਸਰਕਾਰ ਦੇ ਅਮਲੀ ਸਲੂਕ ਦੇ ਸਬੂਤ ਦੇ ਕੇ ਸਾਫ ਲਿਖਿਆ ਹੈ ਕਿ ਕਿਵੇਂ "ਦਲਿਤ ਪਰਵਾਸੀਆਂ ਨੂੰ ਉੱਚੀਆਂ ਜ਼ਾਤਾਂ ਦੇ ਹਿੰਦੂਆਂ ਤੋਂ ਦੂਰ ਰੱਖਣ ਦੇ ਉਪਰਾਲੇ ਕੀਤੇ ਗਏ।"***

### ਦਲਿਤ ਸ਼ਰਨਾਰਥੀਆਂ ਦਾ ਮੁੜ-ਵਸੇਬਾ

ਭਾਰਤ ਦੇ ਪੂਰਬੀ ਪੰਜਾਬ ਵਿਚ ਸ਼ਰਨਾਰਥੀਆਂ ਦੀ ਸੇਵਾ-ਸੰਭਾਲ ਤੇ ਰਾਹਤ ਦੇ ਪ੍ਰਬੰਧ ਕਰਨ ਵਾਲੇ ਅਫਸਰ ਤੇ ਸਮਾਜ ਸੇਵੀ ਵਲੰਟੀਅਰਾਂ ਨੂੰ ਜਲਦੀ ਚੇਤੇ ਆ ਗਿਆ ਸੀ ਕਿ ਦਲਿਤ ਸ਼ਰਨਾਰਥੀਆਂ ਨੂੰ ਦੂਜੇ ਸ਼ਰਨਾਰਥੀਆਂ ਲਈ ਬਣਾਏ ਹੋਏ ਕੈਂਪਾਂ ਵਿਚ ਭਰਤੀ ਨਹੀਂ ਕੀਤਾ ਜਾ ਸਕਦਾ। ਇਸ ਦਾ ਹਰ ਥਾਂ ਸਖਤ ਵਿਰੋਧ ਸ਼ੁਰੂ ਹੋ ਗਿਆ ਸੀ। ਇਸ ਭਿਆਨਕ ਆਫਤ ਦੇ ਮਾਹੌਲ ਵਿਚ ਉਧਰੋਂ ਬਿਲਕੁਲ ਉੱਜੜ ਕੇ ਆਏ ਨਿਹਾਇਤ ਪੀੜਤ ਤੇ ਬੇਸਹਾਰਾ ਹਿੰਦੂ-ਸਿੱਖ ਸ਼ਰਨਾਰਥੀਆਂ ਲਈ ਇਹ ਬਰਦਾਸ਼ਤ ਕਰਨਾ ਮੁਮਕਿਨ ਨਹੀਂ ਸੀ ਕਿ ਦਲਿਤ ਸ਼ਰਨਾਰਥੀ ਉਨ੍ਹਾਂ ਦੇ ਨਾਲ ਰਹਿਣ। ਇਸ ਲਈ ਹਿੰਦੂ-ਸਿੱਖਾਂ ਦੇ ਕੈਂਪਾਂ ਤੋਂ ਅਲੱਗ ਤੇ ਦੂਰ-ਦੂਰ ਸ਼ਹਿਰਾਂ ਵਿਚ ਦਲਿਤ ਸ਼ਰਨਾਰਥੀ ਕੈਂਪ ਬਣਾਉਣੇ ਪਏ। ਜਲੰਧਰ ਸ਼ਹਿਰ ਵਿਚ ਭਾਰਗੋ ਕੈਂਪ, ਕੁਰੂਕਸ਼ੇਤਰ ਵਿਚ ਗਾਂਧੀ ਕੈਂਪ ਵਿਸ਼ੇਸ਼ ਦਲਿਤ ਸ਼ਰਨਾਰਥੀ ਕੈਂਪ ਸਨ। ਅੰਬੇਡਕਰ ਨੇ ਪ੍ਰਧਾਨ ਮੰਤਰੀ ਨਹਿਰੂ ਕੋਲ ਖਾਸ ਸ਼ਿਕਾਇਤ ਕੀਤੀ ਕਿ "ਅਨੁਸੂਚਿਤ ਜਾਤੀਆਂ ਦੇ ਰਫਿਊਜੀਆਂ ਨੂੰ ਸ਼ਰਨਾਰਥੀ ਕੈਂਪਾਂ ਵਿਚ ਆਸਰਾ ਨਹੀਂ ਮਿਲ ਰਿਹਾ।" ਸ਼ਰਨਾਰਥੀਆਂ ਦੀ ਦੇਖਭਾਲ ਦੀ ਸਰਕਾਰੀ ਵਿਸ਼ੇਸ਼ ਲੀਡਰ ਰਾਜੇਸ਼ਵਰੀ ਨਹਿਰੂ ਨੇ ਪ੍ਰਧਾਨ ਮੰਤਰੀ ਨਹਿਰੂ ਨੂੰ ਖਿਝ ਕੇ ਲਿਖਿਆ: "ਢਾਈ ਲੱਖ ਦਲਿਤ ਸ਼ਰਨਾਰਥੀ ਪੂਰਬੀ ਪੰਜਾਬ ਦੇ ਕੈਂਪਾਂ ਵਿਚ ਸੜ ਰਹੇ ਹਨ।" ਮੁੜ-ਵਸੇਬੇ ਦੇ ਜੋ ਅਸੂਲ ਬਣਾਏ ਗਏ ਸਨ, ਉਨ੍ਹਾਂ ਦੇ ਹਵਾਲੇ ਨਾਲ ਦਲਿਤ ਲੋਕਾਂ ਦੀ ਚਾਰਾਜੋਈ ਨਹੀਂ ਸੀ ਹੋ ਸਕਦੀ। ਇਹ ਕਾਸ਼ਤਕਾਰ ਤਾਂ ਸਨ ਪਰ ਬੇ-ਜ਼ਮੀਨੇ ਸਨ। ਮੁਆਵਜ਼ੇ ਦੇ ਤੌਰ 'ਤੇ ਜ਼ਮੀਨ ਸਿਰਫ ਉਨ੍ਹਾਂ ਨੂੰ ਦਿੱਤੀ ਜਾ ਸਕਦੀ ਸੀ ਜਿਹੜੇ ਉਸ ਪਾਸੇ ਮਾਲਿਕ ਕਿਸਾਨ ਸਨ ਪਰ ਉਨ੍ਹਾਂ ਨੂੰ ਤਾਂ ਬਹੁਤੀ ਥਾਵੇਂ ਸਿਰ ਢੱਕਣ ਦੀ ਥਾਂ ਨਹੀਂ ਸੀ ਲੱਭ ਰਹੀ। ਦਲਿਤ ਰਫਿਊਜੀ ਪਰਿਵਾਰਾਂ ਨੂੰ ਪਿੰਡਾਂ ਵਿਚ ਉੱਥੋਂ ਦੇ ਲੋਕਾਂ ਕੋਲੋਂ ਵੀ ਤੇ ਪੁਲੀਸ ਕੋਲੋਂ ਵੀ ਦੁਰ-ਦੁਰ ਕਰ ਕੇ ਧੱਕੇ ਪੈਂਦੇ ਸਨ। ਦਲਿਤਾਂ ਦੇ ਜ਼ਾਤੀ ਨਾਂ ਲੈ ਕੇ ਜ਼ਲੀਲ ਕੀਤਾ ਜਾਂਦਾ ਸੀ। ਸਿਆਲਵੀ ਦੇ ਪਰਿਵਾਰ ਨੂੰ ਤਾਂ ਰੜੇ ਮੈਦਾਨ ਵਿਚ ਰਾਤ ਕੱਟਣ ਨਹੀਂ ਦਿੱਤੀ ਜਾਂਦੀ ਸੀ ਤੇ ਦਲਿਤਾਂ ਨੂੰ ਆਮ ਕਰਕੇ ਪਿੰਡ ਦੇ ਖੂਹ ਤੋਂ ਪਾਣੀ ਲੈਣ ਦੀ ਮਨਾਹੀ ਸੀ।

ਮੁੜ-ਵਸੇਬੇ ਵਿਚ ਦਲਿਤ ਪਰਿਵਾਰਾਂ ਨਾਲ ਹੋਏ ਵਿਤਕਰੇ ਵਾਲੇ ਅਣਛੋਹੇ ਮੌਜ਼ੂ 'ਤੇ ਖੋਜ ਕਰ ਰਹੀਆਂ ਵਿਦਵਾਨ ਬੀਬੀਆਂ ਰਵਿੰਦਰ ਕੌਰ ਅਤੇ ਅਕਾਂਕਸ਼ਾ ਕੁਮਾਰ ਨੇ ਪਿਛਲੇ ਕੁਝ ਸਾਲਾਂ ਵਿਚ ਕਾਫੀ ਕੁਝ ਲਿਖਿਆ ਹੈ। ਰਵਿੰਦਰ ਕੌਰ ਨੇ 1947 ਤੋਂ 1965 ਦਰਮਿਆਨ ਮੁੜ-ਵਸੇਬੇ ਦੀਆਂ ਨੀਤੀਆਂ, ਅਸੂਲਾਂ ਤੇ ਸਰਕਾਰ ਦੇ ਅਮਲੀ ਸਲੂਕ ਦੇ ਸਬੂਤ ਦੇ ਕੇ ਸਾਫ ਲਿਖਿਆ ਹੈ ਕਿ ਕਿਵੇਂ "ਦਲਿਤ ਪਰਵਾਸੀਆਂ ਨੂੰ ਉੱਚੀਆਂ ਜ਼ਾਤਾਂ ਦੇ ਹਿੰਦੂਆਂ ਤੋਂ ਦੂਰ ਰੱਖਣ ਦੇ ਉਪਰਾਲੇ ਕੀਤੇ ਗਏ।" ਬਹੁਤੇ ਪੰਜਾਬੀ ਹਿੰਦੂ-ਸਿੱਖ ਰਫਿਊਜੀ ਦਿੱਲੀ ਵਿਚ ਕਰੋਲ ਬਾਗ ਵਿਚ ਜਾ ਟਿਕੇ ਸਨ। ਦਲਿਤਾਂ ਨੂੰ ਨੇੜਲੇ ਰਹਿਗੜਪੁਰੇ ਵਿਚ ਕੱਚੀਆਂ ਝੁੱਗੀਆਂ ਵਿਚ ਵਸਾਇਆ ਗਿਆ ਤੇ ਛੱਤਾਂ ਨੂੰ ਕੱਜਣ ਲਈ ਤਾਰਪੋਲੀਨ (ਤਰਪਾਲਾਂ) ਦਿੱਤੀਆਂ ਗਈਆਂ। ਸਰਕਾਰੀ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਫਰਵਰੀ 1948 ਵਿਚ ਮੁੜ-ਵਸੇਬਾ ਵਜ਼ਾਰਤ ਵਿਚ ਖਾਸ 'ਹਰੀਜਨ ਸੈਕਸ਼ਨ' ਬਣਾਇਆ ਗਿਆ ਸੀ ਜਿਹਦਾ ਕੰਮ 'ਉੱਜੜੇ ਹਰੀਜਨਾਂ ਨੂੰ ਵਸਾਉਣਾ' ਸੀ। ਵਲੰਟਰੀ ਸੇਵਾ ਸੰਸਥਾਵਾਂ ਖਾਸਕਰ 'ਹਰੀਜਨ ਸੇਵਕ ਸੰਘ' ਨੇ ਦਲਿਤਾਂ ਦੀ ਰਾਹਤ ਲਈ ਕਾਫੀ ਕੰਮ ਕੀਤਾ। ਸਰਕਾਰ ਹੋਵੇ ਜਾਂ ਸਮਾਜ ਸੇਵੀ ਸੰਸਥਾਵਾਂ, ਦਲਿਤਾਂ ਨੂੰ ਦਲਿਤ ਹੀ ਬਣਾਈ ਰੱਖੇ ਜਾਣ ਬਾਰੇ ਸਹਿਜ-ਸੁਭਾਅ ਸਹਿਮਤੀ ਬਣੀ ਜਾਪਦੀ ਸੀ।

ਦੋ-ਤਿੰਨ ਸਾਲ ਪਹਿਲਾਂ ਅਕਾਂਕਸ਼ਾ ਕੁਮਾਰ ਨੇ 'ਪੰਜਾਬ ਦੀ ਵੰਡ ਤੋਂ ਬਾਅਦ ਰਫਿਊਜੀਆਂ ਦੇ ਮੁੜ ਵਸਾਉਣ ਵਿਚ ਜ਼ਾਤ ਦਾ ਸਵਾਲ' ਮੌਜ਼ੂ 'ਤੇ ਪੀਐਚ.ਡੀ. ਥੀਸਿਸ ਲਿਖਿਆ। ਇਸ ਵਿਚ ਇਹ ਸਾਫ ਲਿਖਿਆ ਹੈ ਕਿ ਸਰਕਾਰੀ ਨੀਤੀਆਂ ਤੇ ਸਮੁੱਚੀ ਸਰਕਾਰੀ ਕਾਰਵਾਈ ਦਾ ਮਕਸਦ ਤੇ ਰੁਝਾਨ ਜਾਤਪਾਤ ਵਾਲੀ ਊਚ-ਨੀਚ ਨੂੰ ਬਣਾਈ ਰੱਖਣ ਵੱਲ ਸੀ। ਇਕ ਦੂਜੇ ਪੱਖ ਵੱਲ ਧਿਆਨ ਦਿਵਾਉਂਦਿਆਂ ਪੰਜਾਬੀ ਕਵੀ ਲਾਲ ਸਿੰਘ ਦਿਲ ਨੇ ਅੱਖੀਂ ਡਿੱਠੀਆਂ ਕਾਰਵਾਈਆਂ ਬਾਰੇ ਦੱਸਿਆ ਹੈ। ਉਸ ਮੁਤਾਬਿਕ ਵੰਡ ਤੋਂ ਬਾਅਦ ਪਿੰਡਾਂ ਦੀ ਸ਼ਾਮਲਾਤ ਜ਼ਮੀਨ ਜੋ ਦਲਿਤਾਂ ਲਈ ਇੱਕੋ-ਇਕ ਐਸੀ ਥਾਂ ਸੀ ਜਿੱਥੇ ਉਹ ਵਿਚਰ ਸਕਦੇ ਸਨ - ਉਹ ਵੀ ਨਵੇਂ ਆਏ ਅਸਰ-ਰਸੂਖ ਵਾਲਿਆਂ ਨੇ ਖੋਹ ਲਈ।

### ਪਾਕਿਸਤਾਨ ਵਿਚ ਰਹਿ ਗਏ ਦਲਿਤਾਂ ਦੀ ਹਾਲਤ

ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਦਾ ਜੋ ਵਿਰੋਧ ਹੋਇਆ, ਉਸ ਵਿਚ ਇਕ ਇਲਜ਼ਾਮ ਇਹ ਵੀ ਲਾਇਆ ਜਾਂਦਾ ਸੀ ਕਿ ਹਿੰਦੂ ਜਾਤ-ਪਾਤ ਨਿਜ਼ਾਮ ਵਿਚ ਮੁਸਲਮਾਨਾਂ ਨਾਲ ਦਲਿਤਾਂ ਵਰਗਾ ਸਲੂਕ ਕੀਤਾ ਜਾਂਦਾ ਸੀ। ਹਿੰਦੂ ਸ਼ੁੱਧ ਤੇ ਮੁਸਲਮਾਨ ਅਸ਼ੁੱਧ। ਸ਼ੁੱਧੀਕਰਨ ਦਾ ਮਤਲਬ ਹੀ ਇਹ ਸੀ ਕਿ ਨਾਪਾਕ ਗੰਦੇ ਲੋਕਾਂ ਨੂੰ ਸੁੱਚੇ ਬਣਾਇਆ ਜਾਵੇ। ਇਹ ਬਰਦਾਸ਼ਤ ਨਹੀਂ ਸੀ ਕੀਤਾ ਜਾ ਸਕਦਾ। ਵਖਰੇਵੇਂ ਤੇ ਵੰਡ ਦੇ ਬੀਜ ਇਸ ਛੂਤ-ਛਾਤ ਵਿਚ ਪਏ ਸਨ। ਜਿਨਾਹ ਨੇ ਵੀ ਇਸ਼ਾਰਾ ਕੀਤਾ ਸੀ ਕਿ ਵੰਡ ਦਾ ਇਹ ਵੀ ਇਕ ਕਾਰਨ ਸੀ। ਇਹ ਦਾਅਵਾ ਕੀਤਾ ਜਾਂਦਾ ਸੀ ਕਿ ਮੁਸਲਿਮ ਧਰਮ ਤੇ ਭਾਈਚਾਰੇ ਵਿਚ ਬਰਾਬਰੀ ਹੈ, ਕੋਈ ਜਾਤ-ਪਾਤ ਊਚ-ਨੀਚ ਨਹੀਂ ਹੈ ਪਰ ਕੀ ਅਸਲ ਵਿਚ ਹਿੰਦੂਆਂ ਹੱਥੋਂ ਹੁੰਦਾ ਮੁਸਲਮਾਨਾਂ ਦੇ ਖਾਸ ਮੁਲਕ ਪਾਕਿਸਤਾਨ ਵਿਚ ਜਾਤ-ਪਾਤ ਦਾ ਵਿਤਕਰਾ ਖਤਮ ਜਾਂ ਘੱਟ ਹੋ ਗਿਆ ਹੈ? "ਪਾਕਿਸਤਾਨ ਵਿਚ ਦਲਿਤਾਂ ਨਾਲ ਸਰਕਾਰ ਤੇ ਆਮ ਲੋਕ ਜਿਹੜਾ ਸਲੂਕ ਕਰਦੇ ਹਨ, ਉਸ ਵਿਚ ਭਾਰਤ ਦੇ ਮੁਕਾਬਲੇ ਕੋਈ ਫਰਕ ਨਹੀਂ ਹੈ।" ਪਾਕਿਸਤਾਨ ਦੇ ਦਲਿਤਾਂ ਦੀ ਕਹਾਣੀ ਵੱਖਰੀ ਨਹੀਂ ਹੋ ਸਕੀ। ਵੰਡ ਤੋਂ ਬਾਅਦ ਦਲਿਤਾਂ ਦੇ ਜਬਰੀ ਧਰਮ ਪਰਿਵਰਤਨ ਦੀ ਲਹਿਰ, ਉਨ੍ਹਾਂ ਉਪਰ ਪਰਵਾਸ ਬਾਰੇ ਲਾਈ ਕਾਨੂੰਨੀ ਰੋਕ ਕਾਰਨ ਦਲਿਤਾਂ ਉਪਰ ਜ਼ੁਲਮ ਹੋਏ ਸਨ। ਇਸ ਤੋਂ ਇਲਾਵਾ ਮੁਸਲਿਮ ਸਮਾਜ ਦੇ ਆਪਣੇ ਅੰਦਰਲੀ ਜਾਤ-ਪਾਤ ਊਚ-ਨੀਚ ਬਾਰੇ ਬਹੁਤ ਘੱਟ ਲਿਖਿਆ ਮਿਲਦਾ ਹੈ। ਇਸ ਪੱਖ 'ਤੇ ਚੁੱਪ ਵਰਤੀ ਹੋਈ ਹੈ। ਪਾਕਿਸਤਾਨ ਵਿਚ ਦਲਿਤਾਂ ਦੀ ਦਸ਼ਾ ਬਾਰੇ ਮਿਲੀ ਕੁਝ ਜਾਣਕਾਰੀ ਤੇ ਸਾਹਿਤ ਤੋਂ ਉਸੇ ਤਰ੍ਹਾਂ ਦੀ ਦਰਦਨਾਕ ਹਾਲਤ ਦਾ ਪਤਾ ਲੱਗਦਾ ਹੈ। 1956 ਵਿਚ ਪਾਕਿਸਤਾਨ ਦੇ 'ਪੱਟੀਦਰਜ ਜਾਤੀਆਂ ਦੇ ਕਾਨੂੰਨ' ਵਿਚ 36 ਵੱਖਰੀਆਂ ਦਲਿਤ ਜਾਤੀਆਂ ਦੀ ਪਛਾਣ ਕੀਤੀ ਗਈ ਸੀ। ਯੋਗਿੰਦਰ ਸਿਕੰਦ ਮੁਤਾਬਿਕ ਦਲਿਤ ਇਸ ਗੱਲ ਬਾਰੇ 'ਕਨਫਿਊਜ਼ਡ' ਤੇ ਪਰੇਸ਼ਾਨ ਹਨ ਕਿ ਉਨ੍ਹਾਂ ਉੱਤੇ ਹਾਲਾਂ ਵੀ ਹਿੰਦੂ ਦਲਿਤ ਹੋਣ ਦੀ ਤੁਹਮਤ ਲਾਈ ਜਾਂਦੀ ਹੈ। ਮੁਸਲਮਾਨਾਂ ਵਿਚ ਉਸੇ ਤਰ੍ਹਾਂ ਦੀ ਜਾਤ ਦੀ ਦਰਜਾਬੰਦੀ ਹੈ ਤੇ ਉਨ੍ਹਾਂ ਦਾ ਦਲਿਤਾਂ ਨਾਲ ਉਸੇ ਤਰ੍ਹਾਂ ਦਾ ਨਜ਼ਰੀਆ ਤੇ ਸਲੂਕ ਹੈ ਜਿਵੇਂ ਦਾ ਹਿੰਦੂਆਂ ਵਿਚ ਬ੍ਰਾਹਮਣਾਂ ਦਾ ਹੁੰਦਾ ਹੈ।

ਪਿੰਡ ਸੇਹਵਾਨ ਵਿਚ ਹਜ਼ਰਤ ਲਾਲ ਸ਼ਾਹਬਾਜ਼ ਦੀ ਦਰਗਾਹ 'ਤੇ ਜੁੜੇ ਕਿਸੇ ਦਲਿਤ ਨੇ ਦੱਸਿਆ ਕਿ ਲਾਹੌਰ ਦੇ ਭੰਗੀ ਤੇ ਲਾਲ ਬੇਗੀ ਸਫਾਈ ਕਰਨ ਵਾਲਿਆਂ ਦੀ ਹਾਲਤ ਵਿਚ ਕੋਈ ਫਰਕ ਨਹੀਂ। ਸੱਪ ਫੜਨ ਵਾਲੇ ਜੋਗੀਆਂ ਤੇ ਫੇਰੀ ਲਾ ਕੇ ਨਿਕਸੁੱਕ ਵੇਚਣ ਵਾਲੇ ਗੁਰਗਲਿਆਂ ਵਿਚ ਵੀ ਊਚ-ਨੀਚ ਬਣੀ ਹੋਈ ਹੈ। ਪਾਕਿਸਤਾਨ ਦੇ ਪ੍ਰਭੂਲਾਲ ਸਤਿਆਨੀ ਦੀ ਉਰਦੂ ਵਿਚ ਛਪੀ ਪੁਸਤਕ 'ਹਮੇ ਭੀ ਜੀਨੇ ਦੋ: ਪਾਕਿਸਤਾਨ ਮੇਂ ਅਛੂਤ ਲੋਗੋਂ ਕੀ ਸੂਰਤ-ਏ-ਹਾਲ' ਵਿਚ ਇਹ ਵੱਡਾ ਗਿਲਾ ਤੇ ਅਫਸੋਸ ਕੀਤਾ ਗਿਆ ਹੈ ਕਿ ਦਲਿਤ, ਇਸਲਾਮ ਕਬੂਲ ਕਰਨ ਤੋਂ ਬਾਅਦ ਦੀਨਦਾਰ, ਚੰਘੜ ਜਾਂ ਮੁਸੱਲੀ ਅਖਵਾਏ ਜਾਂਦੇ ਲੋਕ, ਨਫਰਤ ਦੇ ਸ਼ਿਕਾਰ ਤੇ ਬਦਬਖਤ ਦਲਿੱਦਰੀ ਬਣੇ ਹੋਏ ਹਨ। ਜਿਹੜਾ ਭਰਮ ਪੈਦਾ ਕੀਤਾ ਹੋਇਆ ਸੀ ਕਿ ਮੁਸਲਮਾਨਾਂ ਵਿਚ ਜਾਤ-ਪਾਤ ਦਾ ਵਿਤਕਰਾ ਨਹੀਂ ਤੇ ਪਾਕਿਸਤਾਨ ਬਣਨ ਨਾਲ ਜਾਤ-ਪਾਤ ਤੋਂ ਨਿਜਾਤ ਮਿਲ ਜਾਏਗੀ, ਕੋਰਾ ਧੋਖਾ ਸਾਬਿਤ ਹੋਇਆ। "ਇਹ ਨਾ-ਬਰਾਬਰੀ ਹੱਡਾਂ ਵਿਚ ਇੰਨੀ ਗਹਿਰੀ ਰਚੀ ਹੋਈ ਹੈ ਕਿ ਇਸ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ।"

ਵੰਡ ਦੌਰਾਨ ਤੇ ਉਸ ਤੋਂ ਬਾਅਦ ਦਲਿਤ ਅਖਵਾਏ ਜਾਂਦੇ ਲੋਕਾਂ ਦੀ ਹੋਣੀ ਬਾਰੇ ਹੱਸਾਸ ਖੋਜ ਦੀ ਲੋੜ ਹੈ। ਤਾਰੀਖ ਤੇ ਸਾਹਿਤ ਵਿਚ ਸਿਰਫ ਉੱਚੀਆਂ ਜਾਂ ਤਰੱਕੀਯਾਫਤਾ ਧਿਰਾਂ ਦਾ ਪੱਖ ਹੀ ਪੇਸ਼ ਕਰਨਾ ਸਹੀ ਨਹੀਂ। ਦਲਿਤਾਂ ਦੀ ਆਪਣੀ ਆਪ-ਬੀਤੀ, ਉਨ੍ਹਾਂ ਦੇ ਮੂੰਹੋਂ ਸੁਣੀਆਂ ਹੱਡਬੀਤੀਆਂ ਤਾਂ ਹਾਲਾਂ ਲਿਖੀਆਂ ਜਾਣੀਆਂ ਹਨ।



*1947 ਦੀ ਵੰਡ ਬਾਰੇ ਫੌਸਟਿਨ ਐਲਮਰ ਚੌਧਰੀ ਦੀਆਂ ਦੋ ਹੋਰ ਤਸਵੀਰਾਂ।*

ਵਿਅੰਗ

# 'ਆਪਣੀ ਨਿੱਕੋ ਦਾ ਪੈਰ ਭਾਰੈ...!'

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਚਾਹੇ ਅਸੀਂ ਆਪ ਅੱਧੇ-ਛੜੇ ਹੀ ਹਾਂ, ਪਰ ਰੱਬ ਦੀ ਕਿਰਪਾ ਸਦਕਾ ਅਸੀਂ ਹੁਣ ਤੱਕ ਕਈ ਘਰ 'ਵਸਾ' ਚੁੱਕੇ ਹਾਂ, ਆਪਣੇ ਨਹੀਂ, ਲੋਕਾਂ ਦੇ..! ਅਰਥਾਤ 'ਵਿਚੋਲੇ' ਬਣ ਚੁੱਕੇ ਹਾਂ। ਵਿਚੋਲੇ ਦਾ ਮਤਲਬ ਹੁੰਦੈ, 'ਵਿਚ ਓਹਲਾ!' ਮੈਂ ਇਹ ਨਹੀਂ ਕਹਿੰਦਾ ਕਿ ਮੇਰੇ ਘਰੇ ਪਤਨੀ ਨਹੀਂ। ਮੇਰੀ ਵੀ ਇਕ ਅੱਧ-ਪਚੱਧ ਜਿਹੀ ਪਤਨੀ ਹੈ ਪਰ ਉਹ ਆਈ ਮੇਰੇ ਘਰੇ 'ਧੱਕੇ' ਨਾਲ ਹੀ ਹੈ। ਤੁਸੀਂ ਹੈਰਾਨ ਹੋਵੋਂਗੇ ਕਿ ਉਹ ਕਿਵੇਂ..? ਆਮ ਤੌਰ 'ਤੇ ਮੁੰਡੇ, ਕੁੜੀਆਂ ਨਾਲ ਧੱਕੇ ਨਾਲ ਵਿਆਹ ਕਰਵਾਉਂਦੇ ਹਨ। ਪਰ ਅਸੀਂ ਐਨੇ 'ਸਾਊ' ਅਤੇ 'ਸ਼ਰੀਫ਼' ਨਿਕਲੇ ਕਿ ਸਾਡੀ 'ਪਤਨੀ' ਨੇ ਸਾਡੇ ਨਾਲ ਫ਼ੋਟੋ 'ਤੇ ਹੀ ਵਿਆਹ ਕਰ



ਸ਼ਿਵਚਰਨ ਜੱਗੀ ਕੁੱਸਾ
ਫੋਨ: 44 78533-17891

ਲਿਆ ਅਤੇ ਅਸੀਂ ਉਸ ਨੂੰ ਬਾਪੂ ਅਤੇ ਦਾਦਾ ਜੀ ਦੇ 'ਛਿੱਤਰਾਂ' ਤੋਂ ਡਰਦਿਆਂ ਨੇ, 'ਧੰਨ ਐਂ-ਧੰਨ ਐਂ' ਆਖ ਕੇ ਸਵੀਕਾਰ ਕਰ ਲਿਆ। ਨਾ ਬਰਾਤ ਗਈ, ਨਾ ਅਨੰਦ ਕਾਰਜ ਹੋਏ। ਉਹ ਕਦੇ-ਕਦੇ ਸਾਡੇ ਕੰਨ 'ਚ ਇਕ ਗੀਤ ਗਾਉਂਦੀ ਹੁੰਦੀ ਐ, 'ਐਵੇਂ ਨਾ ਲੜਿਆ ਕਰ ਢੋਲਾ-ਵੇ ਮੈਂ ਧੱਕੇ ਦੇ ਨਾਲ ਆਈ ਹੋਈ ਐਂ..!' ਅਸੀਂ ਹੁਣ ਵੀ ਉਸ ਦੇ ਪੂਰੇ 'ਆਗਿਆਕਾਰ' ਹਾਂ। ਪਰ ਹੁਣ ਅਸੀਂ ਕਿਸੇ ਨੂੰ ਆਪਣੀ ਫ਼ੋਟੋ ਨਹੀਂ ਭੇਜਦੇ! ਕਾਰਨ...? ਕਿ ਕਿਤੇ ਹੁਣ ਕੋਈ ਹੋਰ ਨਾ ਸਾਡੇ ਨਾਲ ਫ਼ੋਟੋ 'ਤੇ ਵਿਆਹ ਕਰ ਲਵੇ! ਅੱਗ ਦੀ ਸਾੜੀ ਟਟਿਆਣੇਂ ਤੋਂ ਵੀ ਡਰਦੀ ਐ! ਗਧੀ ਡਿੱਗ ਪਈ ਸੀ ਭੱਠੇ ਵਿਚ ਤੇ ਦੀਵੇ ਵਾਲੇ ਘਰੇ ਨਹੀਂ ਸੀ ਵੜਦੀ! ਸਾਥੋਂ ਤਾਂ ਇਕ ਨ੍ਹੀਂ ਲੋਟ ਆਉਂਦੀ, ਦੂਜੀ ਨੂੰ ਕਿਵੇਂ ਸੰਭਾਲਾਂਗੇ..? ਦੁੱਧ ਦਾ ਸਾੜਿਆ ਲੱਸੀ ਨੂੰ ਵੀ ਫੂਕਾਂ ਮਾਰ-ਮਾਰ ਕੇ ਪੀਂਦੈ! ਪਰ ਹੁਣ ਸਾਨੂੰ ਇਕ ਗੱਲ ਦੀ ਸਮਝ ਹੌਲੀ-ਹੌਲੀ ਆਉਣ ਲੱਗ ਪਈ ਹੈ ਕਿ ਯਾਰੀ ਹਾਥੀਆਂ ਵਾਲਿਆਂ ਨਾਲ ਤੇ ਬਾਰ ਰੱਖਣੇ ਭੀੜੇ ਦਾ ਅਰਥ ਕੀ ਹੁੰਦੈ..!

ਅਸੀਂ ਪਹਿਲੀ ਵਾਰ ਵਿਚੋਲੇ ਬਣੇ ਤਾਂ ਸਾਡੀ ਬੜੀ ਸੇਵਾ ਅਤੇ 'ਖ਼ਾਤਿਰ' ਹੋਈ। ਦੋਨਾਂ ਧਿਰਾਂ ਨੇ ਸੇਵਾ ਦੇ ਕੜੱਲ ਕੱਢ ਦਿੱਤੇ। ਜਦੋਂ ਜਾਣਾ, ਦੁੱਧ, ਪਰੌਂਠੇ ਅਤੇ ਮਠਿਆਈ ਨਾਲ ਸੇਵਾ ਹੋਣੀ। ਕਦੇ-ਕਦੇ ਰੋਟੀ ਨਾਲ਼ ਬੱਕਰਾ ਵੀ ਮਿਆਂਕ ਪੈਂਦਾ ਜਾਂ ਕੁੱਕੜ ਵੀ ਬਾਂਗ ਦੇ ਦਿੰਦਾ! ਅਸੀਂ ਆਪਣੇ ਆਪ ਨੂੰ ਲਾਹਣਤ ਪਾਈ ਕਿ ਅਜਿਹੇ ਕੰਮ ਪਹਿਲਾਂ ਕਿਉਂ ਨਾ ਵਿੱਢ ਲਏ? ਬਿੱਲੇ ਦੇ ਮੂੰਹ ਨੂੰ ਲਹੂ ਲੱਗਿਆ ਮਾੜਾ ਹੀ ਮਾੜਾ! ਖ਼ੈਰ, ਕੁੜੀ ਵਾਲਿਆਂ ਦਾ ਸੁਨੇਹਾਂ ਮੁੰਡੇ ਵਾਲਿਆਂ ਦੇ ਘਰ ਅਤੇ ਮੁੰਡੇ ਵਾਲਿਆਂ ਦਾ ਰੁੱਕਾ ਕੁੜੀ ਵਾਲਿਆਂ ਦੇ ਘਰ। ਕੰਮ ਤਾਂ ਮੈਨੂੰ ਇਹ 'ਕਰਮੂੰ ਬਾਹਮਣ' ਵਾਲਾ ਹੀ ਜਾਪਿਆ। ਪਰ ਜਦੋਂ ਅਸੀਂ ਦੋਨੋਂ ਧਿਰਾਂ ਵੱਲੋਂ ਮਿਲਦੇ ਪਿਆਰ-ਸਤਿਕਾਰ 'ਤੇ ਝਾਤੀ ਮਾਰੀ ਤਾਂ ਸਾਰੇ ਗ਼ਿਲੇ ਜਾਂਦੇ ਲੱਗੇ। ਵਿਆਹ ਹੋ ਗਿਆ। ਸਾਡੇ ਹਿੱਸੇ ਵਿਚੋਲਗਿਰੀ ਦੀ ਮੁੰਦਰੀ ਵੀ ਆ ਗਈ। ਚਾਹੇ ਅੱਧੇ ਤੋਲੇ ਦੀ ਹੀ ਸੀ, ਪਰ ਸੀ ਤਾਂ ਮੁੰਦਰੀ! ਚਾਹੇ ਹੌਲੀ ਹੀ ਸੀ, ਸੀ ਤਾਂ ਸੋਨੇ ਦੀ! ਪੁੰਨ ਦੀ ਗਾਂ ਦੇ ਦੰਦ ਕਿਸੇ ਨੇ ਗਿਣੇਂ ਐਂ?

ਤਿੰਨ ਕੁ ਮਹੀਨੇ ਬੀਤੇ। ਅਸੀਂ ਅਤੇ ਮੁੰਡੇ ਦਾ ਪਿਉ ਝੋਨਾ ਲੈ ਕੇ ਸ਼ਹਿਰ ਆੜ੍ਹਤੀਆਂ ਦੇ ਚਲੇ ਗਏ। ਕਿਉਂਕਿ ਇੱਕੋ ਪਿੰਡ ਦੇ ਹੀ ਸਾਂ। ਜਦੋਂ ਅਸੀਂ ਝੋਨਾ ਲਾਹ ਕੇ ਢੇਰੀਆਂ ਲਾ ਦਿੱਤੀਆਂ ਤਾਂ ਉਥੇ ਸਾਨੂੰ ਅਚਾਨਕ ਕੁੜੀ ਦਾ ਪਿਉ ਟੱਕਰ ਗਿਆ। ਬੜਾ ਸਿੱਧ-ਪੱਧਰਾ ਬੰਦਾ। ਖ਼ਾਲਸ ਜੱਟ! ਮੁੰਡੇ ਦੇ ਪਿਉ ਨੇ ਬੜੇ ਅਦਬ ਨਾਲ 'ਫ਼ਤਿਹ' ਬੁਲਾਈ। ਸਾਰੀ ਸੁੱਖ-ਸਾਂਦ ਤੋਂ ਬਾਅਦ ਕੁੜੀ ਦੇ ਪਿਉ ਨੇ ਪੁੱਛਿਆ, 'ਹੋਰ ਕੁੜਮਾਂ ਆਪਣੀ ਨਿੱਕੋ ਦਾ ਕੀ ਹਾਲ ਐ?' ਤਾਂ ਮੁੰਡੇ ਦਾ ਪਿਉ ਬੜੀ ਨਿਮਰਤਾ ਅਤੇ ਖੁਸ਼ੀ ਨਾਲ ਦੱਸਣ ਲੱਗਿਆ, 'ਬਾਬੇ ਦੀ ਕਿਰਪਾ ਨਾਲ ਚੜ੍ਹਦੀ ਕਲਾ 'ਚ ਐ, ਨਿੱਕੋ ਆਪਣੀ ਦਾ ਪੈਰ ਭਾਰੈ।' ਉਸ ਦੇ ਆਖਣ ਦੀ ਦੇਰ ਸੀ ਕਿ ਕੁੜੀ ਦੇ ਪਿਉ ਨੇ ਡਾਂਗ ਧੂਹ ਲਈ, 'ਸਾਡੇ ਘਰੇ ਨਿੱਕੋ ਬੀਹ-ਬਾਈ ਵਰ੍ਹੇ ਰਹੀ ਐ, ਉਦੋਂ ਤਾਂ ਉਹਦਾ ਪੈਰ ਭਾਰਾ ਹੋਇਆ ਨਾ, ਹੁਣ ਕਿਮੇਂ ਹੋ ਗਿਆ...?' ਤੇ ਫੇਰ ਉਹ ਆਪਣੀ ਤੋਪ ਦਾ ਮੂੰਹ ਸਾਡੇ ਵੱਲ ਨੂੰ ਸਿੱਧਾ ਕਰਕੇ ਖੜ੍ਹ ਗਿਆ, 'ਕਿਉਂ ਉਏ ਕੰਜਰ ਦਿਆ ਵਿਚੋਲਿਆ! ਤੂੰ ਵੀ ਸਾਡੀ ਨਿੱਕੋ ਦਾ ਖਿਆਲ ਨ੍ਹੀ ਰੱਖਿਆ? ਕੀ ਕੀਤੈ ਇਨ੍ਹਾਂ ਕੰਜਰਾਂ ਨੇ ਨਿੱਕੋ ਨੂੰ? ਖੁੱਟਿਆ-ਮਾਰਿਐ ਜਾਂ ਕੋਈ ਹੋਰ ਘਤਿੱਤ ਕੀਤੀ ਐ?' ਅਸੀਂ ਸਮਝਾਉਣ ਦੀ ਕੋਸ਼ਿਸ਼ ਕਰਨ ਹੀ ਲੱਗੇ ਸੀ ਕਿ ਉਹ ਫਿਰ ਭੜਕ ਪਿਆ, 'ਮੈਂ ਥੋਡੇ ਦੋਨਾਂ 'ਤੇ ਈ ਠਾਣੇ ਰਪਟ ਲਿਖਾਊਂ! ਦੋਨਾਂ ਨੂੰ ਈ ਅੰਦਰ ਕਰਵਾਊਂ, ਦੋਨਾਂ ਨੂੰ ਈ! ਤੁਸੀਂ ਸਾਨੂੰ ਸਮਝ ਕੀ ਲਿਆ? ਨਿੱਕੋ ਕਿਸੇ ਕੱਢੇ-ਵੱਢੇ ਘਰ ਦੀ ਐ? ਅਸੀਂ ਬਾਬੇ ਰਲ਼ਾ ਸਿਉਂ ਦੀ 'ਲ਼ਾਦ ਆਂ...!' ਜਦੋਂ ਰੌਲਾ ਸੁਣ ਕੇ ਉਥੇ ਦੁਨੀਆਂ ਇਕੱਠੀ ਹੋਣ ਲੱਗ ਪਈ ਤਾਂ ਸਾਨੂੰ ਆਪਣੇ ਕੋਮਲ ਸਰੀਰ ਦਾ ਫ਼ਿਕਰ ਪੈ ਗਿਆ। 'ਕੱਠ ਵਿਚ ਬੰਦਾ ਇੱਕ-ਇੱਕ ਮੁੱਕੀ ਮਾਰੇ ਤਾਂ 'ਰਾਮ ਨਾਮ ਸੱਤ' ਹੋ ਜਾਂਦੀ ਹੈ। ਅਸੀਂ ਕੁੜੀ ਦੇ ਪਿਉ ਨੂੰ ਇੱਕ ਪਾਸੇ ਲਿਜਾਣ ਵਿਚ ਸਫ਼ਲ ਹੋ ਗਏ। ਪਰ ਉਹ ਸੰਸਦ ਵਿਚ ਭੂਤਰੇ ਮੰਤਰੀਆਂ ਵਾਂਗ ਪੈਰਾਂ ਹੇਠੋਂ ਮਿੱਟੀ ਕੱਢਣੋਂ ਨਾ ਹਟੇ।



ਉਸ ਨੂੰ ਇਕ ਪਾਸੇ ਲਿਜਾ ਕੇ ਸਮਝਾਇਆ।

'ਝਗੜਾ ਸਿਆਂ 'ਪੈਰ-ਭਾਰਾ' ਹੋਣ ਦਾ ਮਤਲਬ ਸਾਡੇ ਪਤਾ ਕੀ ਐ?'

'ਕੀ ਮਤਬਲ ਐ?' ਉਸ ਦੀਆਂ ਦੁਨਾਲੀ ਬੰਦੂਕ ਵਰਗੀਆਂ ਨਾਸਾਂ ਸਾਨੂੰ ਡਰਾਉਣ ਆ ਰਹੀਆਂ ਸਨ।

'ਪੈਰ ਭਾਰਾ ਹੋਣ ਦਾ ਮਤਲਬ ਐ ਬਈ ਆਪਣੀ ਨਿੱਕੋ ਨੂੰ ਬੱਚਾ-ਬੱਚੀ ਹੋਣ ਆਲ਼ੈ।'

ਝਗੜਾ ਸਿੰਘ ਦੀ ਬੋਲਤੀ ਬੰਦ ਹੋ ਗਈ। ਉਸ ਨੇ ਹੱਥ ਵਾਲੀ ਡਾਂਗ ਪਰ੍ਹੇ ਵਗਾਹ ਮਾਰੀ ਤਾਂ ਅਸੀਂ ਸੁਖ ਦਾ ਸਾਹ ਲਿਆ ਕਿ ਬਲਾਅ ਟਲ ਗਈ।

'ਆਈ ਸਮਝ ਕਿ ਨਹੀਂ?' ਅਸੀਂ ਦੁਬਾਰਾ ਟੋਹਣ ਲਈ ਪੁੱਛਿਆ। ਸੰਤੁਸ਼ਟੀ ਕਰਨੀ ਚਾਹੀ।

'ਅੱਛਾ-ਅੱਛਾ...! ਬੱਚਾ-ਬੱਚੀ ਹੋਣ ਆਲੈ...? ਉਹੋ, ਉਏ ਭਰਾਵੋ ਮੇਰਾ ਈ ਡਮਾਕ ਖਰਾਬ ਐ! ਮੈਨੂੰ ਥੋਡੇ 'ਲਾਕੇ ਦੀ ਬਾਤ ਦਾ ਕੀ ਪਤਾ? ਆਓ ਬੋਤਲ ਲੈ ਕੇ ਇੱਕ ਇੱਕ ਪੇਕ ਲਾਈਏ ਤੇ ਕਾਲਜਾ ਤੱਤਾ ਕਰੀਏ, ਠਾਰੀ ਐ।' ਉਹ ਸਾਨੂੰ ਆਲ਼ਸੀ ਕੱਟੇ ਵਾਂਗ ਧੂਹ ਕੇ ਠੇਕੇ ਵੱਲ ਨੂੰ ਲੈ ਤੁਰਿਆ। ਅਸੀਂ ਮਨ ਵਿਚ ਹੀ ਕੱਛਾਂ ਵਜਾਈਆਂ। ਬਾਘੀ ਪਾਈ। ਸ਼ੁਕਰ ਮਨਾਇਆ ਬਈ ਸ਼ੁਕਰ ਐ ਰੱਬਾ ਤੇਰਾ! ਨਹੀਂ ਇਸ ਰੱਬ ਦੇ ਜੀਅ ਨੇ ਆਪ ਤਾਂ ਸਾਡੇ ਚਿੱਬ ਪਾਉਣੇ ਹੀ ਸੀ, ਇਕੱਠੀ ਹੋਈ ਜਨਤਾ ਨੇ ਵੀ ਹੱਥ ਸੇਕ ਲੈਣੇ ਸਨ। ਸ਼ੁਕਰ ਹੈ ਹੁਣ ਕਾਲਜਾ ਤੱਤਾ ਕਰਨ ਲਈ ਸੁਲਾਹ ਮਾਰਨ ਲੱਗ ਪਿਆ। ਅੱਗੇ ਤੋਂ ਅਸੀਂ ਆਪਣੇ ਕੰਨੀਂ ਹੱਥ ਲਾਏ ਕਿ ਜੇ ਕਿਸੇ ਨੂੰ ਅਜਿਹੀ ਭੇਦ-ਭਰੀ ਗੱਲ ਦੱਸਣੀ ਹੋਵੇ ਤਾਂ ਸਿੱਧੀ ਹੀ ਅਗਲੇ ਦੇ ਇੱਟ ਵਾਂਗੂੰ ਮੱਥੇ ਮਾਰਿਆ ਕਰਾਂਗੇ, ਭਾਈ ਥੋਡੀ ਨੂੰਹ-ਧੀ ਨੂੰ ਜੁਆਕ-ਜੱਲਾ ਹੋਣ ਆਲੈ!

ਅਸੀਂ ਦੁਬਾਰਾ ਵਿਚੋਲੇ ਬਣਨ ਲਈ ਦਿਲ ਕੱਢਿਆ। ਆਪਣੇ ਖੰਭ ਪਰਖੇ ਕਿ ਭਾਰ ਤੋਲਣ ਜੋਗੇ ਹਨ ਵੀ ਕਿ ਨਹੀਂ? ਪਹਿਲੀ ਵਿਚੋਲਗਿਰੀ ਦੀ ਛਾਪ ਨੇ ਸਾਨੂੰ ਲਾਲਚੀ ਬਣਾ ਦਿੱਤਾ ਸੀ। ਲਾਲਚ ਕਰਕੇ ਤਾਂ ਜੰਗਲ ਦਾ ਰਾਜਾ ਸ਼ੇਰ ਕੜੱਕੇ ਵਿਚ ਜਾ ਫ਼ਸਦੈ, ਅਸੀਂ ਵਿਚਾਰੇ ਕੀਹਦੇ ਪਾਣੀਹਾਰ? ਦੂਜੀ ਵਾਰ ਵਿਚੋਲਾ ਬਣਨ ਦਾ ਪ੍ਰੱਪਕ ਨਿਹਚਾ ਕਰ ਲਿਆ। ਸਾਡੀ ਮਾੜੀ ਕਿਸਮਤ, ਮੁੰਡਾ ਅੱਗੋਂ ਕਾਮਰੇਡ! ਪਹਿਲਾਂ ਤਾਂ ਵਿਆਹ ਨੂੰ ਲੱਤ ਈ ਨਾ ਲਾਵੇ, ਅਖੇ ਥੋਡੀ ਸੋਚ ਪਿਛਾਂਹ-ਖਿੱਚੂ ਐ। ਘਰਦਿਆਂ ਨੇ ਜਾਭਾਂ ਦਾ ਭੇੜ੍ਹ ਕੀਤਾ, ਤਾਂ ਜਾ ਕੇ ਕਿਤੇ ਤੋਕੜ ਮੱਝ ਵਾਂਗ ਕਿੱਲੇ 'ਤੇ ਖੜ੍ਹਿਆ। ਫੇਰ ਹੋਰ ਗੱਲ ਦਾ ਰੇੜਕਾ ਪਾ ਕੇ ਬੈਠ ਗਿਆ, ਮੈਨੂੰ ਕੁੜੀ ਉਚੇ ਖਿਆਲਾਂ ਦੀ, ਉਸਾਰੂ-ਵਿਚਾਰਾਂ ਵਾਲੀ ਚਾਹੀਦੀ ਐ। ਕਾਮਰੇਡ ਦਾ ਬਾਪੂ ਖਿਝ ਗਿਆ, ਤੈਨੂੰ ਚੀਨ ਆਲੇ ਮੰਤਰੀ ਦੀ ਕੁੜੀ ਨਾ ਲਿਆ ਦੀਏ? ਮੁੰਡਾ ਹੱਸ ਪਿਆ ਅਤੇ ਸਾਨੂੰ ਅੱਧੀ ਸਹਿਮਤੀ ਮਿਲ ਗਈ। ਸਹੁਰੇ ਵੀ ਰਾਜੀ ਅਤੇ ਪੇਕੇ ਵੀ ਬਾਗੋਬਾਗ। ਪਰ ਅਸੀਂ ਨਿਰਾਸ਼! ਕਾਮਰੇਡ ਦਾ ਵਿਆਹ ਕਾਹਦਾ? ਨਾ ਜੰਨ ਗਈ, ਨਾ ਆਨੰਦ ਕਾਰਜ! ਨਾ ਕੋਈ ਦਾਰੂ-ਦੱਪਾ, ਨਾ ਪਾਰਟੀ! ਚਰ੍ਹੀ ਦੀ ਪੂਲ਼ੀ ਵਾਂਗ ਪਤੰਦਰ 'ਕੱਲਾ ਈ ਸਾਈਕਲ 'ਤੇ ਕੁੜੀ ਲੱਦ ਕੇ ਘਰੇ ਲੈ ਆਇਆ। ਅਖੇ ਫੋਕੇ ਖਰਚੇ ਅਸੀਂ ਨ੍ਹੀ ਕਰਨੇ। ਅਖੇ ਦੁਨੀਆਂ ਫ਼ੋਕੀਆਂ ਸ਼ੋਹਰਤਾਂ ਕਰਕੇ ਕਰਜ਼ਾਈ ਹੋਈ ਜਾ ਰਹੀ ਐ। ਲੋਟੂ-ਟੋਲਾ ਥੋਨੂੰ ਲੁੱਟ ਰਿਹੈ। ਫ੍ਹਿੱਟੇ ਮੂੰਹ! ਇਹ ਵੀ ਕੋਈ ਵਿਆਹ ਐ? ਜਦੋਂ ਕਾਮਰੇਡ ਨੇ ਹੀ ਕੁਛ ਨਹੀਂ ਲਿਆ ਸੀ, ਤਾਂ ਸਾਨੂੰ ਵਿਚੋਲਗਿਰੀ ਦੀ ਛਾਪ ਢੱਠੇ-ਖੂਹ 'ਚੋਂ ਮਿਲਣੀ ਸੀ? ਨੰਗਾਂ ਦੇ ਨੰਗ ਪ੍ਰਾਹੁਣੇਂ! ਕੰਨਾਂ ਨੂੰ ਹੱਥ ਲਾਏ, ਕੱਟਿਆਂ ਦਾ ਵਪਾਰ ਕਰਨਾ ਮਨਜ਼ੂਰ, ਪਰ ਕਿਸੇ ਕਾਮਰੇਡ ਦਾ ਵਿਚੋਲਾ ਨ੍ਹੀ ਬਣਨਾ, ਜਿਹੜੇ ਵਿਚੋਲੇ ਨੂੰ ਛਾਪ ਨ੍ਹੀ ਪਾ ਸਕਦੇ, ਇਹ ਕਾਮਰੇਡੀ ਸੁਆਹ ਦੀ ਐ? ਅਸੀਂ ਮੁੰਦਰੀ ਦੇ ਲਾਲਚ ਨੂੰ ਵਾਧੂ ਗਿੱਟੇ ਕਢਵਾਉਂਦੇ ਰਹਿ ਗਏ। ਸਾਡੀ ਤਾਂ ਕਾਮਰੇਡ ਬਾਤ ਨ੍ਹੀ ਪੁੱਛਦਾ, ਆਪਦੀ ਘਰਵਾਲੀ ਨੂੰ 'ਜੀਤੀ-ਜੀਤੀ' ਕਰਦੇ ਦਾ ਮੂੰਹ ਸੁੱਕਦੈ! ਕਿੰਨੇ ਨਾਸ਼ੁਕਰੇ ਬੰਦੇ ਐ!

ਦੂਜੀ ਵਿਚੋਲਗੀ ਦਾ ਕੌੜਾ ਤਜ਼ਰਬਾ ਹੋਇਆ। ਸੋਚਿਆ ਜਿਹੜਾ ਇਹ ਘਾਟਾ ਪਿਐ, ਅਗਲੇ ਘਰ ਤੋਂ ਪੂਰਾ ਕਰਾਂਗੇ! ਕੁੜੀ ਵਾਲਿਆਂ ਤੋਂ ਵੀ ਛਾਪ, ਮੁੰਡੇ ਆਲਿਆਂ ਕੋਲੋਂ ਵੀ ਛਾਪ! ਘਾਟੇ-ਵਾਧੇ ਬਰਾਬਰ! ਘਾਟੇ ਵਾਧੇ ਵਪਾਰ 'ਚ ਹੁੰਦੇ ਹੀ ਰਹਿੰਦੇ ਐ! ਹੁਣ ਸਾਡੇ ਉਪਰ 'ਵਿਚੋਲੇ' ਦਾ ਲੇਬਲ ਲੱਗ ਗਿਆ ਸੀ। ਜਿਵੇਂ ਕਿਸੇ ਨੂੰ ਡਾਕਟਰ, ਇੰਜਨੀਅਰ ਜਾਂ ਪ੍ਰੋਫ਼ੈਸਰ ਦੀ ਉਪਾਧੀ ਮਿਲ ਜਾਂਦੀ ਐ, ਸਾਨੂੰ ਵਿਚੋਲੇ ਵਾਲੀ 'ਉਪਾਧੀ' ਮਿਲ ਗਈ ਸੀ। ਸਾਡੀ ਰੱਬ ਨੇ ਫੇਰ ਸੁਣ ਲਈ। ਸੁਣੀ ਕੀ? ਲਹਿਰਾਂ-ਬਹਿਰਾਂ ਕਰ ਦਿੱਤੀਆਂ! ਇਕ 'ਮੁੰਡਾ' ਕੈਨੇਡਾ ਤੋਂ ਆਇਆ ਸੀ। ਉਮਰ 50 ਸਾਲ। ਵਿਆਹ ਕਰਵਾਉਣ ਨੂੰ ਤਾਂਘਦਾ ਸੀ। ਨਾਲੇ 50 ਸਾਲ ਕੀ ਉਮਰ ਹੁੰਦੀ ਐ? ਵਾਲ ਕਾਲੇ, ਦਾਹੜ੍ਹੀ ਘਰੜ੍ਹੀ ਹੋਈ, ਉਹ ਤਾਂ ਲੱਗਦਾ ਪੱਚੀਆਂ ਕੁ ਦਾ ਹੀ ਸੀ! ਨਾਲੇ ਮਰਦ ਤੇ ਘੋੜਾ ਵੀ ਕਦੇ ਬੁੱਢੇ ਹੋਏ ਐ? ਖ਼ੁਰਾਕਾਂ ਮਿਲੀ ਜਾਣ ਸਹੀ! ਸਾਨੂੰ 'ਕਾਮਰੇਡ ਐਂਡ ਜੀਤੀ ਕੰਪਨੀ' 'ਚੋਂ ਪਿਆ ਘਾਟਾ ਇੱਧਰੋਂ ਪੂਰਾ ਹੁੰਦਾ ਲੱਗਦਾ ਸੀ। ਅਸੀਂ ਕੈਨੇਡੀਅਨ 'ਲਾੜੇ' ਨੂੰ ਉਚੇਚ ਕਰਕੇ ਜਾ ਮਿਲੇ। ਉਹ 'ਮੁੰਡਾ-ਖੁੰਡਾ' ਦਿਸਣ ਲਈ ਗਰੀਸ ਜਿਹੇ ਨਾਲ ਆਪਣੇ ਵਾਲ਼ ਚੋਪੜੀ ਬੈਠਾ ਸੀ। ਉਠ ਕੇ ਬੜੇ ਉਤਸ਼ਾਹ ਨਾਲ ਮਿਲਿਆ, ਮੜਕ ਭੋਰਾ ਵੀ ਨਾ! ਵਿਚੋਲੇ ਵਾਲਾ 'ਲੇਬਲ' ਸਾਨੂੰ ਰਾਸ ਆਇਆ, ਉਸ ਨੇ ਜਾਨੀ-ਵਾਕਰ ਦੀ ਬੋਤਲ ਸੱਪ ਵਾਂਗ ਕੱਢ ਕੇ ਸਾਡੇ ਮੂਹਰੇ ਰੱਖ ਦਿੱਤੀ। ਬੜਾ ਦਿਲ ਦਰਿਆ ਬੰਦਾ। ਸੂਮ ਕਾਮਰੇਡ ਨਾਲੋਂ ਲੱਖ ਦਰਜੇ ਚੰਗਾ। ਜੇ ਅਸੀਂ ਕਦੇ ਭੁੱਲ-ਭੁਲੇਖੇ ਕਾਮਰੇਡ ਦੇ ਘਰੇ ਚਲੇ ਜਾਣਾ ਤਾਂ ਉਸ ਨੇ ਆਪਣੀ ਘਰਵਾਲੀ ਨੂੰ ਮਲਵੀਂ ਜਿਹੀ ਜੀਭ ਨਾਲ ਆਖਣਾ, 'ਜੀਤੀ..! ਸਾਥੀ ਅੱਧਾ ਕੁ ਕੱਪ ਚਾਹ ਬਣਾ ਲਵੋ!' ਬਈ ਪੁੱਛਣਾ ਹੋਵੇ, ਪੂਰਾ ਕੱਪ ਬਣਾਉਂਦੀ ਜੀਤੀ ਦੇ ਖੁਰਕ ਪੈਂਦੀ ਐ? ਨੀਤ ਦੇ ਨਿਰੇ ਨੰਗ! ਜਿਹੋ ਜੀ ਨੰਦੋ ਬਾਹਮਣੀਂ, ਉਹੋ ਜਿਆ ਘੁੱਦੂ ਜੇਠ। ਜਿਹੋ ਜਿਹਾ ਮੱਖੀ ਚੂਸ ਕਾਮਰੇਡ, ਉਸ ਤੋਂ ਵੱਧ ਟਿੱਡੀਆਂ ਬੁਸ਼ਕਰਨ ਵਾਲੀ ਉਸ ਦੀ ਖਲਪਾੜ ਜਿਹੀ ਜੀਤੀ! 'ਉਸਾਰੂ-ਵਿਚਾਰਾਂ' ਵਾਲੀ!

ਖ਼ੈਰ! ਸਾਡੀ ਜੱਦੋਜਹਿਦ ਰੰਗ ਲਿਆਈ। ਕੈਨੇਡੀਅਨ 'ਲਾੜੇ' ਦਾ ਪੱਕ-ਠੱਕ ਕਰਵਾ ਦਿੱਤਾ। ਕੀ ਹੋ ਗਿਆ ਕਿ ਕੁੜੀ ਦੀ ਉਮਰ ਕੈਨੇਡੀਅਨ ਲਾੜੇ ਤੋਂ ਤੀਹ ਸਾਲ ਛੋਟੀ ਸੀ? ਮੁੰਡਾ ਤਾਂ ਕੈਨੇਡੀਅਨ ਸੀ ਨਾ! ਨਾਲੇ 25-30 ਸਾਲਾਂ ਦਾ ਵੀ ਕੋਈ ਫ਼ਰਕ ਹੁੰਦੈ? ਕੁੜੀ ਦੇ ਮਾਂ-ਪਿਉ ਤਾਂ ਸਾਡੇ ਪੈਰ ਧੋ-ਧੋ ਕੇ ਪੀਣ ਨੂੰ ਤਿਆਰ ਸੀ, ਸਾਡੀ ਕੁੜੀ ਨੂੰ 'ਬਾਹਰਲਾ' ਮੁੰਡਾ ਲੱਭ ਕੇ ਦਿੱਤੈ! ਕੈਨੇਡੀਅਨ ਲਾੜਾ ਸਾਡੀ ਹਰ ਰੋਜ ਵਿਸਕੀ ਅਤੇ ਕੁੱਕੜ-ਬਟੇਰੇ ਨਾਲ ਸੇਵਾ ਕਰਦਾ ਸੀ, ਜੱਫ਼ੀਆਂ ਪਾਉਂਦਾ ਸੀ। ਜਦੋਂ ਅਸੀਂ ਕੈਨੇਡੀਅਨ ਦਾ ਮੁਕਾਬਲਾ ਕਾਮਰੇਡ ਨਾਲ ਕਰਕੇ ਦੇਖਣਾ ਤਾਂ ਸਾਥੋਂ ਕਾਮਰੇਡ ਨੂੰ ਸੌ-ਸੌ ਗਾਲ੍ਹ ਨਿਕਲਣੀ! ਕੈਨੇਡੀਅਨ ਦਾ ਵਿਆਹ ਹੋ ਗਿਆ। ਲੋਕਾਂ ਨੇ ਦੋ ਚਾਰ ਦਿਨ ਦੰਦ-ਕਥਾ ਕੀਤੀ। ਚੁੱਪ ਕਰ ਗਏ। ਪਤਾ ਨ੍ਹੀ ਲੋਕਾਂ ਨੂੰ ਕੀ ਬੁਰੀ ਬਾਣ ਐਂ? ਕਿਸੇ ਦੀ ਕੁੜੀ ਕਿਸੇ ਦਾ ਮੁੰਡਾ, ਲੋਕਾਂ ਦੇ ਕੀ ਸੂਲ਼ ਹੁੰਦੈ? ਸਾਡੇ ਹਿੱਸੇ ਇੱਕ ਨਹੀਂ, ਦੋ ਛਾਪਾਂ ਆ ਗਈਆਂ। ਘਾਟੇ ਪੂਰੇ ਹੋ ਗਏ! ਦੋ-ਤਿੰਨ ਮਹੀਨੇ ਕੁੜੀ ਨੂੰ ਘੁੰਮਾ-ਫਿਰਾ ਕੇ ਕੈਨੇਡੀਅਨ 'ਮੁੰਡਾ' ਕੁੜੀ ਨੂੰ ਜਲਦੀ ਹੀ ਮੰਗਵਾ ਲੈਣ ਦਾ ਵਾਅਦਾ ਕਰਕੇ ਕੈਨੇਡਾ ਨੂੰ ਜਹਾਜ ਚੜ੍ਹ ਗਿਆ। ਜਾਣ ਤੋਂ ਪਹਿਲਾਂ ਚੰਡੀਗੜ੍ਹ, ਮੈਸੂਰੀ, ਸ਼ਿਮਲੇ ਤੇ ਹੋਰ ਪਤਾ ਨਹੀਂ ਕਿੱਥੇ-ਕਿੱਥੇ ਕੁੜੀ ਨੂੰ ਘੁਮਾਉਂਦਾ ਰਿਹਾ। ਕਾਮਰੇਡ ਤਾਂ ਆਪਦੀ ਜੀਤੀ ਨੂੰ ਮੋਗੇ ਫ਼ਿਲਮ ਨਹੀਂ ਦਿਖਾ ਸਕਿਆ। ਕਿੰਨਾਂ ਮੱਖੀ-ਚੂਸ ਐ ਸਾਲ਼ਾ ਕੁੱਤਿਆਂ ਦਾ!

ਹੁਣ ਤਿੰਨ ਮੁੰਦਰੀਆਂ ਸਾਡੇ ਹੱਥਾਂ ਵਿਚ ਕਾਲੇ ਨਾਗ਼ ਦੀ ਅੱਖ ਵਾਂਗੂੰ ਦਗ਼ਦੀਆਂ ਰਹਿੰਦੀਆਂ। ਸਾਡੀ ਸ਼ਾਮਤ ਤਾਂ ਉਦੋਂ ਆਈ ਜਦੋਂ ਕੈਨੇਡੀਅਨ ਲਾੜੇ ਨੇ ਜਾ ਕੇ ਕੁੜੀ ਨੂੰ ਕੋਈ ਕਾਗਜ਼-ਪੱਤਰ ਨਾ ਭੇਜਿਆ। ਪਹਿਲਾਂ ਜਾ ਕੇ ਤਾਂ ਫ਼ੋਨ-ਫ਼ਾਨ ਕਰਦਾ ਰਿਹਾ, ਪਰ ਫਿਰ ਇੱਕ ਦਮ ਚੁੱਪ ਜਿਹਾ ਕਰ ਗਿਆ। ਕੁੜੀ ਵਾਲਿਆਂ ਨੇ ਸਾਡੀ ਜਾਨ ਖਾਣੀ ਸ਼ੁਰੂ ਕਰ ਦਿੱਤੀ। ਅਸੀਂ ਕਿਹੜਾ ਕੈਨੇਡਾ ਦੇ ਮੁੱਖ ਮੰਤਰੀ ਸੀ? ਸਾਨੂੰ ਤਾਂ ਇਹ ਵੀ ਨਹੀਂ ਪਤਾ ਸੀ ਕਿ ਮੁੰਡਾ ਕੈਨੇਡਾ ਰਹਿੰਦਾ ਵੀ ਹੈ ਕਿ ਨਹੀਂ? ਕੁੜੀ ਨੂੰ ਵੀ ਕੰਜਰ ਦੇ ਨੇ ਕੋਈ ਪਤਾ-ਸੁਤਾ ਨਹੀਂ ਦਿੱਤਾ ਸੀ। ਕੁੜੀ ਵੀ ਸਹੁਰੀ ਭੋਲ਼ੀ, ਕੈਨੇਡੀਅਨ ਦੀ ਬੁੱਕਲ 'ਚ ਵੜ, ਲੋਰੀਆਂ ਲੈਂਦੀ, ਸਾਰਾ ਕੁਛ ਭੁੱਲ ਗਈ। ਜਦੋਂ ਕੁੜੀ ਵਾਲਿਆਂ ਨੇ ਸਾਡੇ ਬਨੇਰੇ ਬੁਰੀ ਤਰ੍ਹਾਂ ਰੰਦਣੇ ਸ਼ੁਰੂ ਕਰ ਦਿੱਤੇ ਤਾਂ ਅਸੀਂ ਆਪਣਾ ਭੁੱਗਾ ਕੁੱਟੇ ਜਾਣ ਤੋਂ ਪਹਿਲਾਂ ਹੀ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਡਰਦਿਆਂ ਨੇ ਦਿੱਲੀ ਹਵਾਈ ਅੱਡੇ 'ਤੇ ਡੇਰਾ ਲਾ ਲਿਆ। ਜਦੋਂ ਕੋਈ ਕੈਨੇਡਾ ਤੋਂ ਜਹਾਜ ਆਇਆ ਕਰੇ, ਅਸੀਂ ਕੈਨੇਡਾ ਤੋਂ ਆਉਣ ਵਾਲਿਆਂ ਨੂੰ 'ਲਾੜੇ' ਦਾ ਹੁਲੀਆ ਅਤੇ ਪਿੰਡ ਦੱਸ ਕੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਿਆ ਕਰੀਏ।

ਆਖਰ ਸਾਡੇ ਸਿਰ ਵਿਚ ਇਕ ਹੋਰ ਭੜ੍ਹਾਕਾ ਫ਼ਟ ਗਿਆ। ਉਸ ਦੇ ਕਿਸੇ ਨੇੜਲੇ ਜਾਣਕਾਰ ਨੇ ਦੱਸਿਆ ਕਿ ਲਾੜਾ ਜੀ ਤਾਂ ਸੁੱਖ ਨਾਲ 25 ਸਾਲ ਪਹਿਲਾਂ ਦੇ ਵਿਆਹੇ-ਵਰੇ ਹਨ ਅਤੇ ਉਨ੍ਹਾਂ ਨੇ ਕੈਨੇਡਾ ਵਿਚ ਹੁਣੇ ਜਿਹੇ ਆਪਣੀ 23 ਸਾਲਾ ਲੜਕੀ ਦੀ ਸ਼ਾਦੀ ਕੀਤੀ ਸੀ। ਸਾਨੂੰ ਤਾਂ ਜੀ ਦਿਲ ਦਾ ਦੌਰਾ ਪੈਣ ਵਾਲਾ ਹੋ ਗਿਆ! ਰੱਬ ਅੱਗੇ ਹੱਥ ਜੋੜੇ, ਬਚਾ ਰੱਬਾ, ਤੇਰੇ ਅਣਜਾਣ ਬੱਚੇ ਹਾਂ! ਘਰੇ ਕਿਵੇਂ ਜਾਈਏ? ਕੁੜੀ ਵਾਲੇ ਸਾਨੂੰ ਛੁਲਕਣ ਲਈ ਰੈਂਗੜੇ ਚੁੱਕੀ ਫਿਰਦੇ ਸਨ। ਆਖਰ ਕਾਮਰੇਡ ਦੇ ਘਰੇ ਹੀ ਜਾ ਡੇਰੇ ਲਾਏ। ਕਦੇ-ਕਦੇ ਖੋਟਾ ਸਿੱਕਾ ਵੀ ਕੰਮ ਆ ਜਾਂਦੈ। ਕਾਮਰੇਡ ਨੂੰ ਸਾਰੀ ਗੱਲ ਦੱਸੀ। ਉਸ ਨੇ ਕੈਨੇਡੀਅਨ ਦੀਆਂ ਸਾਰੀਆਂ ਗੁੱਥੀਆਂ ਫ਼ਰੋਲਣ ਦੀ ਜ਼ਿੰਮੇਵਾਰੀ ਲਈ। ਕਹਿੰਦਾ ਕੈਨੇਡਾ ਵਿਚ ਸਾਡੇ ਬੜੇ ਸਾਥੀ ਵਸਦੇ ਨੇ, ਬੁੱਢੇ ਲਾੜੇ ਨੂੰ ਨਿਰਵਸਤਰ ਕਰਾਂਗੇ ਤੇ ਕੁੜੀ ਨੂੰ ਇਨਸਾਫ਼ ਦੁਆਵਾਂਗੇ! ਸਾਨੂੰ ਵੀ ਤੱਤੀਆਂ-ਠੰਢੀਆਂ ਸੁਣਾ ਗਿਆ, ਅਖੇ ਤੁਸੀਂ ਲੋਕ ਅੰਨ੍ਹੇ ਹੋ, ਕੁਛ ਕਰਨ ਲੱਗੇ ਅੱਗਾ-ਪਿੱਛਾ ਨ੍ਹੀ ਦੇਖਦੇ। ਜੀਤੀ ਜੀ ਵੀ ਆਪਣੇ ਗੁੱਸੇ ਦਾ ਰੇਗਮਾਰ ਸਾਡੇ ਫ਼ੁੱਲ ਵਰਗੇ ਸਰੀਰ 'ਤੇ ਫੇਰ ਗਈ, ਅਖੇ ਕੁੜੀ ਦੀ ਜ਼ਿੰਦਗੀ ਬਰਬਾਦ ਕਰਨ ਦੇ ਸਰਾਸਰ ਤੁਸੀਂ ਜ਼ਿੰਮੇਵਾਰ ਹੋ! ਕੋਈ ਪੁੱਛੇ, ਬਈ ਸਹੁਰੀਏ ਚਾਮਚੜਿੱਕੇ ਜੀਏ, ਕੀ ਕੋਈ ਕਿਸੇ ਦੇ ਅੰਦਰ ਵੜਿਆ ਹੁੰਦੈ? ਕੇਰਾਂ ਈ ਜੱਜ ਬਣ ਕੇ ਖੜ੍ਹਗੀ? ਪਰ ਅਸੀਂ ਇਸ ਗਲਤੀ ਤੋਂ ਇੱਕ ਸਬਕ ਜ਼ਰੂਰ ਸਿੱਖਿਐ, ਕਿਸੇ 'ਬਾਹਰਲੇ' ਦੇ ਵਿਚੋਲੇ ਨਹੀਂ ਬਣਨਾ। ਕੰਨਾਂ ਨੂੰ ਵਾਰ-ਵਾਰ ਹੱਥ ਲਾਏ, ਅਜੇ ਤਾਂ ਅਸੀਂ ਆਪਣੇ ਹੱਡ ਬਚਾਉਣ 'ਤੇ ਲੱਗੇ ਹੋਏ ਹਾਂ!

## ਨਵੀਂ ਰੰਨ ਮੁਬਾਰਕ ਪੰਜਾਬ ਸਿਆਂ!

ਪਿਛਲੀਆਂ ਦੋਹਾਂ ਤੋਂ ਆਜਿਜ ਆਏ ਪੰਜਾਬ ਨੂੰ ਆਖਰ ਨਵੀਂ ਨਵੇਲੀ ਹਾਸਲ ਹੋ ਹੀ ਗਈ। ਹੋ ਤਾਂ ਪਿਛਲੀ ਵਾਰ ਹੀ ਜਾਣੀ ਸੀ ਪਰ ਐਨ.ਆਰ.ਆਈਜ਼. ਦੀ ਬਹੁਤੀ ਲਾਅਲਾ ਲਾਅਲਾ ਨੇ ਕੰਮ ਵਿਗਾੜ ਦਿੱਤਾ ਸੀ। ਇਸ ਵਾਰ ਐਨ ਆਰ ਆਈਜ਼ ਨੇ ਬਹੁਤੀ ਚੱਕ ਲੋ ਚੱਕ ਲੋ ਤੋਂ ਪਰਹੇਜ਼ ਕੀਤਾ ਤੇ ਕੰਮ ਰਾਸ ਆ ਗਿਆ। ਹੁਣ ਨਵੀਂ ਦੁਲਹਨ ਨੂੰ ਸੰਭਲ ਕੇ ਚੱਲਣ ਦੀ ਤਾਕੀਦ ਹੈ ਕਿਉਂਕਿ ਪੰਜਾਬੀ ਬਹੁਤਾ ਚਿਰ ਸਬਰ ਨੀ ਕਰਦੇ ਅਤੇ ਡਾਹਢੇ ਖਸਮ ਵਾਂਗੂੰ ਕਦੇ ਲੂਣ ਘੱਟ ਵੱਧ 'ਤੇ ਕਦੇ ਕਿਸੇ ਹੋਰ ਬਹਾਨੇ ਧੌਣ 'ਤੇ ਗੋਡਾ ਦੇਣ ਨੂੰ ਤਿਆਰ ਰਹਿੰਦੇ ਹਨ। ਖੁੱਡੇ ਲਾਈਨ ਲੱਗੇ ਅਕਾਲੀਆਂ ਬਿੱਲੀਆਂ ਦੀ ਲੜਾਈ ਵਿਚੋਂ ਬਾਂਦਰ ਦਾ ਦਾਅ ਲੱਗਣ ਵਾਂਗ ਕਾਂਗਰਸੀਆਂ ਦੀ ਕੁੱਕੜ ਖੇਹ ਦਾ ਫਾਇਦਾ ਚੁੱਕਣ ਬਾਰੇ ਸੋਚਿਆ ਸੀ ਪਰ ਜਨਾਬ ਸਿੱਧੂ ਹੁਰਾਂ 'ਨਾ ਖੇਲੇਂਗੇ ਨਾ ਖੇਲਨੇ ਦੇਂਗੇ ਗੁੱਚੀ ਮੇਂ ਮੂਤੇਂਗੇ' ਕਰ ਕੇ ਕਾਂਗਰਸ ਦਾ ਭੱਠਾ ਬਿਠਾ ਦਿੱਤਾ। ਇਸ ਦਾ ਫਾਇਦਾ ਤੀਜਾ ਬਦਲ ਲੈ ਗਿਆ।

ਜਨਾਬ ਸਿਮਰਨਜੀਤ ਸਿੰਘ ਮਾਨ ਹੁਰੀਂ ਅਰਸੇ ਤੋਂ ਸਿੱਖਾਂ ਦੇ ਜੁਝਾਰੂ ਇਤਿਹਾਸ ਦਾ ਮੁੱਲ ਪਾਉਣ ਦੀ ਝੂਠੀ ਆਸ ਵਿਚ ਗੋਤੇ ਲਾਉਂਦੇ ਰਹੇ, ਐਥੋਂ ਤਕ ਕਿ ਯੁਕਰੇਨ ਦੀ ਮਦਦ ਬਹਾਨੇ ਕਮਜ਼ੋਰ ਦੀ ਬਾਂਹ ਫੜਨ ਦਾ ਹਾਸੋਹੀਣਾ ਡਰਾਮਾ ਵੀ ਕੀਤਾ ਪਰ ਪੰਜਾਬ ਵਾਸੀ ਜਾਣਦੇ ਹਨ ਕਿ ਕੁਰਬਾਨੀਆਂ ਕੈਸ਼ ਕਰਾਉਣ ਵਾਲੇ ਕਦੇ ਵਰਤਮਾਨ ਦਾ ਭਲਾ ਨਹੀਂ ਕਰ ਸਕਦੇ। ਸ਼ਹੀਦੀਆਂ ਦਾ ਰੌਲਾ ਪਾ ਲੋਕਾਂ ਨੂੰ ਹੋਰ ਬੇਵਕੂਫ ਨਹੀਂ ਬਣਾਇਆ ਜਾ ਸਕਦਾ। ਇਨ੍ਹਾਂ ਚੋਣਾਂ ਵਿਚ ਇਹ ਵੀ ਸਪੱਸ਼ਟ ਹੋਇਆ ਹੈ ਕਿ ਗੋਦੀ ਮੀਡੀਆ ਦੇ ਮੋਦੀ ਆਰ ਐਸ ਐਸ ਜਾਂ ਹਿੰਦੁਤਵ ਦੇ ਧੂੰਆਂਧਾਰ ਵਿਰੋਧ ਦਾ ਹਮੇਸ਼ਾ ਵਾਂਗ ਉਲਟਾ ਅਸਰ ਹੋਇਆ ਹੈ। ਮੇਰੇ ਯੂ ਪੀ ਰਹਿੰਦੇ ਮਿੱਤਰਾਂ ਦਾ ਕਹਿਣਾ ਸੀ ਕਿ ਯੋਗੀ ਨੇ ਸਖਤ ਪ੍ਰਸ਼ਾਸਕ ਵਜੋਂ ਚੰਗਾ ਕੰਮ ਕੀਤਾ ਹੈ ਜਿਸ ਦਾ ਲਾਭ ਉਸਦੀ ਪਾਰਟੀ ਨੂੰ ਮਿਲਿਆ ਹੈ। ਹੁਣ "ਕੋਈ ਵੀ ਬਟਨ ਦੱਬੋ ਵੋਟ ਬੀਜੇਪੀ ਨੂੰ ਹੀ ਜਾਏਗੀ" ਦਾ ਰਾਗ ਅਲਾਪਣਾ ਵੀ ਬੇਅਰਥ ਹੋ ਗਿਆ ਹੈ। ਕਿਸਾਨ ਪਾਰਟੀ ਦਾ ਕਿਰਤੀ ਅਤੇ ਕਿਸਾਨ ਦੀ ਸਾਂਝ ਦਾ ਭਾਂਡਾ ਵੀ ਵਿਚ ਚੁਰਸਤੇ ਫੁੱਟਿਆ ਹੈ ਕਿਉਂਕਿ ਬਹੁਗਿਣਤੀ ਕਿਰਤੀ ਜਾਣਦੇ ਹਨ ਕਿ ਕਿਰਤੀ ਤਾਂ ਵਿਚਾਰਾ ਹਮੇਸ਼ਾ ਇੱਟਾਂ ਦੇ ਚੁੱਲ੍ਹੇ 'ਤੇ ਅਲਮੂਨੀਅਮ ਦੇ ਪਤੀਲੇ ਵਿਚ ਚੌਲ ਉਬਾਲਦਾ ਆਇਆ ਹੈ ਜਿੱਥੇ ਜ਼ਿਮੀਂਦਾਰਾਂ ਦੇ ਵਿਆਹਾਂ ਆਦਿ 'ਤੇ ਅੰਨ੍ਹਾ ਖਰਚ ਜੱਗ ਜ਼ਾਹਰ ਹੈ। ਖੈਰ ਇਹ ਲੋਕਤੰਤਰ ਦਾ ਇੱਕ ਸੁਖਾਵਾਂ ਪਹਿਲੂ ਹੀ ਹੈ ਕਿ ਰਾਜ ਦੀ ਵਾਗਡੋਰ ਵੋਟਰਾਂ ਹੱਥ ਹੀ ਰਹੀ ਹੈ ਭਾਵੇਂ ਹਕੂਮਤਾਂ ਦੇ ਦਾਅਵੇਦਾਰ ਉਨ੍ਹਾਂ ਨੂੰ ਲੁਭਾਉਣ ਖਾਤਰ ਭਾਂਤ ਭਾਂਤ ਦੇ ਹਥਕੰਡੇ ਵਰਤਦੇ ਆਏ ਹਨ। ਖੈਰ "ਆਗਾਜ਼ ਤੋ ਅੱਛਾ ਹੈ ਅੰਜਾਮ ਖ਼ੁਦਾ ਜਾਨੇ" ਆਸ ਕਰਦੇ ਹਾਂ ਕਿ ਪੰਜਾਬ ਸਿੰਘ ਨੂੰ ਨਵੀਂ ਚੂੜੇ ਵਾਲੀ ਤੋਂ ਵੀ ਨਿਰਾਸ਼ ਨਾ ਹੋਣਾ ਪਵੇ। ਆਮੀਨ!

***-ਹਰਜੀਤ ਦਿਓਲ***

# ਪਹਿਲੀ ਫਿਲਮੀ ਪੇਸ਼ਕਸ਼ ਦਾ ਕਿੱਸਾ-2

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*

*ਲੰਡਨ ਵਿਚ ਚਾਰ ਸਾਲ ਬੀ.ਬੀ.ਸੀ. ਦੀ ਨੌਕਰੀ ਕਰਕੇ ਬਲਰਾਜ ਸਾਹਨੀ ਅਤੇ ਉਸ ਦੀ ਪਤਨੀ ਦਮਯੰਤੀ (ਦਮੋ) ਵਾਪਸ ਭਾਰਤ ਪਰਤ ਆਏ। ਉਦੋਂ ਤੱਕ ਬਲਰਾਜ ਸਾਹਨੀ ਦੇ ਦਿਲ ਅੰਦਰ ਅਦਾਕਾਰ ਬਣਨ ਦਾ ਕੋਈ ਖਿਆਲ ਤੱਕ ਨਹੀਂ ਸੀ; ਹਾਂ ਉਹ ਫਿਲਮਾਂ ਦਾ ਸ਼ੌਕੀਨ ਜ਼ਰੂਰ ਸੀ। 1944 ਵਿਚ ਬੰਬਈ ਪੁੱਜਣ ਤੋਂ ਬਾਅਦ ਫਿਲਮੀ ਕਾਰੋਬਾਰੀਆਂ ਅਤੇ ਕਲਾਕਾਰਾਂ ਨਾਲ ਵਾਹਵਾ ਰਾਬਤਾ ਬਣ ਗਿਆ। ਇਸ ਵਾਰ ਪਹਿਲੀ ਫਿਲਮੀ ਪੇਸ਼ਕਸ਼ ਦਾ ਜ਼ਿਕਰ ਕੀਤਾ ਹੈ।*

ਉਸ ਜ਼ਮਾਨੇ ਮਹਾਰਾਜਾ ਹਰੀ ਸਿੰਘ ਦਾ ਰਾਜ ਸੀ, ਤੇ 'ਆਗੰਤਕਾਂ' ਉਪਰ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਸਨ। ਸ਼ੂਟਿੰਗ ਲਈ ਰਿਆਸਤ ਦੇ ਦੀਵਾਨ ਤੋਂ ਇਜਾਜ਼ਤ ਲੈਣੀ ਜ਼ਰੂਰੀ ਸੀ। ਕਸ਼ਮੀਰ ਪਹੁੰਚ ਕੇ ਮੈਂ ਇਹ ਇਜਾਜ਼ਤ ਭਵਨਾਨੀ ਸਾਹਿਬ ਲਈ ਹਾਸਲ ਕਰਕੇ ਉਹਨਾਂ ਨੂੰ ਭੇਜ ਦਿਤੀ। ਦੋ ਕੁ ਹਫਤਿਆਂ ਬਾਅਦ ਭਵਨਾਨੀ ਸਾਹਿਬ ਆਪਣੇ ਅਮਲੇ ਸਮੇਤ ਸ੍ਰੀਨਗਰ ਆ ਪਹੁੰਚੇ। ਡੇਵਿਡ, ਈਨਾਖਸ਼ੀ, ਤੇ ਮਿਸਟਰ ਭਵਨਾਨੀ ਨੇ ਪਹਿਲੇ ਇਕ-ਦੋ ਦਿਨ ਸਾਡੇ ਘਰ ਹੀ ਉਤਾਰਾ ਕੀਤਾ। ਇਸ ਤਰ੍ਹਾਂ ਡੇਵਿਡ ਨਾਲ ਮੇਰੀ ਜਾਣ-ਪਛਾਣ ਹੋਈ। ਉਹ ਵੀ ਉਦੋਂ ਨਵਾਂ-ਨਵਾਂ ਕਾਲਜ ਵਿਚੋਂ ਨਿਕਲਿਆ ਸੀ। ਵੁਡ-ਹਾਊਸ ਦੀਆਂ ਕਿਤਾਬਾਂ ਪੜ੍ਹਨ ਦਾ, ਮੇਰੇ ਵਾਂਗ, ਉਹਨੂੰ ਵੀ ਬੜਾ ਸ਼ੌਕ ਸੀ। ਸਾਡੀ ਚੰਗੀ ਦੋਸਤੀ ਹੋ ਗਈ।

ਇਕ ਦਿਨ ਸਵੇਰ ਵੇਲੇ ਡਲ ਝੀਲ ਉਪਰ ਮੈਂ ਆਪਣੇ ਦੋਸਤਾਂ ਨਾਲ ਬੇੜੀ ਚਲਾ ਰਿਹਾ ਸਾਂ। ਗਗਰੀਬਲ ਦੀ ਕੰਧ ਕੋਲ ਅਸਾਂ ਵੇਖਿਆ, ਭਵਨਾਨੀ ਸਾਹਿਬ ਦਾ ਯੂਨਿਟ ਸ਼ੂਟਿੰਗ ਦੀਆਂ ਤਿਆਰਿਆਂ ਕਰ ਰਿਹਾ ਹੈ। ਤਮਾਸ਼ਾ ਵੇਖਣ ਲਈ ਅਸਾਂ ਵੀ ਕਿਸ਼ਤੀ ਕੰਢੇ ਲਾ ਲਈ। ਪਤਾ ਚਲਿਆ ਕਿ ਇਕ ਮੁੰਡੇ ਦੇ ਪਾਣੀ ਵਿਚ ਛਾਲ ਮਾਰਨ ਦਾ ਸੀਨ ਲੈਣਾ ਹੈ। ਕੰਧ ਬੜੀ ਉੱਚੀ ਸੀ ਤੇ ਉਸ ਥਾਂ ਪਾਣੀ ਨਾ ਸਿਰਫ ਪੇਤਲਾ ਸੀ ਸਗੋਂ ਹੇਠਾਂ ਪੱਥਰ ਵੀ ਸਨ। ਮੈਂ ਭਵਨਾਨੀ ਜੀ ਨੂੰ ਇਸ ਗੱਲ ਦੀ ਚਿਤਾਵਨੀ ਦਿੱਤੀ ਪਰ ਉਹਨਾਂ ਮੇਰੇ ਵਲ ਇੰਜ ਵੇਖਿਆ, ਜਿਵੇਂ ਮੈਨੂੰ ਪਛਾਣ ਹੀ ਨਾ ਸਕੇ ਹੋਣ। ਬੜੀ ਲਾ-ਪਰਵਾਹੀ ਨਾਲ ਉਹਨਾਂ ਮੇਰੀ ਗੱਲ ਅਣਸੁਣੀ ਕਰ ਦਿਤੀ। ਅਸੀਂ ਵੀ ਕਿਸ਼ਤੀ ਲੈ ਕੇ ਅਗਾਂਹ ਲੰਘ ਗਏ।

ਜਦੋਂ ਘੰਟੇ ਕੁ ਪਿਛੋਂ ਅਸੀਂ ਵਾਪਸ ਮੁੜੇ ਤਾਂ ਗਗਰੀਬਲ ਦੇ ਮੋੜ ਉਤੇ ਕਾਫੀ ਭੀੜ ਜਮ੍ਹਾਂ ਸੀ। ਪਤਾ ਲੱਗਾ ਕਿ ਜਿਸ ਨੌਜਵਾਨ ਨੇ ਛਾਲ ਮਾਰੀ ਸੀ, ਉਹਦੀ ਲੱਤ ਟੁੱਟ ਗਈ ਸੀ, ਤੇ ਹੋਰ ਵੀ ਸਖਤ ਸੱਟਾਂ ਵੱਜੀਆਂ ਸਨ। ਮੈਂ ਭਵਨਾਨੀ ਸਾਹਿਬ ਦੀ ਲਾ-ਪਰਵਾਹੀ ਉਪਰ ਦੰਗ ਰਹਿ ਗਿਆ!

ਉਦੋਂ ਮੈਨੂੰ ਨਹੀਂ ਸੀ ਪਤਾ ਕਿ ਨਵੇਂ, ਅਥਵਾ ਛੋਟੇ-ਮੋਟੇ ਐਕਟਰਾਂ ਦੀ ਜਾਨ ਨਾਲ ਖੇਡਣਾ ਫਿਲਮ ਇੰਡਸਟਰੀ ਦਾ ਦਸਤੂਰ ਹੀ ਬਣਿਆ ਹੋਇਆ ਹੈ।

ਡੇਵਿਡ ਦੀ ਗਿਣਤੀ ਹੁਣ ਸਿਤਾਰਿਆਂ ਵਿਚ ਹੈ। ਜਦੋਂ ਪਹਿਲਾਂ ਮਿਲੇ ਸਾਂ, ਉਹਦੀ ਤਨਖਾਹ ਡੇਢ ਸੌ ਦੇ ਲਗਭਗ ਸੀ। ਹੁਣ ਇਕ ਫਿਲਮ ਦੇ ਘਟ ਤੋਂ ਘਟ ਦਸ ਹਜ਼ਾਰ ਮਿਲ ਜਾਂਦੇ ਸਨ। ਤੇ ਇਕੋ ਸਾਹੇ ਪੰਦਰਾਂ ਕਾਂਟਰੈਕਟ ਉਹਨੇ ਲੈ ਰੱਖੇ ਸਨ। ਸ਼ਾਮ ਮਰਹੂਮ ਮਿਲਿਆ ਜਿਸ ਦੀ ਮੌਤ ਵੀ ਫਿਲਮੀ ਹਾਦਸੇ ਵਿਚ ਹੋਣੀ ਲਿਖੀ ਸੀ। ਉਹ ਵੀ ਸਾਡੇ ਰਾਵਲਪਿੰਡੀ ਦਾ ਸੀ। ਉਹਨਾਂ ਦੇ ਪਰਿਵਾਰ ਨਾਲ ਸਾਡੀ ਬੜੀ ਡੂੰਘੀ ਸਾਂਝ-ਪ੍ਰੀਤ ਸੀ। ਬੜੇ ਅਦਬ ਤੇ ਮਾਨ ਨਾਲ ਮੈਨੂੰ ਉਹ ਮਿਲਿਆ। ਅਜੇ ਉਹ ਸ਼ੁਹਰਤਾਂ ਦਾ ਮਾਲਕ ਨਹੀਂ ਸੀ ਬਣਿਆ ਪਰ ਹੁਣ ਬਹੁਤੀ ਦੇਰ ਵੀ ਨਹੀਂ ਸੀ ਲਗਣੀ। ਅਹਿਮਦ ਸਾਹਿਰ ਦੀਆਂ ਦੋ ਫਿਲਮਾਂ ਵਿਚ ਉਹ ਨੀਨਾ ਦੇ ਨਾਲ ਹੀਰੋ ਆ ਰਿਹਾ ਸੀ।



*ਫਿਲਮ ਨਿਰਮਾਤਾ ਡਬਲਿਊ.ਜ਼ੈੱਡ. ਅਹਿਮਦ।*

*ਕਮਰੇ ਵਿਚ ਮੈਂ ਮੇਕ-ਅੱਪ ਲਈ ਬੈਠ ਗਿਆ। ਇਹ ਮੇਰਾ ਪਹਿਲਾ ਮੇਕ-ਅੱਪ ਨਹੀਂ ਸੀ। ਕਾਲਜ ਦੇ ਡਰਾਮਿਆਂ ਵਿਚ, ਸ਼ਾਂਤੀ ਨਿਕੇਤਨ ਡਰਾਮੇ ਕਰਦਿਆਂ, ਮੇਕ-ਅੱਪ ਕਰਦੇ ਹੁੰਦੇ ਸਾਂ ਪਰ ਇਸ ਦੇ ਤੇ ਉਹਦੇ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ। ਇਹ ਉਸ ਤੋਂ ਹਜ਼ਾਰ ਗੁਣਾਂ ਜ਼ਿਆਦਾ ਸੁਭਾਵਕ, ਸੁਹਜ ਭਰਪੂਰ, ਤੇ ਸੁੰਦਰ ਸੀ। ਵੇਖਦਿਆਂ-ਵੇਖਦਿਆਂ ਮੇਕ-ਅੱਪ ਮੈਨ ਨੇ ਮੇਰਾ ਚਿਹਰਾ ਇੰਜ ਮੁਨੱਵਰ ਕਰ ਦਿਤਾ ਕਿ ਮੈਂ ਆਪ ਤਾਰੀਫ ਕੀਤੇ ਬਿਨਾਂ ਨਾ ਰਹਿ ਸਕਿਆ ਪਰ ਹੈਰਾਨੀ ਦੀ ਗੱਲ ਇਹ ਸੀ ਕਿ ਮੈਂ ਮੇਕ-ਅੱਪ ਮੈਨ ਦੀਆਂ ਜਿਤਨਾ ਵਧ ਚੜ੍ਹ ਕੇ ਤਾਰੀਫਾਂ ਕਰਦਾ, ਉਤਨਾ ਹੀ ਉਹ ਵਿਅੰਗਾਤਮਕ ਜਿਹੀ ਮੁਸਕਣੀ ਚਿਹਰੇ ਉਤੇ ਲਿਆ ਕੇ ਹੋਰ ਪਾਸੇ ਵੇਖ ਛੱਡਦਾ।*




*ਡਬਲਿਊ.ਜ਼ੈੱਡ. ਅਹਿਮਦ ਦੀ ਫਿਲਮ 'ਵਾਅਦਾ' ਦਾ ਪੋਸਟਰ।*

ਕਰਨ ਦੀਵਾਨ ਮਿਲਿਆ ਜੋ ਫਿਲਮ 'ਰਤਨ' ਦੀ ਕਾਮਯਾਬੀ ਪਿਛੋਂ ਲੋਕਪ੍ਰਿਯਾ ਸਿਤਾਰਾ ਬਣ ਗਿਆ ਸੀ। ਕਾਲਜ ਦੇ ਦਿਨਾਂ ਵਿਚ ਉਹਦਾ ਵੱਡਾ ਵੀਰ ਸਾਡਾ ਯਾਰ ਸੀ। ਲਾਹੌਰ ਅਸੀਂ ਇਕੱਠੇ ਡਰਾਮੇ ਖੇਡਦੇ ਰਹੇ ਸਾਂ। ਹਮੀਦ ਬੱਟ ਦੇ ਦਰਸ਼ਨ ਹੋਏ ਜਿਸ ਨੂੰ ਮੈਂ ਪਹਿਲਾਂ ਇਕ ਵਾਰ ਲਖਨਊ ਵਿਚ ਮਿਲ ਚੁੱਕਿਆ ਸਾਂ। ਉਹਦੇ ਕੋਲੋਂ ਸੁਣੇ ਸੁਰੀਲੇ ਗੀਤ ਮੇਰੀ ਯਾਦ ਵਿਚ ਹਾਲੇ ਵੀ ਸੱਜਰੇ ਸਨ। ...

ਗੱਪ-ਸ਼ੱਪ ਮਾਰਦਿਆਂ ਕਾਫੀ ਸਮਾਂ ਲੰਘ ਗਿਆ ਤੇ ਅਕੇਵਾਂ ਜਿਹਾ ਮਹਿਸੂਸ ਹੋਣ ਲਗ ਪਿਆ। ਫਿਲਮੀ ਇਨਸਾਨ ਬਣਨ ਲਈ ਮੱਖੀਆਂ ਮਾਰ-ਮਾਰ ਕੇ ਸਮੇਂ ਗੁਜ਼ਾਰਨ ਦੀ ਆਦਤ ਪਾਉਣਾ ਬੜਾ ਜ਼ਰੂਰੀ ਹੈ। ਮੈਂ ਅਜੇ ਨਵਾਂ ਸਾਂ। ਇਹਨਾਂ ਗਲਾਂ ਦਾ ਨਹੀਂ ਸੀ ਪਤਾ।

ਅਖੀਰ ਇਕ ਆਦਮੀ ਨੇ ਆ ਕੇ ਕਿਹਾ, "ਤੁਸੀਂ ਮੇਕ-ਅੱਪ ਕਰ ਲਓ, ਤੁਹਾਡੇ ਫੋਟੋ ਲੈਣੇ ਨੇ। ਸਾਹਬ (ਡਬਲਿਊ.ਜ਼ੈੱਡ. ਅਹਿਮਦ) ਤੁਹਾਨੂੰ ਦੋ ਵਜੇ ਮਿਲਣਗੇ।"

ਨਿੱਕੇ ਜਿਹੇ ਕਮਰੇ ਵਿਚ ਮੈਂ ਮੇਕ-ਅੱਪ ਲਈ ਬੈਠ ਗਿਆ। ਇਹ ਮੇਰਾ ਪਹਿਲਾ ਮੇਕ-ਅੱਪ ਨਹੀਂ ਸੀ। ਕਾਲਜ ਦੇ ਡਰਾਮਿਆਂ ਵਿਚ, ਸ਼ਾਂਤੀ ਨਿਕੇਤਨ ਡਰਾਮੇ ਕਰਦਿਆਂ, ਮੇਕ-ਅੱਪ ਕਰਦੇ ਹੁੰਦੇ ਸਾਂ ਪਰ ਇਸ ਦੇ ਤੇ ਉਹਦੇ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ। ਇਹ ਉਸ ਤੋਂ ਹਜ਼ਾਰ ਗੁਣਾਂ ਜ਼ਿਆਦਾ ਸੁਭਾਵਕ, ਸੁਹਜ ਭਰਪੂਰ, ਤੇ ਸੁੰਦਰ ਸੀ। ਵੇਖਦਿਆਂ-ਵੇਖਦਿਆਂ ਮੇਕ-ਅੱਪ ਮੈਨ ਨੇ ਮੇਰਾ ਚਿਹਰਾ ਇੰਜ ਮੁਨੱਵਰ ਕਰ ਦਿਤਾ ਕਿ ਮੈਂ ਆਪ ਤਾਰੀਫ ਕੀਤੇ ਬਿਨਾਂ ਨਾ ਰਹਿ ਸਕਿਆ ਪਰ ਹੈਰਾਨੀ ਦੀ ਗੱਲ ਇਹ ਸੀ ਕਿ ਮੈਂ ਮੇਕ-ਅੱਪ ਮੈਨ ਦੀਆਂ ਜਿਤਨਾ ਵਧ ਚੜ੍ਹ ਕੇ ਤਾਰੀਫਾਂ ਕਰਦਾ, ਉਤਨਾ ਹੀ ਉਹ ਵਿਅੰਗਾਤਮਕ ਜਿਹੀ ਮੁਸਕਣੀ ਚਿਹਰੇ ਉਤੇ ਲਿਆ ਕੇ ਹੋਰ ਪਾਸੇ ਵੇਖ ਛੱਡਦਾ।

ਅਸਲ ਗੱਲ ਇਹ ਸੀ ਕਿ ਚੰਗਾ ਮੇਕ-ਅੱਪ ਫਿਲਮਾਂ ਵਿਚ ਇਕ ਰੋਜ਼ਮੱਰਾ ਦਾ ਅਮਲ ਹੈ। ਉਸ ਮੇਕ-ਅੱਪ ਮੈਨ ਨੇ ਕੋਈ ਅਸਾਧਾਰਨ ਕਾਰਨਾਮਾ ਨਹੀਂ ਸੀ ਕੀਤਾ।

ਮੇਕ-ਅੱਪ ਪਿਛੋਂ ਫੋਟੋ ਵੀ ਲੈ ਗਏ। ਇਕ ਡੇਢ ਵਜਿਆ ਸੀ ਉਸ ਵੇਲੇ। ਹੁਣ ਅਹਿਮਦ ਸਾਹਿਬ ਨਾਲ ਮੁਲਾਕਾਤ ਕਰਨ ਦੀਆਂ ਉਡੀਕਾਂ ਹੋਣ ਲਗ ਪਈਆਂ। ਦੋ ਵਜ ਗਏ, ਤਿੰਨ ਵਜ ਗਏ, ਚਾਰ ਵਜ ਗਏ, ਪੰਜ ਵਜ ਗਏ। ...

ਮੈਂ ਵਲੈਤੋਂ ਨਵਾਂ-ਨਵਾਂ ਆਇਆ ਹੋਇਆ, ਜਿਥੇ ਦਸ ਮਿੰਟ ਤੋਂ ਵਧ ਲੇਟ ਹੋਣ ਦੀ ਜੁਰਅਤ ਬਾਦਸ਼ਾਹ ਸਲਾਮਤ ਵੀ ਨਹੀਂ ਸੀ ਕਰ ਸਕਦਾ, ਮੈਥੋਂ ਕਿਵੇਂ ਇਹ ਅਪਮਾਨ ਬਰਦਾਸ਼ਤ ਹੁੰਦਾ? ਜੋ ਹਵਾਈ ਕਿਲ੍ਹੇ ਮੈਂ ਦਿਮਾਗ ਵਿਚ ਬਣਾ ਕੇ ਲਿਆਇਆ ਸਾਂ, ਸਭ ਟੁੱਟਣ ਲਗ ਪਏ। ਕ੍ਰਿਸ਼ਨ ਚੰਦਰ ਦੇ ਖਤਾਂ ਤੋਂ ਤਾਂ ਮੈਂ ਅਨੁਮਾਨ ਕੀਤਾ ਸੀ ਕਿ ਅਹਿਮਦ ਸਾਹਿਬ ਫੁੱਲਾਂ ਦਾ ਹਾਰ ਫੜ ਕੇ ਮੈਨੂੰ ਸਟੂਡੀਓ ਦੇ ਫਾਟਕ ਉਤੇ ਉਡੀਕਣਗੇ; ਤੇ ਹੁਣ ਹਾਲਤ ਇਹ ਸੀ ਜਿਵੇਂ ਨੌਕਰੀ ਦਾ ਉਮੀਦਵਾਰ ਬਣ ਕੇ ਕਤਾਰ ਵਿਚ ਖਲੋਤਾ ਹੋਇਆ ਹੋਵਾਂ। ਮੈਂ ਡੇਵਿਡ, ਤਿਵਾੜੀ, ਤੇ ਦੂਜੇ ਮਿੱਤਰਾਂ ਦੀਆਂ ਨਜ਼ਰਾਂ ਸਾਹਮਣੇ ਆਪਣੇ ਆਪ ਨੂੰ ਕਿਸੇ ਡੂੰਘੇ ਖੂਹ ਵਿਚ ਢਹਿੰਦਾ ਮਹਿਸੂਸ ਕੀਤਾ। ਮੈਂ ਘੜੀ-ਮੁੜੀ ਚੇਤਨ ਦੀ ਬਾਂਹ ਫੜ ਕੇ ਉਹਨੂੰ ਉਥੋਂ ਚੱਲਣ ਲਈ ਕਹਿੰਦਾ। ਚੇਤਨ ਵੀ ਬੜੇ ਸ਼ਸ਼ੋਪੰਜ ਵਿਚ ਸੀ। ਉਹ ਇਸ ਲਾਈਨ ਤੋਂ ਵਧੇਰੇ ਵਾਕਫ ਹੋ ਚੁੱਕਾ ਸੀ। ਜਾਣਦਾ ਸੀ ਕਿ ਉਡੀਕਣ ਤੋਂ ਸਿਵਾ ਕੋਈ ਚਾਰਾ ਨਹੀਂ ਤੇ ਨਾ ਹੀ ਉਸ ਵਿਚ ਉਤਨਾ ਅਪਮਾਨ ਹੈ, ਜਿਤਨਾ ਮੈਂ ਮਨ ਵਿਚ ਮਿੱਥੀ ਬੈਠਾ ਸਾਂ। ਕਦੇ ਕਦੇ ਮੈਂ ਵੀ ਸੋਚਦਾ, ਚੇਤਨ ਨੂੰ ਚੱਲਣ ਲਈ ਕਹਿ ਤਾਂ ਰਿਹਾ ਹਾਂ ਪਰ ਜਾਵਾਂਗੇ ਕਿੱਥੇ? ਵਾਪਸੀ ਦਾ ਟਿਕਟ ਕਟਾਉਣ ਤੋਂ ਛੁਟ ਹੁਣ ਚਾਰਾ ਈ ਕੀ ਸੀ? ਤੇ ਸ੍ਰੀਨਗਰ ਜਾ ਕੇ ਕੀ ਮੂੰਹ ਵਿਖਾਵਾਂਗਾ? ਮੈਂ ਅੰਦਰੇ-ਅੰਦਰ ਆਪਣੇ ਆਪ ਨੂੰ ਬੜੇ ਕੋਸਣੇ ਦੇਂਦਾ ਕਿ ਕਿਉਂ ਕੋਈ ਪੱਕੀ ਲਿਖਾ-ਪੜ੍ਹੀ ਕੀਤੇ ਬਿਨਾਂ ਆਪਣੇ ਖਰਚੇ ਉਤੇ ਇਤਨੀ ਦੂਰ ਭਜਦਾ ਆਇਆ। ਆਪਣੀ ਬੇ-ਕੁਰਬੀ ਦਾ ਜ਼ਿੰਮੇਵਾਰ ਤਾਂ ਮੈਂ ਆਪ ਹਾਂ ਪਰ ਜਦੋਂ ਸਵੈ-ਮਾਣ ਦੀ ਰੱਖਿਆ ਦਾ ਸਵਾਲ ਆ ਖਲੋਵੇ, ਮੈਂ ਅੱਗਾ-ਪਿੱਛਾ ਵੇਖੇ ਬਿਨਾਂ ਅੜ ਜਾਣ ਵਾਲਾ ਆਦਮੀ ਸਾਂ। ਮੈਂ ਹੁਣ ਉਸ ਮੁਲਾਕਾਤ ਨੂੰ ਡਬਲਿਊ.ਜ਼ੈਡ. ਅਹਿਮਦ ਸਾਹਿਬ ਦੀ ਖੁੰਭ ਠੱਪਣ ਦੇ ਅਵਸਰ ਦੇ ਰੂਪ ਵੇਖਣ ਲਗ ਪਿਆ।

*ਬਗੀਚੇ ਵਿਚ ਹਮੀਦ ਬੱਟ, ਮੋਹਸਿਨ ਅਬਦੁੱਲਾ, ਤਿਵਾੜੀ, ਡੇਵਿਡ ਤੇ ਮੈਂ ਕਿਤਨਾ ਚਿਰ ਟਹਿਲਦੇ ਰਹੇ। ਅਖੀਰ, ਚੇਤਨ ਉਸੇ ਦਰਵਾਜ਼ੇ ਵਿਚੋਂ ਬਾਹਰ ਆਇਆ ਜਿਸ ਵਿਚੋਂ ਮੈਂ ਨਿਕਲਿਆ ਸਾਂ। ਮੇਰੀ ਪ੍ਰਸ਼ਨ-ਸੂਚਕ ਤੱਕਣੀ ਦੇ ਜਵਾਬ ਵਿਚ ਚੇਤਨ ਨੇ ਹਾਰੇ ਜਿਹੇ ਅੰਦਾਜ਼ ਵਿਚ ਕਿਹਾ, "ਭਈ, ਮੈਂ ਤੋ ਕਾਂਟਰੈਕਟ ਸਾਈਨ ਕਰ ਆਇਆ ਹੂੰ।"*

ਅਖੀਰ ਛੇ ਕੁ ਵਜੇ ਅਹਿਮਦ ਸਾਹਿਬ ਨੇ ਅੰਦਰ ਬੁਲਾਇਆ। ਉਹਨਾਂ ਆਪਣੀਆਂ ਅੱਖਾਂ ਉਤੇ ਕਾਲੀ ਐਨਕ ਚਾੜ੍ਹੀ ਹੋਈ ਸੀ ਜੋ ਮੈਂ ਸੋਚਿਆ ਕਿ ਸਿਰ ਦੇ ਮੁਕੰਮਲ ਗੰਜ ਕਾਰਨ ਪੈਦਾ ਹੋਈ ਚਿਹਰੇ ਦੀ ਕਮਜ਼ੋਰੀ ਨੂੰ ਲੁਕਾਉਣ ਦਾ ਯਤਨ ਸੀ। ਵੈਸੇ ਨਕਸ਼ ਉਹਨਾਂ ਦੇ ਸੁਹਣੇ ਸਨ।

ਉਹ ਮੇਰੀਆਂ ਸਵੇਰੇ ਖਿੱਚੀਆਂ ਤਸਵੀਰਾਂ ਨੂੰ ਸਾਹਮਣੇ ਰੱਖੀ ਬੈਠੇ ਸਨ। ਮੇਰੇ ਕੁਰਸੀ ਉਤੇ ਬਹਿੰਦਿਆਂ ਹੀ ਉਹਨਾਂ ਸਿਗਾਰ ਦਾ ਲੰਮਾ ਕੱਸ਼ ਮਾਰਦਿਆਂ ਉਹ ਫੋਟੋਆਂ ਮੇਰੇ ਸਾਹਮਣੇ ਕਰ ਦਿੱਤੀਆਂ। ਇਕ ਉਹਨਾਂ ਵਿਚੋਂ ਵਾਕਿਆ ਈ ਬੜੇ ਮਾਅਰਕੇ ਦੀ ਸੀ। ਉਸ ਨੂੰ ਉਹਨਾਂ ਮੇਰੇ ਹੱਥ ਵਿਚੋਂ ਵਾਪਸ ਲੈ ਕੇ ਫੇਰ ਕੁਝ ਮਿੰਟਾਂ ਲਈ ਨਿਹਾਰਿਆ। 'ਬੜੀ ਚੰਗੀ ਆਈ ਹੈ।" ਉਹਨਾਂ ਕਿਹਾ।

ਮੈਂ ਜਵਾਬ ਵਿਚ ਫੇਰ ਉਹਨਾਂ ਦੇ ਮੇਕ-ਅੱਪ ਮੈਨ ਦੀ ਤਾਰੀਫ ਦੇ ਪੁਲ ਬੰਨ੍ਹ ਦਿਤੇ। ਇਸ ਦੇ ਪ੍ਰਤੀਕਰਮ ਸਰੂਪ ਉਹਨਾਂ ਦੇ ਬੁੱਲ੍ਹਾਂ ਉਪਰ ਵੀ ਹੂ-ਬ-ਹੂ ਉਸੇ ਤਰ੍ਹਾਂ ਦੀ ਵਿਅੰਗਾਤਮਿਕ ਮੁਸਕਣੀ ਖੇਡਦੀ ਦਿਸੀ ਜੋ ਮੇਕ-ਅੱਪ ਮੈਨ ਦੇ ਮੂੰਹ ਉੱਤੇ ਵੇਖੀ ਸੀ। ਫੇਰ ਉਹ ਟਾਈਪ ਕੀਤਾ ਕਾਗਜ਼ ਮੇਰੇ ਵਲ ਵਧਾਉਂਦੇ ਹੋਏ ਕਹਿਣ ਲਗੇ, "ਦੇਖੀਏ, ਚੇਤਨ ਸਾਹਿਬ ਕੀ ਪਿਕਚਰ ਬਨਾਨੇ ਕਾ ਫਿਲਹਾਲ ਮੇਰਾ ਇਰਾਦਾ ਨਹੀਂ ਹੈ। ਪਹਿਲੇ ਮੈਂ ਮਹਾਂਭਾਰਤ ਬਨਾਨਾ ਚਾਹਤਾ ਹੂੰ। ਉਸ ਮੇਂ ਕ੍ਰਿਸ਼ਨ ਜੀ ਕਾ ਰੋਲ ਮੈਂ ਚੇਤਨ ਸਾਹਿਬ ਕੋ ਦੇਨਾ ਚਾਹਤਾ ਹੂੰ, ਔਰ ਅਰਜਨ ਕਾ ਆਪ ਕੋ। ਚੇਤਨ ਸਾਹਿਬ ਕੋ ਡੇਢ ਹਜ਼ਾਰ ਰੁਪਿਆ ਮਾਹਵਾਰ ਦੇਨੇ ਕਾ ਮੇਰਾ ਇਰਾਦਾ ਹੈ, ਔਰ ਆਪ ਕੋ ਏਕ ਹਜ਼ਾਰ। ਅਗਰ ਮਨਜ਼ੂਰ ਹੋ ਤੋ ਇਸ ਕਾਂਟਰੈਕਟ ਪਰ ਦਸਖਤ ਕਰ ਦੀਜੀਏ।" ਤਨਖਾਹ ਬਹੁਤ ਸੀ ਕਿ ਥੋੜ੍ਹੀ, ਉਸ ਵਲ ਮੇਰਾ ਧਿਆਨ ਨਹੀਂ ਗਿਆ। ਉਸ ਤੋਂ ਤਿੱਗਣੀ ਤਨਖਾਹ ਵਾਲੀ ਨੌਕਰੀ ਮੈਂ ਵਲੈਤੋਂ ਛੱਡ ਕੇ ਆਇਆ ਸਾਂ। ਮੈਂ ਗੁੱਸੇ ਦੀ ਭਾਫ ਛਡਦਿਆਂ ਜਵਾਬ ਦਿਤਾ, "ਨੌਕਰੀ ਔਰ ਤਨਖਾਹ ਕਾ ਜ਼ਿਕਰ ਕਰਨੇ ਸੇ ਪਹਿਲੇ ਮੁਝੇ ਉਮੀਦ ਥੀ ਕਿ ਆ ਮੁਝ ਸੇ ਚਾਰ ਘੰਟੇ ਇੰਤਜ਼ਾਰ ਕਰਵਾਨੇ ਕੀ ਮੁਆਫੀ ਮਾਂਗੇਗੇ। ਬਹਰਹਾਲ, ਮੈਂ ਆਪ ਸੇ ਅਰਜ਼ ਕਰਨਾ ਚਾਹਤਾ ਹੂੰ ਕਿ ਮੈਂ ਯਹਾਂ ਸਿਰਫ ਚੇਤਨ ਕੀ ਪਿਕਚਰ ਕੇ ਕਾਮ ਕੇ ਖਿਆਲ ਸੇ ਆਯਾ ਹੂੰ, ਅਰਜੁਨ ਵਰਜੁਨ ਬਨਨੇ ਕਾ ਮੇਰਾ ਕੋਈ ਇਰਾਦਾ ਨਹੀਂ ਹੈ।"

ਅਹਿਮਦ ਸਾਹਿਬ ਖਾਮੋਸ਼ ਹੋ ਗਏ। ਇਤਨੇ ਵਿਚ ਨੀਨਾ ਅੰਦਰ ਆ ਕੇ ਸੋਫੇ ਉਪਰ ਬਹਿ ਗਈ। ਗੁਲਾਬੀ ਰੰਗਤ, ਸਫੈਦ ਸਾੜ੍ਹੀ। ਉਹਦੀ ਸੁੰਦਰਤਾ ਨਾਲ ਕਮਰਾ ਟਹਿਕ ਪਿਆ। ਅਹਿਮਦ ਸਾਹਿਬ ਵੀ ਅਚਾਨਕ ਸੁਹਿਰਦ ਤੇ ਬੇ-ਤਕੱਲਫ ਹੋ ਗਏ। "ਸਾਹਨੀ ਸਾਹਬ, ਮੈਂ ਚਾਹਤਾ ਥਾ ਕਿ ਮੁਲਾਕਾਤ ਸੇ ਪਹਿਲੇ ਤਸਵੀਰੇਂ ਮੇਰੇ ਪਾਸ ਆ ਜਾਏਂ। ਕੈਮਰਾ ਡਿਪਾਰਮੈਂਟ ਵਾਲੋਂ ਸੇ ਡੀਵੈਲਪਿੰਗ, ਪ੍ਰਿੰਟਿੰਗ ਮੇਂ ਕੁਛ ਦੇਰ ਹੋ ਗਈ, ਔਰ ਆਪ ਕੋ ਜ਼ਹਿਮਤ ਉਠਾਨੀ ਪੜੀ। ਨੀਨਾ, ਸਾਹਨੀ ਸਾਹਿਬ ਅਰਜਨ ਕੇ ਰੋਲ ਕੇ ਲੀਏ ਯਕੀਨਨ ਬਹੁਤ ਮੌਜ਼ੂੰ ਹੈਂ, ਮਗਰ ਧਾਰਮਿਕ ਪਿਕਚਰ ਮੇਂ ਕਾਮ ਕਰਨਾ ਇਨਹੇਂ ਪਸੰਦ ਨਹੀਂ ਹੈ। ਕੋਈ ਜਲਦੀ ਨਹੀਂ ਹੈ। ਸਾਹਨੀ ਸਾਹਿਬ, ਆਪ ਸੋਚ ਲੀਜੀਏ। ਹਮਾਰੀ ਮਹਾਂਭਾਰਤ ਮਹਿਜ਼ ਧਾਰਮਿਕ ਪਿਕਚਰ ਨਹੀਂ ਹੋਗੀ, ਉਸ ਕੇ ਕੁਛ ਤਰੱਕੀ-ਪਸੰਦ ਪਹਿਲੂ ਭੀ ਹੋਂਗੇ ਜਿਨ੍ਹੇਂ ਆਪ ਜ਼ਰੂਰ ਪਸੰਦ ਕਰੇਂਗੇ।"

"ਮੈਨੇ ਅਪਨਾ ਇਰਾਦਾ ਬਤਾ ਦੀਆ ਹੈ। ਇਸ ਸੇ ਜ਼ਿਆਦਾ ਮੁਝੇ ਨਾ ਕੁਛ ਕਹਿਨਾ ਹੈ, ਨਾ ਸੋਚਨਾ ਹੈ।" ਇਹ ਕਹਿ ਕੇ ਮੈਂ ਉੱਠ ਖਲੋਤਾ, ਤੇ ਸਲਾਮ ਕਰਕੇ ਬਾਹਰ ਚਲਾ ਆਇਆ।

ਬਾਹਰ ਆ ਕੇ ਵੇਖਿਆ, ਚੇਤਨ ਨਹੀਂ ਸੀ। ਸ਼ਾਇਦ ਉਹਨੂੰ ਅਹਿਮਦ ਸਾਹਿਬ ਨੇ ਕਿਸੇ ਹੋਰ ਪਾਸਿਓਂ ਅੰਦਰ ਬੁਲਾ ਲਿਆ ਸੀ।

ਬਗੀਚੇ ਵਿਚ ਹਮੀਦ ਬੱਟ, ਮੋਹਸਿਨ ਅਬਦੁੱਲਾ, ਤਿਵਾੜੀ, ਡੇਵਿਡ ਤੇ ਮੈਂ ਕਿਤਨਾ ਚਿਰ ਟਹਿਲਦੇ ਰਹੇ। ਅਖੀਰ, ਚੇਤਨ ਉਸੇ ਦਰਵਾਜ਼ੇ ਵਿਚੋਂ ਬਾਹਰ ਆਇਆ ਜਿਸ ਵਿਚੋਂ ਮੈਂ ਨਿਕਲਿਆ ਸਾਂ। ਮੇਰੀ ਪ੍ਰਸ਼ਨ-ਸੂਚਕ ਤੱਕਣੀ ਦੇ ਜਵਾਬ ਵਿਚ ਚੇਤਨ ਨੇ ਹਾਰੇ ਜਿਹੇ ਅੰਦਾਜ਼ ਵਿਚ ਕਿਹਾ, "ਭਈ, ਮੈਂ ਤੋ ਕਾਂਟਰੈਕਟ ਸਾਈਨ ਕਰ ਆਇਆ ਹੂੰ।"

ਮੈਂ ਭੁਚਲਾ ਗਿਆ, "ਮੈਂ ਤੇਰੀ ਖਾਤਰ ਉਹਨੂੰ ਮੂੰਹ ਨਹੀਂ ਲਾਇਆ ਤੇ ਤੂੰ ਕਾਂਟਰੈਕਟ ਸਾਈਨ ਕਰ ਆਇਆਂ ਏਂ?" ਅਹਿਮਦ ਸਾਹਿਬ ਨੇ ਮੇਰੇ ਕਾਂਟਰੈਕਟ ਦੀ ਗੱਲ ਚੇਤਨ ਤੋਂ ਲੁਕਾ ਕੇ ਰੱਖੀ ਸੀ। ਚੇਤਨ ਵੀ ਕੋਈ ਘਟ ਅਣਖੀਲਾ ਬੰਦਾ ਨਹੀਂ ਸੀ। ਉਹ ਝਟ ਪਲਟ ਕੇ ਕੋਠੀ ਦੇ ਅੰਦਰ ਦੌੜ ਗਿਆ, ਤੇ ਉਸ ਨੇ ਅਹਿਮਦ ਸਾਹਿਬ ਤੋਂ ਮੰਗ ਕੀਤੀ ਕਿ ਉਹਦਾ ਕਾਂਟਰੈਕਟ ਪਾੜ ਦਿੱਤਾ ਜਾਏ।

ਅਹਿਮਦ ਸਾਹਿਬ ਕਾਂਟਰੈਕਟ ਪਾੜਨ ਲਈ ਤਾਂ ਤਿਆਰ ਨਾ ਹੋਏ ਪਰ ਉਹਨਾਂ ਵਾਇਦਾ ਕੀਤਾ ਕਿ ਉਹ ਚੇਤਨ ਨੂੰ ਕੰਮ ਕਰਨ ਲਈ ਮਜਬੂਰ ਨਹੀਂ ਕਰਨਗੇ। ਤੇ ਇੰਜ ਅਗਲੇ ਦਿਨ ਅਸੀਂ ਦੋਵੇਂ, ਹਮੀਦ ਬੱਟ ਦੇ ਨਾਲ, ਜੋ ਪਹਿਲਾਂ ਤੋਂ ਅਹਿਮਦ ਸਾਹਿਬ ਨੂੰ ਅਸਤੀਫਾ ਦੇ ਬੈਠਾ ਸੀ, 'ਡੱਕਨ ਕਵੀਨ' ਗੱਡੀ ਵਿਚ ਬਹਿ ਕੇ ਠਨ-ਠਨ ਗੋਪਾਲੀ ਦੀ ਹਾਲਤ ਵਿਚ ਬੰਬਈ ਵਲ ਠਿੱਲ੍ਹ ਪਏ।

ਡਬਲਿਊ.ਜ਼ੈੱਡ. ਅਹਿਮਦ ਤੇ ਨੀਨਾ ਹੁਣ ਪਾਕਿਸਤਾਨ ਵਿਚ ਹਨ। ਪਿਛੇ ਜਦੋਂ ਮੈਂ ਲਾਹੌਰ ਗਿਆ ਸਾਂ ਤਾਂ ਇਮਤਿਆਜ਼ ਅਲੀ ਤਾਜ ਸਾਹਿਬ ਦੇ ਘਰ ਉਹਨਾਂ ਦੋਵਾਂ ਦੇ ਦਰਸ਼ਨ ਹੋਏ ਸਨ। ਬੜੇ ਪਿਆਰ-ਮੁਹੱਬਤ ਨਾਲ ਅਸੀਂ ਮਿਲੇ। ਸੱਚ ਪੁੱਛਿਆ ਜਾਏ ਤਾਂ ਆਪਣੀ ਥਾਂ ਅਹਿਮਦ ਸਾਹਿਬ ਨੇ ਮੇਰੇ ਉੱਪਰ ਬੜੀ ਮਿਹਰਬਾਨੀ ਕਰਨੀ ਚਾਹੀ ਸੀ, ਨਹੀਂ ਤੇ ਕੌਣ ਅਜਿਹਾ ਪ੍ਰੋਡਿਊਸਰ ਹੈ ਜੋ ਨਵੇਂ ਆਏ ਆਦਮੀ ਨੂੰ ਸਟੂਡੀਓ ਵਿਚ ਪੈਰ ਧਰਦਿਆਂ ਸਾਰ ਇਕ ਹਜ਼ਾਰ ਰੁਪਏ ਦੀ ਨੌਕਰੀ ਪੇਸ਼ ਕਰ ਦੇਵੇ?

**(ਚੱਲਦਾ)**

# ਰਾਜਾ ਸਵੀਟਸ ਐਂਡ ਕੈਟਰਿੰਗ

**ਹਰ ਵੇਲੇ ਭਾਈਚਾਰੇ ਦੀ ਸੇਵਾ ਵਿਚ**

**ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ**



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
**1-866-FOR-RAJA** (367-7252)
**www.RajaSweets.com**




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

## Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com
www.paradiseballrooms.com